# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. 2 (ਸਮਾਜ ਵਿਗਿਆਨ) ਸਮੈਸਟਰ ਚੌਥਾ

ਮੀਡੀਅਮ : ਪੰਜਾਬੀ ਯੂਨਿਟ : 2

ਪਾਠ ਨੰ.


2.1 : ਸਮਾਜਿਕ ਪਰਿਵਰਤਨ ਦੀਆਂ ਪ੍ਰਕ੍ਰਿਆਵਾਂ : ਸੰਸਕ੍ਰਿਤੀਕਰਣ

2.2 : ਪੱਛਮੀਕਰਣ

2.3 : ਧਰਮ ਨਿਰਪੇਖੀਕਰਣ

2.4 : ਸ਼ਹਿਰੀਕਰਣ

2.5 : ਆਧੁਨਿਕੀਕਰਣ

2.6 : ਵਿਸ਼ਵੀਕਰਣ

2.7 : ਯੋਜਨਾਬੱਧ ਸਮਾਜਿਕ ਪਰਿਵਰਤਨ : ਸਮੁਦਾਇਕ ਵਿਕਾਸ

2.8 : ਪੰਚਾਇਤੀ ਰਾਜ

2.9 : ਮਨਰੇਗਾ

2.10 : ਸਵੈ ਜਯੰਤੀ ਰੁਜ਼ਗਾਰ ਯੋਜਨਾ



**Department website : www.pbidde.org**

ਪਾਠ ਨੰਬਰ : 2.1 ਲੇਖਕ : ਡਾ. ਪਲਵਿੰਦਰ ਸਿੰਘ

# ਸੰਸਕ੍ਰਿਤੀਕਰਣ
# (Sanskritization)

**ਰੂਪ ਰੇਖਾ**


5.0 ਉਦੇਸ਼
5.1 ਜਾਣ-ਪਛਾਣ
5.2 ਸੰਸਕ੍ਰਿਤੀਕਰਣ—ਪਰਿਭਾਸ਼ਾਵਾਂ
5.3 ਸੰਸਕ੍ਰਿਤੀਕਰਣ ਦੇ ਸਹਾਇਕ ਕਾਰਕ
 5.3.1 ਸਿੱਖਿਆ
 5.3.2 ਸ਼ਹਿਰੀਕਰਣ
 5.3.3 ਆਰਥਿਕ ਕਾਰਕ
 5.3.4 ਰਾਜਨੈਤਿਕ ਸੱਤਾ
 5.3.5 ਆਵਾਜਾਈ ਅਤੇ ਸੰਚਾਰ ਸਾਧਨ
 5.3.6 ਸਮਾਜ ਸੁਧਾਰਕ ਲਹਿਰਾਂ
 5.3.7 ਕਾਨੂੰਨ
5.4 ਸਾਰ
5.5 ਆਲੋਚਨਾ
5.6 ਅਭਿਆਸ ਲਈ ਪ੍ਰਸ਼ਨ
5.7 ਉਪਯੋਗੀ ਪੁਸਤਕਾਂ


## 5.0 ਉਦੇਸ਼

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਹਾਨੂੰ ਹੇਠ ਲਿਖੀਆਂ ਗੱਲਾਂ ਦੀ ਜਾਣਕਾਰੀ ਪ੍ਰਾਪਤ ਹੋਵੇਗੀ :

- ਤੁਸੀਂ ਸੰਸਕ੍ਰਿਤੀਕਰਣ ਦੀ ਪ੍ਰਕ੍ਰਿਆ ਬਾਰੇ ਗਿਆਨ ਹਾਸਿਲ ਕਰੋਗੇ।
- ਸੰਸਕ੍ਰਿਤੀਕਰਣ ਦੇ ਸਹਾਇਕ ਕਾਰਕਾਂ ਨੂੰ ਬਿਆਨ ਕਰਨ ਦੇ ਯੋਗ ਹੋਵੋਗੇ।
- ਤੁਸੀਂ ਸੰਸਕ੍ਰਿਤੀਕਰਣ ਦੀ ਪ੍ਰਕ੍ਰਿਆ ਨੂੰ ਵਰਣਨ ਕਰਨ ਦੇ ਨਾਲ ਨਾਲ ਇਸਦੀ ਆਲੋਚਨਾ ਵੀ ਕਰ ਸਕੋਗੇ।

## 5.1 ਜਾਣ-ਪਛਾਣ

ਪਛਮੀ ਕਰਨ ਅਤੇ ਧਰਮਨਿਰਪੇਖੀਕਰਨ ਦੀ ਤਰ੍ਹਾਂ ਹੀ ਸੰਸਕ੍ਰਿਤੀਕਰਨ ਵੀ ਸਮਾਜਿਕ ਪਰਿਵਰਤਨ ਦੀ ਇਕ ਪ੍ਰਕ੍ਰਿਆਂ ਹੈ। ਜਿਵੇਂ ਕਿ ਪਿਛੇ ਵੀ ਜਿਕਰ ਕੀਤਾ ਜਾਂ ਚੁੱਕਾ ਹੈ ਕਿ ਸਮਾਜ ਵਿਚ ਲਗਾਤਾਰ ਤਬਦੀਲੀ ਆਉਂਦੀ ਰਹਿੰਦੀ ਹੈ। ਸਾਰੀਆਂ ਸਮਾਜਿਕ ਸੰਸਥਾਵਾਂ ਵਿਚ ਪਰਿਵਰਤਨ ਹੋ ਰਿਹਾ ਹੈ। ਪਰਿਵਰਤਨ ਦੀ ਦਿਸ਼ਾ ਅਤੇ ਗਤੀ ਵੱਖੋ ਵੱਖ ਸੰਸਥਾਵਾਂ ਵਿਚ ਅਲੱਗ ਅਲੱਗ ਹੁੰਦੀ ਹੈ ਅਤੇ ਇਸ ਦੇ ਕਾਰਨ ਵੀ ਵੱਖੋ ਵੱਖਰੇ ਹੀ ਹੁੰਦੇ ਹਨ। ਇਸ ਤਬਦੀਲੀ ਨੂੰ ਅਸੀਂ ਇਨ੍ਹਾਂ ਪ੍ਰਕ੍ਰਿਆਵਾਂ ਦੀ ਮਦੱਦ ਨਾਲ ਸਮਝਣ ਦੀ ਕੋਸ਼ਿਸ ਕਰ ਸਕਦੇ ਹਾਂ। ਸੰਸਕ੍ਰਿਤੀਕਰਨ ਵੀ ਅਜਿਹੀ ਹੀ ਸਮਾਜਿਕ ਪਰਿਵਰਤਨ ਦੀ ਪ੍ਰਕ੍ਰਿਆਂ ਹੈ। ਜਿਸ ਵਿਚ ਨੀਵੀਆਂ ਜਾਂਤਾ ਦੇ ਲੋਕ ਉਪਰਲੀਆਂ ਜਾਂਤਾ ਦੀ ਨਕਲ ਕਰਕੇ ਉਨ੍ਹਾਂ ਦੇ ਜੀਉਣ ਢੰਗ ਨੂੰ ਅਪਨਾਕੇ ਜੀਵਣ ਵਿਚ ਤਬਦੀਲੀ ਲਿਆਉਂਦੇ ਹਨ। ਆਓ ਇਸ ਪ੍ਰਕ੍ਰਿਆਂ ਬਾਰੇ ਕੁਝ ਜਾਣੀਏ :

## 8.2 ਸੰਸਕ੍ਰਿਤੀਕਰਣ ਦੀਆਂ ਪਰਿਭਾਸ਼ਾਵਾ :

**ਪ੍ਰੋ: ਸ੍ਰੀ ਨਿਵਾਸ** ਨੇ ਸਭ ਤੋਂ ਪਹਿਲਾਂ ਇਹ ਧਾਰਨਾ 1952 ਵਿਚ ਦਿੱਤੀ, ਜਿਸ ਨੂੰ ਉਸ ਨੇ ਆਪਣੀ ਕਿਤਾਬ ''ਰਿਲੀਜ਼ਨ ਐਂਡ ਸੋਸਾਇਟੀ ਅਮੰਗ ਦੀ ਲੁਰਗਸ" ਵਿਚ ਸਮਾਜਿਕ ਤਬਦੀਲੀ ਦੀ ਪ੍ਰਕ੍ਰਿਆ ਨੂੰ ਦੱਸਣ ਲਈ ਵਰਤਿਆ। ਉਸਨੇ ਇਲਾਕਾਈ, ਭਾਸ਼ਾਈ ਅਤੇ ਹੋਰ ਵੱਖਰੇਵਿਆਂ ਨੂੰ ਵਿਚਾਰਿਆ।

**ਪ੍ਰੀਭਾਸ਼ਾਵਾਂ :**

**ਪ੍ਰੋ. ਪੀ. ਰਾਘਵਨ (Prof. P.Raghvan)** ਅਨੁਸਾਰ,ਸੰਸਕਕ੍ਰਿਤੀਵਾਦ ਬਹੁਤ ਵਿਸ਼ਾਲ ਅਤੇ ਬਹੁਪੱਖੀ ਸੰਸਕ੍ਰਿਤਕ ਪ੍ਰਕ੍ਰਿਆ ਹੈ ਜਿਸ ਦਾ ਕੇਵਲ ਇਕ ਭਾਗ ਹੀ ਬਣਤਰੀ ਸੰਬੰਧਤਾ ਰੱਖਦਾ ਹੈ, ਇਸ ਦਾ ਪ੍ਰਭਾਵ ਭਾਸ਼ਾ, ਸਹਿਤ, ਵਿਚਾਰਧਾਰਾ, ਸੰਗੀਤ, ਨਾਟਕ ਅਤੇ ਜੀਵਨ ਦੇ ਰਹਿਣ ਸਹਿਣ ਅਤੇ ਸੰਸਕਾਰਾਂ ਵਿਚ ਵੇਖਿਆ ਜਾ ਸਕਦਾ ਹੈ।

(Sanskritization is profound and many--sided cultural process only a part of which has structural relevance. Its impression is seen in language, literature,ideology, music, drama and style of life and ritual.)

**ਸ੍ਰੀ ਐਮ.ਐਨੀ ਸਿਰੀਨਿਵਾਸ** ਅਨੁਸਾਰ, ਸੰਸਕ੍ਰਿਤੀਵਾਦ ਦੀ ਪਰਿਭਾਸ਼ਾ ਅਜਿਹੀ ਪ੍ਰਕ੍ਰਿਆ ਦੇ ਰੂਪ ਵਿਚ ਲਈ ਜਾਂਦੀ ਹੈ, ਜਿਸ ਦੁਆਰਾ ਕੋਈ ਨੀਵੀਂ ਜਾਤੀ, ਕਬੀਲਾ ਜਾਂ ਕੋਈ ਸਮੂਹ ਉੱਚੀਆਂ ਜਾਤੀਆਂ ਦੀ, ਵਿਸ਼ੇਸ਼ ਤੌਰ ਤੇ ਕਿਸੇ ਦਲਿਤ ਜਾਤੀਆਂ ਦੀਆਂ ਪ੍ਰਥਾਵਾਂ, ਰੀਤੀਆਂ, ਵਿਸ਼ਵਾਸ, ਵਿਚਾਰਾਂ ਅਤੇ ਰਹਿਣ ਸਹਿਣ ਨੂੰ ਅਪਨਾਉਂਦਾ ਹੈ।

**ਪ੍ਰੋ. ਸਿਰੀਨਿਵਾਸ** ਨੇ ਭਾਰਤ ਵਿਚ ਸੰਸਕ੍ਰਿਤੀਕਰਣ ਅਤੇ ਪੱਛਮੀਕਰਣ ਦੇ ਕੁਝ ਲੱਛਣ ਜਿਵੇਂ ਧਰਮ, ਕਲਚਰ ਅਤੇ ਸਮਾਜਿਕ ਤਬਦੀਲੀ ਦਾ ਵੀ ਮੁਤਾਲਿਆ ਕੀਤਾ। ਉਸ ਨੇ ਭਾਰਤ ਦੇ ਇਤਿਹਾਸ ਵਿਚ ਜੋ ਸੰਸਕ੍ਰਿਤੀਕਰਣ ਦੀ ਪ੍ਰਕ੍ਰਿਆ ਵਾਪਰ ਚੁੱਕੀ ਹੈ ਅਤੇ ਜੋ ਵਾਪਰ ਰਹੀ ਹੈ ਉਸਦਾ ਜ਼ਿਕਰ ਕੀਤਾ। ਉਸਨੇ, ਭਾਰਤ ਦੇ ਅਲੱਗ ਅਲੱਗ ਹਿੱਸਿਆਂ ਵਿਚ ਵਸੇ ਹਿੰਦੂਆਂ ਵਿਚ ਸੰਸਕ੍ਰਿਤਿਕ ਅਤੇ ਸਮਾਜਿਕ ਤਬਦੀਲੀ ਦੀ ਪ੍ਰਕ੍ਰਿਆ ਦਾ ਜ਼ਿਕਰ ਕੀਤਾ। ਇਹ ਪ੍ਰਕ੍ਰਿਆ ਕੁਝ ਕਬਾਇਲੀ ਸਮੂਹਾਂ (ਭੀਲਜ਼ ਅਤੇ ਓਰੀਅਨਜ਼) ਵਿਚ ਵੀ ਵਾਪਰ ਰਹੀ ਹੈ। ਉਸਨੇ ਵਰਨ ਪ੍ਰਬੰਧ ਵਿਚ ਜਾਤ ਪ੍ਰਣਾਲੀ ਦੀਆਂ ਵਿਸ਼ੇਸ਼ਤਾਵਾਂ ਦਾ ਜਿਕਰ ਕਰਦਿਆਂ ਕਿਹਾ ਕਿ :

- ਬਿਨਾਂ ਕਿਸੇ ਇਲਾਕਾਈ ਵੱਖਰੇਵੇਂ ਤੋਂ ਸਾਰੇ ਭਾਰਤ ਵਿਚ ਇਕ ਹੀ ਤਰਤੀਬ ਹੈ।
- ਵਰਨ-ਪ੍ਰਣਾਲੀ ਵਿਚ ਚਾਰ ਵਰਨ ਹਨ ਜਿਸ ਵਿਚ ਜੇ ਹਰੀਜ਼ਨਾਂ ਨੂੰ ਵੀ ਸ਼ਾਮਿਲ ਕੀਤਾ ਜਾਵੇ (ਜੋ ਨਹੀਂ ਸ਼ਾਮਿਲ ਕੀਤੇ ਗਏ) ਤਾਂ ਇਹ ਪੰਜ ਬਣ ਜਾਂਦੇ ਹਨ।
- ਇਹ ਤਰਤੀਬ ਬਹੁਤ ਹੀ ਸਾਫ ਹੈ।
- ਇਹ ਅਪਰਿਵਰਤਨ ਯੋਗ ਹੈ।
- ਉਸਨੇ ਅੱਗੇ ਚਲ ਕੇ ਕਿਹਾ ਕਿ ਭਾਰਤ ਵਿਚ ਸਗੋਤਰ ਵਿਆਹ ਸਮੂਹ ਹਨ ਜੋ ਤਰਤੀਬ ਬਣਾਉਂਦੇ ਹਨ ਅਤੇ ਹਰੇਕ ਇਕ ਜਾਂ ਦੋ ਕਿਸਮ ਦੇ ਧੰਦਿਆਂ ਨਾਲ ਬੱਝਾ ਪਿਆ ਹੈ। ਇਨ੍ਹਾਂ ਵਿਚ ਬ੍ਰਾਹਮਣ, ਅਛੂਤ, ਕਿਸਾਨ, ਕਾਰੀਗਰ, ਵਿਉਪਾਰੀ ਆਦਿ ਸ਼ਾਮਿਲ ਹਨ। ਭਾਰਤ ਦੇ ਜਾਤੀ ਪ੍ਰਬੰਧ ਵਿਚ ਕੁੱਝ ਧਾਰਮਿਕ ਖਿਆਲ ਜਿਵੇਂ ਸਮਸਕਾਰਾਂ, ਕਰਮਾਂ ਅਤੇ ਧਰਮਾਂ ਵੀ ਪਾਏ ਜਾਂਦੇ ਹਨ, ਉਸਨੇ ਦੇਸ਼ ਦੇ ਕੁੱਝ ਹਿੱਸਿਆਂ ਵਿਚ ਲੁਹਾਰ, ਝੀਵਰ, ਦਾਈਆਂ, ਛੀਬੇ, ਨਾਈ ਆਦਿ ਦਾ ਪਤਾ ਲਗਾਇਆ। ਉਹਨਾਂ ਇਹ ਵੀ ਪਤਾ ਲਗਾਇਆ ਕਿ ਹਰ ਜਾਤੀ ਆਪਦੀ ਖੇਤਰੀ ਭਾਸ਼ਾ ਬੋਲਦੀ ਹੈ। ਅੱਜ ਦੇ ਆਧੁਨਿਕ ਭਾਰਤ ਦੇ ਹਰ ਇਕ ਭਾਸ਼ਾਈ ਖੇਤਰ ਵਿਚ ਸੈਂਕੜੇ ਜਾਤੀਆਂ ਜਾਂ ਸਮਗੋਤਰ ਵਿਆਹ ਸਮੂਹ ਹਨ ਜਿਨ੍ਹਾਂ ਦੀ ਚਾਰੇ ਵਰਨ ਪ੍ਰਤੀਨਿਧਤਾ ਕਰਦੇ ਹਨ।

ਭਾਵੇਂ ਹਰੀਜ਼ਨ ਅਤੇ ਅਛੂਤ ਇਸ ਵਰਨ ਪ੍ਰਬੰਧ ਦਾ ਭਾਗ ਨਹੀਂ ਹਨ ਪਰ ਜੇ ਅਸੀਂ ਇਕ ਖੇਤਰ ਦੀਆਂ ਜਾਤਾਂ ਵਿਚ ਆਰਥਿਕ, ਸਮਾਜਿਕ ਅਤੇ ਰੀਤੀਆਂ ਵਾਲੇ ਸੰਬੰਧਾਂ ਨੂੰ ਧਿਆਨ ਨਾਲ ਵੇਖੀਏ ਤਾਂ ਇਹ (ਹਰੀਜ਼ਨ) ਵਰਨ ਪ੍ਰਬੰਧ ਦਾ ਅਨਿਖੜਵਾਂ ਭਾਗ ਹਨ। ਭਾਰਤ ਦੇ ਇਤਿਹਾਸ ਦੇ ਵੈਦਿਕ ਕਾਲ ਵਿਚ ਜਾਤੀ ਪ੍ਰਬੰਧ ਦਾ ਵਰਨ ਮਾਡਲ ਹੋਲੀ ਹੋਲੀ ਹੋਂਦ ਵਿਚ ਆਇਆ। ਕੁਝ ਵਿਦਵਾਨਾਂ ਨੇ ਪਹਿਲੇ ਤਿੰਨ ਵਰਨਾਂ ਦੇ ਅਧਿਕਾਰਾਂ ਅਤੇ ਫਰਜ਼ਾਂ ਦਾ ਵੀ ਜ਼ਿਕਰ ਕੀਤਾ। **ਪ੍ਰੋਫੈਸਰ**

**ਗੁਰਈਆ** ਅਨੁਸਾਰ ਵਰਨ ਧਰਮਾਂ ਜਾਂ ਕੋਡ ਜੋ ਅਲੱਗ ਅਲੱਗ ਵਰਨਾਂ ਦੇ ਆਚਾਰ ਨੂੰ ਚਲਾਉਂਦੇ (govern the conduct) ਹਨ ਦਾ ਵੈਦਿਕ ਸਮੇਂ ਤੋਂ ਬਾਅਦ ਕਾਫੀ ਵਿਸਥਾਰ ਹੋਇਆ। **ਪ੍ਰੋ. ਗੁਰਈਆ** ਨੇ ਕਿਹਾ ਕਿ ਇਹ ਮੇਰੀ ਰਾਇ ਹੈ ਕਿ ਬ੍ਰਿਟਿਸ਼ ਸਮੇਂ ਵਿਚ ਇਹ ਮਾਡਲ ਜ਼ਿਆਦਾ ਮਸ਼ਹੂਰ ਹੋਇਆ ਕਿਉਂਕਿ ਇਸ ਸਮੇਂ ਕਈ ਤਾਕਤਾਂ ਅਤੇ ਸੰਸਥਾਵਾਂ ਹੋਂਦ ਵਿਚ ਆਈਆਂ। ਉਸ ਸਮੇਂ ਹੋਂਦ ਵਿਚ ਆਈਆਂ ਨਿਆਂ ਅਦਾਲਤਾਂ ਵਿਚ ਬ੍ਰਾਹਮਣ ਵਾਦੀ ਕਾਨੂੰਨ ਨੂੰ ਅਪਣਾਇਆ ਗਿਆ।

**ਪ੍ਰੋ. ਸ੍ਰੀਨਿਵਾਸ** ਨੇ ਤਬਦੀਲੀਆਂ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਇਹਨਾਂ ਦਾ ਸੰਬੰਧ ਢਾਂਚੇ ਨਾਲ ਨਾ ਹੋਕੇ ਸਗੋਂ ਸਿਰਫ ਪੁਜੀਸ਼ਨ ਨਾਲ ਸੀ। ਉਸ ਨੇ ਨੋਟ ਕੀਤਾ ਸੀ ਕਿ ਮੈਸੂਰ ਵਿਚ ਹਰੀਜ਼ਨ ਜਾਤੀ ਦੇ ਲੋਕ ਉਥੋਂ ਦੀ ਉੱਚ ਜਾਤੀ ਸਮਿਥਾਂ ਦੇ ਹੱਥੋਂ ਪੱਕਿਆ ਹੋਇਆ ਭੋਜਨ ਅਤੇ ਪੀਣ ਵਾਲਾ ਪਾਣੀ ਨਹੀਂ ਲੈਂਦੇ। ਉੱਤਰੀ ਕੁਰਗ ਵਿਚ ਲਿੰਗਾਯਾਤ (Lingayat) ਜਾਤੀ ਦੇ ਲੋਕ ਕੁਰਗਜ਼ ਨੂੰ ਜੰਗਲੀ ਲੋਕ ਦਸਦੇ ਹਨ ਜਦੋਂ ਕਿ ਕੁਰਗਜ਼ ਆਪਣੇ ਆਪ ਨੂੰ ਅਸਲੀ ਤੇ ਸੱਚੇ ਕੱਸ਼ਤਰੀ ਦਸਦੇ ਹਨ। ਇਹ ਪ੍ਰਕ੍ਰਿਆ ਹਿੰਦੂ ਜਾਤਾਂ, ਕਬਾਇਲੀ ਅਤੇ ਅਰਧਕਬਾਇਲੀ ਜਾਤਾਂ ਵਿਚ ਚਲਦੀ ਹੈ, ਜਿਵੇਂ ਪੱਛਮੀ ਭਾਰਤ ਦੇ ਭੀਲ, ਸੈਂਟਰਲ ਭਾਰਤ ਦੇ ਗੋਂਡਸ ਅਤੇ ਓਰੀਅਨਜ਼ ਅਤੇ ਹਿਮਾਲਾ ਦੇ ਪਰਾਡਿਜ਼। ਉਸ ਨੇ ਜ਼ਿਆਦਾ ਜੋਰ ਬ੍ਰਾਹਮਣੀਕਲ ਮਾਡਲ ਤੇ ਹੀ ਦਿੱਤਾ ਜਦੋਂ ਕਿ ਕਸ਼ਤਰੀ, ਵੈਸ਼ਵ ਅਤੇ ਸ਼ੂਦਰ ਨੂੰ ਨਜ਼ਰ-ਅੰਦਾਜ਼ ਕੀਤਾ ਹੈ।

**ਡੀ.ਐਫ.ਪੀਕਾ** ਨੇ ਬ੍ਰਾਹਮਣੀਕਲ ਮਾਡਲ ਦੇ ਨਾਲ ਕਸ਼ਤਰੀ ਮਾਡਲ ਦਾ ਵੀ ਜ਼ਿਕਰ ਕੀਤਾ। ਤਿੰਨ ਵਰਨਾਂ ਨੂੰ ਵੈਦਿਕ ਮੰਤਰ ਉਚਾਰਣ ਕਰਨ ਦਾ ਅਧਿਕਾਰ ਹੈ। ਚੌਥੇ ਵਰਨ ਨੂੰ ਨਹੀਂ। ਸੰਸਕ੍ਰਿਤਿਕ ਕੁਨਟੈਂਟ (content) ਹਰ ਵਰਨ ਦਾ ਇਕ ਖੇਤਰ ਤੋਂ ਦੂਜੇ ਖੇਤਰ, ਇਕ ਸਮੇਂ ਤੋਂ ਦੂਜੇ ਸਮੇਂ ਵੱਖ ਵੱਖ ਹੁੰਦਾ ਹੈ। ਇਹ ਭਿੰਨਤਾ ਉਚੇ ਵਰਨਾਂ ਦੇ ਮੁਕਾਬਲੇ ਹੇਠਲੇ ਵਰਨਾਂ ਵਿਚ ਜ਼ਿਆਦਾ ਹੁੰਦੀ ਹੈ। ਪੰਜਾਬ, ਉੱਤਰ ਪ੍ਰਦੇਸ਼, ਰਾਜਸਥਾਨ ਵਿਚ ਬ੍ਰਾਹਮਣਾਂ ਦਾ ਰੁੱਤਬਾ ਨੀਵਾਂ ਹੈ। ਗੁਜਰਾਤ, ਬੰਗਾਲ ਅਤੇ ਮੈਸੂਰ ਦੇ ਕਈ ਬ੍ਰਾਹਮਣ ਸਮੂਹਾਂ ਨੂੰ ਰੀਤੀ ਤੌਰ ਤੇ ਨੀਵਾਂ ਗਿਣਿਆ ਜਾਂਦਾ ਹੈ।

**ਪਾਨੀਕਰ** ਅਨੁਸਾਰ ਹੁਣ ਦੇ ਸਮੇਂ ਵਿਚ ਕਈ ਸ਼ੂਦਰ ਪਰਿਵਾਰ ਬਹੁਤ ਅਮੀਰ ਹੋ ਚੁੱਕੇ ਹਨ। ਉਹ ਆਪਣੇ ਵਡੇਰਿਆਂ ਦੇ ਕਿੱਤੇ ਛੱਡ ਚੁੱਕੇ ਹਨ। ਉਹਨਾਂ ਆਪਣੀ ਵੰਸ਼ਾਵਲੀ ਵਿਚ ਵੀ ਤਬਦੀਲੀਆਂ ਕਰ ਲਈਆਂ ਹਨ। ਪੱਛਮੀ ਵਿਦਿਆ, ਕਿਤੇ, ਆਮਦਨ ਦੇ ਸਾਧਨ, ਵੋਟ ਪਾਉਣ ਦੇ ਅਧਿਕਾਰ, ਕਾਨੂੰਨ ਅਗੇ ਬਰਾਬਰੀ ਨੇ ਛੋਟੀਆਂ ਜਾਤਾਂ ਵਿਚ ਸੰਸਕ੍ਰਿਤੀਕਰਣ ਦੀ ਪ੍ਰਕ੍ਰਿਆ ਵਿਚ ਤੇਜ਼ੀ ਲਿਆਂਦੀ। ਪਿਛਲੇ 50 ਸਾਲਾਂ ਤੋਂ ਆਵਾਜਾਈ ਦੇ ਸਾਧਨਾਂ ਅਤੇ ਅਚਾਰ-ਪ੍ਰਚਾਰ ਦੇ ਸਾਧਨਾਂ ਵਿਚ ਹੋਈ ਕ੍ਰਾਂਤੀਕਾਰੀ ਤਰੱਕੀ ਨੇ ਸੰਸਕ੍ਰਿਤਿਕ ਵਖਰੇਵਿਆਂ ਨੂੰ ਘਟਾ ਕੇ ਇਕਸੁਰਤਾ ਲਿਆਉਣ ਵਿਚ ਬਹੁਤ ਯੋਗਦਾਨ ਪਾਇਆ ਹੈ ਜਿਸ ਨਾਲ ਲੋਕਾਂ ਦੇ ਰਹਿਣਾ-ਸਹਿਣ ਦੇ ਢੰਗ ਵਿਚ ਕਾਫੀ ਤਬਦੀਲੀਆਂ ਆਈਆਂ ਹਨ। ਭਾਰਤੀ ਪਿੰਡਾਂ ਵਿਚ ਦੋ ਤਰ੍ਹਾਂ ਦੀਆਂ ਜਮਾਤਾਂ ਨਹੀਂ ਹਨ। ਜ਼ਮੀਨ ਦੇ ਮਾਲਕਾਂ ਕੋਲ ਪਾਵਰ ਹੁੰਦੀ ਹੈ ਜੋ ਦੂਜਿਆਂ ਨਾਲ ਰਿਸ਼ਤਿਆਂ ਨੂੰ ਪ੍ਰਭਾਵਤ ਕਰਦੀ ਹੈ। ਪੰਜਾਬ ਦੇ ਪਿੰਡਾਂ ਵਿਚ ਜ਼ਿੰਮੀਂਦਾਰ ਬ੍ਰਾਹਮਣਾਂ ਨੂੰ ਆਪਣੇ ਤੋਂ ਨੀਵੇਂ ਸਮਝਦੇ ਹਨ ਜਿਸ ਤਰ੍ਹਾਂ ਯੂ.ਪੀ. ਦੇ ਮਾਧੋਪੁਰ ਪਿੰਡ ਵਿਚ ਠਾਕੁਰ ਬ੍ਰਾਹਮਣਾਂ ਤੋਂ ਭੋਜਨ ਨਹੀਂ ਲੈਂਦੇ ਭਾਵ ਕਿ ਧਾਰਮਿਕ ਰਸਮਾਂ ਬ੍ਰਾਹਮਣ ਹੀ ਕਰਦੇ ਹਨ। ਏਥੇ ਇਹ ਚੇਤੇ ਰੱਖਣ ਯੋਗ ਹੈ ਕਿ ਰੀਤੀਆਂ ਵਿਚ ਉਚਾ ਹੱਥ ਹੋਣਾ ਹੋਰ ਗੱਲ ਹੈ, ਤਾਕਤ ਦਾ ਅਧਿਕਾਰ ਹੋਣਾ ਹੋਰ ਗੱਲ ਹੈ। ਸੰਸਕ੍ਰਿਤੀਕਰਣ ਦੇ ਅਲੱਗ ਮਾਡਲਾਂ ਦਾ ਲਾਗੂ ਹੋਣਾ ਉਸ ਕਿੱਤੇ ਵਿਚ ਭਾਰੂ ਜਾਤੀ ਤੇ ਨਿਰਭਰ ਕਰਦਾ ਹੈ। ਜੇ ਕਿਸੇ ਜਗ੍ਹਾ ਬ੍ਰਾਹਮਣ ਜਾਤੀ ਦੇ ਲੋਕ ਭਾਰੂ ਹਨ ਤਾਂ ਉਹ ਉਥੇ ਬ੍ਰਾਹਮਣੀਕਲ ਮਾਡਲ ਲਾਗੂ ਕਰਨਗੇ ਅਤੇ ਜੇ ਰਾਜਪੂਤ ਜਾਂ ਕਸ਼ਤਰੀ ਭਾਰੂ ਹਨ ਤਾਂ ਉਹ ਕਸ਼ਤਰੀ ਮਾਡਲ ਲਾਗੂ ਕਰਨਗੇ।

ਭਾਰੂ ਜਾਤੀ ਦੇ ਵਡੇਰੇ ਆਪਣੀ ਜਾਤੀ ਦੀਆਂ ਕੀਮਤਾਂ ਦੀ ਰਾਖੀ ਕਰਦੇ ਹਨ।ਉਹ ਹੇਠਲੀਆਂ ਜਾਤਾਂ ਵਲੋਂ ਆਪਣੀਆਂ ਛੋਟੀਆਂ ਛੋਟੀਆਂ ਤਬਦੀਲੀਆਂ ਨੂੰ ਤਾਂ ਨਜ਼ਰ-ਅੰਦਾਜ਼ ਕਰ ਦਿੰਦੇ ਹਨ ਪਰ ਜੇ ਉਹ ਉਹਨਾਂ ਵਲੋਂ ਆਰਥਿਕ, ਕਿੱਤੇ ਸੰਬੰਧੀ ਆਪਣੇ ਫਰਜ਼ ਨਿਭਾਉਣ ਤੋਂ ਇਨਕਾਰੀ ਹੋਣ ਤਾਂ ਉਹਨਾਂ (ਉੱਚੀ ਜਾਤੀ) ਦੇ ਗੁੱਸੇ ਦਾ ਆਰਾ ਨੀਵੀ ਜਾਤੀ ਵਾਲਿਆਂ ਉਪਰ ਚੱਲਦਾ ਹੈ।

**ਡਾ. ਡੀ.ਆਰ. ਰੈਨਾ** ਨੇ ਪਹਿਲੇ ਪੰਜਾਬ ਅਤੇ ਉਤਰ-ਫਰੰਟੀਅਰ ਰਾਜ ਦੀ ਸਥਿਤੀ ਬਾਰੇ ਚਾਨਣਾ ਪਾਉਂਦਿਆਂ ਦੱਸਿਆ ਕਿ ਮੁਸਲਿਮ ਪਹਿਲੇ ਦਰਜੇ ਤੇ ਸਨ ਅਤੇ ਸਿੱਖ ਦੂਜੇ ਦਰਜੇ ਤੇ ਸਨ। ਹਿੰਦੂਆਂ ਵਿਚ ਵਣਜ ਜਾਤੀਆਂ ਪ੍ਰਮੁੱਖ ਸਨ ਜਦੋਂ ਕਿ ਬ੍ਰਾਹਮਣ ਧੰਨ ਅਤੇ ਵਿਦਿਆ ਦੋਨੋਂ ਪੱਖੋਂ ਪਿੱਛੇ ਸਨ। ਪੰਜਾਬ ਵਿਚ 19ਵੀਂ ਸਦੀ ਵਿਚ ਸੰਸਕ੍ਰਿਤੀਕਰਣ ਦੀ ਪ੍ਰਕ੍ਰਿਆ ਤੋਂ ਪਤਾ ਲੱਗਦਾ ਹੈ ਕਿ ਦਾਬੇ ਵਾਲੀਆਂ ਜਾਤਾਂ ਦੀ ਜ਼ਿੰਦਗੀ ਜੀਉਣ ਦੇ ਢੰਗਾਂ ਦਾ ਦੂਜੀਆਂ ਜਾਤਾਂ ਉੱਪਰ ਪ੍ਰਭਾਵ ਸੀ। ਬ੍ਰਿਟਿਸ਼ ਸਰਕਾਰ ਦੁਆਰਾ ਹੋਂਦ ਵਿਚ ਲਿਆਂਦੀਆਂ ਗਈਆਂ ਤਾਕਤਾਂ ਸੰਸਕ੍ਰਿਤੀਕਰਣ ਦੀ ਪ੍ਰਕ੍ਰਿਆ ਵਿਚ ਤੇਜ਼ੀ ਲਈ ਜ਼ਿੰਮੇ

ਵਾਰ ਸਨ।

**ਐਸ.ਐਨ. ਕਾਲੀਆ** ਨੇ 'ਕਬਾਇਲੀਕਰਨ' ਜੋ ਉਤਰ-ਪ੍ਰਦੇਸ਼ ਦੇ ਜਾਉਨਸਰਬਾਵਾਰ ਦਾ ਅਤੇ ਮੱਧ-ਪ੍ਰਦੇਸ਼ ਦੇ ਕਬਾਇਲੀ ਖੇਤਰ ਦਾ ਹੋ ਰਿਹਾ ਹੈ, ਦਾ ਵਰਣਨ ਕੀਤਾ ਹੈ।

ਪਿੰਡਾਂ ਵਿਚ ਰਹਿ ਰਹੀਆਂ ਸਾਰੀਆਂ ਜਾਤਾਂ ਦੇ ਲੋਕਾਂ ਨੂੰ ਪਿੰਡਾਂ ਦੇ ਵਿਧੀ ਵਿਧਾਨਾਂ ਦਾ ਪਤਾ ਹੁੰਦਾ ਹੈ। ਦਾਬੇ ਵਾਲੀ ਜਾਤ ਦੇ ਵਡੇਰੇ ਬੰਦੇ ਅਧੀਨ ਜਾਤਾਂ ਵਲੋਂ ਉਲੰਘਣਾ ਕਰਨ ਵਾਲਿਆਂ ਨੂੰ ਬਣਦੀ ਸਜ਼ਾ ਦਿੰਦੇ ਹਨ ਪਰ ਅਜਿਹੀ ਪ੍ਰਕ੍ਰਿਆ ਉਥੇ ਵਾਪਰਦੀ ਹੈ ਜਿਥੇ ਸ਼ਹਿਰਾਂ ਦਾ ਕਸਬਿਆਂ ਨਾਲ ਬਹੁਤ ਸੰਬੰਧ ਨਾ ਹੋਵੇ, ਪਿੰਡ ਸ਼ਹਿਰੋਂ ਦੂਰ ਹੋਣ। ਆਵਾਜਾਈ ਜਾਂ ਆਚਾਰ ਪ੍ਰਚਾਰ ਦੇ ਸਾਧਨ ਨਾ ਹੋਣ।

ਕਈ ਵਾਰ ਬ੍ਰਾਹਮਣ ਅਤੇ ਕਸ਼ਤਰੀਆਂ ਵਿਚ ਉਤਮ-ਪੁਜੀਸ਼ਨ ਦੇ ਸਵਾਲ ਤੇ ਵਿਵਾਦ ਖੜਾ ਹੋ ਜਾਂਦਾ ਹੈ।ਬੁੱਧ ਧਰਮ ਅਤੇ ਜੈਨ ਵੀ ਇਨ੍ਹਾਂ ਵਿਵਾਦਾਂ ਦੀ ਜੜ੍ਹ ਨੂੰ ਲੱਭਣ ਦੀ ਕੋਸ਼ਿਸ਼ ਕਰਦੇ ਹਨ।

ਪਹਿਲਾਂ ਬ੍ਰਾਮਣੀਕਲ ਜੀਵਨ ਦਾ ਢੰਗ ਵੈਦਿਕ ਕਾਲ ਸਮੇਂ ਬਦਲਿਆ। ਮਾਸ ਦਾ ਸੇਵਨ ਪਹਿਲਾਂ ਕੀਤਾ ਜਾਂਦਾ ਸੀ ਖਾਸ ਕਰ ਪਾਰਟੀਆਂ ਜਾਂ ਕਿਸੇ ਫੰਕਸ਼ਨ ਤੇ ਗਊ ਦਾ ਮਾਸ ਖਾਣ ਦੀ ਮਨਾਹੀ ਸੀ। ਵੈਦਿਕ ਕਾਲ ਤੋਂ ਬਾਅਦ ਸ਼ਰਾਬ ਦੀ ਵਰਤੋਂ ਬੰਦ ਹੋ ਗਈ ਪਰ ਅੱਜ ਕੱਲ ਇਸਦਾ ਇਸਤੇਮਾਲ ਕੀਤਾ ਜਾਂਦਾ ਹੈ। ਬਾਅਦ ਵਿਚ ਭਾਗਤੀ ਲਹਿਰ ਨੇ ਜਨਮ ਲਿਆ ਜਿਨ੍ਹਾਂ ਦਾ ਆਸ਼ਾ ਸੀ ਭਰਾਤਰੀ ਭਾਵ ਸਾਂਝੀਵਾਲਤਾ, ਸਭ ਧਰਮ ਬਰਾਬਰ ਹਨ ਅਤੇ ਆਦਮੀ ਦੀ ਇੱਜ਼ਤ ਅਤੇ ਵਡਿਆਈ ਉਸ ਦੇ ਕੰਮਾਂ ਅਤੇ ਜਨਮ ਉਪਰ ਨਿਰਭਰ ਕਰਦੀ ਹੈ। ਭਗਤੀ ਲਹਿਰ ਦੀ ਲਪੇਟ ਵਿਚ ਨੀਵੀਂ ਜਾਤੀ ਅਤੇ ਗਰੀਬ ਲੋਕ ਆਏ। ਇਸ ਲਹਿਰ ਦੌਰਾਨ ਕੁਝ ਨੀਵੀਂ ਜਾਤੀ ਦੇ ਲੋਕ ਧਾਰਮਿਕ ਲੀਡਰ ਬਣੇ। ਗੁਰੂ ਨਾਨਕ, ਮੀਰਾਬਾਈ ਅਤੇ ਭਗਤ ਕਬੀਰ ਵਰਗੇ ਮਹਾਂ ਪੁਰਸ਼ਾਂ ਨੇ ਬ੍ਰਾਹਮਣਵਾਦ ਦੀ ਆਲੋਚਨਾ ਕੀਤੀ ਉਹਨਾਂ ਜਾਤੀ ਪ੍ਰਬੰਧ ਨੂੰ ਭੰਡਿਆ। ਇਹ ਗੱਲ ਉਹਨਾਂ ਜ਼ੋਰ ਦੇ ਕੇ ਕਹੀ ਕਿ ਬ੍ਰਾਹਮਣ ਉੱਚੇ ਨਹੀਂ ਹੁੰਦੇ। ਬੰਦਾ ਉਚਾ ਜਾਂ ਨੀਵਾਂ ਜਾਤੀ ਕਰਕੇ ਨਹੀਂ ਸਗੋ ਆਪਣੇ ਕੰਮਾਂ ਕਰਕੇ ਹੁੰਦਾ ਹੈ। ਫਿਰ **'ਹਾਇਪਰਗੈਮੀ'** ਦਾ ਮਾਡਲ ਵੀ ਸਾਹਮਣੇ ਆਇਆ ਜਿਸ ਵਿਚ ਉਚੀ ਜਾਤ ਦਾ ਬੰਦਾ ਨੀਵੀਂ ਜਾਤੀ ਦੀ ਜਨਾਨੀ ਨਾਲ ਵਿਆਹ ਕਰਵਾਉਂਦਾ ਹੈ। **ਇੰਡੋਗੇਮਸ** ਮਾਡਲ ਵਿਚ ਨੀਵੀਂ ਜਾਤੀ ਦਾ ਆਦਮੀ ਉੱਚੀ ਜਾਤੀ ਦੀ ਔਰਤ ਨਾਲ ਵਿਆਹ ਕਰਵਾਉਂਦਾ ਹੈ।

**ਗੁਰਈਆ** ਅਨੁਸਾਰ, ਕਸ਼ਤਰੀਆਂ ਨੇ ਬ੍ਰਾਹਮਣਾਂ ਉਪਰ ਆਪਣੀ ਉੱਤਮ ਪੁਜੀਸ਼ਨ ਦਾ ਵਿਖਾਵਾ ਕਰਨ ਲਈ ਜੈਨ ਧਰਮ ਅਤੇ ਬੁੱਧ ਧਰਮ ਦਾ ਇਸਤੇਮਾਲ ਕੀਤਾ। ਇਸ ਨਾਲ ਬ੍ਰਾਹਮਣਾਂ ਕੋਲ ਸ਼ਿਕਾਇਤਾਂ ਦਾ ਇਕ ਮੌਕਾ ਮਿਲ ਜਾਂਦਾ ਹੈ ਅਤੇ ਉਹ ਆਪਣੇ ਆਪ ਨੂੰ ਵੈਦਿਕ ਬ੍ਰਾਹਮਣਵਾਦੀ ਸੰਸਕ੍ਰਿਤੀ ਨੂੰ ਬਚਾਉਣ ਵਾਲੇ ਵਜੋਂ ਅੱਗੇ ਆਉਂਦੇ ਹਨ। ਰਿਗਵੇਦ ਸਮੇਂ ਵੈਸ਼ਵ ਦਾ ਵਰਨ ਤਰਤੀਬ ਵਿਚ ਨੀਵਾਂ ਸਥਾਨ ਸੀ। ਵੈਸ਼ਵ ਦੇ ਸ਼ਬਦ ਦਾ ਇਸਤੇਮਾਲ 'ਸਾਧਾਰਨ ਲੋਕ' ਵਜੋਂ ਕੀਤਾ ਜਾਂਦਾ ਸੀ।

**ਕੋਹਨ** ਨੇ ਭਾਰਤ ਵਿਚ ਅਠਾਰਵੀਂ ਸਦੀ ਦੇ ਚਾਰ ਵਰਗੀ ਰਾਜਨੀਤਿਕ ਸਿਸਟਮ ਦਾ ਵਰਨਣ ਕੀਤਾ।

(1) ਇਮਪੀਰੀਅਲ (2) ਦੂਜੇ ਦਰਜੇ ਦਾ (3) ਖੇਤਰੀ ਅਤੇ (4) ਲੋਕਲ। ਸਮਾਜਿਕ ਸਤਰ ਦੇ ਮੁਗਲ ਸਮਰਾਟ ਹੁੰਦੇ, ਵਿਚਕਾਰਲੇ ਸਤਰ ਦੇ ਸੂਬਿਆਂ ਦੇ ਨਵਾਬ ਹੁੰਦੇ ਪ੍ਰਦੇਸ਼ਕ ਸਤਰ ਦੇ ਵੱਡੇ ਵੱਡੇ ਜਾਗਰੀਦਾਰ ਅਤੇ ਉਨ੍ਹਾਂ ਦੇ ਕਰਮਚਾਰੀ ਸਥਾਨਕ ਪੱਧਰ ਤੇ ਛੋਟੇ ਕਰਮਚਾਰੀ।

18ਵੀਂ ਸਦੀ ਵਿਚ ਗੁਜਰਾਤ ਵਿਚ ਇਕ ਮਜ਼ਦੂਰ ਕਿਸਾਨ ਜਾਤ ਦਾ ਜਨਮ ਹੋਇਆ। ਗੁਜਰਾਤ ਵਿਚ ਬਹੁਤ ਸਾਰੇ ਪਿੰਡਾਂ ਵਿਚ ਕੁੰਨਬੀ ਲੀਨੇਅਜ ਦਾ ਦਾਬਾ ਸੀ। ਹਰ ਲੀਨੇਅਜ ਮੁੱਖੀ ਨੂੰ ਟੈਕਸ ਦਿੰਦਾ ਸੀ। ਜੋ ਕੁਨਬੀ ਟੈਕਸ ਦਿੰਦੇ ਸਨ, ਉਹਨ੍ਹਾਂ ਨੂੰ ਆਦਰ ਨਾਲ ਪੱਟੀਦਾਰ ਕਿਹਾ ਜਾਂਦਾ ਸੀ। ਪੱਟੀਦਾਰ ਸਖਤ ਮਿਹਨਤ ਕਰਦੇ ਅਤ ਕੈਸ਼ ਫਸਲਾਂ ਜਿਵੇਂ ਕਪਾਹ, ਤੰਬਾਕੂ ਨਿਯਾਤ ਕਰਨ ਦੇ ਉਦੇਸ਼ ਤੋਂ ਉਗਾਉਂਦੇ। ਉਹ ਅਮੀਰ ਬਣ ਗਏ। ਮੁਗਲ ਰਾਜਿਆਂ (ਸਣੇ ਅਕਬਰ) ਅਤੇ ਪੱਟੀਦਾਰ ਲੀਡਰਾਂ ਵਿਚ ਮਿੱਤਰਤਾ ਵਾਲਾ ਰਿਸ਼ਤਾ ਸੀ। ਉਹਨਾਂ ਨੂੰ ਹਥਿਆਰ ਵੀ ਮਿਲ ਜਾਂਦੇ ਅਤੇ ਉਹਨਾਂ ਹੌਲੀ ਹੌਲੀ ਕਸ਼ਤਰੀਆਂ ਵਾਲਾ ਰੁਤਬਾ ਹਾਸਿਲ ਕਰ ਲਿਆ, ਉਹਨਾਂ ਵਾਲੇ ਤੌਰ-ਤਰੀਕੇ ਅਪਣਾ ਲਏ। ਇਸ ਦਾ ਭਾਵ ਇਹ ਸੀ ਕਿ ਰਾਜਨੀਤਿਕ ਪ੍ਰਬੰਧ ਨੇ ਇਸ ਗਤੀਸ਼ੀਲਤਾ (ਸੰਸਕ੍ਰਿਤੀਕਰਣ) ਵਿਚ ਕਾਫੀ ਯੋਗਦਾਨ ਪਾਇਆ ਜਿਵੇਂ ਕੋਰੀਨ ਦੇ ਰਾਜਾ ਕੋਲ ਸ਼ਕਤੀ ਸੀ ਕਿ ਉਹ ਜਿਸ ਜਾਤੀ ਨੂੰ ਉਪਰ ਚੜ੍ਹਾਉਣਾ ਚਾਹੁੰਦਾ ਚੜ੍ਹਾ ਦਿੰਦਾ। ਜਿਸ ਨੂੰ ਨੀਵਾਂ ਵਿਖਾਉਣਾ ਚਾਹੁੰਦਾ ਨੀਵਾਂ ਵਿਖਾ ਦਿੰਦਾ। ਉਸ ਨੇ ਰਾਜਨੀਤਿਕ ਪ੍ਰਬੰਧ

ਤੋਂ ਉਪਜੀ ਗਤੀਸ਼ੀਲਤਾ ਦਾ ਜ਼ਿਕਰ ਕੀਤਾ ਨਾ ਕਿ ਬ੍ਰਿਟਿਸ਼ ਰਾਜ ਤੋਂ ਪਹਿਲਾਂ ਦੇ ਉਤਪਾਦਕ ਪ੍ਰਬੰਧ ਤੋਂ ਉਪਜੀ ਗਤੀਸ਼ੀਲਤਾ ਕਿਉਂਕਿ ਉਸ ਸਮੇਂ ਖੇਤਾਂ ਵਿਚ ਮਾਲਕਾਂ ਦੀ ਘਰ ਦੀ ਲੇਬਰ ਹੀ ਕੰਮ ਕਰਦੀ ਸੀ ਪਰ ਜਿਉਂ ਜਿਉਂ ਉਤਪਾਦਨ ਪ੍ਰਬੰਧ ਵਿਚ ਤਬਦੀਲੀ ਹੋਈ ਤਾਂ ਉਹਨਾਂ ਨੂੰ ਖੇਤੀ 'ਚ ਕੰਮ ਕਰਨ ਲਈ ਬਾਹਰੋਂ ਲੇਬਰ ਲੈਣੀ ਪਈ ਜਿਨ੍ਹਾਂ ਦਾ ਰੁਤਬਾ ਨੀਵਾਂ ਸਮਝਿਆ ਜਾਂਦਾ ਸੀ।

ਇਸ ਸਮਾਜਿਕ ਗਤੀਸ਼ੀਲਤਾ ਲਈ ਇਹ ਕਾਰਨ ਵੀ ਜ਼ਿੰਮੇਵਾਰ ਸਨ, ਜਿਵੇਂ ਹੜ੍ਹ, ਸੋਕਾ, ਬਿਮਾਰੀ ਜੋ ਲੋਕਾਂ ਨੂੰ ਇਕ ਜਗ੍ਹਾ ਤੋਂ ਦੂਸਰੀ ਜਗ੍ਹਾ ਜਾਣ ਲਈ ਪ੍ਰੇਰਦੇ ਅਤੇ ਉਹ ਨਵੀਂ ਜਗ੍ਹਾ ਜਾ ਕੇ ਨਵਾਂ ਲਾਈਫ ਸਟਾਇਲ ਅਪਣਾਉਂਦੇ।

ਨਵੀਂ ਜਗ੍ਹਾ ਜਾ ਕੇ ਇਕ ਪ੍ਰੀਵਾਰ ਜਾਂ ਪ੍ਰੀਵਾਰਾਂ ਦੇ ਸਮੂਹ ਨੂੰ ਸੰਸਕ੍ਰਿਤਕ ਸਟਾਈਲ ਆਫ ਲਾਈਫ ਅਪਣਾਉਣ ਵਿਚ ਜ਼ਿਆਦਾ ਆਜ਼ਾਦੀ ਹੁੰਦੀ ਕਿਉਂਕਿ ਉਥੇ ਉਹਨਾਂ ਨੂੰ ਕੋਈ ਜਾਣਦਾ ਨਹੀਂ ਹੁੰਦਾ।

**5.3 ਸੰਸਕ੍ਰਿਤੀਕਰਣ ਦੇ ਸਹਾਇਕ ਕਾਰਕ (Factors of Sanskritization) :** ਬੇਸ਼ੱਕ ਸੰਸਕ੍ਰਿਤੀਕਰਣ ਦੀ ਪ੍ਰਕ੍ਰਿਆ ਪੁਰਾਣੇ ਸਮਿਆਂ ਤੋਂ ਚਲਦੀ ਆ ਰਹੀ ਹੈ ਪਰ ਆਧੁਨਿਕ ਸਮੇਂ ਵਿਚ ਇਸਦੀ ਗਤੀ ਤੇਜ਼ ਹੋ ਗਈ ਹੈ। ਸਮਾਜ ਵਿਚ ਕੁਝ ਅਜਿਹੇ ਕਾਰਕ ਪਾਏ ਜਾਂਦੇ ਹਨ ਜਿਹੜੇ ਇਸ ਪ੍ਰਕ੍ਰਿਆ ਦੀ ਕਾਰਜਸ਼ੀਲਤਾ ਲਈ ਸਹਾਈ ਹੁੰਦੇ ਹਨ। ਆਓ ਇਨ੍ਹਾਂ ਕਾਰਕਾਂ (factors) ਤੇ ਨਜ਼ਰ ਮਾਰੀਏ।

**5.3.1 ਸਿੱਖਿਆ (Education) :** ਪੁਰਾਣੇ ਸਮੇਂ ਵਿਚ ਸਿਖਿਆ ਪ੍ਰਾਪਤੀ ਸਿਰਫ ਉੱਚੀ ਜਾਤ ਦੇ ਲੋਕਾਂ ਦਾ ਹੀ ਅਧਿਕਾਰ ਸੀ ਅਤੇ ਸਿੱਖਿਆ ਦੇਣੀ ਬ੍ਰਾਹਮਣਾਂ ਦਾ ਕੰਮ। ਪਰ ਭਾਰਤ ਵਿਚ ਅੰਗ੍ਰੇਜ਼ਾਂ ਦੀ ਆਮਦ ਨਾਲ ਇਸ ਪਰੰਪਰਾ ਵਿਚ ਤਬਦੀਲੀ ਆਈ। ਅੰਗਰੇਜ਼ਾਂ ਨੇ ਅਜਿਹੀ ਸਿੱਖਿਆ ਦਾ ਪਸਾਰ ਕੀਤਾ ਜਿਹੜੀ ਧਰਮਨਿਰਪੇਖ ਸੀ ਅਤੇ ਸਮਾਨਤਾ ਦੇ ਸਿਧਾਂਤਾਂ ਤੇ ਆਧਾਰਿਤ ਸੀ। ਇਹ ਸਿਰਫ ਉੱਚੀਆਂ ਜਾਤਾਂ ਦੇ ਲੋਕਾਂ ਦਾ ਅਧਿਕਾਰ ਹੀ ਨਹੀਂ ਸੀ ਅਤੇ ਨਾ ਹੀ ਕੇਵਲ ਬ੍ਰਾਹਮਣਾਂ ਨੂੰ ਸਿੱਖਿਆ ਦੇਣ ਦਾ ਅਧਿਕਾਰ ਬਲਕਿ ਸਭ ਜਾਤਾਂ ਦੇ ਲੋਕਾਂ ਨੂੰ ਬਰਾਬਰ ਸਿਖਿਆ ਪ੍ਰਾਪਤ ਕਰਨ ਦਾ ਅਧਿਕਾਰ ਸੀ। ਉਹ ਆਪਣੀ ਕਾਬਲੀਅਤ ਅਤੇ ਯੋਗਤਾ ਅਨੁਸਾਰ ਸਿਖਿਆ ਗ੍ਰਹਿਣ ਕਰਕੇ ਸਮਾਜ ਵਿਚ ਉੱਚਾ ਦਰਜਾ ਹਾਸਿਲ ਕਰ ਸਕਦਾ ਸੀ। ਜਿਸ ਤਰ੍ਹਾਂ ਅਸੀਂ ਅੱਜ ਦੇ ਸਮੇਂ ਵਿਚ ਦੇਖ ਰਹੇ ਹਾਂ ਕਿ ਕਈ ਨੀਵੀਆਂ ਜਾਤਾਂ ਦੇ ਲੋਕ ਡੀ.ਸੀ. ਜਾਂ ਜੱਜ ਲੱਗੇ ਹੋਏ ਹਨ। ਇਸ ਲਈ ਕਿਹਾ ਜਾ ਸਕਦਾ ਹੈ ਕਿ ਸੰਸਕ੍ਰਿਤੀਕਰਣ ਦੀ ਪ੍ਰਕ੍ਰਿਆ ਵਿਚ ਸਿੱਖਿਆ ਦਾ ਮਹੱਤਵਪੂਰਨ ਯੋਗਦਾਨ ਹੈ।

**5.3.2 ਸ਼ਹਿਰੀਕਰਣ (Urbanization)** : ਉਦਯੋਗਿਕ ਕ੍ਰਾਂਤੀ ਨਾਲ ਸ਼ਹਿਰੀਕਰਣ ਦੀ ਪ੍ਰਕ੍ਰਿਆ ਸ਼ੁਰੂ ਹੋ ਗਈ। ਵੱਡੇ ਵੱਡੇ ਸ਼ਹਿਰਾਂ ਦਾ ਵਿਕਾਸ ਹੋਇਆ। ਇਨ੍ਹਾਂ ਨਗਰਾਂ ਵਿਚ ਆਬਾਦੀ ਦੀ ਘਣਤਾ ਦੇ ਨਾਲ ਨਾਲ ਵੱਖ ਵੱਖ ਤਰ੍ਹਾਂ ਦੇ ਕਿੱਤੇ ੇ, ਭਿੰਨ-ਭਿੰਨ ਜਾਤਾਂ ਤੇ ਵਰਗਾਂ ਦੇ ਲੋਕ, ਅਤੇ ਇਨ੍ਹਾਂ ਲੋਕਾਂ ਵਿਚ (formal) ਰਸਮੀ ਸਬੰਧਾਂ ਤੋਂ ਇਲਾਵਾ ਸਮਾਜਿਕ ਗਤੀਸ਼ੀਲਤਾ ਬਹੁਤ ਹੁੰਦੀ ਹੈ। ਇਨ੍ਹਾਂ ਕਾਰਨਾਂ ਕਰਕੇ ਹੀ ਕਈ ਨੀਵੀਆਂ ਜਾਤਾਂ ਦੇ ਲੋਕ ਸਿਖਿਆ ਅਤੇ ਪੈਸੇ ਦੇ ਬਲ ਤੇ ਉੱਚੀਆਂ ਜਾਤਾਂ ਦੇ ਰਹਿਣ ਸਹਿਣ ਦੇ ਢੰਗਾਂ ਨਾਲ ਸੰਬੰਧਤ ਹਨ। ਅਸੀਂ ਆਮ ਦੇਖਦੇ ਹਾਂ ਕਿ ਕਈ ਵਾਰ ਨੀਵੀਂ ਜਾਤ ਦੇ ਲੋਕ ਸ਼ਹਿਰਾਂ ਵਿਚ ਆ ਕੇ ਉੱਚੀਆਂ ਜਾਤਾਂ ਦੇ ਗੋਤ ਅਪਣਾ ਲੈਂਦੇ ਹਨ। ਕਿਉਂਕਿ ਸ਼ਹਿਰਾਂ ਵਿਚ ਲੋਕ ਘੱਟ ਰੂੜੀਵਾਦੀ ਹੁੰਦੇ ਹਨ ਅਤੇ ਉਨ੍ਹਾਂ ਵਿਚ ਖੁਲ੍ਹਾਪਨ ਹੁੰਦਾ ਹੈ ਜਿਹੜਾ ਕਿ ਸੰਸਕ੍ਰਿਤੀਕਰਨ ਦੀ ਪ੍ਰਕ੍ਰਿਆ ਨੂੰ ਵਧਾਉਂਦਾ ਹੈ।

**5.3.3 ਆਰਥਿਕ ਕਾਰਕ** : ਮੌਜੂਦਾ ਸਮਾਜ ਵਿਚ ਭੌਤਿਕਵਾਦ ਦਾ ਬੋਲਬਾਲਾ ਹੈ ਇਸੇ ਕਰਕੇ ਪੈਸੇ ਦੀ ਅਹਿਮੀਅਤ ਦਿਨ-ਬ-ਦਿਨ ਵਧਦੀ ਜਾ ਰਹੀ ਹੈ। ਪੈਸੇ ਦੇ ਆਧਾਰ ਤੇ ਕੋਈ ਵੀ ਵਿਅਕਤੀ ਸਮਾਜ ਵਿਚ ਉੱਚ ਸਥਿਤੀ ਪ੍ਰਾਪਤ ਕਰ ਸਕਦਾ ਹੈ। ਕੋਈ ਵੀ ਅਮੀਰ ਵਿਅਕਤੀ, ਚਾਹੇ ਉਹ ਨੀਵੀਂ ਜਾਤ ਨਾਲ ਸੰਬੰਧਤ ਹੋਵੇ ਉੱਚ ਜਾਤ ਦੇ ਰਹਿਣ-ਸਹਿਣ ਦੇ ਢੰਗਾਂ ਨੂੰ ਅਪਣਾ ਸਕਦਾ ਹੈ। ਵਿਅਕਤੀ ਦੀ ਜਾਤ ਦਾ ਐਨਾ ਮਹੱਤਵ ਨਹੀਂ ਜਿੰਨਾ ਕਿ ਉਸ ਦੀ ਯੋਗਤਾ, ਕੁਸ਼ਲਤਾ, ਸਿਖਿਆ ਦਾ ਹੈ ਜਿਸ ਨਾਲ ਉਹ ਵੱਧ ਤੋਂ ਵੱਧ ਧਨ ਕਮਾ ਕੇ ਉੱਚ ਸਥਾਨ ਪ੍ਰਾਪਤ ਕਰ ਸਕਦਾ ਹੈ। ਜਾਤ ਪ੍ਰਥਾ ਹੌਲੀ ਹੌਲੀ ਸ਼੍ਰੇਣੀ ਜਾਂ ਵਰਗ ਵਿਚ ਤਬਦੀਲ ਹੋ ਰਹੀ ਹੈ।

**5.3.4 ਰਾਜਨੀਤਿਕ ਸੱਤਾ :** ਪੈਸੇ ਤੋਂ ਬਾਅਦ ਅਜੋਕੇ ਸਮੇਂ ਵਿਚ ਜਿਸ ਗੱਲ ਦੀ ਅਹਿਮੀਅਤ ਹੈ, ਉਹ ਹੈ ਰਾਜਨੀਤਿਕ ਸੱਤਾ। ਜਿਸ ਵਿਅਕਤੀ ਕੋਲ ਰਾਜਨੈਤਿਕ ਸੱਤਾ ਹੈ ਉਸ ਦਾ ਦਰਜਾ ਸਮਾਜ ਵਿਚ ਉੱਚਾ ਹੈ। ਗੱਲ ਭਾਵੇਂ ਪਿੰਡ ਦੇ ਸਰਪੰਚ ਦੀ ਹੋਵੇ, ਕਬੀਲੇ ਤੇ ਸਰਕਾਰ ਦੀ ਜਾਂ ਫਿਰ ਰਾਸ਼ਟਰਪਤੀ, ਪ੍ਰਧਾਨ ਮੰਤਰੀ ਦੀ, ਜਿਸ ਕੋਲ ਸੱਤਾ ਹੈ ਉਸਦੀ ਜਾਤ ਦਾ ਕੋਈ ਮਹੱਤਵ ਨਹੀਂ। ਅੱਜਕੱਲ੍ਹ ਨੀਵੀਆਂ ਜਾਤਾਂ ਦੇ ਐਮ.ਐਲ.ਏ. ਜਾਂ ਐਮ.ਪੀ. ਦੀ ਚੜ੍ਹਤ ਵੇਖਣ ਵਾਲੀ ਹੁੰਦੀ ਹੈ। ਰਾਜਨੈਤਿਕ

ਸੱਤਾ ਨਾਲ ਉਹ ਪੈਸਾ ਵੀ ਹਥਿਆ ਸਕਦੇ ਹਨ ਤੇ ਸਮਾਜ ਵਿਚ ਆਪਣੀ ਸਥਿਤੀ ਵੀ ਮਜ਼ਬੂਤ ਕਰ ਲੈਂਦੇ ਹਨ।

**5.3.5 ਆਵਾਜਾਈ ਅਤੇ ਸੰਚਾਰ ਸਾਧਨ :** ਆਧੁਨਿਕੀਕਰਨ, ਸ਼ਹਿਰੀਕਰਨ ਤੇ ਉਦਯੋਗੀਕਰਨ ਦੇ ਨਾਲ ਨਾਲ ਆਵਾਜਾਈ ਅਤੇ ਸੰਚਾਰ ਦੇ ਸਾਧਨਾਂ ਵਿਚ ਹੋਏ ਵਿਕਾਸ ਨਾਲ ਵੀ ਸੰਸਕ੍ਰਿਤੀਕਰਨ ਦੀ ਪ੍ਰਕ੍ਰਿਆ ਵਿਚ ਤੇਜ਼ੀ ਆਈ ਹੈ। ਸਮਾਜਿਕ ਗਤੀਸ਼ੀਲਤਾ ਦਿਨੋ ਦਿਨ ਵੱਧਦੀ ਜਾ ਰਹੀ ਹੈ। ਲੋਕਾਂ ਦੇ ਸੰਪਰਕ ਵੱਧਦੇ ਹਨ ਜਿਸ ਕਾਰਨ ਵੱਖ ਵੱਖ ਜਾਤਾਂ, ਵਰਗਾਂ, ਸੰਸਕ੍ਰਿਤੀਆਂ ਦੇ ਲੋਕ ਇਕ ਦੂਸਰੇ ਦੇ ਨਜਦੀਕ ਆਉਂਦੇ ਹਨ ਅਤੇ ਇਕ ਦੂਜੇ ਦੀ ਨਕਲ ਕਰਦੇ ਹਨ। ਬੱਸਾਂ, ਰੇਲਾਂ ਵਿਚ ਸੱਭ ਜਾਤਾਂ ਦੇ ਵਿਅਕਤੀ ਇਕੱਠੇ ਸਫਰ ਕਰਦੇ ਹਨ। ਸੰਚਾਰ ਸਾਧਨਾਂ ਨੇ ਵੀ ਜਾਤ ਪਾਤ ਦੀ ਕਠੋਰਤਾ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ।

**5.3.6 ਸਮਾਜ ਸੁਧਾਰਕ ਲਹਿਰਾਂ :** ਸਮੇਂ ਸਮੇਂ ਸਿਰ **ਸਵਾਮੀ ਵਿਵੇਕਾਨੰਦ, ਦਯਾਨੰਦ, ਮਹਾਤਮਾ ਗਾਂਧੀ** ਅਤੇ ਹੋਰ ਅਨੇਕਾਂ ਹੀ ਮਹਾਂਪੁਰਸ਼ਾਂ ਨੇ ਵੀ ਨੀਵੀਂ ਜਾਤ ਦੇ ਲੋਕਾਂ ਦੀ ਸਥਿਤੀ ਨੂੰ ਸੁਧਾਰਨ ਲਈ ਸਮਾਜ ਸੁਧਾਰਕ ਲਹਿਰਾਂ ਚਲਾਈਆਂ। ਬ੍ਰਹਮੋ ਸਮਾਜ, ਆਰੀਆ ਸਮਾਜ, ਹਰੀਜ਼ਨ ਅੰਦੋਲਨ ਆਦਿ ਦੇ ਸਿੱਟੇ ਵਜੋਂ ਨੀਵੀਆਂ ਜਾਤਾਂ ਦੇ ਲੋਕਾਂ ਨੂੰ ਆਪਣੀ ਸਮਾਜਿਕ ਸਥਿਤੀ ਸੁਧਾਰਨ ਦਾ ਅਵਸਰ ਮਿਲਿਆ।

**5.3.7 ਕਾਨੂੰਨ :** ਸਮਾਜ ਸੁਧਾਰ ਲਹਿਰਾਂ ਦੇ ਨਾਲ ਨਾਲ ਬਹੁਤ ਸਾਰੇ ਕਾਨੂੰਨ ਵੀ ਬਣਾਏ ਗਏ ਜਿਨ੍ਹਾਂ ਨੇ ਸੰਸਕ੍ਰਿਤੀਕਰਨ ਦੀ ਪ੍ਰਕ੍ਰਿਆ ਨੂੰ ਉਤਸ਼ਾਹਿਤ ਕੀਤਾ। ਛੂਆ ਛੂਤ ਨੂੰ ਖਤਮ ਕਰਨ ਲਈ ਸਰਕਾਰ ਨੇ ਛੂਤ ਜਾਤਾਂ ਨਾਲ ਵਿਤਕਰੇ ਨੂੰ ਅਪਰਾਧ ਘੋਸ਼ਿਤ ਕੀਤਾ। The Untouchability Offence Act, 1955 ਬਣਾਇਆ ਗਿਆ। ਇਸੇ ਤਰ੍ਹਾਂ ਹੀ ਅੰਤਰ-ਜਾਤੀ ਵਿਆਹਾਂ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਵਿਆਹ ਅਧਿਨਿਯਮ (Special Marriage Act) ਦੁਆਰਾ ਅੰਤਰ-ਜਾਤੀ ਵਿਆਹ ਨੂੰ ਕਾਨੂੰਨੀ ਘੋਸ਼ਿਤ ਕੀਤਾ ਤਾਂ ਕਿ ਜਾਤਾਂ ਦੇ ਵਿਤਕਰੇ ਨੂੰ ਘਟਾਇਆ ਜਾ ਸਕੇ ਅਤੇ ਨੀਵੀਆਂ ਜਾਤਾਂ ਨੂੰ ਉਪਰ ਉਠਾਇਆ ਜਾ ਸਕੇ।

ਇਨ੍ਹਾਂ ਸਾਰੇ ਕਾਰਕਾਂ ਨੇ ਸੰਸਕ੍ਰਿਤੀਕਰਨ ਦੀ ਪ੍ਰਕ੍ਰਿਆ ਨੂੰ ਉਤਸ਼ਾਹਿਤ ਕੀਤਾ ਅਤੇ ਇਹ ਪ੍ਰਕ੍ਰਿਆ ਸਮਾਜਿਕ ਪਰਿਵਰਤਨ ਲਿਆਉਣ ਲਈ ਸਹਾਈ ਹੋਈ।

## 5.4 ਅਲੋਚਨਾ

(i) ਇਸ ਸ਼ਬਦ ਦੀ ਵਰਤੋਂ ਵਾਜ਼ਿਬ ਨਹੀਂ। ਕਿਉਂਕਿ ਜਿਨ੍ਹਾਂ ਤਬਦੀਲੀਆਂ ਦਾ ਵਰਣਨ **ਪ੍ਰੋ.ਸ੍ਰੀ ਨਿਵਾਸ** ਨੇ ਕੀਤਾ ਹੈ ਉਨ੍ਹਾਂ ਤਬਦੀਲੀਆਂ ਨੂੰ ਅਸੀਂ ਸਮਾਜਿਕ ਤਬਰਦੀਲੀਆਂ ਅਧੀਨ ਲਿਆ ਸਕਦੇ ਹਾਂ। ਫਿਰ ਨਵਾਂ ਸ਼ਬਦ ਘੜਨ ਦੀ ਕੋਈ ਲੋੜ ਨਹੀਂ।

(ii) ਦੂਜਾ ਆਲੋਚਨਾ ਪੱਖ ਇਹ ਹੈ ਕਿ ਇਹ ਜ਼ਰੂਰੀ ਨਹੀਂ ਕਿ ਨੀਵੀਆਂ ਜਾਤੀਆਂ ਦੇ ਲੋਕ ਉੱਚ ਜਾਤੀਆਂ ਦੀਆਂ ਆਦਤਾਂ, ਕਦਰਾਂ-ਕੀਮਤਾਂ ਦੀ ਨਕਲ ਕਰਨ। ਉੱਚੀਆਂ ਜਾਤੀਆਂ ਦੇ ਲੋਕ ਵੀ ਨੀਵੀਆਂ ਜਾਤੀਆਂ ਦੀਆਂ ਵਧੀਆਂ ਗੱਲਾਂ ਨੂੰ ਅਪਨਾ ਸਕਦੇ ਹਨ ਇਹ ਤਾਂ ਲੈਣ-ਦੇਣ ਦੀ ਪ੍ਰਕ੍ਰਿਆ ਹੈ।

(iii) ਭਾਰਤ ਦੇ ਇਤਿਹਾਸ ਵਿਚ ਸੰਸਕ੍ਰਿਤੀਕਰਣ ਦਾ ਆਦਰਸ਼ ਪ੍ਰਤਿਮਾਨ ਇਕ ਨਹੀਂ ਸਗੋਂ ਕਈ ਰਹੇ ਹਨ। ਭਾਰਤੀ ਇਤਿਹਾਸ ਦੇ ਪ੍ਰਾਰੰਭਕ ਸਮੇਂ ਵਿਚ ਇਨ੍ਹਾਂ ਆਦਰਸ਼ ਪ੍ਰਤਿਮਾਨਾਂ ਵਿਚਕਾਰ ਵਧੇਰੇ ਕਰਕੇ ਸੰਘਰਸ਼ ਵਿਖਾਈ ਦਿੰਦਾ ਹੈ। ਜਿਵੇਂ ਵੈਦਿਕ ਗ੍ਰੰਥਾਂ ਵਿਚ ਅਨੇਕ ਸਥਾਨਾਂ ਤੇ ਬ੍ਰਾਹਮਣ ਅਤੇ ਖੱਤਰੀਆਂ ਵਿਚਕਾਰ ਸੰਘਰਸ਼ ਦੀ ਚਰਚਾ ਮਿਲਦੀ ਹੈ। ਇਸੇ ਤਰ੍ਹਾਂ ਜੈਨ ਧਰਮ ਅਤੇ ਬੁੱਧ ਧਰਮ ਵਿਚਕਾਰ ਵੀ ਸੰਘਰਸ਼ ਸ਼ੁਰੂ ਹੋ ਗਿਆ।

(iv) **ਸ੍ਰੀ ਐਨ.ਕੇ. ਬੋਸ** ਅਨੁਸਾਰ, **ਸ੍ਰੀਨਿਵਾਸ** ਨੇ ਸੰਸਕ੍ਰਿਤੀਕਰਣ ਦੇ ਆਰਥਿਕ ਆਧਾਰਾਂ ਨੂੰ ਅੱਖੋਂ ਉਹਲੇ ਕੀਤਾ। ਕਿਉਂਕਿ ਜਾਤੀ ਪ੍ਰਣਾਲੀ ਦੀਆਂ ਜੜ੍ਹਾਂ ਆਰਥਿਕ ਸਨ ਅਤੇ ਇਨ੍ਹਾਂ ਜੜ੍ਹਾਂ ਅੰਦਰ ਭਾਰੀ ਸ਼ਕਤੀ ਸੀ। ਜਦੋਂ ਅਸੀਂ ਇਸ ਪ੍ਰਕਾਰ ਦੀ ਸਥਿਤੀ ਦਾ ਨਿਪਟਾਰਾ ਕਰਦੇ ਹਾਂ, ਤਾਂ ਉਸ ਵੇਲੇ ਨਾ ਕੇਵਲ ਸੰਸਕ੍ਰਿਤਕ ਜਾਂ ਸਮਾਜਿਕ ਢਾਂਚੇ ਦੇ ਦ੍ਰਿਸ਼ਟੀਕੋਣ ਤੋਂ ਵੇਖਣਾ ਜ਼ਰੂਰੀ ਹੁੰਦਾ ਹੈ, ਸਗੋਂ ਜੜ੍ਹਾਂ ਤੱਕ ਜਾਣਾ ਵੀ ਜ਼ਰੂਰੀ ਹੁੰਦਾ ਹੈ ਤਾਂ ਜੋ ਸਾਨੂੰ ਪਤਾ ਲੱਗ ਸਕੇ ਕਿ ਕਿਸੇ ਸਭਿਅਤਾ ਨੂੰ ਕੀ ਚੀਜ਼ ਜਾਂ ਸ਼ਕਤੀ ਜ਼ੋਰ ਦਿੰਦੀ ਹੈ ਅਤੇ ਇਹ ਕਿਉਂ ਤੇਜ਼ੀ ਨਾਲ ਚੱਲਣ ਵਾਲੇ ਸੰਚਾਰ ਦੇ ਦਰਮਿਆਨ ਪਰਿਵਰਤਨ ਨੂੰ ਧੀਮਾ ਕਰਨ ਵਿਚ ਸਫਲ ਹੋਈ ਹੈ।

(v) **ਪ੍ਰੋ. ਸ੍ਰੀਨਿਵਾਸ** ਆਪ ਇਸ ਗੱਲ ਨਾਲ ਸਹਿਮਤ ਹਨ ਕਿ ਸੰਸਕ੍ਰਿਤੀਵਾਦ ਗਲਤ ਕਿਸਮ ਦਾ ਸ਼ਬਦ ਹੈ ਪਰ ਇਸ ਸ਼ਬਦ ਨੂੰ ਮੰਨਣ ਦੇ ਕਈ ਕਾਰਨ ਹਨ ਜਿਸ ਤੋਂ ਸਾਫ ਜ਼ਾਹਿਰ ਹੈ ਕਿ ਉਨ੍ਹਾਂ ਨੂੰ ਖੁਦ ਇਸ ਸ਼ਬਦ ਦੇ ਠੀਕ ਹੋਣ ਵਿਚ ਵਿਸ਼ਵਾਸ ਨਹੀਂ। ਜੋ ਇਸ ਸ਼ਬਦ ਦੀ ਉਪਜ ਕਰਨ ਵਾਲੇ ਨੂੰ ਹੀ ਵਿਸ਼ਵਾਸ ਨਹੀਂ ਤਾਂ ਦੂਜਿਆਂ ਨੂੰ ਭਲਾ ਕਿਵੇਂ ਹੋ ਸਕਦਾ ਹੈ।

(vi) ਇਹ ਸ਼ਬਦ ਹਰ ਜਗ੍ਹਾ ਨਹੀਂ ਵਿਚਰਦਾ। ਇਹ ਸਾਰੀ ਜਗ੍ਹਾ ਲਾਗੂ ਨਹੀਂ ਹੁੰਦਾ ਕਿ ਨੀਵੀਂ ਜਾਤੀ ਵਾਲੇ ਉੱਚੀ ਜਾਤੀ ਵਾਲਿਆਂ ਦੇ ਰਹਿਣ-ਸਹਿਣ ਦੀ ਨਕਲ ਕਰਨ। ਸਗੋਂ ਉਨ੍ਹਾਂ ਦੇ ਉੱਪਰ ਉਠਣ ਦਾ ਕਾਰਨ, ਉਹਨਾਂ ਦੀ ਜੀਵਨ ਪੱਧਤੀ ਵਿਚ ਪਰਿਵਰਤਨ ਹੋਣਾ ਹੈ।

(vii) ਇਹ ਵੀ ਜ਼ਰੂਰੀ ਨਹੀਂ ਕਿ ਨੀਵੀਆਂ ਜਾਤਾਂ ਹੀ ਹਰੇਕ ਚੀਜ਼ ਅਪਨਾਉਣ।

## 5.5 ਸਾਰ

ਉਪਰ ਕੀਤੀ ਚਰਚਾ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਸੰਸਕ੍ਰਿਤੀਵਾਦ ਦੇ ਨਤੀਜੇ ਵਜੋਂ ਵੀ ਸਮਾਜਿਕ ਤਬਦੀਲੀ ਆਉਂਦੀ ਹੈ। ਇਹ ਪ੍ਰਕ੍ਰਿਆ ਬਹੁਤ ਵਿਸ਼ਾਲ ਹੈ। ਇਸ ਪ੍ਰਕ੍ਰਿਆ ਦੌਰਾਨ ਨੀਵੀਂ ਜਾਤੀ ਵਾਲੇ ਉੱਚੀ ਜਾਤੀ (ਬ੍ਰਾਹਮਣ) ਦੇ ਲੱਛਣ ਹੀ ਅਪਣਾਉਣ ਦੀ ਕੋਸ਼ਿਸ਼ ਨਹੀਂ ਕਰਦੇ ਸਗੋਂ ਵਿਚਕਾਰਲੀਆਂ ਜਾਤੀਆਂ (ਖੱਤਰੀਆਂ, ਵੈਸ਼ਾਂ) ਦੇ ਲੱਛਣ ਵੀ ਅਪਨਾਉਂਦੇ ਹਨ। ਇਹ ਪ੍ਰੀਵਰਤਨ ਸਿਰਫ ਉਨ੍ਹਾਂ ਦੀ ਪੁਜ਼ੀਸ਼ਨ ਵਿਚ ਹੀ ਹੁੰਦਾ ਹੈ ਨਾ ਕਿ ਸਰੰਚਨਾ ਵਿਚ। ਜਿਵੇਂ ਸ੍ਰੀਨਿਵਾਸ ਲਿਖਦੇ ਹਨ ਕਿ ਇਕ ਜਾਤੀ ਆਪਣੇ ਗੁਆਂਢੀਆਂ ਦੇ ਮੁਕਾਬਲੇ ਉਪਰ ਜਾਂਦੀ ਹੈ ਜਾਂ ਹੇਠਾਂ ਆਉਂਦੀ ਹੈ, ਪਰ ਇਹ ਸਭ ਕੁਝ ਜ਼ਰੂਰੀ ਤੌਰ ਤੇ ਸਥਾਈ ਪਦ-ਸੋਪਾਨ ਵਾਲੀ ਤਰਤੀਬ ਅੰਦਰ ਵਾਪਰਦਾ ਹੈ। ਪ੍ਰਣਾਲੀ ਵਿਚ ਕਿਸੇ ਪ੍ਰਕਾਰ ਦੀ ਤਬਦੀਲੀ ਨਹੀਂ ਆਉਂਦੀ। ਇਸ ਪ੍ਰਕ੍ਰਿਆ ਵਿਚ ਜ਼ਿਆਦਾ ਹੇਠਲੀਆਂ ਜਾਤੀਆਂ ਹੀ ਉੱਪਰ ਉਠਣ ਦੀ ਕੋਸ਼ਿਸ਼ ਕਰਬਦੀਆਂ ਹਨ। ਇਹ ਪ੍ਰਕ੍ਰਿਆ ਹਰ ਜਾਤੀ, ਹਰ ਸਮੂਹ ਵਿਚ ਚੱਲਦੀ ਹੈ ਕਿਉਂਕਿ ਹਰ ਸਮੂਹ ਦੇ ਮੈਂਬਰਾਂ ਦੀ ਇਹ ਇੱਛਾ ਹੁੰਦੀ ਹੈ ਕਿ ਉਹ ਸਮਾਜ ਵਿਚ ਉੱਚਾ ਰੁੱਤਬਾ ਪ੍ਰਾਪਤ ਕਰਨ। ਇਸ ਲਈ ਹੇਠਲੀਆਂ ਜਾਤੀਆਂ ਦੇ ਲੋਕ ਉੱਪਰਲੀਆਂ ਜਾਤਾਂ ਦੇ ਲੋਕਾਂ ਦੀਆਂ ਆਦਤਾਂ (ਰਹਿਣ ਸਹਿਣ, ਖਾਣ-ਪੀਣ) ਦੀ ਨਕਲ ਕਰਦੇ ਹਨ।

## 5.6 ਅਭਿਆਸ ਲਈ ਪ੍ਰਸ਼ਨ

(ੳ) ਸੰਸਕ੍ਰਿਤੀਕਰਣ ਦੀ ਪ੍ਰਕ੍ਰਿਆ ਤੋਂ ਕੀ ਭਾਵ ਹੈ ? ਵੱਖ ਵੱਖ ਸਮਾਜ ਵਿਗਿਆਨੀਆਂ ਨੇ ਇਸਨੂੰ ਕਿਵੇਂ ਬਿਆਨ ਕੀਤਾ ਹੈ ? ਵਿਸਥਾਰ ਪੂਰਵਕ ਲਿਖੋ।

(ਅ) ਸੰਸਕ੍ਰਿਤੀਕਰਣ ਕਿਸਨੂੰ ਆਖਦੇ ਹਨ? ਇਸਦੇ ਸਹਾਇਕ ਕਾਰਕਾਂ ਤੇ ਚਾਨਣਾ ਪਾਓ।

(ੲ) ਸੰਸਕ੍ਰਿਤੀਕਰਣ ਨੂੰ ਬਿਆਨ ਕਰਦੇ ਹੋਏ ਇਸਦੀ ਆਲੋਚਨਾ ਕਰੋ।

**ਸੰਖੇਪ ਸਵਾਲ (ਬਿਆਨ ਕਰੋ)**

(ੳ) ਸੰਸਕ੍ਰਿਤੀਕਰਣ ਤੋਂ ਕੀ ਭਾਵ ਹੈ ?

(ਅ) ਇੰਡੋਗੈਮਿਸ ਮਾਡਲ

(ੲ) ਹਾਈਪਰਗੈਮੀ ਮਾਡਲ

## 5.7 ਉਪਯੋਗੀ ਪੁਸਤਕਾਂ :

ਐਮ.ਐਨ. ਸਿਰੀਨਿਵਾਸ : ਸੋਸ਼ਲ ਚੇਂਜ ਇਨ ਮਾਡਰਨ ਇੰਡੀਆ

ਸਵਿੰਦਰ ਜੀਤ ਕੌਰ : ਸਮਾਜ ਵਿਗਿਆਨ ਦੇ ਮੂਲ ਸੰਕਲਪ

ਯੋਗਿੰਦਰ ਸਿੰਘ : ਮੌਡਰਨਾਈਜੇਸ਼ਨ ਆਫ ਇੰਡੀਅਨ ਟਰਾਡੀਸ਼ਨ

ਪਾਠ ਨੰਬਰ : 2.2                                                                        ਲੇਖਕ : ਡਾ. ਪਲਵਿੰਦਰ ਸਿੰਘ

# ਸਮਾਜਿਕ ਪਰਿਵਰਤਨ ਦੀਆਂ ਪ੍ਰਕ੍ਰਿਆਵਾਂ : ਪੱਛਮੀਕਰਣ
# (Processes of Social Change : Westernization)

**ਰੂਪ ਰੇਖਾ**

6.0 ਉਦੇਸ਼
6.1 ਜਾਣ-ਪਛਾਣ
6.2 ਪੱਛਮੀਕਰਣ ਦਾ ਅਰਥ
6.3 ਪੱਛਮੀਕਰਣ ਦਾ ਪਸਾਰ
6.4 ਪੱਛਮੀਕਰਣ ਦੀਆਂ ਵਿਸ਼ੇਸ਼ਤਾਈਆਂ
6.5 ਪੱਛਮੀਕਰਣ ਅਤੇ ਆਧੁਨਿਕੀਕਰਣ
6.6 ਸਾਰ
6.7 ਅਭਿਆਸ ਲਈ ਪ੍ਰਸ਼ਨ
6.8 ਉਪਯੋਗੀ ਪੁਸਤਕਾਂ

## 6.0 ਉਦੇਸ਼

- ਇਸ ਪਾਠ ਨੂੰ ਪੜ੍ਹਨ ਤੋਂ ਬਾਅਦ ਤੁਹਾਨੂੰ ਪੱਛਮੀਕਰਣ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਹਾਸਿਲ ਹੋਵਗੀ।
- ਤੁਸੀਂ ਪੱਛਮੀਕਰਣ ਦੀ ਪ੍ਰਕ੍ਰਿਆ ਨੂੰ ਖੁਲ੍ਹ ਕੇ ਬਿਆਨ ਕਰਨ ਦੇ ਯੋਗ ਹੋਵੋਗੇ।
- ਪੱਛਮੀਕਰਣ ਦੀ ਪ੍ਰਕ੍ਰਿਆ ਦਾ ਪ੍ਰਸਾਰ ਕਿਵੇਂ ਹੋਇਆ? ਇਸ ਬਾਰੇ ਗਿਆਨ ਹਾਸਿਲ ਕਰੋਗੇ।
- ਪੱਛਮੀਕਰਣ ਦੀਆਂ ਵਿਸ਼ੇਸ਼ਤਾਈਆਂ ਨੂੰ ਜਾਣ ਸਕੋਗੇ।
- ਪੱਛਮੀਕਰਣ ਅਤੇ ਆਧੁਨਿਕੀਕਰਣ ਵਿਚ ਅੰਤਰ ਕਰਨ ਦੇ ਯੋਗ ਹੋਵੋਗੇ।

## 6.1 ਜਾਣ ਪਛਾਣ

ਵਿਦਿਆਰਥੀਓ, ਅਸੀਂ ਪਿਛਲੇ ਪਾਠਾਂ ਵਿਚ ਸਮਾਜਿਕ ਪਰਿਵਰਤਨ ਕੀ ਹੈ? ਇਹ ਕਿੰਨੀ ਕਿਸਮ ਦਾ ਹੁੰਦਾ ਹੈ ਅਤੇ ਕਿਹੜੇ ਕਾਰਕ ਇਸ ਪਰਿਵਰਤਨ ਲਈ ਜ਼ਿੰਮੇਵਾਰ ਹਨ? ਬਾਰੇ ਪੜ੍ਹ ਚੁਕੇ ਹਾਂ। ਆਓ ਇਸ ਅਧਿਆਇ ਵਿਚ ਸਮਾਜਿਕ ਪਰਿਵਰਤਨ ਦੀਆਂ ਪ੍ਰਕ੍ਰਿਆਵਾਂ ਬਾਰੇ ਜਾਣਕਾਰੀ ਹਾਸਿਲ ਕਰੀਏ। ਸਭ ਤੋਂ ਪਹਿਲਾਂ ਅਸੀਂ ਪ੍ਰਕ੍ਰਿਆ ਸ਼ਬਦ ਦੇ ਅਰਥ ਨੂੰ ਸਪਸ਼ਟ ਕਰਦੇ ਹਾਂ। ਪ੍ਰਕ੍ਰਿਆ ਉਨ੍ਹਾਂ ਘਟਨਾਵਾਂ ਦੇ ਕ੍ਰਮ ਨੂੰ ਕਹਿੰਦੇ ਹਨ ਜੋ ਕਿ ਵਿਸ਼ੇਸ਼ ਪਰਿਣਾਮ ਵੱਲ ਲੈ ਜਾਂਦੀਆਂ ਹਨ। ਇਸ ਗੱਲ ਤੋਂ ਇਹ ਸਪਸ਼ਟ ਹੈ ਕਿ ਘਟਨਾਵਾਂ ਦਾ ਕ੍ਰਮ ਜੇ ਕੇਵਲ ਇੱਕ ਵਾਰ ਹੀ ਹੋਵੇ ਉਸ ਨੂੰ ਪ੍ਰਕ੍ਰਿਆ ਨਹੀਂ ਕਿਹਾ ਜਾ ਸਕਦਾ। ਇਸਦੀ ਦੂਸਰੀ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਘਟਨਾਵਾਂ ਵਿਚ ਸੰਬੰਧ ਹੋਣਾ ਚਾਹੀਦਾ ਹੈ ਅਤੇ ਇਨ੍ਹਾਂ ਦਾ ਕੋਈ ਨਾ ਕੋਈ ਸਿੱਟਾ ਜ਼ਰੂਰ ਨਿਕਲਣਾ ਚਾਹੀਦਾ ਹੈ। ਇਨ੍ਹਾਂ ਘਟਨਾਵਾਂ ਵਿਚ ਨਿਰੰਤਰਤਾ ਪਾਈ ਜਾਂਦੀ ਹੈ। ਇਹ ਸਾਰੇ ਹੀ ਪ੍ਰਕ੍ਰਿਆ ਦੇ ਲੱਛਣ ਹਨ। ਸਮਾਜ ਵਿਚ ਕਈ ਤਰ੍ਹਾਂ ਦੀਆਂ ਪ੍ਰਕ੍ਰਿਆਵਾਂ ਵਾਪਰਦੀਆਂ ਹਨ ਜਿਵੇਂ ਕਿ ਸੰਸਕ੍ਰਿਤੀਕਰਣ, ਪੱਛਮੀਕਰਣ, ਧਰਮਨਿਰਪੇਖੀਕਰਣ, ਉਦਯੋਗੀਕਰਣ,ਆਧੁਨਿਕੀਕਰਣ ਆਦਿ ਜਿਨ੍ਹਾਂ ਦੁਆਰਾ ਅਸੀਂ ਸਮਾਜਿਕ ਪਰਿਵਰਤਨ ਜਾਂ ਤਬਦੀਲੀ ਨੂੰ ਜਾਣ ਸਕਦੇ ਹਾਂ। ਆਓ, ਇਨ੍ਹਾਂ ਪ੍ਰਕ੍ਰਿਆਵਾਂ ਨੂੰ ਸਮਝੀਏ।

## 6.2 ਪੱਛਮੀਕਰਣ ਦਾ ਅਰਥ :

ਅੰਗਰੇਜ਼ਾਂ ਨੇ ਆਪਣੇ ਲੰਮੇ ਰਾਜ ਕਾਲ ਦੌਰਾਨ ਭਾਰਤ ਦੀ ਜਾਣ ਪਛਾਣ ਨਾ ਕੇਵਲ ਆਪਣੀ ਸੰਸਕ੍ਰਿਤੀ ਨਾਲ ਕਰਵਾਈ ਸਗੋਂ ਇਸ ਢੰਗ ਨਾਲ ਆਪਣੀ ਸ਼ਾਸ਼ਨ ਵਿਵਸਥਾ ਨੂੰ ਕਾਇਮ ਕੀਤਾ ਕਿ ਭਾਰਤ ਅਤੇ ਪੰਜਾਬ

ਦੀ ਸੰਸਕ੍ਰਿਤੀ ਪੱਛਮੀ ਸੰਸਕ੍ਰਿਤੀ ਤੋਂ ਪ੍ਰਭਾਵਿਤ ਹੋਣੋਂ ਨਾ ਰਹਿ ਸਕੀ। ਭਾਰਤ ਵਿਚ ਪੱਛਮੀਕਰਣ ਸ਼ਬਦ ਦੀ ਵਰਤੋਂ **ਐਮ.ਐਨ. ਸ੍ਰੀ ਨਿਵਾਸ** (1962) ਨੇ ਕੀਤੀ। ਜਿਸ ਰਾਹੀਂ ਉਸਨੇ ਉਨੀਂਵੀਂ ਸਦੀ ਵਿਚ ਅਤੇ ਵੀਹਵੀਂ ਸਦੀ ਵਿਚ ਬ੍ਰਿਟਿਸ਼ ਰਾਜ ਕਾਲ ਦੌਰਾਨ ਭਾਰਤ ਵਿਚ ਹੋਈਆਂ ਤਬਦੀਲੀਆਂ ਨੂੰ ਦਰਸਾਉਣ ਦੀ ਕੋਸ਼ਿਸ਼ ਕੀਤੀ। ਤਕਨੀਕ, ਸੰਸਥਾਵਾਂ, ਵਿਗਿਆਨ ਅਤੇ ਸਮਾਜਿਕ ਕੀਮਤਾਂ ਵਿਚ ਤਬਦੀਲੀਆਂ ਮੁੱਖ ਰੂਪ ਵਿਚ ਪੱਛਮੀਕਰਣ ਕਰਕੇ ਆਈਆਂ। ਅੰਗਰੇਜ਼ਾਂ ਨੇ ਜੋ ਸਭ ਤੋਂ ਵੱਡੀ ਤਬਦੀਲੀ ਲਿਆਂਦੀ ਉਹ ਸੀ ਪ੍ਰੈਸ ਨੂੰ ਹੋਂਦ ਵਿਚ ਲਿਆਉਣਾ ਜਿਸ ਨਾਲ ਵਿਚਾਰਾਂ ਤੇ ਖਿਆਲਾਂ ਦਾ ਆਦਾਨ ਪ੍ਰਦਾਨ ਹੁੰਦਾ ਹੈ ਜੋ ਅਗੋਂ ਸਮਾਜਿਕ ਤਬਦੀਲੀ ਲਈ ਸਹਾਈ ਹੁੰਦੇ ਹਨ। ਉਹਨਾਂ ਨੇ ਭਾਰਤ ਦਾ ਨਵੀਨੀਕਰਣ ਕਰਨ ਲਈ ਖੇਤੀਬਾੜੀ ਵਿਚ ਸੁਧਾਰ ਕਰਕੇ (ਜ਼ਮੀਨਦਾਰੀ ਪ੍ਰਬੰਧ ਅਤੇ ਰਾਇਤਬਾੜੀ ਪ੍ਰਬੰਧ) ਸਰਕਾਰ ਦੀ ਆਮਦਨ ਵਧਾਉਣ ਲਈ ਮਾਲੀਆਂ ਮਹਿਕਮਾ ਸਥਾਪਿਤ ਕੀਤਾ, ਨਵੀਂ ਅਫਸਰਸ਼ਾਹੀ ਹੋਂਦ ਵਿਚ ਲਿਆਂਦੀ, ਪੁਲੀਸ, ਫੌਜ, ਕਾਨੂੰਨ ਕਚਹਿਰੀਆਂ, ਆਚਾਰ-ਪ੍ਰਚਾਰ ਦੇ ਸਾਧਨ ਰੇਲਵੇ, ਪੋਸਟ ਅਤੇ ਟੈਲੀਗ੍ਰਾਫ, ਸੜਕਾਂ, ਨਹਿਰਾਂ, ਸਕੂਲ ਅਤੇ ਕਾਲਜ ਸਥਾਪਿਤ ਕੀਤੇ। ਈਸਟ-ਇੰਡੀਆ ਕੰਪਨੀ ਨੇ ਇਸਾਈ ਮਿਸ਼ਨਰੀਆਂ ਉਤੇ ਜੋ ਭਾਰਤ ਵਿਚ ਦਾਖਲੇ ਤੇ ਪਾਬੰਦੀ ਸੀ, ਨੂੰ 1813 ਵਿਖੇ ਖਤਮ ਕੀਤਾ। ਸਤੀ ਦੀ ਰਸਮ ਨੂੰ 1829 ਵਿਚ ਖਤਮ ਕੀਤਾ ਅਤੇ ਗੁਲਾਮਦਾਰੀ ਨੂੰ 1833 ਵਿਚ ਖਤਮ ਕੀਤਾ। ਇਹ ਗੱਲ ਵੱਖਰੀ ਸੀ ਕਿ ਭਾਵੇਂ ਉਹਨਾਂ ਇਹ ਤਬਦੀਲੀਆਂ ਆਪਣੇ ਹਿੱਤਾਂ ਨੂੰ ਮੁੱਖ ਰੱਖ ਕੇ ਲਿਆਂਦਆਂ ਜਿਵੇਂ ਆਪਣੀ ਸਨਅਤ ਲਈ ਭਾਰਤ ਵਿਚ ਕੱਚਾ ਮਾਲ ਤਿਆਰ ਕਰਨਾ ਅਤੇ ਇੰਗਲੈਂਡ ਦੀ ਸਨਅਤ ਦਾ ਤਿਆਰ ਕੀਤਾ ਹੋਇਆ ਮਾਲ ਭਾਰਤ ਦੀ ਮੰਡੀ ਵਿਚ ਵੇਚਣਾ ਪਰ ਫਿਰ ਵੀ ਇਹਨਾਂ ਤਬਦੀਲੀਆਂ ਨੇ ਭਾਰਤ ਵਿਚ ਤੇ ਖਾਸ ਕਰਕੇ ਪੰਜਾਬ ਵਿਚ ਸਮਾਜਿਕ ਪਰਿਵਰਤਨ ਲਿਆਉਣ ਵਿਚ ਮੁੱਖ ਭੂਮਿਕਾ ਨਿਭਾਈ ਹੈ। **ਐਮ.ਐਨ. ਸ੍ਰੀ ਨਿਵਾਸ** ਨੇ ਆਪਣੀ ਕਿਤਾਬ ''ਆਧੁਨਿਕ ਭਾਰਤ ਵਿਚ ਸਮਾਜਿਕ ਪਰਿਵਰਤਨ'' Social Change in Modern India ਵਿਚ ਲਿਖਿਆ ਹੈ : ("I have used the term westernization which characterise the changes brought about in Indian Society and Culture as a result of over one hundred and fifty years of British rule and the term subsumes changes occuring at different levels, technology, institution & idelogy and values.")

''ਮੈਂ ਪੱਛਮੀਕਰਣ ਸ਼ਬਦ ਨੂੰ ਬ੍ਰਿਟਿਸ਼ਰਾਜ ਦੇ ਡੇਢ ਸੌ ਸਾਲ ਦੇ ਸਾਧਨ ਦੇ ਫਲਸਰੂਪ ਭਾਰਤੀ ਸਮਾਜ ਅਤੇ ਸੰਸਕ੍ਰਿਤੀ ਉਪਰ ਹੋਏ ਪਰਵਿਰਤਨਾਂ ਦੇ ਲਈ ਪ੍ਰਯੋਗ ਕੀਤਾ ਹੈ ਅਤੇ ਇਹ ਸ਼ਬਦ ਵਿਭਿੰਨ ਪੱਧਰਾਂ ਜਿਵੇਂ ਟੈਕਨਾਲੋਜੀ (ਤਕਨੀਕ) ਸੰਸਥਾਵਾਂ, ਵਿਚਾਰਧਾਰਾ, ਕੀਮਤਾਂ ਆਦਿ ਵਿਚ ਪਰਿਵਰਤਨਾਂ ਦਾ ਸੂਚਕ ਹੈ।

### 6.3 ਪੱਛਮੀਕਰਣ ਦਾ ਪਸਾਰ :

''ਅੰਗਰੇਜ਼ਾਂ ਦਾ ਸਾਡੇ ਉਪਰ ਲੰਮਾ ਸਮਾਂ ਰਾਜ ਰਹਿਣ ਕਰਕੇ ਉਹਨਾਂ ਦੇ ਕਲਚਰ ਨੇ ਸਾਡੀ ਤਕਨੀਕ ਨੂੰ ਹੀ ਪ੍ਰਭਾਵਿਤ ਨਹੀਂ ਕੀਤਾ ਸਗੋਂ ਇਸ ਤੋਂ ਬਿਨਾਂ ਸਾਡੀ ਜਾਤੀ-ਵਿਵਸਥਾ, ਪਰਿਵਾਰਕ ਵਿਵਸਥਾ, ਧਰਮ-ਪ੍ਰਥਾ, ਕਲਾ, ਪਰੰਪਰਾ, ਸਾਹਿਤ, ਸੰਗੀਤ, ਵਿਚਾਰ, ਆਦਰਸ਼ ਅਤੇ ਲਕਸ਼ ਵੀ ਪੱਛਮੀਕਰਣ ਤੋਂ ਪ੍ਰਭਾਵਿਤ ਹੋਣੇ ਨਾ ਰਹਿ ਸਕੇ। ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਨੀਵੀਆਂ ਜਾਤਾਂ ਨੂੰ ਸਕੂਲਾਂ-ਕਾਲਜਾਂ ਵਿਚ ਦਾਖਲਾ ਲੈਣ ਤੇ ਪਾਬੰਦੀ ਸੀ। ਉਹਨਾਂ ਨੂੰ ਮੰਦਰਾਂ ਵਿਚ ਪ੍ਰਵੇਸ਼ ਤੇ ਮਨਾਹੀ ਸੀ। ਪੱਛਮੀਕਰਣ ਦੇ ਪ੍ਰਭਾਵ ਹੇਠ ਸਮਾਜ ਵਿਚ ਮਾਨਵੀ ਕੀਮਤਾਂ ਦਾ ਪ੍ਰਵੇਸ਼ ਹੋਇਆ ਜਿਸ ਦੇ ਤਹਿਤ ਬਿਨਾਂ ਕਿਸੇ ਜਾਤੀ, ਰੰਗ, ਨਸਲ ਤੇ ਧਰਮ ਦੇ ਭੇਦ-ਭਾਵ ਤੋਂ ਬਿਨਾਂ ਸਮੁੱਚੀ ਮਨੁੱਖਤਾ ਦੀ ਭਲਾਈ ਦੀਆਂ ਕੀਮਤਾਂ ਦਾ ਪ੍ਰਵੇਸ਼ ਹੋਇਆ। ਦੂਜਾ ਉਹਨਾਂ ਨੇ ਨਿਆਂ ਪ੍ਰਬੰਧ ਅਜਿਹਾ ਸਥਾਪਿਤ ਕੀਤਾ ਹੈ ਕਿ ਜਿਸ ਦੇ ਤਹਿਤ ਕਾਨੂੰਨ ਦੀ ਨਜ਼ਰ ਵਿਚ ਸਭ ਲੋਕ ਬਰਾਬਰ ਸਨ। ਸਭ ਲਈ ਨਿਆਂ ਇਕੋ ਜਿਹਾ ਸੀ। ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਭਾਰਤ ਵਿਚ ਹਿੰਦੂ ਕਾਨੂੰਨ ਅਤੇ ਇਸਲਾਮਿਕ ਕਾਨੂੰਨ ਸਨ ਪਰ ਬ੍ਰਿਟਿਸ਼ ਰਾਜ ਨੇ ਆ ਕੇ ਸਿਵਿਲ ਪੈਨਿਲ ਅਤੇ ਜਾਬਤਾ ਕਾਨੂੰਨਾਂ ਦੀ ਵਿਵਸਥਾ ਕੀਤੀ। ਜਿਸ ਦੇ ਤਹਿਤ ਭਰਾਤਰੀ ਭਾਵ, ਆਪਸੀ ਭਾਵ ਅਤੇ ਆਜ਼ਾਦੀ ਦੀਆਂ ਧਾਰਨਾਵਾਂ ਨੇ ਜਨਮ ਲਿਆ। ਅੰਗਰੇਜ਼ਾਂ ਦੇ ਸ਼ਾਸ਼ਨ ਕਾਲ ਵਿਚ ਸਨਅਤੀਕਰਣ ਦੇ ਵਿਕਾਸ ਨਾਲ ਲੋਕ ਪਿੰਡਾਂ ਤੋਂ ਸ਼ਹਿਰਾਂ ਵੱਲ ਰੋਜ਼ਗਾਰ ਦੀ ਭਾਲ ਵਿਚ ਤੁਰ ਪਏ। ਜਿਸ ਕਰਕੇ ਸ਼ਹਿਰੀਕਰਣ ਦੀ ਪ੍ਰਕ੍ਰਿਆ ਵਿਚ ਵਾਧਾ ਹੋਇਆ। ਇਸ ਸ਼ਹਿਰੀਕਰਣ ਨੇ ਜਿਥੇ ਹਜ਼ਾਰਾਂ ਕਿਸਮ ਦੇ ਲੋਕ ਰੋਜ਼ੀ ਰੋਟੀ ਲਈ ਇਕੱਠੇ ਕੰਮ ਕਰਦੇ ਹਨ ਜਾਤੀ ਦੀ ਮਜਬੂਤ ਪਕੜ ਨੂੰ ਕਾਫੀ ਹੱਦ ਤੱਕ ਢਿਲਿਆਂ ਕੀਤਾ। ਸ਼ਹਿਰਾਂ ਵਿਚ ਕਿੱਤੇ ਦੀ ਚੋਣ ਜਾਤੀ, ਨਸਲ ਜਾਂ ਰੰਗ ਦੇ ਆਧਾਰ ਤੇ ਨਹੀਂ ਸਗੋਂ ਮਜ਼ਦੂਰ ਦੀ ਕਾਰਜ-ਕੁਸ਼ਲਤਾ ਦੇ ਆਧਾਰ ਤੇ ਹੁੰਦੀ ਹੈ। ਇਸ ਸਮਾਜਿਕ ਗਤੀਸ਼ੀਲਤਾ ਵਿਚ ਆਚਾਰ-ਪ੍ਰਚਾਰ ਤੇ ਆਧੁਨਿਕ ਯਾਤਾਯਾਤ ਦੇ ਸਾਧਨਾਂ ਦਾ ਵੀ ਮੁੱਖ ਰੋਲ ਰਿਹਾ ਹੈ ਅਤੇ ਇਹਨਾਂ ਆਵਾਜਾਈ ਦੇ ਸਾਧਨਾਂ ਨੇ ਅਲੱਗ, ਜਮਾਤਾਂ, ਜਾਤਾਂ, ਨਸਲਾਂ ਤੇ ਧਰਮਾਂ ਦੇ ਲੋਕਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਲਈ ਮਹੱਤਵਪੂਰਨ ਭੂਮਿਕਾ ਨਿਭਾਈ। ਪੱਛਮੀ

ਢੰਗ ਨਾਲ ਸ਼ੁਰੂ ਕੀਤੀ ਗਈ ਵਿਦਿਆ ਨੇ ਵੀ ਜਾਤੀ ਪ੍ਰਥਾ ਨੂੰ ਕਾਫੀ ਤੋੜਿਆ ਅਤੇ ਛੂਤ-ਛਾਤ ਦੀ ਬੀਮਾਰੀ ਨੂੰ ਘਟਾਉਣ ਵਿਚ ਕਾਫੀ ਹਿੱਸਾ ਪਾਇਆ ਕਿਉਂਕਿ ਪੱਛਮੀ-ਵਿਦਿਆ, ਸਮਾਨਤਾ, ਸੁਤੰਤਰਤਾ ਅਤੇ ਭਰਾਤਰੀ ਭਾਵ ਦੀਆਂ ਭਾਵਨਾਵਾਂ ਤੇ ਆਧਾਰਤ ਸੀ। ਛੂਆ-ਛਾਤ ਨੂੰ ਖਤਮ ਕਰਨ ਲਈ ਭਾਰਤ ਵਿਚ ਉਠੀਆਂ ਵੱਖ-ਵੱਖ ਲਹਿਰਾਂ ਜਿਵੇਂ ਆਰੀਆ ਸਮਾਜ, ਸਿੰਘ ਸਭਾ ਲਹਿਰ ਆਦਿ ਨੇ ਵੀ ਕਾਫੀ ਯੋਗਦਾਨ ਪਾਇਆ।

ਜਿਵੇਂ ਕਿ ਉਪਰ ਬਿਆਨ ਕੀਤਾ ਜਾ ਚੁੱਕਾ ਹੈ ਕਿ ਸਨਅਤੀ ਵਿਕਾਸ ਅਤੇ ਆਵਾਜਾਈ ਦੇ ਸਾਧਨਾਂ ਦੇ ਵਿਕਾਸ ਨਾਲ ਸ਼ਹਿਰੀਕਰਣ ਦੀ ਪ੍ਰਕ੍ਰਿਆ ਸ਼ੁਰੂ ਹੋਈ ਜਿਸ ਨਾਲ ਵਿਦਿਆ ਦਾ ਵਧੇਰੇ ਪ੍ਰਚਾਰ ਤੇ ਪ੍ਰਸਾਰ ਹੋਇਆ। ਇਸ ਵਿਦਿਆ ਦੇ ਨਤੀਜੇ ਵਜੋਂ ਲੋਕਾਂ ਦੀ ਆਰਥਿਕ ਅਤੇ ਰਾਜਨੀਤਿਕ ਗਤੀਵਿਧੀਆਂ ਵਿਚ ਸ਼ਮੂਲੀਅਤ ਵਧੀ ਅਤੇ ਲੋਕਾਂ ਦੀ ਚੇਤਨਤਾ ਦਾ ਵਿਕਾਸ ਹੋਇਆ। ਤਰਕ ਸ਼ਕਤੀ ਵਿਚ ਵਾਧਾ ਹੋਇਆ। ਇਸ ਦੇ ਨਾਲ ਨਾਲ ਜਮਾਤੀ ਸੰਘਰਸ਼ ਵੀ ਤੇਜ਼ ਹੁੰਦਾ ਗਿਆ।

ਅੰਗਰੇਜ਼ਾਂ ਨੇ ਹਰ ਖੇਤਰ ਵਿਚ ਜੋ ਤਬਦੀਲੀਆਂ ਕੀਤੀਆਂ, ਉਹਨਾਂ ਦਾ ਅਸਰ ਵਿਆਹ ਤੇ ਵੀ ਹੋਣਾ ਲਾਜ਼ਮੀ ਸੀ। ਲੋਕਾਂ ਵਿਚ ਜਾਗਰੂਕਤਾ ਆਉਣ ਨਾਲ ਬਾਲ-ਵਿਆਹ ਘੱਟਣ ਲੱਗੇ। ਅੰਤਰਜਾਤੀ ਵਿਆਹ ਦੀ ਦਰ ਵੱਧਣ ਦਾ ਵਿਚਾਰ ਪਨਪਣ ਲੱਗਾ। ਜਿਸ ਨਾਲ ਰਵਾਇਤੀ ਵਰ ਲੱਭਣ ਦੀ ਪ੍ਰਥਾ ਅਤੇ ਰਵਾਇਤੀ ਵਿਆਹ ਨੂੰ ਸੱਟ ਲੱਗਣਾ ਲਾਜ਼ਮੀ ਸੀ। ਇਸਦੇ ਨਾਲ ਨਾਲ ਇਸਤਰੀਆਂ ਦੀ ਦਸ਼ਾ ਵੀ ਬਦਲਣ ਲੱਗੀ। ਇੱਕ ਤਾਂ ਅੰਗਰੇਜ਼ ਸਰਕਾਰ ਨੇ ਅਜਿਹੇ ਕਾਨੂੰਨ ਬਣਾ ਦਿੱਤੇ ਜਿਸ ਨਾਲ ਕਾਨੂੰਨ ਸਾਹਮਣੇ ਇਸਤਰੀ ਤੇ ਮਰਦ ਦੋਵੇਂ ਬਰਾਬਰ ਸਨ। ਇਸਤਰੀਆਂ ਨੂੰ ਪੜ੍ਹਨ ਦਾ ਨੌਕਰੀ ਕਰਨ ਦਾ ਹੱਕ ਦਿੱਤਾ ਗਿਆ। ਉਹ ਜਾਇਦਾਦ ਵਿਚ ਵੀ ਮਰਦ ਦੇ ਬਰਾਬਰ ਦੀ ਭਾਈਵਾਲ ਸੀ। ਉਸਦਾ ਕਾਰਜ ਖੇਤਰ ਸਿਰਫ ਘਰ ਦੀ ਰਸੋਈ ਤੱਕ ਹੀ ਮਹਿਦੂਦ ਨਹੀਂ ਸਗੋਂ ਕਾਫੀ ਵਿਸ਼ਾਲ ਹੋ ਗਿਆ। ਅੱਜ ਉਹ ਘਰ ਦੀ ਦਾਸੀ ਨਹੀਂ ਸਗੋਂ ਘਰ ਦੀ ਮਾਲਕਣ ਹੈ। ਅੱਜ ਉਹ ਆਪਣੇ ਹੱਕਾਂ ਦੀ ਰਾਖੀ ਲਈ ਅੰਤਰਰਾਸ਼ਟਰੀ ਤੌਰ ਤੇ ਜੱਥੇਬੰਦ ਹੋ ਗਈ ਹੈ। ਇਸ ਸਾਰੀ ਚੇਤਨਤਾ ਦੇ ਵਿਚ ਪੱਛਮੀਕਰਣ ਦੀ ਕਾਫੀ ਭੂਮਿਕਾ ਹੈ।

ਜਦੋਂ ਕਾਨੂੰਨ ਦੀਆਂ ਨਜ਼ਰਾਂ ਵਿਚ ਸਾਰੇ ਲੋਕ ਬਿਨਾਂ ਕਿਸੇ ਭੇਦ-ਭਾਵ ਦੇ ਇਕ ਹੋਏ ਅਤੇ ਕਿਸੇ ਇਕ ਜਾਤੀ ਦੀ ਬਜਾਇ ਸਮੁੱਚੀ ਮਨੁੱਖ ਜਾਤੀ ਨੂੰ ਹੀ ਪ੍ਰਮੁੱਖ ਰੱਖਿਆ ਗਿਆ ਤਾਂ ਲੋਕਾਂ ਨੇ ਆਪਸੀ ਵਿਰੋਧਾਂ ਤੋਂ ਹੱਟ ਕੇ ਆਪਣੀ ਰਾਸ਼ਟਰੀਅਤ ਵੱਲ ਸੋਚਣਾ ਸ਼ੁਰੂ ਕੀਤਾ ਜਿਸ ਦਾ ਨਤੀਜਾ ਲੋਕਾਂ ਦਾ ਇਕ-ਮੁੱਠ ਹੋ ਕੇ ਆਜ਼ਾਦੀ ਪ੍ਰਾਪਤ ਕਰਨਾ ਨਿਕਲਿਆ। ਆਵਾਜਾਈ ਦੇ ਸਾਧਨਾਂ ਦਾ ਵਿਕਾਸ ਹੋਣ ਕਰਕੇ ਦੇਸ਼ ਦੇ ਲੀਡਰਾਂ ਨੂੰ ਲਾਮਬੰਦ ਕਰਨ ਅਤੇ ਰਾਸ਼ਟਰੀਅਤਾ ਦੀ ਭਾਵਨਾ ਨੂੰ ਜਗਾਉਣ ਵਿਚ ਅਸਾਨੀ ਰਹੀ।

ਉਦਯੋਗੀਕਰਣ, ਸ਼ਹਿਰੀਕਰਣ ਅਤੇ ਵਿਦਿਆ ਦੇ ਵਿਕਾਸ ਨੇ ਰਵਾਇਤੀ ਪਰਿਵਾਰ ਨੂੰ ਕਾਫੀ ਸੱਟ ਮਾਰੀ। ਪਹਿਲਾਂ ਖਾਸ ਕਰ ਪਿੰਡਾਂ ਵਿਚ ਲੋਕ ਸਮੂਹਿਕ ਪਰਿਵਾਰ ਵਿਚ ਕਈ ਪੁਸ਼ਤਾਂ ਤੋਂ ਰਹੀ ਜਾਂਦੇ ਸਨ ਕਿਉਂਕਿ ਕਾਰੋਬਾਰੀ ਧੰਦਾ ਖੇਤੀ ਸੀ। ਸਮਾਜਿਕ ਗਤੀਸ਼ੀਲਤਾ ਨਾ ਹੋਣ ਦੇ ਬਰਾਬਰ ਸੀ ਕਿਉਂਕਿ ਨਾ ਤਾਂ ਵਿਦਿਆ ਦਾ ਪ੍ਰਸਾਰ ਸੀ, ਨਾ ਹੀ ਤਕਨੀਕ, ਉਨੱਤੀ ਅਤੇ ਨਾ ਹੀ ਸਨਅਤ ਦੀ ਸ਼ੁਰੂਆਤ ਸੀ ਜਿਥੇ ਲੋਕ ਰੁਜ਼ਗਾਰ ਦੀ ਭਾਲ ਲਈ ਜਾਂਦੇ। ਪਰ ਜਦੋਂ ਇਹ ਸਾਰਾ ਕੁਝ ਅੰਗਰੇਜ਼ਾਂ ਨੇ ਆ ਕੇ ਸ਼ੁਰੂ ਕੀਤਾ ਤਾਂ ਪਿੰਡਾਂ ਵਿਚ ਵੀ ਲੋਕ ਪੜ੍ਹਨ ਲੱਗੇ ਤੇ ਪੜ੍ਹ ਕੇ ਨੌਕਰੀ ਲਈ ਸ਼ਹਿਰ ਜਾ ਕੇ ਆਮਦਨ ਕਮਾ ਕੇ ਪਿਛਲੇ ਪਰਿਵਾਰ ਦੀ ਸਹਾਇਤਾ ਕਰਦੇ ਤੇ ਉਸ ਪਰਿਵਾਰ ਦਾ ਮਿਆਰ ਉਚੇਰਾ ਹੁੰਦਾ। ਇਸ ਸਾਰੇ ਅਭਿਆਸ ਨਾਲ ਵਿਅਕਤੀਵਾਦ ਦਾ ਵਿਕਾਸ ਹੋਇਆ। ਸਮੂਹਿਕ ਪਰਿਵਾਰ ਅਤੇ ਪੁਸ਼ਤੈਨੀ ਕੰਮਾਂ ਵਿਚ ਕਮੀ ਹੋਈ।

**(Barnard Cohn) ਬਰਨਾਰਡ ਕੌਹਨ** ਅਨੁਸਾਰ ਭਾਰਤ ਵਿਚ ਰਹਿੰਦੇ ਅੰਗਰੇਜ਼ ਵੱਖ ਵੱਖ ਸਮਾਜਿਕ ਅਤੇ ਕਾਰੋਬਾਰੀ ਸ਼੍ਰੇਣੀਆਂ ਵਿਚ ਵੰਡੇ ਹੋਏ ਸਨ। ਉਹ ਵਿਉਪਾਰੀ ਵੀ ਸਨ, ਫਸਲ ਉਗਾਉਣ ਵਾਲੇ ਵੀ ਅਤੇ ਪੁਲਿਸ, ਫੌਜ ਅਤੇ ਸਿਵਲ ਅਧਿਕਾਰੀ ਵੀ ਸਨ। **ਫਰਾਇਕਨਬਰਗ (Frykenberg)** ਨੇ ਨੋਟ ਕੀਤਾ ਕਿ ਅੰਗਰੇਜ਼ ਭਾਰਤੀਆਂ ਨਾਲ ਭਰਾਤਰੀ ਭਾਵ ਨਾਲ ਰਹਿੰਦੇ ਸਨ। ਉਸਨੇ ਉਦਾਹਰਣ ਦਿੰਦੇ ਹੋਏ ਦਸਿਆ ਕਿ ਆਂਧਰਾਂ ਪ੍ਰਦੇਸ਼ ਵਿਚ ਗਨਤੁਰ ਨਾਂ ਦਾ ਇਕ ਪਿੰਡ ਹੈ ਜਿਥੇ ਅੰਗਰੇਜ਼ ਦੂਜੇ ਲੋਕਾਂ ਦੇ ਨਾਲ ਹੀ ਰਹਿੰਦੇ ਅਤੇ ਦਫਤਰ ਦੇ ਕੰਮਾਂ ਲਈ ਉਹ ਮਰਾਠੀ ਬੋਲਣ ਵਾਲੇ ਬ੍ਰਾਹਮਣਾਂ ਕੋਲ ਆਉਂਦੇ, ਅਜਿਹੇ ਆਪਸੀ ਸੰਬੰਧਾਂ ਕਰਕੇ ਉਹ ਮਿੱਤਰ ਬਣੇ ਹੋਏ ਸਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਮੁੰਦਰੀ ਜਹਾਜ਼ਾਂ ਤੇ ਸਵੇਜ ਨਹਿਰ (1896) ਦੇ ਬਣਨ ਨਾਲ ਬ੍ਰਿਟਿਸ਼ ਦਾ ਗਲਬਾ ਭਾਰਤ ਅਤੇ ਹੋਰ ਕਲੋਨੀਆਂ ਤੇ ਵਧਿਆ। ਪਰ ਇਸ ਦੇ ਨਾਲ ਹੀ ਭਾਰਤੀ ਅਰਥਚਾਰਾ

ਅੰਤਰਰਾਸ਼ਟਰੀ ਅਰਥਚਾਰੇ ਨਾਲ ਜੁੜ ਗਿਆ। ਜੋ ਸ਼ਹਿਰ ਜਾਂ ਕਸਬੇ ਬੰਦਰਗਾਹਾਂ ਦੇ ਨੇੜੇ ਸਨ ਜਿਵੇਂ ਬੰਬਈ, ਮਦਰਾਸ ਅਤੇ ਕਲਕੱਤਾ ਉਹ ਪੱਛਮੀਕਰਣ ਦੇ ਪ੍ਰਭਾਵ ਹੇਠ ਜਲਦੀ ਆਏ ਅਤੇ ਬੰਦਰਗਾਹਾਂ ਹੋਣ ਕਰਕੇ ਵਿਉਪਾਰਕ ਕੇਂਦਰ ਬਣ ਗਏ। ਪੰਜਾਬ ਵਿਚ ਤਾਂ ਪੱਛਮੀਕਰਣ ਦਾ ਅਸਰ ਬਹੁਤ ਬਾਅਦ ਵਿਚ ਹੋਇਆ। ਪੰਜਾਬ ਵਿਚ ਅਰੋੜਾ, ਖੱਤਰੀ, ਤੇ ਅਗਰਵਾਲ ਬਾਣੀਏ ਪਹਿਲਾਂ ਹੀ ਵਣਜ ਨਾਲ ਜੁੜੇ ਹੋਣ ਕਰਕੇ ਨਵੇਂ ਪ੍ਰਬੰਧ ਨੂੰ ਅਪਨਾਉਣ ਵਿਚ ਸਭ ਤੋਂ ਪਹਿਲਾਂ ਅੱਗੇ ਆਏ। ਪੇਂਡੂ ਇਲਾਕਿਆਂ ਦੀ ਨਿਸਬਤ ਸ਼ਹਿਰੀ ਲੋਕ ਪੱਛਮੀਕਰਣ ਤੋਂ ਜ਼ਿਆਦਾ ਪ੍ਰਭਾਵਿਤ ਹੋਏ। **ਤਾਂਗਰੀ** ਅਨੁਸਾਰ 1842 ਵਿਚ ਉੱਤਰੀ ਭਾਰਤ ਦੇ ਕਸਬਿਆਂ ਵਿਚ ਵਿਦਿਆਰਥੀਆਂ ਦੀ ਘਾਟ ਹੋਣ ਕਰਕੇ ਕਈ ਸਕੂਲ ਬੰਦ ਕਰਨੇ ਪਏ। ਇਹਨਾਂ ਕਸਬਿਆਂ ਵਿਚੋਂ ਚਪਰਾਹ ਅਤੇ ਅਰਾਹ ਸਨ ਜਿਨ੍ਹਾਂ ਦੀ ਜਨਸੰਖਿਆ ਪੰਜਾਹ-ਪੰਜਾਹ ਹਜ਼ਾਰ ਸੀ। ਹਿੰਦੂਆਂ ਅਤੇ ਮੁਸਲਮਾਨਾਂ ਨਾਲੋਂ ਘੱਟ ਗਿਣਤੀ ਧਾਰਮਿਕ ਗਰੁੱਪਾਂ ਦਾ ਜ਼ਿਆਦਾ ਸ਼ਹਿਰੀਕਰਣ ਹੋਇਆ ਸੀ। ਰਵਾਇਤੀ ਜਾਤੀ ਤਰਤੀਬ ਅਤੇ ਨਵੀਂ ਪੱਛਮੀ ਕਿੱਤਾ ਤਰਤੀਬ ਵਿਚ ਬਹੁਤ ਜ਼ਿਆਦਾ ਵਿਆਪਕ ਅਤੇ ਆਪਸੀ ਸਹਿ ਸੰਬੰਧ ਸੀ। ਉੱਚੀ ਜਾਤ ਦੇ ਲੋਕਾਂ ਕੋਲ ਸਰਕਾਰ ਦੀਆਂ ਨਵੀਆਂ ਪਦਵੀਆਂ ਸਨ।

ਜਾਤੀ ਪ੍ਰਥਾ ਦਾ ਗਲਬਾ ਟੁਟਣ ਨਾਲ ਅਤੇ ਸਭ ਲਈ ਆਰਥਿਕ ਮੌਕੇ ਖੋਲ੍ਹਣ ਨਾਲ ਕਈ ਨਵੀਆਂ ਜਾਤੀਆਂ ਦੇ ਲੋਕ ਉਪਰ ਉਠ ਗਏ। Hard Gould ਨੇ ਯੂ.ਪੀ. ਦੇ ਪਿੰਡਾਂ ਦਾ ਸਰਵੇਖਣ ਕੀਤਾ ਅਤੇ ਵੇਖਿਆ ਕਿ ਬ੍ਰਾਹਮਣ, ਰਾਜਪੂਤ ਅਤੇ ਜੱਟ ਉਚੀਆਂ ਜਾਤਾਂ ਦੇ ਨਾਲ ਅਹੀਰ ਵੀ ਫੌਜ ਵਿਚ ਨੌਕਰ ਸਨ ਅਤੇ ਉਹ ਵਖਰੀ ਅਹੀਰ ਰਜਮੈਂਟ ਦੀ ਮੰਗ ਕਰ ਰਹੇ ਸਨ ਅਤੇ ਨੀਵੀਂ ਜਾਤੀ ਦੇ Noniyas ਵੀ ਨਵੇਂ ਆਰਥਿਕ ਮੌਕੇ ਦਾ ਫਾਇਦਾ ਲੈ ਕੇ ਧਨੀ ਬਣ ਰਹੇ ਸਨ ਉਹ ਆਪਣੇ ਆਪ ਨੂੰ ਕਸ਼ਤਰੀਆਂ ਵਾਲਾ ਰੁਤਬਾ ਲੈਣ ਲਈ ਚੌਹਾਨ ਅਖਵਾ ਰਹੇ ਸਨ।

**ਬੀ.ਬੀ. ਮਿਸਰਾ** ਅਨੁਸਾਰ ਅਤੇ **ਸੇਲਿੰਗ ਹੈਰੀਸਨ (Sailing Harison)** ਅਨੁਸਾਰ ਭਾਵੇਂ ਕਿ ਰਾਜਨੀਤਿਕ ਲਹਿਰਾਂ, ਪ੍ਰਸ਼ਾਸਨੀ ਅਤੇ ਪੇਸ਼ਾਵਾਰ ਕੰਮਾਂ ਵਿਚ ਬ੍ਰਾਹਮਣਾਂ ਦਾ ਹੱਥ ਉੱਚਾ ਸੀ ਪਰ ਕਈ ਜਗਾ ਤੇ ਉਹ ਗਰੀਬ ਸਨ ਅਤੇ ਰਾਜਪੂਤ ਅਤੇ ਜੱਟ ਰਜਵਾੜਿਆਂ ਦੇ ਨੌਕਰ ਸਨ। ਬ੍ਰਾਹਮਣ ਵੀ ਸਾਰੇ ਭਾਰਤ ਵਿਚ ਕਈ ਸਮਜਾਤੀ ਅਤੇ ਅੰਤਰਜਾਤੀ ਫਰਕਾਂ ਕਰਕੇ ਵੰਡੇ ਹੋਏ ਸਨ। ਪੱਛਮੀਕਰਣ ਦੇ ਅਸਰ ਹੇਠ ਭਾਰਤੀ ਸਮਾਜ ਵਿਚ ਇਕ ਨਵੀਂ ਉੱਚੀ ਜਮਾਤ ਨੇ ਜਨਮ ਲਿਆ ਜਿਨ੍ਹਾਂ ਵਿਚ ਉਠ ਰਹੇ ਸਨਅਤਕਾਰ ਸਨ। ਪੁਰਾਣੀ ਉੱਚੀ ਜਮਾਤ ਵਿਚੋਂ ਵੀ ਕੁਝ ਆਂਉਂਦੇ ਪਰਿਵਰਤਨਾਂ ਨੂੰ ਅਪਣਾ ਕੇ ਨਵੀਂ ਬਣਦੀ ਅਮੀਰ ਜਮਾਤ ਨਾਲ ਰਲ ਗਏ। ਉਹਨਾਂ ਨੇ ਪੁਰਾਣੇ ਉਤਪਾਦਨ ਦੇ ਤਰੀਕੇ, ਢੰਗ ਛੱਡ ਕੇ ਨਵੇਂ ਢੰਗ ਅਪਨਾਣੇ ਸ਼ੁਰੂ ਕਰ ਦਿੱਤੇ ਕਿਉਂਕਿ ਉਹਨਾਂ ਨੂੰ ਆਪਣੀ ਹੋਂਦ ਲਈ ਅਜਿਹਾ ਕਰਨਾ ਜ਼ਰੂਰੀ ਸੀ। ਇਸ ਪ੍ਰਬੰਧ ਦੇ ਹੋਂਦ ਵਿਚ ਆਉਣ ਨਾਲ ਉਪਰਲੀਆਂ ਜਾਤਾਂ ਅਤੇ ਥੱਲੇ ਦੀਆਂ ਜਾਤਾਂ ਵਿਚ ਪਾੜਾ ਵੱਧਣਾ ਸ਼ੁਰੂ ਹੋ ਗਿਆ, ਜਿਸ ਦੇ ਫਲਸਰੂਪ ਇਸ ਪਾੜੇ ਨੂੰ ਘਟਾਉਂਣ ਲਈ ਕਈ ਲਹਿਰਾਂ ਉਠਣੀਆਂ ਸ਼ੁਰੂ ਹੋ ਗਈਆਂ। ਭਗਤੀ ਲਹਿਰ ਨੇ ਵੀ ਇਸ ਪਾੜੇ ਨੂੰ ਘਟਾਉਣ ਅਤੇ ਏਕਤਾ ਉੱਪਰ ਜ਼ੋਰ ਦਿੱਤਾ।

ਇਸ ਪ੍ਰਭਾਵ ਹੇਠ ਹੀ ਭਾਰਤੀ ਉੱਚ ਵਰਗ ਦੇ ਲੋਕਾਂ ਨੇ ਭਾਰਤ ਦੀ ਆਜ਼ਾਦੀ ਲਈ ਕੰਮ ਕੀਤਾ। ਭਾਰਤੀ ਵਿਚਾਰਧਾਰਾ, ਰਸਮਾਂ-ਰਿਵਾਜਾਂ, ਸੰਸਕ੍ਰਿਤੀ ਅਤੇ ਇਤਿਹਾਸ ਦਾ ਮੁੜ ਵਰਣਨ ਕੀਤਾ ਕਿਉਂਕਿ ਅੰਗਰੇਜ਼ ਆਜ਼ਾਦੀ ਲਈ ਭਾਰਤ ਦੇ ਇਸ ਸੈਕਸ਼ਨ ਨਾਲ ਗੱਲ ਕਰਨਾ ਚਾਹੁੰਦੇ ਸਨ। ਇਸੇ ਪ੍ਰਭਾਵ ਕਾਰਣ **ਸਰ ਸਈਅਦ ਅਹਿਮਦ ਖਾਨ** ਨੇ ਅਲੱਗ ਵਿਚਾਰਧਾਰਾ ਦਾ ਖਿਆਲ ਰੱਖਿਆ ਅਤੇ ਬਾਅਦ ਵਿਚ ਕਵੀ ਅਤੇ ਫਿਲਾਸਫਰ **ਮੁਹੰਮਦ ਇਕਬਾਲ** ਨੇ ਇਸ ਨੂੰ ਉੱਪਰ ਚੁਕਿਆ ਅਤੇ **ਐਮ.ਏ. ਜਿਨਾਹ** ਨੇ ਇਸ ਨੂੰ ਨਵੀਂ ਰੰਗਤ ਦਿੱਤੀ।

**ਰਾਜਾ ਰਾਮ ਮੋਹਨ ਰਾਏ** (ਜੋ ਕਿ ਨਵੀਨ ਭਾਰਤ ਦਾ ਰਾਹ ਦਿਸੇਵਾਂ ਸੀ) ਵੀ ਪੱਛਮੀਕਰਣ ਤੋਂ ਬਹੁਤ ਪ੍ਰਭਾਵਤ ਸੀ ਅਤੇ ਉਸ ਨੇ ਇਸਾਈ ਮਤ ਉਪਰ ਖੋਜਾਂ ਕੀਤੀਆਂ ਅਤੇ 1820 ਵਿਚ ਇਕ ਕਿਤਾਬ ਲਿਖੀ, ਦੀ ਪ੍ਰਿੰਸੀਪਲਜ਼ ਆਫ ਜੀਸਿਸ ਦੀ ਗਾਈਡ ਟੂ ਪੀਸ ਐਂਡ ਹੈਪੀਨੈਸ, ਅਤੇ 1928 ਵਿਚ ਬ੍ਰਹਮੋ ਸਮਾਜ ਦੀ ਨੀਂਹ ਰੱਖੀ। ਉਹ ਹਿੰਦੂ ਮਤ ਵਿਚ ਕੱਟੜਵਾਦ ਦੇ ਵੀ ਖਲਾਫ ਲੜਿਆ। ਇਹਨਾਂ ਤੋਂ ਇਲਾਵਾ ਹੋਰ ਬਹੁਤ ਸਾਰੇ ਆਗੂ ਹੋਏ ਜੋ ਇਸ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਆਜ਼ਾਦੀ ਲਈ ਮੋਢੀ ਬਣੇ ਜਿਨ੍ਹਾਂ ਵਿਚ ਮੁੱਖ ਸਨ, **ਟੈਗੋਰ, ਤਿਲਕ, ਵਿਵੇਕਾਨੰਦ, ਗੋਖਲੇ, ਗਾਂਧੀ, ਨਹਿਰੂ ਅਤੇ ਰਾਧਾ ਕ੍ਰਿਸ਼ਨਨ।**

ਅੰਗਰੇਜ਼ਾਂ ਦੇ ਭਾਰਤ ਆਉਣ ਤੇ ਪਹਿਲੀ ਵਾਰ ਉਨ੍ਹਾਂ ਦੇ ਰਾਜ ਵਿਚ ਪੂਰਾ ਜ਼ਮੀਨੀ ਸਰਵੇਖਣ ਕੀਤਾ ਗਿਆ ਅਤੇ ਸਰਕਾਰ ਦੀ ਆਮਦਨ ਵਧਾਉਣ ਲਈ ਜ਼ਮੀਨ ਲਗਾਨ ਵਸੂਲਣ ਦੀ ਪਿਰਤ ਪਾਈ ਜੋ ਕਿ ਇਕ ਪੂਰੀ ਸਰਕਾਰ ਅਤੇ ਅਮਲੇ ਫੈਲੇ ਦੀ ਟੀਮ ਬਿਨਾਂ ਅਸੰਭਵ ਸੀ। ਫਿਰ ਇਸ ਅਮਲੇ ਫੈਲੇ ਦੀ ਵਿਵਸਥਾ ਕੀਤੀ ਗਈ ਜਿਸ ਨੂੰ ਅਫਸਰਸ਼ਾਹੀ ਕਿਹਾ ਗਿਆ। ਅੰਗਰੇਜ਼ ਰਾਜ ਤੋਂ ਪਹਿਲਾਂ ਭਾਰਤ ਵਿਚ ਕਈ ਰਿਆਸਤਾਂ ਸਨ। ਉਨ੍ਹਾਂ ਰਾਜਾਂ ਨੂੰ ਇਕੱਠਾ ਕੀਤਾ ਅਤੇ ਫਿਰ ਪੁਲਿਸ ਤੇ ਫੌਜ ਦੀ ਵਿਵਸਥਾ ਕੀਤੀ ਤਾਂ ਕਿ ਅੰਦਰੂਨੀ ਤੇ ਬਾਹਰੀ ਸੁਰੱਖਿਆ ਦਾ ਪ੍ਰਬੰਧ ਕੀਤਾ ਜਾ ਸਕੇ। ਸਭ ਤੋਂ ਵੱਡਾ ਕੰਮ ਜੋ ਅੰਗਰੇ ਜ਼ਾਂ ਨੇ ਕੀਤਾ ਉਹ ਸੀ ਵਿਦਿਆ ਦੀਆਂ ਸੰਸਥਾਵਾਂ ਦੁਆਰਾ ਵਿਦਿਆ ਦਾ ਫੈਲਾਵ ਕਰਨਾ। ਜੋ ਕਿ ਧਰਮਾਂ ਦਾ ਪ੍ਰਚਾਰ ਨਹੀਂ ਕਰਦੀਆਂ ਸਨ ਸਗੋਂ ਵਿਗਿਆਨ ਅਤੇ ਤਕਨੀਕ ਵੱਲ ਲੋਕਾਂ ਦਾ ਧਿਆਨ ਕੇਂਦਰਤ ਕਰਦੀਆਂ ਸੀ। ਜਿਸ ਦੇ ਸਿੱਟ ਵਜੋਂ ਲੋਕਾਂ ਦੇ ਵਤੀਰੇ ਸਮਾਜਿਕ ਕੀਮਤਾਂ ਤੇ ਵਿਸ਼ਵਾਸਾਂ ਵਿਚ ਬਹੁਤ ਪੱਧਰ ਤੇ ਤਬਦੀਲੀਆਂ ਆਈਆਂ। ਈਸਾਈ ਮਿਸ਼ਨਰੀਆਂ ਨੇ ਵੀ ਲੋਕ ਭਲਾਈ ਲਈ ਕਈ ਕਿਸਮ ਦੀਆਂ ਸੰਸਥਾਵਾਂ ਦਾ ਨਿਰਮਾਣ ਕੀਤਾ ਜਿਵੇਂ ਹਸਪਤਾਲ, ਸਕੂਲ ਜਾਂ ਯਤੀਮ ਖਾਨੇ ਆਦਿ।

ਸਾਰੇ ਭਾਰਤ ਨੂੰ ਇਕ ਬ੍ਰਿਟਿਸ਼ ਨਿਯੰਤਰਣ ਹੇਠ ਲਿਆਉਣ ਲਈ ਅੰਗਰੇਜ਼ ਸਰਕਾਰ ਨੇ ਆਵਾਜਾਈ ਦੇ ਸਾਧਨਾਂ ਦਾ ਵਿਕਾਸ ਕੀਤਾ ਤਾਂ ਕਿ ਦੂਰੀ ਘਟਾਈ ਜਾ ਸਕੇ ਅਤੇ ਵਿਉਪਾਰ ਵਿਚ ਤੇਜ਼ੀ ਲਿਆਂਦੀ ਜਾ ਸਕੇ ਅਤੇ ਕਾਨੂੰਨ ਅਤੇ ਹੁਕਮ ਨੂੰ ਠੀਕ ਢੰਗ ਨਾਲ ਲਾਗੂ ਕੀਤਾ ਜਾ ਸਕੇ। ਖੇਤੀਬਾੜੀ ਦੇ ਸੈਕਟਰ ਵਿਚ ਨਵੀਂ ਤਕਨੀਕ (ਖੇਤੀਬਾੜੀ ਮਸ਼ੀਨਰੀ, ਨਵੇਂ ਬੀਜ, ਖਾਦਾਂ, ਰਸਾਇਣਿਕ ਦਵਾਈਆਂ ਆਦਿ) ਆਉਣ ਨਾਲ ਭਾਰਤ ਤੇ ਖਾਸ ਕਰਕੇ ਪੰਜਾਬ ਦੀ ਖੇਤੀਬਾੜੀ ਦਾ ਮੂੰਹ-ਮੁਹਾਂਦਰਾ ਹੀ ਬਦਲ ਗਿਆ। ਉਤਪਾਦਨ ਵਿਚ ਬਹੁਤ ਵਾਧਾ ਹੋਇਆ। ਖੇਤੀਬਾੜੀ ਤੋਂ ਇਲਾਵਾ ਉਦਯੋਗਿਕ ਖੇਤਰ ਵਿਚ ਤਾਂ ਇਨਕਲਾਬੀ ਪਰਿਵਰਤਨ ਆਏ। ਘਰੇਲੂ ਉਦਯੋਗ, ਛੋਟੀਆਂ ਫੈਕਟਰੀਆਂ ਦੀ ਜਗ੍ਹਾ ਵੱਡੇ ਵੱਡੇ ਉਦਯੋਗਾਂ ਨੇ ਲੈ ਲਈ ਜਿਸ ਕਾਰਨ ਘਰੇਲੂ ਉਦਯੋਗਾਂ ਨੂੰ ਬਹੁਤ ਸੱਟ ਵੱਜੀ ਅਤੇ ਬਹੁਤ ਸਾਰੇ ਬੰਦੇ ਬੇਰੁਜ਼ਗਾਰ ਹੋ ਗਏ। ਦੇਸ਼ ਦੇ ਰਵਾਇਤੀ ਉਦਯੋਗ ਤੇ ਇਹ ਬਹੁਤ ਭਾਰੀ ਸੱਟ ਸੀ ਕਿਉਂਕਿ ਵੱਡੇ ਉਦਯੋਗਾਂ ਤੋਂ ਬਣੀਆਂ ਵਸਤਾਂ ਸਾਹਮਣੇ ਰਵਾਇਤੀ ਉਦਯੋਗਾਂ ਤੋਂ ਬਣੀਆਂ ਵਸਤਾਂ ਟਿਕ ਨਹੀਂ ਸੀ ਸਕਦੀਆਂ। ਸਭ ਤੋਂ ਵੱਡੀ ਤਬਦੀਲੀ ਜੋ ਅੰਗਰੇਜ਼ੀ ਸਰਕਾਰ ਨੇ ਲਿਆਂਦੀ ਉਹ ਸੀ ਪ੍ਰਿੰਟਿੰਗ ਤਕਨੀਕ, ਜਿਸ ਦੁਆਰਾ ਆਧੁਨਿਕ ਅਤੇ ਰਵਾਇਤੀ ਗਿਆਨ ਦਾ ਆਦਾਨ-ਪ੍ਰਦਾਨ ਹੁੰਦਾ ਹੈ।

## 6.4 ਪੱਛਮੀਕਰਣ ਦੀਆਂ ਵਿਸ਼ੇਸ਼ਤਾਵਾਂ

(i) ਪੱਛਮੀਕਰਣ ਤੋਂ ਭਾਵ ਇਹ ਨਹੀਂ ਕਿ ਭਾਰਤੀ ਲੋਕਾਂ ਨੇ ਪੱਛਮੀ ਸੰਸਕ੍ਰਿਤੀ ਨੂੰ ਸਮੁੱਚੇ ਰੂਪ ਵਿਚ ਅਪਣਾ ਲਿਆ। ਭਾਰਤੀਆਂ ਨੇ ਇਸ ਦੇ ਕੁਝ ਪੱਖਾਂ ਨੂੰ ਸਵਿਕਾਰਿਆ ਜਦੋਂ ਕਿ ਕੁਝ ਨੂੰ ਮੰਨਣ ਦੇ ਅਸਮਰਥ ਰਹੇ।

(ii) ਪੱਛਮੀਕਰਣ ਦੀ ਪ੍ਰਕ੍ਰਿਆ ਨੂੰ ਅਪਨਾਉਣ ਦਾ ਅਭਿਆਸ ਵੀ ਵੱਖ-ਵੱਖ ਇਲਾਕਿਆਂ ਵਿੱਚ ਵੱਖ ਵੱਖ ਲੋਕਾਂ ਵਿਚ ਵੱਖ ਵੱਖ ਰਿਹਾ।

(iii) ਪੱਛਮੀਕਰਣ ਦੇ ਪਹਿਲੂਆਂ ਨੂੰ ਵੀ ਭਾਰਤੀਆਂ ਨੇ ਜਿਉਂ ਤਿਉਂ ਨਹੀਂ ਅਪਣਾਇਆ ਸਗੋਂ ਪਹਿਲਾਂ ਇਸ ਵਿਚ ਕਈ ਕਿਸਮ ਦੀਆਂ ਤਬਦੀਲੀਆਂ ਕੀਤੀਆਂ।

(iv) ਪੱਛਮੀਕਰਣ ਦੀ ਧਾਰਨਾ ਨੂੰ ਲੋਕਾਂ ਨੇ ਸੋਚੇ ਸਮਝੇ ਢੰਗ ਨਾਲ ਨਹੀਂ ਅਪਣਾਇਆ ਸਗੋਂ ਇਹ ਤਾਂ ਇਕ ਪ੍ਰਕ੍ਰਿਆ ਸੀ ਜਿਸਦਾ ਪ੍ਰਚਾਰ ਅੰਗਰੇਜ਼ਾਂ ਨਾਲ ਸੰਪਰਕ ਵਿਚ ਆਉਣ ਤੋਂ ਬਾਅਦ ਉਨ੍ਹਾਂ ਦੀ ਸੰਸਕ੍ਰਿਤੀ ਦੇ ਪ੍ਰਭਾਵ ਸਦਕਾ ਹੋਇਆ।

(v) ਭਾਰਤ ਵਿਚ ਨੀਵੀਆਂ ਜਾਤਾਂ ਦੇ ਮੁਕਾਬਲੇ ਉੱਚੀਆਂ ਜਾਤਾਂ ਦੇ ਲੋਕ ਪੱਛਮੀਕਰਣ ਦੇ ਪ੍ਰਭਾਵ ਥੱਲੇ ਜ਼ਿਆਦਾ ਆਏ ਜਿਵੇਂ ਕਿ **ਹਾਰੋਲਡ ਗੋਲਡ** ਨੇ ਵੇਖਿਆ ਕਿ ਯੂ.ਪੀ. ਵਿਚ ਸਿਰਫ ਬ੍ਰਾਹਮਣ ਰਾਜਪੂਤਾਂ ਨੇ ਹੀ ਇਸ ਧਾਰਨਾ ਨੂੰ ਅਪਣਾਇਆ ਜਦੋਂ ਕਿ ਨੀਵੀਆਂ ਜਾਤੀਆਂ ਸੰਸਕ੍ਰਿਤੀਕਰਣ ਦੇ ਪ੍ਰਭਾਵ ਹੇਠ ਆਈਆਂ।

(vi) ਭਾਰਤੀ ਲੋਕ ਜੋ ਪੱਛਮੀ ਵਿਦਿਅਕ ਸੰਸਥਾਵਾਂ ਵਿਚ ਸਿਖਿਆ ਪ੍ਰਦਾਨ ਕਰਨ ਗਏ ਅਤੇ ਬਾਅਦ ਵਿਚ ਨੌਕਰੀਆਂ ਤੇ ਜਾ ਲੱਗੇ ਜਾਂ ਵਿਉਪਾਰ ਵਿਚ ਲਗ ਗਏ ਉਹ ਸਿੱਧੇ ਤੌਰ ਤੇ ਪੱਛਮੀਕਰਣ ਦੇ ਪ੍ਰਭਾਵ ਥੱਲੇ ਆਏ, ਬਾਕੀ ਲੋਕ ਅਸਿੱਧੇ ਤਰੀਕਿਆਂ ਨਾਲ ਪੱਛਮੀਕਰਣ ਦੇ ਪ੍ਰਭਾਵ ਹੇਠ ਆਏ ਜਿਵੇ ਂ ਅਖਬਾਰ, ਮੈਗਜ਼ੀਨ ਅਤੇ ਕਾਨੂੰਨ ਆਦਿ।

(vii) ਪਿੰਡ ਦੇ ਮੁਕਾਬਲੇ ਸ਼ਹਿਰਾਂ ਦੇ ਲੋਕ, ਗਰੀਬਾਂ ਦੇ ਮੁਕਾਬਲੇ ਅਮੀਰ ਲੋਕ ਜ਼ਿਆਦਾ ਇਸ ਤੋਂ ਪ੍ਰਭਾਵਿਤ ਹੋਏ ਕਿਉਂਕਿ ਵਿਦਿਆ ਤੇ ਹੋਰ ਪੱਛਮੀ ਸੰਸਥਾਵਾਂ ਨਾਲ ਇਨ੍ਹਾਂ ਦਾ ਜ਼ਿਆਦਾ ਵਾਹ ਵਾਸਤਾ ਸੀ ਤੇ ਇਹ ਲੋਕ ਜ਼ਿਆਦਾ ਇਨ੍ਹਾਂ ਨੂੰ ਅਪਨਾਉਂਦੇ ਸਨ। ਇਸ ਤੋਂ ਵੀ ਜ਼ਿਆਦਾ ਉਹ ਲੋਕ ਪ੍ਰਭਾਵ ਹੇਠ ਆਏ ਜੋ ਵੱਡੇ ਸ਼ਹਿਰਾਂ ਅਤੇ ਸਮੁੰਦਰ ਤੱਟ ਤੇ ਸਥਿਤ (ਬੰਦਰਗਾਹਾਂ) ਸ਼ਹਿਰਾਂ ਵਿਚ ਰਹਿੰਦੇ ਸਨ। ਜਿਨ੍ਹਾਂ ਦਾ ਵਿਦਿਆ ਕਰਕੇ, ਵਿਉਪਾਰ ਕਰਕੇ, ਦਫਤਰਾਂ ਵਿਚ ਕਾਮੇ ਹੋਣ ਦੀ ਹੈਸੀਅਤ ਵਿਚ ਅੰਗਰੇਜ਼ਾਂ ਨਾਲ ਸਿੱਧਾ ਵਾਹ ਸੀ ਅਤੇ ਉਹ ਇਹਨਾਂ ਦੇ ਪਹਿਰਾਵੇ, ਬੋਲੀ, ਉਠਣ-ਬੈਠਣ ਅਤੇ ਕੰਮ ਕਰਨ ਦੇ ਢੰਗਾਂ ਤੋਂ ਪ੍ਰਭਾਵਿਤ ਹੋਏ।

(viii) ਇਹ ਪ੍ਰਕ੍ਰਿਆ ਆਜ਼ਾਦੀ ਤੋਂ ਬਾਅਦ ਹੋਰ ਵੀ ਜੋਰ ਫੜ ਗਈ ਕਿਉਂਕਿ ਇਸ ਨੂੰ ਗਤੀਸ਼ੀਲ ਬਣਾਉਣ ਵਾਲੀਆਂ ਤਾਕਤਾਂ ਜੋ ਅੰਗਰੇਜ਼ਾਂ ਸਮੇਂ ਪੈਦਾ ਹੋਈਆਂ ਅਤੇ ਆਜ਼ਾਦੀ ਤੋਂ ਬਾਅਦ ਹੋਰ ਵੀ ਸ਼ਕਤੀਸ਼ਾਲੀ ਹੋ ਗਈਆਂ ਸਨ।

(ix) ਉਪਰਲੀ ਜਮਾਤ ਜੋ ਸਭ ਤੋਂ ਵੱਧ ਪ੍ਰਭਾਵਿਤ ਸੀ, ਨੇ ਅੰਗਰੇਜ਼ਾਂ ਦਾ ਤਬਦੀਲੀ ਲਿਆਉਣ ਵਿਚ ਸਾਥ ਦਿੱਤਾ।

(x) ਭਾਵੇਂ ਕਿ ਪੱਛਮੀਕਰਣ ਸਨਅਤੀਕਰਣ ਅਤੇ ਸ਼ਹਿਰੀਕਰਣ ਇਕ ਦੂਜੇ ਨਾਲ ਜੁੜੇ ਹੋਏ ਹਨ ਪਰੰਤੂ ਇਹ ਤਿੰਨੇ ਧਾਰਨਾਵਾਂ ਬਿਲਕੁਲ ਅਲੱਗ ਅਲੱਗ ਹਨ, ਜਿਸ ਤੋਂ ਇਹ ਸਾਫ ਹੈ ਕਿ ਪੱਛਮੀਕਰਨ ਨੂੰ ਅਪਨਾਉਣ ਵਾਲੇ ਬਹੁਤੇ ਲੋਕ ਸ਼ਹਿਰਾਂ ਵਿਚ ਹਨ।

(xi) ਆਵਾਜਾਈ ਅਤੇ ਸੰਚਾਰ ਦੇ ਸਾਧਨਾਂ ਨੇ ਰਵਾਇਤੀ, ਧਾਰਮਿਕ ਅਤੇ ਸੰਸਕ੍ਰਿਤਕ ਕਦਰਾਂ-ਕੀਮਤਾਂ ਦਾ ਅਦਾਨ-ਪ੍ਰਦਾਨ ਕਰਨ ਵਿਚ ਕਾਫੀ ਸਹਾਇਤਾ ਕੀਤੀ।

(xii) ਨਵੀਆਂ ਸੰਸਥਾਵਾਂ ਦੇ ਸਥਾਪਿਤ ਹੋਣ ਨਾਲ ਖਾਸ ਕਰਕੇ ਕਾਨੂੰਨ ਤੇ ਨਿਆਂ ਵਿਭਾਗ ਦੇ ਸਥਾਪਿਤ ਹੋਣ ਨਾਲ ਸੰਸਕ੍ਰਿਤੀਕਰਣ ਦੀ ਪ੍ਰਕ੍ਰਿਆ ਨੂੰ ਹੱਲਾ-ਸ਼ੇਰੀ ਮਿਲੀ। ਇਸ ਲਈ ਸਮਾਜਿਕ ਗਤੀਸ਼ੀਲਤਾ ਵਿਚ ਵਾਧਾ ਹੋਇਆ। ਲੋਕ ਰਵਾਇਤੀ ਕਿਤਿਆਂ ਤੋਂ ਨਿਜਾਤ ਪਾਉਣ ਲੱਗੇ, ਜਾਤ ਪਾਤ ਦੀਆਂ ਜੰਜੀਰਾਂ ਟੁਟਣੀਆਂ ਸ਼ੁਰੂ ਹੋ ਗਈਆਂ।

## 6.5 ਪੱਛਮੀਕਰਣ ਅਤੇ ਆਧੁਨਿਕੀਕਰਣ (Westernization and Modernization)

**ਡੇਨੀਅਲ ਲਰਨਰ (Daniel Lerner)** ਨੇ ਗੈਰ ਪੱਛਮੀ ਦੇਸ਼ਾਂ ਨਾਲ ਸੰਪਰਕ ਵਿਚ ਆਉਣ ਨਾਲ ਜੋ ਤਬਦੀਲੀ ਗੈਰ ਪੱਛਮੀ ਦੇਸ਼ਾਂ ਵਿਚ ਆਈ ਉਸ ਨੂੰ ਦਰਸਾਉਣ ਲਈ ਪੱਛਮੀਕਰਣ ਦੀ ਜਗ੍ਹਾ ਆਧੁਨਿਕੀਕਰਣ (Modernization) ਸ਼ਬਦ ਦੀ ਵਰਤੋਂ ਕੀਤੀ। ਉਸ ਅਨੁਸਾਰ ਅਚਾਰ-ਪ੍ਰਚਾਰ ਦੇ ਸਾਧਨਾਂ ਵਿਚ ਤਰੱਕੀ, ਸ਼ਹਿਰੀਕਰਣ ਵਿਚ ਵਾਧੇ, ਵਿਦਿਆ ਦਾ ਫੈਲਾਵ, ਸੰਚਾਰ ਸਾਧਨਾਂ ਦੇ ਵਿਕਾਸ, ਆਵਾਜਾਈ ਦੇ ਸਾਧਨਾਂ ਦੇ ਵਿਕਾਸ, ਜ਼ਿਆਦਾ ਗਤੀਸ਼ੀਲਤਾ, ਜ਼ਿਆਦਾ ਆਰਥਿਕ ਅਤੇ ਰਾਜਨੀਤਿਕ ਪ੍ਰਵੇਸ਼ ਨੂੰ ਹੀ ਆਧੁਨਿਕੀਕਰਣ ਕਿਹਾ ਜਾ ਸਕਦਾ ਹੈ।

ਪਰ ਇਸ ਦੇ ਉਲਟ **ਸ੍ਰੀ ਨਿਵਾਸ** ਪੱਛਮੀਕਰਣ ਦੀ ਵਰਤੋਂ ਨੂੰ ਜ਼ਿਆਦਾ ਠੀਕ ਮੰਨਦੇ ਹਨ। ਉਨ੍ਹਾਂ ਅਨੁਸਾਰ ਪੱਛਮੀਕਰਣ ਸ਼ਬਦ ਨੈਤਿਕ ਤੌਰ ਤੇ ਜਾਂ ਤਰਕ ਦੇ ਆਧਾਰ ਤੇ ਆਧੁਨਿਕੀਕਰਣ ਸ਼ਬਦ ਨਾਲੋਂ ਜ਼ਿਆਦਾ ਨਿਉਟਰਲ ਹੈ। ਕਿਉਂਕਿ ਪੱਛਮੀਕਰਣ ਨੂੰ ਭਲੇ ਜਾਂ ਬੁਰੇ ਦੀ ਸੋਚਣੀ ਵਿਚ ਨਹੀਂ ਲਿਆ ਜਾਂਦਾ ਪਰ ਆਧੁਨਿਕੀਕਰਣ ਨੂੰ ਇਸ ਢੰਗ ਨਾਲ ਸੋਚਿਆ ਜਾਂਦਾ ਹੈ। ਜਦੋਂ ਅਸੀਂ ਭਾਰਤੀ ਸਮਾਜ ਵਿਚ ਸਮਾਜਿਕ ਅਤੇ ਸੰਸਕ੍ਰਿਤਕ ਤਬਦੀਲੀ ਵੇਖਣਾ ਚਾਹੁੰਦੇ ਹਾਂ ਤਾਂ ਸਾਨੂੰ ਪੱਛਮੀਕਰਣ ਮਾਡਲ ਹੀ ਅਪਣਾਉਣਾ ਚਾਹੀਦਾ ਹੈ। ਭਾਵੇਂ ਕਿ 1947 ਤੋਂ ਬਾਅਦ ਰੂਸ ਅਤੇ ਅਮਰੀਕਾ ਦੇ ਮਾਡਲ ਵੀ ਕਾਫੀ ਠੀਕ ਸਿੱਧ ਹੋਏ ਹਨ। ਪੱਛਮੀਕਰਣ, ਭਾਰਤੀ ਸਮਾਜ ਵਿਚ ਪ੍ਰਵੇਸ਼ ਹੋਈਆਂ ਕਈ ਕਿਸਮ ਦੀਆਂ ਪ੍ਰਕ੍ਰਿਆਵਾਂ ਦੇ ਲਈ ਜ਼ਿਆਦਾ ਕਾਰਗਰ ਹੈ। ਭਾਵੇਂ ਕਿ ਸ੍ਰੀ ਨਿਵਾਸ ਦਾ ਇਹ ਵਿਚਾਰ ਸੀ ਕਿ ਸਾਨੂੰ ਪੱਛਮੀਕਰਣ ਨੂੰ ਮੁਢਲੇ, ਦੂਜੇ ਦਰਜੇ ਅਤੇ ਤੀਜੇ ਦਰਜੇ ਦੇ ਪੱਛਮੀਕਰਣ ਵਿਚ ਵਖਰੇਵਾਂ ਕਰਨਾ ਚਾਹੀਦਾ ਹੈ ਕਿਉਂਕਿ ਅਸੀਂ ਤਾਂ ਹੀ ਇਸ ਦੇ ਪ੍ਰਭਾਵ ਨੂੰ ਭਾਰਤੀਆਂ ਦੀ ਜ਼ਿੰਦਗੀ ਦੇ ਅਲੱਗ ਅਲੱਗ ਪੱਖਾਂ ਅਤੇ ਭਾਰਤੀ ਲੋਕਾਂ ਦੇ ਅਲੱਗ ਅਲੱਗ ਵਰਗਾਂ ਨੂੰ ਸਮਝ ਸਕਾਂਗੇ।

ਆਧੁਨਿਕੀਕਰਣ ਅਤੇ ਪੱਛਮੀਕਰਣ ਵਿਚ ਫਰਕ ਇਹ ਹੈ ਕਿ ਆਧੁਨਿਕੀਕਰਣ ਨੂੰ ਹਮੇਸ਼ਾ ਚੰਗਿਆਈ ਲਈ ਵਰਤਿਆ ਜਾਂਦਾ ਹੈ। ਪੱਛਮੀਕਰਣ ਪ੍ਰਤਿ ਪੂਰਬ ਦੇ ਲੋਕਾਂ ਦੀ ਘ੍ਰਿਣਾ ਵੀ ਸਮਾਈ ਹੁੰਦੀ ਹੈ ਕਿਉਂਕਿ ਉਹ ਇਨ੍ਹਾਂ ਦੇ

ਬਹੁਤ ਲੰਮੇ ਸਮੇਂ ਤੱਕ ਗੁਲਾਮ ਰਹੇ। ਪਰ ਅਸੀਂ ਉਹਨਾਂ ਦਾ ਪ੍ਰਭਾਵ ਹੁਣ ਤੱਕ ਵੀ ਕਬੂਲਦੇ ਆ ਰਹੇ ਹਾਂ। ਇਕ ਵਿਚਾਰਵਾਨ ਅਨੁਸਾਰ ਪੱਛਮੀਕਰਣ ਇਕ ਤੋਹਫਾ ਹੈ ਜੋ ਕਿ ਅੰਗਰੇਜ਼ਾਂ ਨੇ ਭਾਰਤ ਨੂੰ ਦਿੱਤਾ। ਉਸ ਅਨੁਸਾਰ ਪੱਛਮੀਕਰਣ ਇਕ ਵਿਲੱਖਣ ਗੁੰਝਲਦਾਰ ਅਤੇ ਕਈ ਸੱਤਹੀ ਧਾਰਨਾ ਹੈ। ਇਸ ਦਾ ਸੰਬੰਧ ਪੱਛਮੀ ਤਕਨੀਕ ਤੋਂ ਲੈ ਕੇ ਆਧੁਨਿਕ ਵਿਗਿਆਨ ਦੇ ਪ੍ਰਯੋਗਾਤਮਿਕ ਤਰੀਕੇ ਅਤੇ ਆਧੁਨਿਕ ਇਤਿਹਾਸ ਨਾਲ ਹੈ। ਇਸ ਧਾਰਨਾ ਦੇ ਹੱਕ ਵਿਚ ਬੋਲਣ ਵਾਲੇ ਵਿਚਾਰਵਾਨਾਂ ਅਨੁਸਾਰ ਇਸ ਤੋਂ ਪਹਿਲਾਂ ਭਾਰਤ ਦੇ ਲੋਕ ਖਾਣਾ ਫਰਸ਼ ਤੇ ਬੈਠ ਕੇ ਖਾਂਦੇ ਸੀ। ਭੋਜਨ ਪੱਤਿਆਂ ਵਿਚ ਜਾਂ ਧਾਤ ਦੇ ਬਣੇ ਬਰਤਨਾਂ ਵਿਚ ਪਰੋਸਿਆ ਜਾਂਦਾ ਸੀ। ਉੱਚੀ ਜਾਤ ਦੇ ਲੋਕਾਂ ਜਿਵੇਂ ਬ੍ਰਾਹਮਣਾਂ ਵਿਚ ਖਾਣਾ ਵੀ ਇਕ ਧਾਰਮਿਕ ਕਾਰਜ ਵਜੋਂ ਲਿਆ ਜਾਂਦਾ ਸੀ। ਇਸਤਰੀਆਂ ਖਾਣਾ ਤਿਆਰ ਕਰਦੀਆਂ, ਸਾਰੇ ਪਰਿਵਾਰ ਦੇ ਮੈਂਬਰਾਂ ਨੂੰ ਖਵਾ ਲੈਣ ਤੋਂ ਬਾਅਦ ਆਪ ਖਾਂਦੀਆਂ। ਖਾਣਾ ਖਾਣ ਤੋਂ ਬਾਅਦ ਖਾਣੇ ਵਾਲੀ ਜਗ੍ਹਾ ਨੂੰ ਗੋਹੇ ਲਾਲ ਲੇਪ ਦੇ ਕੇ ਪਵਿੱਤਰ ਕੀਤਾ ਜਾਂਦਾ ਸੀ। ਪਰ ਹੁਣ ਤਕਨੀਕ ਤੇ ਵਿਦਿਆ ਦੇ ਵਿਕਾਸ ਨਾਲ ਕਸਬਿਆਂ ਅਤੇ ਸ਼ਹਿਰਾਂ ਵਿਚ ਇਥੋਂ ਤਕ ਕਿ ਪਿੰਡਾਂ ਵਿਚ ਵੀ ਖਾਂਦੇ ਪੀਂਦੇ ਤੇ ਪੜ੍ਹੇ ਲਿਖੇ ਲੋਕ ਖਾਣੇ ਵਾਲੇ ਮੇਜ ਉਪਰ ਖਾਣਾ ਪਰੋਸ ਕੇ ਕੁਰਸੀਆਂ ਤੇ ਬੈਠ ਕੇ ਖਾਂਦੇ ਹਨ। ਹੁਣ ਬਰਤਨ ਵੀ ਸਟੀਲ ਦੇ ਅਤੇ ਚੀਨੀ ਦੇ ਸੈਟ ਆ ਗਏ ਹਨ। ਇਸ ਤਰ੍ਹਾਂ ਲੋਕ ਸਮੇਂ ਸਿਰ ਖਾਣਾ ਖਾਣ ਦੇ ਪਾਬੰਦ ਹੋਣ ਲੱਗੇ। ਲੋਕਾਂ ਦੇ ਕੱਪੜੇ ਪਹਿਨਣ ਦੀਆਂ ਆਦਤਾਂ ਅਤੇ ਸਟਾਈਲ ਉਤੇ ਪੱਛਮੀਕਰਣ ਨੇ ਬਹੁਤ ਅਸਰ ਪਾਇਆ। ਘਰਾਂ ਦੀ ਬਣਤਰ, ਘਰਾਂ ਦੀ ਸਜਾਵਟ ਵੀ ਇਸ ਧਾਰਨਾ ਤੋਂ ਪ੍ਰਭਾਵਿਤ ਹੋਣੋਂ ਨਾ ਰਹਿ ਸਕੀ।

## 6.6 ਸਾਰ

ਉਪਰੋਕਤ ਚਰਚਾ ਤੋਂ ਅਸੀਂ ਇਹ ਸਿੱਟੇ ਕੱਢ ਸਕਦੇ ਹਾਂ ਕਿ ਬ੍ਰਿਟਿਸ਼ ਰਾਜ ਦੇ ਆਉਣ ਨਾਲ ਮਨੁੱਖਤਾ ਦੀ ਧਾਰਨਾ ਦਾ ਪ੍ਰਚਾਰ ਹੋਇਆ ਭਾਵ ਬਿਨਾਂ ਕਿਸੀ ਭੇਦ ਭਾਵ ਦੇ ਮਨੁੱਖੀ ਭਲਾਈ ਦੇ ਕੰਮਾਂ, ਸਮਾਜਿਕ ਨਿਆਂ ਦੀ ਵਿਵਸਥਾ ਜਿਸ ਦਾ ਅਰਥ ਹੈ ਕਿ ਕਾਨੂੰਨ ਸਾਹਮਣੇ ਬਿਨਾਂ ਕਿਸੇ ਭੇਦ ਭਾਵ ਦੇ ਬਰਾਬਰੀ ਦੀ ਵਿਵਸਥਾ ਹੋਈ। ਇਸ ਤੋਂ ਇਲਾਵਾ ਨਿਆਂ ਪ੍ਰਣਾਲੀ ਦੇ ਸਾਹਮਣੇ ਆਉਣ ਨਾਲ ਸਮਾਜਿਕ ਨਿਆਂ ਦੀ ਭਾਵਨਾ ਵਿਚ ਵਾਧਾ ਹੋਇਆ ਜੋ ਕਿ ਪਹਿਲਾਂ ਹਿੰਦੂ ਸਮਾਜ ਵਿਚ ਬਿਲਕੁਲ ਲੁਪਤ ਸੀ। ਪੱਛਮੀ ਸਭਿਅਤਾ ਅਤੇ ਸ਼ਹਿਰੀਕਰਣ ਦੇ ਵਿਕਾਸ ਨਾਲ ਮਨੁੱਖ ਵਿਚ ਵਿਅਕਤੀਵਾਦੀ ਪ੍ਰਵਿਰਤੀਆਂ ਪ੍ਰਬਲ ਹੋਈਆਂ ਭਾਵ ਕਿ ਉਸ ਦੀ ਕਿੱਤੇ ਦੀ ਚੋਣ ਵਿਚ ਆਜਾਦੀ ਦੇ ਸੰਕਲਪਾਂ ਨੇ ਜਨਮ ਲਿਆ। ਪੱਛਮੀ ਸਭਿਅਤਾ ਦੇ ਵਿਕਾਸ, ਪੱਛਮੀ ਵਿਦਿਆ, ਸ਼ਹਿਰੀਕਰਣ ਉਦਯੋਗੀਕਰਣ ਅਤੇ ਯਾਤਾਯਾਤ ਦੇ ਸਾਧਨਾਂ ਦੇ ਵਿਕਾਸ ਦੇ ਨਾਲ ਆਦਮੀ ਵਿਚ ਧਰਮ ਦਾ ਪ੍ਰਭਾਵ ਘਟਿਆ ਅਤੇ ਤਰੱਕੀ ਮਈ ਸੋਚ ਦਾ ਪ੍ਰਭਾਵ ਪ੍ਰਫੁਲਿਤ ਹੋਇਆ। ਅੱਜ ਮਨੁੱਖ ਧਰਮ ਨਾਲ ਉਸ ਢੰਗ ਨਾਲ ਨਹੀਂ ਜੁੜਿਆ ਹੋਇਆ ਜਿੰਨਾਂ ਜਗੀਰਦਾਰੀ ਪ੍ਰਬੰਧ ਵਿਚ ਸੀ।

## 6.7 ਅਭਿਆਸ ਲਈ ਪ੍ਰਸ਼ਨ

(ੳ) ਪੱਛਮੀਕਰਣ ਤੋਂ ਕੀ ਭਾਵ ਹੈ ? ਵਿਸਥਾਰ ਪੂਰਵਕ ਬਿਆਨ ਕਰੋ।

(ਅ) ਪੱਛਮੀਕਰਣ ਨੂੰ ਬਿਆਨ ਕਰਦੇ ਹੋਏ ਇਸ ਦੀਆਂ ਵਿਸ਼ੇਸ਼ਤਾਈਆਂ ਤੇ ਚਾਨਣਾ ਪਾਉ।

(ੲ) ਪੱਛਮੀਕਰਣ ਕਿਸਨੂੰ ਆਖਦੇ ਹਨ ? ਇਸ ਦਾ ਪ੍ਰਸਾਰ ਕਿਵੇਂ ਹੋਇਆ?

### ਸੰਖੇਪ ਸਵਾਲ (ਬਿਆਨ ਕਰੋ)

(ੳ) ਪੱਛਮੀਕਰਣ

(ਅ) ਆਧੁਨਿਕੀਕਰਨ

(ੲ) ਉਦਯੋਗੀਕਰਣ

(ਸ) ਸ਼ਹਿਰੀਕਰਣ

(ਹ) ਪ੍ਰਕ੍ਰਿਆਂ

## 6.8 ਉਪਯੋਗੀ ਪੁਸਤਕਾਂ

M.N. Srinivas : Social Change in Modern India
Savinderjeet Kaur : Samaj Vigyan de mool Sankalp.
Yogendra Singh : Modernization of Indian Tradition

ਪਾਠ ਨੰਬਰ : 2.3 ਲੇਖਕ : ਡਾ. ਹਰਿੰਦਰ ਕੌਰ

# ਧਰਮ ਨਿਰਪੇਖੀਕਰਣ (Secularization)

**ਰੂਪ ਰੇਖਾ**


7.0 ਉਦੇਸ਼
7.1 ਜਾਣ-ਪਛਾਣ
7.2 ਧਰਮ ਨਿਰਪੇਖੀਕਰਣ ਦੇ ਮੁੱਖ ਲੱਛਣ
 7.2.1 ਵੱਖਰੀਕਰਣ
 7.2.2 ਤਰਕਸ਼ੀਲਤਾ
 7.2.3 ਆਲੋਚਨਾਤਮਕ ਜਾਗਰੂਕਤਾ
7.3 ਇਸ ਪ੍ਰਕ੍ਰਿਆ ਲਈ ਜ਼ਿੰਮੇਵਾਰ ਕਾਰਨ
 7.3.1 ਪੱਛਮੀਕਰਣ
 7.3.2 ਸਿੱਖਿਆ
 7.3.3 ਆਵਾਜਾਈ ਅਤੇ ਸੰਚਾਰ ਦੇ ਸਾਧਨ
 7.3.4 ਸ਼ਹਿਰੀਕਰਣ
 7.3.5 ਸਮਾਜ ਸੁਧਾਰਕ ਲਹਿਰਾਂ
 7.3.6 ਕਾਨੂੰਨ
7.4 ਧਰਮਨਿਰਪੇਖੀਕਰਣ ਦੀ ਪ੍ਰਕ੍ਰਿਆ ਦਾ ਅਸਰ
 7.4.1 ਸ਼ੁੱਧਤਾ ਅਤੇ ਅਸ਼ੁੱਧਤਾ ਦੀ ਧਾਰਨਾ
 7.4.2 ਸੰਸਕਾਰਾਂ ਜਾਂ ਰਹੁ-ਰੀਤਾਂ ਤੇ ਅਸਰ
 7.4.3 ਪਰਿਵਾਰ ਦੀ ਸੰਸਥਾ ਤੇ ਅਸਰ
 7.4.4 ਪੇਂਡੂ ਸਮੁਦਾਇ ਤੇ ਅਸਰ
7.5 ਸਾਰ
7.6 ਅਭਿਆਸ ਲਈ ਪ੍ਰਸ਼ਨ
7.7 ਉਪਯੋਗੀ ਪੁਸਤਕਾਂ


## 7.0 ਉਦੇਸ਼

- ਇਸ ਪਾਠ ਨੂੰ ਪੜ੍ਹਨ ਉਪਰੰਤ ਤੁਹਾਨੂੰ ਧਰਮਨਿਰਪੇਖੀਕਰਣ ਦੀ ਪ੍ਰਕ੍ਰਿਆ ਦੀ ਵਿਸਥਾਰ ਪੂਰਵਕ ਜਾਣਕਾਰੀ ਹਾਸਿਲ ਹੋਵੇਗੀ।
- ਤੁਸੀਂ ਧਰਮਨਿਰਪੇਖੀਕਰਣ ਦੇ ਮੁੱਖ ਲੱਛਣਾਂ ਬਾਰੇ ਜਾਣ ਸਕੋਂਗੇ।
- ਤੁਹਾਨੂੰ ਇਸ ਪ੍ਰਕ੍ਰਿਆ ਲਈ ਜ਼ਿੰਮੇਵਾਰ ਕਾਰਕਾਂ (factors) ਦਾ ਗਿਆਨ ਹਾਸਿਲ ਹੋਵੇਗਾ।

## 7.1 ਜਾਣ ਪਛਾਣ

ਅਸੀਂ ਸੈਕੂਲੇਰਾਈਜੇਸ਼ਨ ਦਾ ਸ਼ਬਦ ਆਮ ਸੁਣਦੇ ਹਾਂ ਪਰ ਇਸਦੀ ਖਾਸ ਪਰਿਭਾਸ਼ਾ ਕੀ ਹੈ ਇਹ ਨਹੀਂ ਦਸਿਆ ਜਾ ਸਕਦਾ ਕਿਉਂਕਿ ਇਸਦੇ ਅਰਥ ਵੱਖ ਵੱਖ ਹਾਲਤਾਂ ਅਤੇ ਨਜ਼ਰੀਆਂ ਵਿਚ ਬਦਲਦੇ ਰਹਿੰਦੇ ਹਨ। ਇਹ ਲਾਤੀਨੀ ਭਾਸ਼ਾ ਦੇ ਸ਼ਬਦ ਸੈਕੂਲਰ (Secular) ਤੋਂ ਉਪਜਿਆ ਹੈ ਜਿਸਦਾ ਅਰਥ ਹੈ, ਅਜੋਕਾ ਯੁੱਗ ਜਾਂ

ਮੌਜੂਦਾ ਪੀੜ੍ਹੀ (present age or generation) ਪਰ ਸਮਾਜ ਵਿਗਿਆਨੀਆਂ ਨੇ ਇਸ ਸ਼ਬਦ ਨੂੰ ਉਸ ਪ੍ਰਕ੍ਰਿਆ ਨੂੰ ਦਰਸਾਉਣ ਲਈ ਵਰਤਿਆ ਹੈ ਜਿਸ ਦੁਆਰਾ ਧਾਰਮਿਕ ਸੰਸਥਾਵਾਂ, ਧਾਰਮਿਕ ਵਿਚਾਰਾਂ ਅਤੇ ਧਾਰਮਿਕ ਸੂਝਬੂਝ ਨੇ ਸਮਾਜਿਕ ਸੰਸਥਾਵਾਂ ਜਿਵੇਂ ਆਰਥਿਕਤਾ, ਰਾਜਨੀਤੀ, ਨਿਆਂ ਪਾਲਿਕਾ, ਸਿਹਤ ਅਤੇ ਪਰਿਵਾਰ ਆਦਿ ਵਿਚ ਆਪਣਾ ਕੰਟਰੋਲ ਗੁਆਉਣਾ ਸ਼ੁਰੂ ਕਰ ਦਿੱਤਾ ਸੀ।

ਅਜੋਕੇ ਸਮੇਂ ਵਿਚ ਧਰਮਨਿਰਪੇਖੀਕਰਣ ਦਾ ਅਰਥ ਹੈ ਧਰਮ ਮੁਕਤ (a religious) ਜਿਸ ਤੋਂ ਭਾਵ ਹੈ ਕਿ ਜੋ ਕਿਸੇ ਵੀ ਧਰਮ ਵਿਚ ਵਿਸ਼ਵਾਸ ਨਹੀਂ ਰੱਖਦਾ। ਫਰਾਂਸਿਸੀ ਕ੍ਰਾਂਤੀ (French revolution) ਸਮੇ ਜ਼ਿੰਮੀਂਦਾਰਾ ਢਾਂਚੇ ਵਿਚ ਗਿਰਜੇ (Church) ਦਾ ਪ੍ਰਭਾਵ ਸੀ। ਕੋਈ ਵੀ ਕੰਮ ਧਰਮ ਨੂੰ ਪੁੱਛ ਕੇ ਜਾਂ ਧਰਮ ਨੂੰ ਮੱਦੇ ਨਜ਼ਰ ਰੱਖ ਕੇ ਕੀਤਾ ਜਾਂਦਾ ਸੀ। ਇਸਾਈ ਧਰਮ ਦੇ ਪੋਪ (Pope) ਦੇ ਵੀ ਦੋ ਤਲਵਾਰਾਂ ਪਾਈਆਂ ਹੁੰਦੀਆਂ ਸਨ, ਇਕ ਰਾਜਸੀ ਭਾਵ (State temporal) ਜਾਂ ਮੀਰੀ ਦੀ ਅਤੇ ਦੂਸਰੀ ਰੂਹਾਨੀ, ਧਾਰਮਿਕ ਭਾਵ (Spiritual) ਪੀਰੀ ਦੀ। ਪੀਰੀ ਦਾ ਰੁੱਤਬਾ ਉੱਚਾ ਸੀ ਅਤੇ ਮੀਰੀ ਇਸਦੇ ਅਧੀਨ ਸੀ। ਰਾਜ ਜਾਂ ਸਟੇਟ ਨੇ ਕੀ ਕੰਮ ਕਰਨਾ ਹੈ ਇਹ ਧਰਮ ਨਿਰਧਾਰਿਤ ਕਰਦਾ ਸੀ। ਪਰ ਇਸ ਵਿਚਾਰਧਾਰਾ ਨੂੰ 1789 ਦੀ ਫਰਾਂਸੀਸੀ ਕ੍ਰਾਂਤੀ ਸਮੇਂ ਲਲਕਾਰਿਆ ਗਿਆ। ਇਸ ਕ੍ਰਾਂਤੀ ਦੇ ਬੁਰਜੂਆ (Bourgoiese) ਆਗੂ ਸਨ ਜੋ ਕਿ ਜ਼ਿੰਮੀਂਦਾਰਾਂ, ਨਵਾਬ ਖਿਲਾਫ ਲੜਾਈ ਲੜ ਰਹੇ ਸਨ ਜਾਂ ਸੰਘਰਸ਼ ਕਰ ਰਹੇ ਸਨ ਕਿਉਂਕਿ ਬੁਰਜੂਆ ਜਮਾਤ ਕੋਲ ਆਰਥਿਕ ਸੱਤਾ ਤਾਂ ਸੀ ਪਰ ਰਾਜਨੈਤਿਕ ਸੱਤਾ ਜ਼ਿੰਮੀਂਦਾਰਾਂ, ਨਵਾਬਾਂ ਦੇ ਹੱਥ ਵਿੱਚ ਸੀ। ਇਸੇ ਕਰਕੇ ਇਸ ਕ੍ਰਾਂਤੀ ਦਾ ਮੁੱਖ ਮੁੱਦਾ ਇਹ ਸੀ ਕਿ ਧਰਮ ਨੂੰ ਰਾਜਨੀਤੀ ਨਾਲੋਂ ਵੱਖ ਕੀਤਾ ਜਾਵੇ। ਉਨ੍ਹਾਂ ਦਾ ਕਹਿਣਾ ਸੀ ਕਿ ਧਰਮ ਇਕ ਨਿੱਜੀ ਮਾਮਲਾ ਹੈ ਅਤੇ ਰਾਜਕੀ (State) ਜਾਂ ਰਾਜਨੀਤੀ ਪੈਸੇ ਨਾਲ ਚਲਦੀ ਹੈ। ਪੈਸਾ ਬੁਰਜੂਆ ਜਮਾਤ ਕੋਲ ਜ਼ਿਆਦਾ ਹੈ। ਬੁਰਜੂਆ ਜਮਾਤ ਦੀ ਮੰਗ ਸੀ ਕਿ ਰਾਜੇ ਨੂੰ ਹਟਾ ਦਿੱਤਾ ਜਾਵੇ ਇਸ ਤੋਂ ਰਾਜਨੈਤਿਕ ਸੱਤਾ ਖੋਹ ਲਈ ਜਾਵੇ ਅਤੇ ਇਸ ਦੀ ਥਾਂ ਪਰਲੀਮੈਂਟ ਬਣਾਈ ਜਾਵੇ ਜਿਸ ਵਿਚ ਲੋਕਾਂ ਦੁਆਰਾ ਚੁਣੇ ਗਏ ਮੈਂਬਰ ਹੋਣਗੇ। ਇਸ ਵਿਚ ਪਾਦਰੀਆਂ ਦਾ ਜਾਂ ਰਾਜੇ ਦਾ ਕੋਈ ਰੋਲ ਨਹੀਂ ਹੋਵੇਗਾ। ਰਾਜਨੀਤੀ ਨਾਲੋਂ ਧਰਮ ਦਾ ਨਿਖੇੜਾ, ਧਰਮ ਦਾ ਨਿੱਜੀ ਦਾਇਰੇ ਤੱਕ ਹੀ ਸੀਮਿਤ ਹੋਣਾ ਅਤੇ ਰਾਜਨੀਤੀ ਧਰਮ ਨੂੰ ਆਪਣਾ ਆਧਾਰ ਨਹੀਂ ਬਣਾਏਗੀ ਨਾ ਹੀ ਕਿਸੇ ਧਰਮ ਦੀ ਪ੍ਰੋੜ੍ਹਤਾ ਜਾਂ ਮਦਦ ਕਰੇਗੀ। ਇਹ ਸਭ ਪੱਛਮੀ ਧਰਮਨਿਰਪੇਖੀਕਰਣ ਹੈ। ਜਿਹੜੇ ਜਿਹੜੇ ਦੇਸ਼ ਸਾਮਰਾਜਵਾਦ ਦੇ ਅਸਰ ਹੇਠਾਂ ਆਏ ਉਥੇ ਧਰਮ ਨਿਰਪੇਖੀਕਰਣ ਦਾ ਫੈਲਾਅ ਹੋਇਆ। ਦੂਜੇ ਸ਼ਬਦਾਂ ਵਿਚ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਇਹ ਆਧੁਨਿਕੀਕਰਨ ਦੀ ਦੇਣ ਹੈ।

ਪਰ ਗਾਂਧੀ ਜੀ ਨੇ ਭਾਰਤ ਵਿਚ ਇਸਨੂੰ ਵੱਖਰਾ ਅਰਥ ਪ੍ਰਦਾਨ ਕੀਤਾ। ਉਨ੍ਹਾਂ ਦਾ ਕਹਿਣਾ ਸੀ ਕਿ ਭਾਰਤ ਵਿਚ ਸਰਵ-ਧਰਮ-ਸੰਭਾਵ (equal respect to all religions) ਹੋਣਾ ਚਾਹੀਦਾ ਹੈ। ਕਿਉਂਕਿ ਇਥੇ ਅਨੇਕਾਂ ਹੀ ਧਰਮਾਂ ਦੇ ਲੋਕ ਰਹਿੰਦੇ ਹਨ ਜਿਨ੍ਹਾਂ ਦਾ ਧਰਮ ਵਿਚ ਅਥਾਹ ਅਤੇ ਅਟੁੱਟ ਵਿਸ਼ਵਾਸ ਹੈ। ਉਨ੍ਹਾਂ ਦੇ ਜੀਵਨ 'ਚੋਂ ਧਰਮ ਨੂੰ ਕੱਢ ਦੇਣਾ ਮੁਮਕਿਨ ਨਹੀਂ। ਇਸ ਲਈ ਗਾਂਧੀ ਜੀ ਦਾ ਵਿਸ਼ਵਾਸ ਸੀ ਕਿ ਰਾਜ ਜਾਂ state ਧਰਮ ਮੁਕਤ (a religious) ਨਹੀਂ ਹੋਵੇਗੀ ਬਲਕਿ ਇਹ ਸਾਰੇ ਧਰਮਾਂ ਨੂੰ ਬਰਾਬਰ ਸਨਮਾਨ ਦੇਵੇਗੀ। ਇਹ ਕਿਸੇ ਖਾਸ ਧਰਮ ਨੂੰ ਅੱਗੇ ਨਹੀਂ ਲਿਆਵੇਗੀ ਅਤੇ ਨਾ ਹੀ ਧਰਮ ਦੇ ਆਧਾਰ ਤੇ ਕਿਸੇ ਨਾਲ ਵਿਤਕਰਾ ਕਰੇ ਗੀ। ਇਸੇ ਕਰਕੇ ਭਾਰਤ ਵਿਚ ਧਰਮਨਿਰਪੇਖੀਕਰਨ ਨੂੰ ਵੱਖਰੇ ਤਰੀਕੇ ਨਾਲ ਅਪਣਾਇਆ ਗਿਆ ਹੈ। ਉਦਾਹਰਣ ਦੇ ਤੌਰ ਤੇ ਤੁਸੀਂ ਵੇਖਿਆ ਹੋਵੇਗਾ ਕਿ ਜੇਕਰ ਕਿਸੇ ਨੇਤਾ ਦੀ ਮੌਤ ਹੋ ਜਾਂਦੀ ਹੈ ਤਾਂ ਸਾਰੇ ਧਰਮਾਂ ਦੇ ਪਾਠ ਕੀਤੇ ਜਾਂਦੇ ਹਨ ਭਾਵ ਸਾਰੇ ਧਰਮਾਂ ਨੂੰ ਬਰਾਬਰ ਅਹਿਮੀਅਤ ਦਿੱਤੀ ਜਾਂਦੀ ਹੈ। ਭਾਰਤ ਵਿਚ ਧਰਮ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ ਇਸ ਲਈ ਇਨ੍ਹਾਂ ਨੂੰ ਉਖਾੜਿਆ ਨਹੀਂ ਜਾ ਸਕਦਾ ਅਤੇ ਭਾਰਤ ਨੂੰ ਇਕ ਧਰਮ ਮੁਕਤ ਸਟੇਟ ਨਹੀਂ ਬਣਾਇਆ ਜਾ ਸਕਦਾ।

ਮਨੁੱਖੀ ਸਮਾਜ ਦੇ ਆਧੁਨਿਕੀਕਰਣ ਦੀ ਇਕ ਕਸੌਟੀ ਸੈਕੁਲਰ ਹੋਣਾ ਵੀ ਹੈ। ਇਸ ਦਾ ਅਰਥ ਹੈ ਕਿ ਮਨੁੱਖ ਆਪਣੀ ਪਬਲਿਕ ਜ਼ਿੰਦਗੀ ਵਿਚ ਧਰਮ ਦਾ ਨਾਂ ਤਾਂ ਕੋਈ ਦਿਖਾਵਾ ਕਰੇਗਾ ਅਤੇ ਨਾ ਹੀ ਉਸਦੇ ਆਧਾਰ ਤੇ ਕਿਸੇ ਨਾਲ ਕਿਸੇ ਕਿਸਮ ਦਾ ਕੋਈ ਵਿਤਕਰਾ ਕਰੇਗਾ। ਇਸ ਤੋਂ ਭਾਵ ਹੈ ਕਿ ਵਿਅਕਤੀ ਆਪਣੀ ਰੋਜ਼ ਮਰ੍ਹਾ ਦੀ ਜ਼ਿੰਦਗੀ ਵਿਚੋਂ ਧਰਮ ਨਾ ਦੀ ਚੀਜ਼ ਨੂੰ ਕੱਢ ਸੁਟੇਗਾ ਅਤੇ ਇਸਨੂੰ ਕੇਵਲ ਆਪਣੇ ਘਰ ਦੀ ਚਾਰ ਦਿਵਾਰੀ

ਅੰਦਰ ਹੀ ਮਹਿਦੂਦ ਰੱਖੇਗਾ। ਇਸ ਸਿਧਾਂਤ ਨੂੰ ਹੀ ਸੈਕੂਲੇਰਿਜ਼ਮ (Secularism) ਦੇ ਨਾਂ ਨਾਲ ਜਾਣਿਆ ਜਾਂਦਾ ਹੈ।

## 7.2 ਧਰਮਨਿਰਪੇਖੀਕਰਣ ਦੇ ਮੁੱਖ ਲੱਛਣ

**7.2.1 ਵੱਖਰੀਕਰਣ (Differentiation) :** ਇਸ ਤੋਂ ਭਾਵ ਹੈ ਕਿ ਸਮੁੱਚੇ ਸਮਾਜ ਨੂੰ ਵੱਖ ਵੱਖ ਅਦਾਰਿਆਂ ਜਾਂ ਭਾਗਾਂ ਵਿਚ ਵੰਡ ਦਿੱਤਾ ਜਾਵੇ ਭਾਵ ਵੱਖ ਵੱਖ ਸੰਸਥਾਵਾਂ ਹੋਣ ਅਤੇ ਹਰ ਇਕ ਦੀ ਆਪਣੀ ਪਹਿਚਾਣ ਹੋਵੇ ਤੇ ਆਪਣਾ ਨਾਮ ਹੋਵੇ। ਇਨ੍ਹਾਂ ਨੂੰ ਇਕ ਦੂਸਰੇ ਤੋਂ ਭਲੀ ਭਾਂਤ ਨਿਖੇੜਿਆ ਜਾ ਸਕੇ। ਇਹ ਵੱਖਰੀਕਰਨ ਦੀ ਕਿਰਿਆ macro-level ਤੋਂ ਸ਼ੁਰੂ ਹੋ ਕੇ micro-level ਤੱਕ ਹੋਵੇਗੀ ਜਿਸ ਤਹਿਤ ਸਾਰੀਆਂ ਸੰਸਥਾਵਾਂ, ਕਿੱਤੇ, ਕਾਰਜ, ਰੋਲ ਆਦਿ ਇਕ ਦੂਜੇ ਤੋਂ ਵੱਖਰੇ ਕਰ ਦਿੱਤੇ ਜਾਂਦੇ ਹਨ ਜਿਵੇਂ ਵੱਖੋ ਵੱਖ ਸੰਸਥਾਵਾਂ, ਆਰਥਿਕ, ਸਮਾਜਿਕ, ਰਾਜਨੀਤਕ, ਧਾਰਮਿਕ ਆਦਿ। ਫਿਰ ਇਨ੍ਹਾਂ ਵਿਚੋਂ ਧਾਰਮਿਕ ਅਦਾਰੇ ਨੂੰ ਬਿਲਕੁਲ ਵੱਖਰਾ ਕਰ ਦਿੱਤਾ ਜਾਵੇਗਾ ਤਾਂ ਜੋ ਇਸਦਾ ਅਸਰ ਬਾਕੀ ਦੀਆਂ ਸੰਸਥਾਵਾਂ ਤੇ ਜਿੰਨਾਂ ਘੱਟ ਪਵੇ ਉਨ੍ਹਾਂ ਹੀ ਚੰਗਾ ਅਤੇ ਜੇ ਨਾ ਹੀ ਪਵੇ ਤਾਂ ਬਹੁਤ ਹੀ ਚੰਗਾ। ਅਜੋਕੇ ਆਧੁਨਿਕੀ ਸਮਾਜ ਦੀ ਇਹ ਇਕ ਕਸੌਟੀ ਬਣ ਗਈ ਹੈ ਕਿ ਇਹ ਅਸਰ ਕਿੰਨਾ ਘੱਟ ਪੈਂਦਾ ਹੈ। ਸੋ ਮਨੁੱਖੀ ਜੀਵਨ ਦੇ ਹਰੇਕ ਪਹਿਲੂ ਜਿਸ ਵਿਚ ਧਾਰਮਿਕ ਵਿਚਾਰਾਂ, ਰੀਤੀ ਰਿਵਾਜਾਂ, ਸੂਝਬੂਝ ਦਾ ਬੋਲਬਾਲਾ ਸੀ, ਨੂੰ ਧਰਮ-ਮੁਕਤ ਬਣਾਇਆ ਜਾਵੇ।

**7.2.2 ਤਰਕਸ਼ੀਲਤਾ (Rationalisation) :** ਦੂਸਰੀ ਮਹੱਤਵਪੂਰਨ ਕਿਰਿਆ ਜੋ ਸੈਕੂਲੇ ਰਿਜ਼ਮ ਦੇ ਸਿਧਾਂਤ ਦੀ ਨੀਂਹ ਬਣੀ ਉਹ ਹੈ ਤਰਕਸ਼ੀਲਤਾ (Rationalisation) ਮੈਕਸ-ਵੈਬਰ ਨੇ ਇਸ ਨੂੰ ਆਧੁਨਿਕੀਕਰਣ ਦੀ ਪਛਾਣ ਜਾਂ ਰੂਹ ਦਸਿਆ ਹੈ ਕਿਉਂਕਿ ਜਿਸ ਤਰ੍ਹਾਂ ਵੱਡੀਆਂ ਵੱਡੀਆਂ ਸੰਸਥਾਵਾਂ ਹੋਂਦ ਵਿਚ ਆ ਰਹੀਆਂ ਹਨ ਉਨ੍ਹਾਂ ਦਾ ਸੰਗਠਨ ਇਸ ਕਿਰਿਆ ਤੋਂ ਬਿਨਾਂ ਕਿਸੇ ਵੀ ਤਰ੍ਹਾਂ ਸੰਭਵ ਨਹੀਂ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਹ ਹੈ ਕੀ? ਵੈਬਰ ਦਾ ਮੰਨਣਾ ਸੀ ਕਿ ਜੋ ਸੰਸਥਾ ਹੋਂਦ ਵਿਚ ਆਉਂਦੀ ਹੈ ਉਸ ਪਿਛੇ ਕੋਈ ਖਾਸ ਮਕਸਦ ਹੁੰਦਾ ਹੈ ਜਿਸ ਨੂੰ ਪੂਰਾ ਕਰਨਾ ਉਸਦਾ ਸਰਵੋਤਮ ਕਾਰਜ ਹੁੰਦਾ ਹੈ। ਇਹ ਮਕਸਦ ਜਾਂ ਮੁੱਦਾ ਕੋਈ ਗੈਰ ਦੁਨਿਆਵੀ ਨਹੀਂ ਹੁੰਦਾ। ਇਸੇ ਕਰਕੇ ਇਸ ਦੀ ਪ੍ਰਾਪਤੀ ਲਈ ਵੱਖਰੇ ਵੱਖਰੇ ਰਾਹ ਲੱਭੇ ਜਾਂਦੇ ਹਨ। ਹਰੇਕ ਵਿਅਕਤੀ ਅਤੇ ਸੰਸਥਾ ਦੀ ਸੋਚ ਹੈ ਕਿ ਕਿਹੜਾ ਰਾਹ ਜਾਂ ਰਸਤਾ ਅਪਣਾਇਆ ਜਾਵੇ ਤਾਂ ਜੋ ਮਿਥਿਆ ਟੀਚਾ ਪੂਰਾ ਹੋ ਸਕੇ? ਇਸ ਗੱਲ ਦਾ ਫੈਸਲਾ ਕਰਨਾ ਹੀ ਤਰਕਸ਼ੀਲ (rational) ਹੋਣਾ ਹੈ। ਭਾਵ ਇਹ ਕਿ ਇਸ ਕਿਰਿਆ ਦਾ ਅਰਥ ਹੀ ਟੀਚੇ ਨੂੰ ਜ਼ਰੀਏ ਨਾਲ ਜੋੜਨ ਦਾ ਹੈ। Means-End relationship ਦੀ ਮਹੱਤਤਾ ਹੈ। ਇਹ ਰਿਸ਼ਤਾ ਜਿੰਨਾ ਸਿੱਧਾ ਤੇ ਪੱਕਾ ਹੋਵੇ ਇਕ ਸਮਾਜਿਕ ਕਾਰਜ ਉਤਨਾ ਹੀ ਤਰਕਸ਼ੀਲ ਹੋਵੇਗਾ। ਜਿਉਂ ਜਿਉਂ ਮਨੁੱਖੀ ਸਮਾਜ ਤਰੱਕੀ ਕਰ ਰਿਹਾ ਹੈ ਇਸ ਕਿਰਿਆ ਦਾ ਪਸਾਰ ਵੀ ਉਨਾਂ ਹੀ ਜ਼ਿਆਦਾ ਹੋਣ ਦੀ ਲੋੜ ਹੈ। ਇਸ ਤਰ੍ਹਾਂ ਇਹ ਵੀ ਆਧੁਨਿਕੀਕਰਨ ਦੀ ਇਕ ਅਤਿ ਜ਼ਰੂਰੀ ਕਸੌਟੀ ਹੋਣ ਦਾ ਦਾਵਾ ਕਰਦੀ ਹੈ।

**7.2.3 ਆਲੋਚਨਾਤਮਕ ਜਾਗਰੂਕਤਾ** (Critical Consciousness) : ਧਰਮਨਿਰਪੇ ਖੀਕਰਨ ਦੀ ਤੀਸਰੀ ਵਿਸ਼ੇਸ਼ਤਾ ਹੈ ਆਲੋਚਨਾਤਮਕ ਜਾਗਰੂਕਤਾ। ਪਹਿਲਾਂ ਧਰਮ ਵਿਅਕਤੀ ਦੀ ਸੋਚ ਤੇ ਇੰਨਾ ਹਾਵੀ ਸੀ ਕਿ ਓਹ ਬਿਨਾਂ ਸੋਚੇ ਸਮਝੇ ਜਾਂ ਉਸਦੇ ਕਾਰਨ ਲੱਭੇ ਹਰ ਕੰਮ ਕਰਦਾ ਸੀ ਜਿਸਨੂੰ ਧਾਰਮਿਕ ਮੌਤ (religious dogma) ਕਿਹਾ ਜਾ ਸਕਦਾ ਹੈ। ਪਰ ਸਿੱਖਿਆ ਦੇ ਪਸਾਰ ਨਾਲ ਅਤੇ ਵਿਗਿਆਨਕ ਸੋਚ ਕਾਰਨ ਵਿਅਕਤੀਆਂ ਵਿਚ ਆਲੋਚਨਾਤਮਕ ਜਾਗਰੂਕਤਾ ਪੈਦਾ ਹੋਈ ਜਿਸਦੇ ਫਲਸਰੂਪ ਉਨ੍ਹਾਂ ਨੇ ਤਰਕ ਪੂਰਵਕ ਘੋਖ ਪਰਖ ਕੇ ਅਤੇ ਉਸਦੇ ਕਾਰਨ ਤੇ ਪਰਿਣਾਮਾਂ ਨੂੰ ਜਾਣਦੇ ਹੋਏ ਹਰ ਕ੍ਰਿਆ ਨੂੰ ਕਰਨਾ ਸ਼ੁਰੂ ਕੀਤਾ। ਇਸ ਵਿਗਿਆਨਕ ਸੂਝ ਬੂਝ ਕਾਰਨ ਸਾਰੀਆਂ ਸਮਾਜਿਕ ਸੰਸਥਾਵਾਂ ਉੱਪਰ ਧਰਮ ਦਾ ਕੰਟਰੋਲ ਘਟਣਾ ਸ਼ੁਰੂ ਹੋ ਗਿਆ ਅਤੇ ਲੋਕਾਂ ਦਾ ਨਜ਼ਰੀਆ ਧਾਰਮਿਕ ਦੀ ਬਜਾਇ ਵਿਗਿਆਨਿਕ ਹੋ ਗਿਆ। ਹੁਣ ਮਨੁੱਖ ਨੇ ਹਰ ਇਕ ਕ੍ਰਿਆ ਨੂੰ ਪ੍ਰਸ਼ਨ ਚਿੰਨ੍ਹ ਲਗਾ ਕੇ ਵੇਖਣਾ ਸ਼ੁਰੂ ਕਰ ਦਿੱਤਾ।

## 7.3 ਇਸ ਪ੍ਰਕ੍ਰਿਆ ਲਈ ਜ਼ਿੰਮੇਵਾਰ ਕਾਰਕ

ਆਓ ਹੁਣ ਅਸੀਂ ਧਰਮਨਿਰਪੇਖੀਕਰਣ ਜਾਂ ਸੈਕੂਲੇਰਾਈਜੇਸ਼ਨ ਦੇ ਕਾਰਨਾਂ ਬਾਰੇ ਜਾਣੀਏ। ਜਿਵੇਂ ਕਿ

ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਇਸ ਪ੍ਰਕ੍ਰਿਆ ਲਈ ਕੋਈ ਇਕ ਕਾਰਕ ਜ਼ਿੰਮੇਵਾਰ ਨਹੀਂ, ਪਰੰਤੂ ਇਹ ਹੌਲੀ ਹੌਲੀ ਵਾਪਰਨ ਵਾਲੀ ਪ੍ਰਕ੍ਰਿਆ ਹੈ। ਜਿਸ ਲਈ ਕਈ ਕਾਰਕ ਜ਼ਿੰਮੇਵਾਰ ਹਨ ਜਿਵੇਂ :

(ੳ) ਪੱਛਮੀਕਰਣ
(ਅ) ਸਿੱਖਿਆ
(ੲ) ਆਵਾਜਾਈ ਅਤੇ ਸੰਚਾਰ ਦੇ ਸਾਧਨ
(ਸ) ਸ਼ਹਿਰੀਕਰਨ
(ਹ) ਸਮਾਜ ਸੁਧਾਰਕ ਲਹਿਰਾਂ
(ਕ) ਕਾਨੂੰਨ

**7.3.1 ਪੱਛਮੀਕਰਣ (Westernization) :** ਧਰਮਨਿਰਪੇਖੀਕਰਣ ਦਾ ਸਿਹਰਾ ਅਸੀਂ ਅੰਗਰੇਜ਼ੀ ਰਾਜ ਦੇ ਸਿਰ ਬੰਨ੍ਹਦੇ ਹਾਂ ਕਿ ਭਾਰਤ ਵਿਚ ਇਹ ਪ੍ਰਕ੍ਰਿਆ ਨੂੰ ਲਿਆਉਣ ਵਿਚ ਉਹਨਾਂ ਦਾ ਬਹੁਤ ਵੱਡਾ ਰੋਲ ਹੈ। ਸੈਕੂਲੇਰਿਜ਼ਮ ਅਸਲ ਵਿਚ ਪੱਛਮੀਕਰਨ ਦੀ ਹੀ ਦੇਣ ਹੈ। ਭਾਰਤੀ ਸਭਿਅਤਾ ਵਿਚ ਅਧਿਆਤਮਕਵਾਦ ਦਾ ਬੋਲਬਾਲਾ ਸੀ ਜਿਥੇ ਹਰੇਕ ਥਾਂ ਤੇ ਧਰਮ ਨੂੰ ਪਹਿਲ ਦਿੱਤੀ ਜਾਂਦੀ ਸੀ ਪਰ ਬਰਤਾਨਵੀ ਰਾਜ ਨੇ ਜਦੋਂ ਭਾਰਤ ਵਿਚ ਉਦਯੋਗੀਕਰਨ ਸ਼ੁਰੂ ਕਰ ਦਿਤਾ ਤਾਂ ਉਸਦੇ ਲਈ ਧਰਮਨਿਰਪੇਖੀਕਰਨ ਨੂੰ ਉਤਸ਼ਾਹਿਤ ਕਰਨਾ ਜ਼ਰੂਰੀ ਸੀ। ਪੱਛਮੀ ਸਭਿਅਤਾ ਸਮਾਨਤਾ, ਭੌਤਿਕਵਾਦ, ਵਿਅਕਤੀਵਾਦ ਅਤੇ ਆਜ਼ਾਦੀ ਦੇ ਨਿਯਮਾਂ ਤੇ ਆਧਾਰਿਤ ਸੀ। ਹੌਲੀ ਹੌਲੀ ਭਾਰਤੀ ਸਭਿਆਤ ਤੇ ਇਸਦਾ ਅਸਰ ਸ਼ੁਰੂ ਹੋਇਆ ਤੇ ਸਿੱਖਿਆ ਤੇ ਉਦਯੋਗੀਕਰਣ ਦੇ ਕਾਰਨ ਲੋਕਾਂ ਵਿਚ ਭੌਤਿਕਵਾਦ, ਵਿਅਕਤੀਵਾਦ, ਸਮਾਨਤਾ ਅਤੇ ਆਜ਼ਾਦੀ ਦੀ ਹੋੜ੍ਹ ਵੱਧਦੀ ਗਈ ਅਤੇ ਧਰਮ ਦਾ ਨਿਯੰਤਰਣ ਕਮਜ਼ੋਰ ਪੈਂਦਾ ਗਿਆ।

**7.3.2 ਸਿੱਖਿਆ (Education) :** ਬੇਸ਼ੱਕ ਭਾਰਤ ਵਿਚ ਸਿਖਿਆ ਜਾਂ ਪੜ੍ਹਾਈ ਅੰਗਰੇਜ਼ੀ ਰਾਜ ਤੋਂ ਪਹਿਲਾਂ ਵੀ ਸੀ ਪਰ ਜੋ ਸਿਖਿਆ ਪ੍ਰਣਾਲੀ ਦਾ ਢਾਂਚਾ ਅੰਗਰੇਜ਼ਾਂ ਨੇ ਬਣਾਇਆ ਅਤੇ ਅਸੀਂ ਹੁਣ ਤੱਕ ਜਿਸਨੂੰ ਅਪਣਾਇਆ ਹੋਇਆ ਹੈ, ਇਹ ਸਾਰਾ ਪੱਛਮੀ ਹੈ। ਇਹ ਸਮਾਜ ਵਿਚ ਸਭ ਧਰਮਾਂ, ਜਾਤਾਂ, ਔਰਤ-ਮਰਦਾਂ ਨੂੰ ਸਮਾਨਤਾ ਪ੍ਰਦਾਨ ਕਰਨ ਦਾ ਦਾਅਵਾ ਕਰਦਾ ਹੈ। ਇਹ ਲੋਕਾਂ ਨੂੰ ਵਹਿਮਾਂ-ਭਰਮਾਂ ਅਤੇ ਧਾਰਮਿਕ ਮੱਤਾਂ ਤੋਂ ਉਪਰ ਉਠਣ ਲਈ ਪ੍ਰੇਰਦਾ ਹੈ ਅਤੇ ਤਰਕਪੂਰਵਕ ਕਾਰਨ ਤੇ ਪਰਿਣਾਮ ਲੱਭਣ ਲਈ ਪ੍ਰੇਰਦਾ ਹੈ ਜਿਸ ਨਾਲ ਲੋਕਾਂ ਦੀ ਆਮ ਜ਼ਿੰਦਗੀ ਵਿਚ ਧਰਮ ਦੀ ਅਹਿਮੀਅਤ ਘੱਟਦੀ ਹੈ। ਹਰੇਕ ਵਿਅਕਤੀ ਇਸ ਗੱਲ ਬਾਰੇ ਸੁਚੇਤ ਹੋ ਗਿਆ ਹੈ ਕਿ ਜਨਮ ਕਾਰਨ ਜਾਂ ਕਿਸਮਤ ਨਾਲ ਸਮਾਜਿਕ ਸਥਿਤੀ ਨਹੀਂ ਬਣਦੀ ਬਲਕਿ ਇਸਨੂੰ ਉੱਚਾ ਚੁੱਕਣ ਲਈ ਉਸ ਦੀਆਂ ਵਿਅਕਤੀਗਤ ਉਪਲੱਬਧੀਆਂ ਜ਼ਰੂਰੀ ਹਨ। ਪੱਛਮੀ ਸਿੱਖਿਆ ਨੇ ਜਾਤ-ਪਾਤ, ਛੂਆ-ਛਾਤ ਅਤੇ ਪਵਿੱਤਰਤਾ ਅਤੇ ਅਪਵਿੱਤਰਤਾ ਨੂੰ ਛੱਡਣ, ਅੰਤਰਜਾਤੀ ਵਿਆਹ, ਸਹਿ-ਸਿਖਿਆ (coeducation) ਆਦਿ ਨੂੰ ਉਤਸ਼ਾਹਿਤ ਕਰਨ ਵਿਚ ਹਿੱਸਾ ਪਾਇਆ।

**7.3.3 ਆਵਜਾਈ ਅਤੇ ਸੰਚਾਰ ਦੇ ਸਾਧਨ (Means of transportation and communication) :** ਅੰਗਰੇਜ਼ੀ ਸ਼ਾਸਨ ਤੋਂ ਪਹਿਲਾਂ ਆਵਾਜਾਈ ਦੇ ਸਾਧਨ ਬਹੁਤੇ ਵਿਕਸਿਤ ਨਹੀਂ ਸਨ। ਪਰ ਅੰਗਰੇਜ਼ਾਂ ਨੇ ਉਦਯੋਗੀਕਰਨ ਨੂੰ ਵਧਾਉਣ ਅਤੇ ਸੰਚਾਰ ਦੇ ਸਾਧਨਾਂ ਦਾ ਵਿਕਾਸ ਕੀਤਾ। ਜਿਸ ਦੀ ਬਦੌਲਤ ਨਵੇਂ ਨਵੇਂ ਉਦਯੋਗ, ਕਾਰਖਾਨੇ, ਕਿੱਤੇ, ਵਿਕਸਿਤ ਹੋਏ ਅਤੇ ਨਾਲ ਹੀ ਸ਼ਹਿਰਾਂ ਦੀ ਉਤਪੱਤੀ ਹੋਈ। ਰੇਲਾਂ, ਬੱਸਾਂ ਵਿਚ ਇੱਕਠੇ ਸਫਰ ਕਰਨ ਨਾਲ ਅਤੇ ਕਾਰਖਾਨਿਆਂ, ਉਦਯੋਗਾਂ ਵਿਚ ਇਕੱਠੇ ਕੰਮ ਕਰਨ ਨਾਲ ਜਾਤ ਪਾਤ ਛੂਆ ਛੂਤ, ਪਵਿਤਰਤਾ ਅਤੇ ਅਪਵਿਤਰਤਾ ਜਿਹੀਆਂ ਭਾਵਨਾਵਾਂ ਦੀ ਪਕੜ ਕਮਜ਼ੋਰ ਪੈਣ ਲੱਗੀ ਅਤੇ ਵੱਖ ਵੱਖ ਧਰਮਾਂ, ਜਾਤਾਂ ਪ੍ਰਦੇਸ਼ਾਂ ਦੇ ਲੋਕਾਂ ਦਾ ਸੰਪਰਕ ਵਧਣ ਨਾਲ ਵਿਚਾਰ ਵਟਾਂਦਰਾ ਵੱਧਣ ਨਾਲ ਪਰੰਪਰਾਵਾਂ ਨੂੰ ਠੇਸ ਪਹੁੰਚੀ। ਲੋਕਾਂ ਨੇ ਮਰਜ਼ੀ ਨਾਲ ਕਿੱਤੇ ਚੁਨਣੇ ਸ਼ੁਰੂ ਕਰ ਦਿੱਤੇ ਅਤੇ ਸਮਾਜਿਕ ਗਤੀਸ਼ੀਲਤਾ ਕਿਰਤ ਵੰਡ, ਨਿਪੁੰਨਤਾ ਅਤੇ ਅੰਤਰ ਨਿਰਭਰਤਾ ਦਿਨੋ ਦਿਨ ਵੱਧਣ ਲੱਗੀ। ਇਨ੍ਹਾਂ ਸਭਨਾਂ ਉਪਰ ਧਰਮ ਦੀ ਪਕੜ ਕਮਜ਼ੋਰ ਹੋ ਗਈ।

**7.3.4 ਸ਼ਹਿਰੀਕਰਣ (Urbanization) :** ਉਦਯੋਗੀਕਰਨ ਦੇ ਨਾਲ ਨਾਲ ਸ਼ਹਿਰਾਂ ਦਾ

ਵਿਕਾਸ ਵੀ ਤੇਜ਼ੀ ਨਾਲ ਹੋਇਆ। ਰੋਜ਼ੀ ਰੋਟੀ ਦੇ ਜ਼ਿਆਦਾ ਸਾਧਨ ਮੁਹੱਈਆਂ ਹੋਣ ਕਾਰਨ ਲੋਕਾਂ ਦਾ ਰੁਝਾਨ ਸ਼ਹਿਰਾਂ ਵੱਲ ਨੂੰ ਹੋਣ ਲਗਾ। ਜਿਵੇਂ ਕਿ ਪਹਿਲਾਂ ਵੀ ਵਰਨਣ ਕੀਤਾ ਜਾ ਚੁੱਕਾ ਹੈ ਕਿ ਵੱਖ ਵੱਖ ਧਰਮਾਂ, ਜਾਤਾਂ, ਪ੍ਰਦੇਸ਼ਾਂ ਦੇ ਲੋਕ ਇਕੱਠੇ ਰਹਿਣ ਲੱਗੇ। ਸਿਖਿਆ, ਸੰਚਾਰ ਆਵਾਜਾਈ ਅਤੇ ਕਿੱਤਿਆ ਵਰਗੇ ਸਾਧਨਾਂ ਦੀ ਉਪਲੱਬਧਤਾ ਕਾਰਨ ਲੋਕਾਂ ਦੀ ਵਿਚਾਰਧਾਰਾ ਤੇ ਡੂੰਘਾ ਪ੍ਰਭਾਵ ਪਿਆ। ਧਰਮ ਦੀ ਕੱਟੜਤਾ ਹੋਲੀ ਹੋਲੀ ਢਿੱਲੀ ਹੋਣ ਲਗੀ ਅਤੇ ਲੋਕਾਂ ਵਿਚ ਤਰਕ ਅਤੇ ਆਲੋਚਨਾਤਮਕ ਜਾਗਰੂਕਤਾ ਵਿਕਸਿਤ ਹੋਈ। ਵਿਅਕਤੀਵਾਦ, ਭੌਤਿਕਵਾਦ ਅਤੇ ਸਮਾਨਤਾ ਆਦਿ ਸ਼ਹਿਰੀਕਰਨ ਦੀ ਹੀ ਦੇਣ ਹਨ।

**7.3.5 ਸਮਾਜ ਸੁਧਾਰਕ ਲਹਿਰਾਂ** (Reform movements) ਸਮੇਂ ਸਮੇਂ ਸਮਾਜ ਸੁਧਾਰਕ ਅੰਦੋਲਨਾਂ ਨੇ ਵੀ ਧਰਮ ਨਿਰਪੇਖੀਕਰਨ ਦੀ ਪ੍ਰਕ੍ਰਿਆ ਨੂੰ ਵਧਾਉਣ ਵਿਚ ਹਿੱਸਾ ਪਾਇਆ ਹੈ। **ਰਾਜਾ ਰਾਮ ਮੋਹਨ ਰਾਏ, ਸਵਾਮੀ ਦਯਾਨੰਦ, ਮਹਾਤਮਾ ਗਾਂਧੀ, ਸਰ ਸੱਯਦ ਅਹਿਮਦ ਖਾਂ** ਆਦਿ ਅਨੇਕਾਂ ਵਿਅਕਤੀਆਂ ਨੇ ਸਮਾਜ ਸੁਧਾਰਕ ਲਹਿਰਾਂ ਚਾਲੂ ਕੀਤੀਆਂ ਤਾਂ ਜੋ ਸਮਾਜ ਵਿਚ ਪ੍ਰਚਲਿਤ ਅਨੇਕਾਂ ਕੁਰੀਤੀਆਂ ਜਿਵੇਂ ਜਾਤ ਪਾਤ, ਛੁਆ ਛੂਤ, ਸਤੀ ਪ੍ਰਥਾ, ਬਾਲ-ਵਿਆਹ, ਆਦਿ ਨੂੰ ਦੂਰ ਕੀਤਾ ਜਾ ਸਕੇ। ਇਹ ਅੰਦੋਲਨ ਜਿਵੇਂ ਆਰੀਆ ਸਮਾਜ, ਬ੍ਰਹਮੋ ਸਮਾਜ, ਰਾਮਾ ਕ੍ਰਿਸ਼ਨ ਮਿਸ਼ਨ, ਸਰਵੋਦਯ ਆਦਿ ਨੇ ਸਮਾਜ ਵਿਚ ਸਮਾਨਤਾ ਲਿਆਉਣਾ ਅਤੇ ਨੀਵੀਆਂ ਜਾਤਾਂ ਦੀ ਧਾਰਮਿਕ ਅਤੇ ਸਮਾਜਿਕ ਦਸ਼ਾ ਨੂੰ ਸੁਧਾਰਨ ਦੇ ਯਤਨ ਕੀਤੇ। ਜਿਸ ਨਾਲ ਬ੍ਰਾਹਮਣਵਾਦ ਦਾ ਖਾਤਮਾ ਹੋਣ ਲੱਗਾ ਅਤੇ ਧਰਮਨਿਰਪੇਖੀਕਰਣ ਦੀ ਪ੍ਰਕ੍ਰਿਆ ਨੂੰ ਉਤਸ਼ਾਹ ਮਿਲਿਆ।

**7.3.6 ਕਾਨੂੰਨ (Law) :** ਉਪਰੋਕਤ ਸਾਧਨਾਂ ਤੋਂ ਇਲਾਵਾ ਕਾਨੂੰਨ ਨੇ ਵੀ ਧਰਮਨਿਰਪੇਖੀਕਰਣ ਨੂੰ ਵਿਕਸਿਤ ਕਰਨ ਵਿਚ ਅਹਿਮ ਰੋਲ ਅਦਾ ਕੀਤਾ ਹੈ। ਕਈ ਵਾਰ ਵਿਅਕਤੀ ਸਮਾਜ ਸੁਧਾਰਕ ਅੰਦੋਲਨਾਂ ਜਾਂ ਸਿਖਿਆ ਤੋਂ ਪ੍ਰਭਾਵਿਤ ਹੋ ਕੇ ਜਾਂ ਧਾਰਮਿਕ ਕੱਟੜਤਾ ਕਾਰਨ ਸਮਾਜਿਕ ਕੁਰੀਤੀਆਂ ਨੂੰ ਛੱਡਣਾ ਨਹੀਂ ਚਾਹੁੰਦਾ ਤਾਂ ਕਾਨੂੰਨ ਉਨ੍ਹਾਂ ਨੂੰ ਸਖਤੀ ਨਾਲ ਲਾਗੂ ਕਰਦਾ ਹੈ। ਲੋਕ ਦੰਡ ਜਾਂ ਸਜ਼ਾ ਦੇ ਡਰ ਤੋਂ ਉਨ੍ਹਾਂ ਨੂੰ ਅਪਣਾਉਂਦੇ ਹਨ। ਇਸ ਤਰ੍ਹਾਂ ਧਰਮਨਿਰਪੇਖੀਕਰਣ ਨੂੰ ਉਤਸ਼ਾਹਿਤ ਕਰਨ ਵਾਸਤੇ ਵਿਧਵਾ ਪੁਨਰ ਵਿਆਹ ਐਕਟ, ਹਿੰਦੂ ਵਿਆਹ ਤੇ ਤਲਾਕ ਐਕਟ, ਦਹੇਜ ਮਨਾਹੀ ਐਕਟ, ਬਾਲ ਵਿਆਹ ਤੇ ਰੋਕ ਤੇ ਖਾਸ ਉਮਰ ਨਿਰਧਾਰਿਤ ਆਦਿ ਐਕਟ ਜਿਨ੍ਹਾਂ ਨੇ ਸਮਾਜ ਵਿਚ ਖਾਸ ਕਿਸਮ ਦੀਆਂ ਤਬਦੀਲੀਆਂ ਲਿਆਂਦੀਆਂ। ਇਨ੍ਹਾਂ ਸਭਨਾਂ ਨੂੰ ਧਰਮ ਨਾਲੋਂ ਨਿਖੇੜ ਕੇ ਤਰਕਪੂਰਵਕ ਨਜ਼ਰੀਏ ਨਾਲ ਵੇਖਣ ਲਈ ਲੋਕਾਂ ਨੂੰ ਪ੍ਰੇਰਿਆ। ਇਸ ਤਰ੍ਹਾਂ ਭਾਰਤੀ ਸੰਵਿਧਾਨ ਦੀ ਧਾਰਾ 15 (1) ਵਿਚ ਸ਼ਾਮਿਲ ਹੈ ਕਿ ਰਾਜ ਕਿਸੇ ਨਾਗਰਿਕ ਵਿਰੁੱਧ ਕੇਵਲ ਧਰਮ, ਜਾਤ, ਮੂਲ, ਵੰਸ਼, ਲਿੰਗ, ਜਨਮ ਸਥਾਨ ਅਤੇ ਇਨ੍ਹਾ ਵਿਚੋਂ ਕਿਸੇ ਵੀ ਇਕ ਅਧਾਰ ਤੇ ਵਿਤਕਰਾ ਨਹੀਂ ਕਰ ਸਕਦਾ। ਕਾਨੂੰਨ ਦੀ ਨਜ਼ਰ ਵਿਚ ਸਭ ਲੋਕ ਬਰਾਬਰ ਹਨ ਅਤੇ ਸਭ ਦੇ ਅਧਿਕਾਰ ਬਰਾਬਰ ਹਨ।

## 7.4 ਧਰਮਨਿਰਪੇਖੀਕਰਣ ਦੀ ਪ੍ਰਕ੍ਰਿਆ ਦਾ ਅਸਰ

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਧਰਮਨਿਰਪੇਖੀਕਰਣ ਦੀ ਪ੍ਰਕ੍ਰਿਆ ਨੂੰ ਉਤਸ਼ਾਹਿਤ ਕਰਨ ਲਈ ਅਨੇਕਾਂ ਕਾਰਨ ਜ਼ਿੰਮੇਵਾਰ ਹਨ। ਬੇਸ਼ਕ ਭਾਰਤ ਵਿਚ ਇਸ ਦਾ ਨੀਂਹ ਪੱਥਰ ਅੰਗਰੇਜ਼ੀ ਸਰਕਾਰ ਨੇ ਰਖਿਆ ਪਰ ਆਜ਼ਾਦ ਭਾਰਤ ਵਿਚ ਵੀ ਅਨੇਕਾਂ ਯਤਨਾਂ ਨਾਲ ਇਸਨੂੰ ਵਿਕਸਿਤ ਕੀਤਾ ਜਾ ਰਿਹਾ ਹੈ। ਆਓ ਹੁਣ ਇਕ ਨਜ਼ਰ ਇਸ ਗੱਲ ਵੱਲ ਮਾਰੀਏ ਕਿ ਇਸ ਧਰਮਨਿਰਪੇਖੀਕਰਣ ਦਾ ਅਸਰ ਮਨੁੱਖੀ ਸਮਾਜ ਦੇ ਕਿਹੜੇ ਕਿਹੜੇ ਪਹਿਲੂਆਂ ਤੇ ਪਿਆ। ਬੇਸ਼ਕ ਉਨ੍ਹਾਂ ਸਾਰੇ ਪਰਿਵਰਤਨਾਂ ਨੂੰ ਇਥੇ ਬਿਆਨ ਕਰਨਾ ਸੰਭਵ ਨਹੀਂ ਪਰ ਅਸੀਂ ਕੁਝ ਅਹਿਮ ਖੇ ਤਰਾਂ ਤੇ ਨਜ਼ਰ ਮਾਰਦੇ ਹਾਂ ਜਿਨ੍ਹਾਂ ਉਤੇ ਇਸਦਾ ਅਸਰ ਜ਼ਿਆਦਾ ਹੋਇਆ ਜਿਵੇਂ :

**7.4.1 ਸ਼ੁੱਧਤਾ ਅਤੇ ਅਸ਼ੁੱਧਤਾ ਦੀ ਧਾਰਨਾ (The concept of pure and impure) :** ਭਾਰਤੀ ਸਭਿਅਤਾ ਵਿਚ ਜਾਤੀ ਪ੍ਰਥਾ ਦੇ ਨਾਲ ਨਾਲ ਸ਼ੁੱਧਤਾ ਅਤੇ ਅਸ਼ੁੱਧਤਾ ਦੀ ਧਾਰਨਾ ਵੀ ਪ੍ਰਚਲਿਤ ਸੀ। ਇਸੇ ਆਧਾਰ ਤੇ ਹੀ ਵਿਭਿੰਨ ਜਾਤਾਂ ਦੀ ਦੂਰੀ ਨਿਸ਼ਚਿਤ ਸੀ। ਜਾਤ ਪਦ-ਕ੍ਰਮ ਵਿਚ ਉੱਚੀਆਂ ਜਾਤਾਂ ਨੀਵੀਆਂ ਜਾਤਾਂ ਨਾਲੋਂ ਪਵਿੱਤਰ ਮੰਨੀਆਂ ਜਾਂਦੀਆਂ ਸਨ ਅਤੇ ਉਨ੍ਹਾਂ ਦੇ ਕੰਮ ਜਾਂ ਕਿੱਤੇ ਵੀ ਉੱਚ ਸਮਾਜਿਕ ਸਥਿਤੀ ਵਾਲੇ ਹੁੰਦੇ ਸਨ। ਜਿਵੇਂ ਬ੍ਰਾਹਮਣਾਂ ਦਾ ਕੰਮ ਸਿਰਫ ਸਿਖਿਆ ਜਾਂ ਉਪਦੇਸ਼ ਦੇਣਾ ਅਤੇ ਸ਼ੂਦਰ ਜਾਂ ਨੀਵੀਆਂ ਜਾਤਾਂ ਦਾ ਕੰਮ ਉੱਚ ਜਾਤੀਆਂ ਦੀ ਸੇਵਾ ਕਰਨੀ। ਨੀਵੀਆਂ ਜਾਤਾਂ ਦੇ ਕੰਮਾਂ ਨੂੰ ਅਪਵਿੱਤਰ ਮੰਨਿਆ

ਜਾਂਦਾ ਸੀ ਜਿਵੇਂ ਕਿ ਕੋਈ ਬ੍ਰਾਹਮਣ ਉਸਤਰਾ ਜਾਂ ਬਲੇਡ ਲੈ ਕੇ ਆਪਣੀ ਦਾੜ੍ਹੀ ਜਾਂ ਵਾਲਾਂ ਦੀ ਹਜ਼ਾਮਤ ਨਹੀਂ ਸੀ ਕਰ ਸਕਦਾ ਕਿਉਂਕਿ ਇਹ ਕੰਮ ਤਾਂ ਨਾਈ ਦਾ ਹੈ ਅਤੇ ਅਪਵਿੱਤਰ ਹੈ। ਬ੍ਰਾਹਮਣਾਂ ਨੂੰ ਸਿਰਫ ਪਵਿੱਤਰ ਕੰਮ ਕਰਨ ਦੀ ਹੀ ਆਗਿਆ ਸੀ। ਇਸੇ ਤਰ੍ਹਾਂ ਸਮਾਜਿਕ ਸਥਿਤੀ ਵਿਚ ਔਰਤ ਨੂੰ ਅਸ਼ੁੱਧ ਹੋਣ ਦਾ ਦਰਜਾ ਹਾਸਿਲ ਸੀ। ਉਨ੍ਹਾਂ ਨੂੰ ਧਾਰਮਿਕ ਕਰਮ ਕਾਂਡ ਕਰਨ ਦੀ ਮਨਾਹੀ ਸੀ। ਔਰਤਾਂ ਵਿਚ ਵੀ ਵਿਧਵਾ ਔਰਤਾਂ ਦੀ ਸਥਿਤੀ ਹੋਰ ਨੀਵੀਂ ਸੀ। ਇਸ ਸ਼ੁੱਧਤਾ ਅਤੇ ਅਸ਼ੁੱਧਤਾ ਦੀ ਧਾਰਨਾ ਦੇ ਨਾਲ ਹੀ ਪਾਪ ਤੇ ਪੁੰਨ ਦਾ ਵਿਚਾਰ ਜੁੜਿਆ ਹੋਇਆ ਸੀ। ਪਰ ਧਰਮਨਿਰਪੇਖਕਰਣ ਦੇ ਪ੍ਰਭਾਵ ਕਾਰਨ ਇਸ ਸ਼ੁੱਧਤਾ ਦੀ ਧਾਰਨਾ ਕਮਜ਼ੋਰ ਹੋ ਗਈ ਹੈ। ਲੋਕਾਂ ਵਿਚ ਉੱਚੇ-ਨੀਵੇਂ, ਚੰਗੇ-ਮਾੜੇ, ਸ਼ੁੱਧ-ਅਸ਼ੁੱਧ ਦੀ ਧਾਰਨਾ ਨੂੰ ਤਰਕ ਦੀ ਕਸੌਟੀ ਤੇ ਪਰਖਣ ਦੀ ਜਾਗ੍ਰਤੀ ਪੈਦਾ ਹੋ ਗਈ ਹੈ। ਹੁਣ ਬ੍ਰਾਹਮਣ ਵੀ ਨੀਵੀਆਂ ਜਾਤਾਂ ਦੇ ਕਿੱਤੇ ਕਰਦੇ ਹਨ, ਮੀਟ ਖਾਂਦੇ ਹਨ, ਨੀਵੀਆਂ ਜਾਤਾਂ ਦੇ ਲੋਕਾਂ ਨਾਲ ਬਹਿ ਕੇ ਭੋਜਨ ਕਰਦੇ ਹਨ। ਔਰਤਾਂ ਦੀ ਸਮਾਜਿਕ ਸਥਿਤੀ ਵਿਚ ਵੀ ਬਹੁਤ ਬਦਲਾਓ ਆਇਆ ਹੈ।

**7.4.2 ਸੰਸਕਾਰਾਂ ਜਾਂ ਰਹੁ-ਰੀਤਾਂ ਤੇ ਅਸਰ (Effect on rituals) :** ਧਰਮਨਿਰਪੇਖੀਕਰਣ ਦਾ ਅਸਰ ਸਿਰਫ ਸ਼ੁੱਧਤਾ ਅਸ਼ੁੱਧਤਾ ਦੀਆਂ ਧਾਰਨਾਵਾਂ ਜਾਂ ਜਾਤ ਪਾਤ ਤੇ ਹੀ ਨਹੀਂ ਪਿਆ, ਸਗੋਂ ਜੀਵਨ ਦੇ ਵੱਖੋ ਵੱਖ ਪੜ੍ਹਾਵਾਂ ਤੇ ਮਨਾਏ ਜਾਣ ਵਾਲੇ ਸੰਸਕਾਰਾਂ ਜਾਂ ਰਹੁ ਰੀਤਾਂ ਤੇ ਵੀ ਪਿਆ ਹੈ ਅਤੇ ਇਨ੍ਹਾਂ ਵਿਚ ਭਾਰੀ ਪਰਿਵਰਤਨ ਆਇਆ ਹੈ। ਜਨਮ, ਵਿਆਹ ਅਤੇ ਮਰਨ ਸਮੇਂ ਦੇ ਸੰਸਕਾਰਾਂ ਨੇ ਹੁਣ ਧਾਰਮਿਕ ਮਹੱਤਤਾ ਗੁਆ ਦਿੱਤੀ ਹੈ, ਅਤੇ ਇਹ ਸਿਰਫ ਸਮਾਜਿਕ ਅਵਸਰ ਬਣ ਗਏ ਹਨ। ਬਹੁਤ ਸਾਰੇ ਸੰਸਕਾਰਾਂ ਨੂੰ ਤਿਆਗ ਦਿੱਤਾ ਗਿਆ ਹੈ। ਨਾਮਕਰਨ, ਵਿਆਹ, ਦਾਹ-ਸੰਸਕਾਰ ਦੀਆਂ ਅਨੇਕਾਂ ਰੀਤਾਂ ਵਿਚ ਪਰਿਵਰਤਨ ਆਇਆ ਹੈ ਜਿਵੇਂ ਪਹਿਲਾਂ ਵਿਧਵਾ ਦਾ ਮੁੰਡਨ ਕਰ ਦਿੱਤਾ ਜਾਂਦਾ ਸੀ ਪਰ ਹੁਣ ਪ੍ਰਥਾ ਖਤਮ ਹੋ ਗਈ ਹੈ। ਬਹੁਤ ਸਾਰੇ ਸੰਸਕਾਰ ਆਰਥਿਕ ਸੁਵਿਧਾ ਅਤੇ ਰੁਚੀ ਅਨੁਸਾਰ ਕੀਤੇ ਜਾਂਦੇ ਹਨ।

**7.4.3 ਪਰਿਵਾਰ ਦੀ ਸੰਸਥਾ ਤੇ ਅਸਰ (Effect of Secularization on family system) :** ਪ੍ਰਾਚੀਨ ਕਾਲ ਤੋਂ ਹੀ ਭਾਰਤੀ ਸਮਾਜ ਵਿਚ ਸੰਯੁਕਤ ਪਰਿਵਾਰ (Joint family) ਪ੍ਰਣਾਲੀ ਰਹੀ ਹੈ ਪਰ ਮੌਜੂਦਾ ਸਮਾਜ ਵਿਚ ਇਸ ਪ੍ਰਣਾਲੀ ਦੇ ਢਾਂਚੇ ਅਤੇ ਕਾਰਜਾਂ ਵਿਚ ਭਾਰੀ ਪਰਿਵਰਤਨ ਆਇਆ ਹੈ। ਉਦਯੋਗੀਕਰਨ, ਸ਼ਹਿਰੀਕਰਨ, ਆਵਾਜਾਈ ਅਤੇ ਸੰਚਾਰ ਦੇ ਸਾਧਨ ਕਰਕੇ, ਨੌਕਰੀ ਪੇਸ਼ੇ ਅਤੇ ਔਰਤ ਦੀ ਬਦਲਦੀ ਸਮਾਜਿਕ ਸਥਿਤੀ ਨਾਲ ਇਸ ਸੰਸਥਾ ਵਿਚ ਤਬਦੀਲੀ ਸੁਭਾਵਿਕ ਹੀ ਹੈ। ਸੰਯੁਕਤ ਪਰਿਵਾਰ ਤੋਂ ਹੁਣ ਮੂਲ ਪਰਿਵਾਰਾਂ (nuclear family) ਵੱਲ ਰੁਝਾਨ ਹੋ ਗਿਆ ਅਤੇ ਪਰਿਵਾਰ ਵਲੋਂ ਅਨੇਕਾਂ ਪ੍ਰਕਾਰ ਦੇ ਨਿਭਾਏ ਜਾਣ ਵਾਲੇ ਕਾਰਜ ਹੁਣ ਹੋਰ ਸਭਾਵਾਂ ਅਤੇ ਸੰਸਥਾਵਾਂ ਨੇ ਲੈ ਲਏ ਹਨ। ਸੰਯੁਕਤ ਪਰਿਵਾਰ ਦੀ ਸੰਸਥਾ ਨੂੰ ਧਾਰਮਿਕ ਵਿਸ਼ਵਾਸਾਂ ਅਤੇ ਰਹੁ-ਰੀਤਾਂ ਨੇ ਸਥਾਈ ਬਣਾਈ ਰੱਖਣ ਅਤੇ ਇਸ ਦੇ ਵਿਕਾਸ ਵਿਚ ਯੋਗਦਾਨ ਪਾਇਆ ਪਰ ਧਰਮਨਿਰਪੇਖੀਕਰਨ ਦੇ ਕਾਰਨ ਜਿਥੇ ਪਰਿਵਾਰਕ ਜੀਵਨ ਵਿਚ ਧਰਮ ਦੀ ਅਹਿਮੀਅਤ ਘੱਟਦੀ ਗਈ ਉਥੇ ਪਰਿਵਾਰਾਂ ਦਾ ਟੁੱਟਣਾ, ਤਲਾਕ ਆਦਿ ਵੱਧਣ ਲਗ ਪਏ ਹਨ। ਹੁਣ ਪਰਿਵਾਰ ਦੀ ਸੰਸਥਾ ਧਾਰਮਿਕ ਫਰਜ਼ਾਂ ਨੂੰ ਨਿਭਾਉਣ ਲਈ ਨਹੀਂ ਬਣਾਈ ਜਾਂਦੀ ਸਗੋਂ ਜੀਵਨ ਜੀਉਣ ਲਈ ਇਕ ਸਾਥ ਲੱਭਣ ਵਾਸਤੇ ਬਣਾਈ ਜਾਂਦੀ ਹੈ।

**7.4.4 ਪੇਂਡੂ ਸਮੁਦਾਇ ਤੇ ਅਸਰ (Village Community and Secularization):** ਕੇਵਲ ਸ਼ਹਿਰੀ ਸਮਾਜ ਹੀ ਧਰਮ ਨਿਰਪੇਖੀਕਰਨ ਤੋਂ ਪ੍ਰਭਾਵਿਤ ਨਹੀਂ ਹੋਇਆ, ਬਲਕਿ ਪੇਂਡੂ ਸਮੁਦਾਇ ਤੇ ਵੀ ਇਸਦਾ ਕਾਫੀ ਅਸਰ ਪਿਆ ਹੈ। ਵਿਗਿਆਨ ਦੇ ਪ੍ਰਭਾਵ ਕਾਰਨ ਪੇਂਡੂ ਲੋਕਾਂ ਵਿਚ ਵੀ ਧਰਮ ਦਾ ਪ੍ਰਭਾਵ ਕਾਫੀ ਘੱਟ ਗਿਆ ਹੈ। ਉਹ ਅੰਨ੍ਹੇ ਅੰਧ ਵਿਸ਼ਵਾਸੀ ਅਤੇ ਰੂੜੀਵਾਦੀ ਨਹੀਂ ਰਹੇ ਅਤੇ ਧਾਰਮਿਕ ਰਹੁ ਰੀਤਾਂ ਨੂੰ ਬਹੁਤਾ ਮਹੱਤਵ ਨਹੀਂ ਦਿੰਦੇ। ਪਿੰਡਾਂ ਵਿਚ ਜਾਤ ਪੰਚਾਇਤਾਂ ਦੀ ਥਾਂ ਹੁਣ ਪੇਂਡੂ ਪੰਚਾਇਤਾਂ ਨੇ ਲੈ ਲਈ ਹੈ। ਇਹ ਧਾਰਮਿਕ ਆਧਾਰ ਤੇ ਨਹੀਂ ਸਗੋਂ ਰਾਜਨੀਤਿਕ ਆਧਾਰ ਤੇ ਬਣਾਈਆਂ ਜਾਂਦੀਆਂ ਹਨ। ਪੇਂਡੂ ਸਮਾਜ ਵਿਚ ਵੀ ਹੁਣ ਸਮਾਜਿਕ ਸਥਿਤੀ ਦੀ ਕਸੌਟੀ ਧੰਨ ਦੌਲਤ ਹੋ ਗਈ ਹੈ ਨਾ ਕਿ ਜਾਤ। ਪਿੰਡਾਂ ਵਿਚ ਬ੍ਰਾਹਮਣਾ ਦੀ ਸਥਿਤੀ ਅਜੱ ਕਲ੍ਹ ਨੀਵੀਂ ਹੈ। ਪਿੰਡਾਂ ਵਿਚ ਪੇਸ਼ੇ ਵੀ ਹੁਣ ਪਹਿਲਾਂ ਵਾਂਗ ਜਾਤ ਤੇ ਆਧਾਰਿਤ ਨਹੀਂ ਰਹੇ। ਸ਼ੁੱਧਤਾ ਅਤੇ ਅਸ਼ੁੱਧਤਾ ਦੀ ਧਾਰਨਾ ਵੀ ਘਟਦੀ ਜਾ ਰਹੀ ਹੈ।

## 7.5 ਸਾਰ

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਧਰਮਨਿਰਪੇਖੀਕਰਨ ਦੀ ਪ੍ਰਕ੍ਰਿਆ ਨੇ ਭਾਰਤੀ ਸਮਾਜ ਦੇ ਹਰੇਕ ਪਹਿਲੂ ਅਤੇ ਹਰੇਕ ਸੰਸਥਾ ਨੂੰ ਪ੍ਰਭਾਵਿਤ ਕੀਤਾ ਹੈ। ਲੋਕਾਂ ਨੇ ਰੂੜੀਵਾਦੀ ਵਿਚਾਰਾਂ ਨੂੰ ਤਿਆਗ ਕੇ ਵਿਗਿਆਨਕ ਦ੍ਰਿਸ਼ਟੀਕੋਣ ਅਪਣਾ ਲਿਆ ਹੈ, ਕਿਉਂਕਿ ਇਹ ਸਮੇਂ ਦੀ ਲੋੜ ਹੈ। ਦੂਸਰੇ, ਭਾਰਤ ਜਿਹੇ ਮੁਲਕ ਵਿਚ ਜਿਥੇ ਅਨੇਕਾਂ ਧਰਮਾਂ ਦੇ ਲੋਕ ਰਹਿੰਦੇ ਹਨ ਉਥੇ ਸਾਰੇ ਧਰਮਾਂ ਨੂੰ ਬਰਾਬਰ ਸਨਮਾਨ ਦੇਣਾ ਜ਼ਰੂਰੀ ਹੈ। ਇਸ ਪ੍ਰਕ੍ਰਿਆ ਨੇ ਭਾਰਤੀ ਸਮਾਜ ਵਿਚ ਪਰਿਵਰਤਨ ਲਿਆਉਣ ਵਿਚ ਭਾਰੀ ਯੋਗਦਾਨ ਪਾਇਆ ਹੈ।

## 7.6 ਅਭਿਆਸ ਲਈ ਪ੍ਰਸ਼ਨ

(ੳ) ਧਰਮਨਿਰਪੇਖੀਕਰਣ ਕਿਸਨੂੰ ਆਖਦੇ ਹਨ ? ਇਸ ਦੇ ਕੀ ਮੁੱਖ ਲੱਛਣ ਹਨ ?

(ਅ) ਧਰਮਨਿਰਪੇਖੀਕਰਨ ਤੋਂ ਕੀ ਭਾਵ ਹੈ ? ਇਸ ਪ੍ਰਕ੍ਰਿਆ ਲਈ ਜ਼ਿੰਮੇਵਾਰ ਕਾਰਕਾਂ ਤੇ ਰੋਸ਼ਨੀ ਪਾਓ।

**ਸੰਖੇਪ ਸਵਾਲ**

(ੳ) ਧਰਮ ਨਿਰਪੇਖੀਕਰਣ

(ਅ) ਪੇਂਡੂ ਸਮੁਦਾਇ

(ੲ) ਸੁੱਧਤਾ ਅਤੇ ਅਸੁੱਧਤਾ

(ਸ) ਵੱਖਰੀਕਰਣ

(ਹ) ਤਰਕਸ਼ੀਲਤਾ

(ਕ) ਜਾਗਰੂਕਤਾ

## 7.7 ਉਪਯੋਗੀ ਪੁਸਤਕਾਂ

ਐਮ.ਐਨ. ਸਿਰੀਨਿਵਾਸ : ਸ਼ੋਸਲ ਚੇਂਜ ਇਨ ਮਾਡਰਨ ਇੰਡੀਆ

ਸਵਿੰਦਰ ਜੀਤ ਕੌਰ : ਸਮਾਜ ਵਿਗਿਆਨ ਦੇ ਮੂਲ ਸੰਕਲਪ

ਪਾਠ ਨੰਬਰ: 2.4

ਲੇਖਿਕਾ: ਡਾ. ਰੂਪ ਕਮਲ ਕੌਰ

ਅਨੁਵਾਦ: ਪ੍ਰੋ: ਸਪਨਾ ਪ੍ਰੇਮੀ

# ਸ਼ਹਿਰੀਕਰਣ-ਸਮਾਜਿਕ ਪਰਿਵਰਤਨ ਦਾ ਇਕ ਕਾਰਕ
# (Urbanization as a Factor of Social Change)

**ਸਰੰਚਨਾ**

8.0 ਉਦੇਸ਼

8.1 ਅਰਥ

8.2 ਪਰਿਭਾਸ਼ਾਵਾਂ

8.3 ਸ਼ਹਿਰੀਕਰਣ-ਇਕ ਵਿਸ਼ਵ ਵਿਆਪੀ ਰੁਝਾਨ

8.4 ਸ਼ਹਿਰੀਕਰਣ ਦੀ ਮਹਤੱਤਾ

8.5 ਭਾਰਤ ਵਿੱਚ ਸ਼ਹਿਰੀਕਰਣ ਦੇ ਕਾਰਣ

8.5.1 ਜਨਸੰਖਿਆ ਵਿੱਚ ਕੁਦਰਤੀ ਵਾਧਾ

8.5.2 ਲੋਕਾਂ ਦਾ ਸ਼ਹਿਰਾਂ ਵੱਲ ਲਗਾਤਾਰ ਪ੍ਰਵਾਸ

8.5.3 ਸ਼ਹਿਰੀ ਹੱਦਾਂ ਵਿੱਚ ਪਰਿਵਰਤਨ

8.6 ਸ਼ਹਿਰਾਂ ਦੇ ਲਾਭ

8.7 ਸ਼ਹਿਰਾਂ ਦੇ ਨੁਕਸਾਨ

8.8 ਸ਼ਹਿਰੀਕਰਣ ਦੇ ਸਮਾਜਿਕ ਪ੍ਰਭਾਵ

8.8.1 ਸ਼ਹਿਰੀਕਰਣ ਅਤੇ ਪਰਿਵਾਰ

8.8.2 ਸ਼ਹਿਰੀਕਰਣ ਅਤੇ ਜਾਤ-ਪਾਤ

8.8.3 ਸ਼ਹਿਰੀਕਰਣ ਅਤੇ ਇਸਤਰੀ ਦੀ ਦਸ਼ਾ

8.9 ਸ਼ਹਿਰੀਕਰਣ ਦੀਆਂ ਸਮੱਸਿਆਵਾਂ

8.9.1 ਅਤਿ ਭੀੜ ਦੀ ਸਮੱਸਿਆ

8.9.2 ਸ਼ਹਿਰੀ ਰਿਹਾਇਸ਼ ਦੀ ਸਮੱਸਿਆ

8.9.3 ਬਸਤੀਆਂ ਦੀ ਸਮੱਸਿਆ

8.9.4 ਪੀਣ ਦੇ ਪਾਣੀ ਦੀ ਸਮੱਸਿਆ

8.9.5 ਜਲ ਨਿਕਾਸੀ ਪ੍ਰਣਾਲੀ ਦੀ ਸਮੱਸਿਆ

8.9.6 ਆਵਾਜਾਈ ਅਤੇ ਟ੍ਰੈਫਿਕ ਦੀ ਸਮੱਸਿਆ

8.9.7 ਊਰਜਾ ਦੀ ਕਿੱਲਤ ਦੀ ਸਮੱਸਿਆ

8.10 ਸ਼ਹਿਰੀ ਸਮੱਸਿਆਵਾਂ ਨੂੰ ਹਲ ਕਰਨ ਲਈ ਸੁਝਾਅ

8.10.1 ਕੁਸ਼ਲ ਅਤੇ ਅਭਿੰਨ ਸ਼ਹਿਰੀ ਯੋਜਨਾ!!!!

8.10.2 ਸ਼ਹਿਰੀ ਪ੍ਰਸ਼ਾਸਨ ਦਾ ਆਰਥਿਕ ਤੌਰ ‘ਤੇ ਆਤਮ-ਨਿਰਭਰ ਹੋਣਾ

8.10.3 ਰੁਜ਼ਗਾਰ ਦੇ ਜ਼ਿਆਦਾ ਮੌਕੇ ਪ੍ਰਦਾਨ ਕਰਨਾ

8.10.4 ਆਵਾਜਾਈ ਦੀਆਂ ਚੰਗੇਰੀਆਂ ਸਹੂਲਤਾਂ ਪ੍ਰਦਾਨ ਕਰਨਾ

8.10.5 ਕੁਸ਼ਲ ਅਤੇ ਮੁਮਕਿਨ ਰਿਹਾਇਸ਼ੀ ਪ੍ਰਣਾਲੀ ਅਪਨਾਉਣਾ

8.10.6 ਵਾਤਾਵਰਣ ਪ੍ਰਦੂਸ਼ਨ ‘ਤੇ ਨਿਯੰਤਰਣ

8.11 ਆਪਣਾ ਗਿਆਨ ਪਰਖੋ

8.12 ਸਾਰ

8.13 ਕੁੰਜੀ ਸ਼ਬਦ

8.14 ਮਹੱਤਵਪੂਰਨ ਪ੍ਰਸ਼ਨ

8.15 ਸੰਖੇਪ ਪ੍ਰਸ਼ਨ

8.16 ਸੰਦਰਭ ਲਈ ਪੁਸਤਕਾਂ


## 8.0 ਉਦੇਸ਼ (Objectives)

ਇਸ ਪਾਠ ਨੂੰ ਪੜ੍ਹਨ ਤੋਂ ਬਾਅਦ ਵਿਦਿਆਰਥੀ

- ਸ਼ਹਿਰੀਕਰਣ ਦੀ ਧਾਰਣਾ ਨੂੰ ਜਾਣੇਗਾ।
- ਭਾਰਤ ਵਿੱਚ ਸ਼ਹਿਰੀਕਰਣ ਦੇ ਕਾਰਨਾਂ ਨੂੰ ਸਮਝੇਗਾ।
- ਸ਼ਹਿਰਾਂ ਦੇ ਫ਼ਾਇਦੇ ਅਤੇ ਨੁਕਸਾਨਾਂ ਨੂੰ ਜਾਣ ਸਕੇਗਾ।

## 8.1 ਅਰਥ (Meaning)

ਸ਼ਹਿਰੀਕਰਣ ਅਰਥਾਤ ਸ੍ਹਹਿਰਾਂ ਦਾ ਅਪੂਰਵ ਵਿਕਾਸ ਆਧੁਨਿਕ ਵਿਸ੍ਵ ਦੇ ਮਹੱਤਵਪੂਰਨ ਰੁਝਾਨਾਂ ਵਿੱਚੋ ਇੱਕ ਹੈ। ਲੱਖਾਂ ਸਾਲਾਂ ਤੋਂ ਮਨੁੱਖ ਇਸ ਧਰਤੀ ਉਪਰ ਵਾਸ ਕਰਦਾ ਆਇਆ ਹੈ। ਫ਼ਿਰ ਵੀ ਸਾਡੇ ਪੂਰਵਜਾਂ ਨੇ ਉਸ ਸਮੇਂ ਕਈ ਹਜ਼ਾਰ ਸਾਲਾਂ ਤੱਕ ਛੋਟੇ ਬੁਨਿਆਦੀ ਸਮੂਹਾਂ ਵਿੱਚ ਹੀ ਵਾਸ ਕੀਤਾ। ਵੱਡੇ ਸ੍ਹਹਿਰਾਂ ਦਾ ਵਿਕਾਸ ਜਿਨ੍ਹਾਂ ਵਿੱਚ ਸਮਾਜ ਦੀ ਜਨਸੰਖਿਆਂ ਦਾ ਇੱਕ ਵੱਡਾ ਹਿੱਸਾ ਮੌਜੂਦ ਹੈ ਇੱਕ ਹਾਲੀਆ ਵਿਕਾਸ ਹੈ,ਲੇਕਿਨ ਸਾਰੇ ਵਿਸ੍ਵ ਵਿੱਚ ਸ੍ਹਹਿਰਾਂ ਦਾ ਇਹ ਵਿਕਾਸ ਇਕ ਜਬਰਦਸਤ ਤੇਜੀ ਨਾਲ ਹੋ ਰਿਹਾ ਹੈ।

ਸ਼ਹਿਰੀਕਰਣ ਦਾ ਅਰਣ ਜਨਸੰਖਿਆ ਦਾ ਪੇਂਡੂ ਇਲਾਕਿਆਂ ਤੋਂ ਸ੍ਹਹਿਰੀ ਇਲਾਕਿਆਂ ਵੱਲ ਪ੍ਰਵਾਸ ਕਰਨਾ ਹੈ, ਜਿਸ ਦੇ ਨਤੀਜੇ ਵਜੋਂ ਸ਼ਹਿਰੀ ਜਨਸੰਖਿਆ ਵਿੱਚ ਵਾਧਾ ਹੁੰਦਾ ਹੈ। ਇਹ ਅਜਿਹੀ ਪ੍ਰਕਿਰਿਆ ਹੈ ਜਿਸ ਵਿੱਚ ਸਾਰੀ ਜਨਸੰਖਿਆਂ ਦਾ ਇਕ ਵੱਡਾ ਹਿੱਸਾ ਨਗਰਾਂ ਅਤੇ ਉਪ-ਨਗਰਾਂ ਵਿੱਚ ਨਿਵਾਸ ਕਰਦਾ ਹੈ। ਇਤਿਹਾਸ ਵਿੱਚ ਸ਼ਹਿਰੀਕਰਣ ਨੂੰ ਉਦਯੋਗੀਕਰਨ ਨਾਲ ਜੋੜਿਆ ਜਾਂਦਾ ਰਿਹਾ ਹੈ।ਉਦਯੋਗੀਕਰਨ ਨੂੰ ਸ੍ਹਹਿਰੀਕਰਣ ਦੀ ਪ੍ਰਕਿਰਿਆ ਵਿੱਚ ਇਕ ਮਹੱਤਵਪੂਰਨ ਤੱਤ ਦੇ ਰੂਪ ਵਿੱਚ ਮੰਨਿਆ ਜਾਂਦਾ ਹੈ। ਜਨ-ਗਣਨਾ ਦੇ ਅਨੁਸਾਰ ਇੱਕ ਸ੍ਹਹਿਰੀ ਇਲਾਕਾ ਉਹ ਹੈ ਜਿਸ ਦੀ ਜਨਸੰਖਿਆ 5000 ਜਾਂ ਇਸ ਤੋਂ ਉਪਰ ਹੈ, ਅਤੇ ਜਿੱਥੇ ਜਨਸੰਖਿਆ ਦੀ ਘਣਤਾ 100 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ। ਕੁੱਲ ਜਨਸੰਖਿਆ ਦਾ ਲਗਭਗ ਤਿੰਨ ਚੌਥਾਈ ਹਿੱਸਾ, ਗੌਣ ਕੰਮ ਧੰਦਿਆਂ ਜਿਵੇਂ ਕਿ ਉਤਪਾਦਨ, ਮਸ਼ੀਨੀ ਕੰਮ, ਵਪਾਰ, ਵਣਜ, ਕਿੱਤਾ, ਸਰਕਾਰੀ ਤੇ ਹੋਰ ਦੂਜੇ ਗੈਰ ਖੇਤੀਬਾੜੀ ਕੰਮਾਂ ਵਿੱਚ ਕਾਰਜਸ਼ੀਲ ਹੈ।

## 8.2 ਪਰਿਭਾਸ਼ਾਵਾਂ (Definitions):-

C.B.Mamoria ਦੇ ਅਨੁਸਾਰ, "ਸ੍ਹਹਿਰੀਕਰਣ ਉਹ ਪ੍ਰਕਿਰਿਆ ਹੈ, ਜਿਸ ਦੇ ਦੁਆਰਾ ਸ੍ਹਹਿਰੀ ਕਦਰਾਂ-ਕੀਮਤਾਂ ਦਾ ਪਸਾਰਾ ਹੁੰਦਾ ਹੈ, ਵਿਵਹਾਰ ਦੇ ਤਰੀਕਿਆਂ ਵਿੱਚ ਪਰਿਵਰਤਨ ਆਉਂਦਾ ਹੈ ਅਤੇ ਲੋਕਾਂ ਦਾ ਪਿੰਡਾਂ ਤੋਂ ਸ੍ਹਹਿਰਾਂ ਵੱਲ ਪ੍ਰਵਾਸ ਹੁੰਦਾ ਹੈ।"

" Urbanization refers to process by which the urban values get diffused, behavior patterns are transformed and movement from villages to cities occur."

Wallace ਅਤੇ Wallace ਦੇ ਅਨੁਸਾਰ, ਸ੍ਹਹਿਰੀਕਰਣ- " ਲੋਕਾਂ ਦਾ ਪੇਂਡੂ ਇਲਾਕਿਆਂ ਤੋਂ ਸ੍ਹਹਿਰਾਂ ਵੱਲ ਪ੍ਰਵਾਸ ਕਰਨਾ ਹੈ।"

Urbanization refers to " the movement of people from rural areas to city."

Anderson ਦੇ ਮੱਤ ਅਨੁਸਾਰ, "ਸ਼ਹਿਰੀਕਰਣ ਨਾ ਕੇਵਲ ਜਨਸੰਖਿਆ ਦਾ ਸ਼ਹਿਰਾਂ ਵੱਲ ਪ੍ਰਵਾਸ ਕਰਨਾ ਹੈ, ਬਲਕਿ ਇਸ ਵਿੱਚ ਪ੍ਰਵਾਸੀ ਲੋਕਾਂ ਦੀਆਂ ਮਨੋਬਿਰਤੀਆਂ,ਕਦਰਾਂ-ਕੀਮਤਾਂ ਅਤੇ ਵਿਵਹਾਰਿਕ ਤਰੀਕਿਆਂ ਵਿੱਚ ਪਰਿਵਰਤਨ ਵੀ ਸ਼ਾਮਿਲ ਹੈ।"

"Urbanization involves not only movement of population to cities but also change in the migrants' attitudes, values and behavior patterns."

Ram Ahuja ਅਨੁਸਾਰ, "ਸ਼ਹਿਰੀਕਰਣ ਜਨਸੰਖਿਆ ਦਾ ਪੇਂਡੂ ਇਲਾਕਿਆਂ ਤੋਂ ਸ਼ਹਿਰੀ ਇਲਾਕਿਆਂ ਵੱਲ ਪ੍ਰਸਥਾਨ ਹੈ।"

"Urbanization is the movement of population from rural to urban areas."

Thompson Warren ਅਨੁਸਾਰ, "ਸ਼ਹਿਰੀਕਰਣ ਮੁੱਖ ਰੂਪ ਵਿੱਚ ਖੇਤੀਬਾੜੀ ਨਾਲ ਜੁੜੇ ਸਮੂਹ ਦੇ ਲੋਕਾਂ ਦਾ ਹੋਰ ਵੱਡੇ ਸਮੂਹਾਂ ਵੱਲ ਪ੍ਰਵਾਸ ਹੈ, ਜਿਨ੍ਹਾਂ ਦਾ ਕੰਮ-ਕਾਰਜ ਮੁੱਖ ਰੂਪ ਵਿੱਚ ਸਰਕਾਰ,ਵਪਾਰ,ਉਤਪਾਦਨ ਆਦਿ ਨਾਲ ਸੰਬੰਧਿਤ ਹੈ।"

"Urbanization is the movement of people from communities concerned chiefly or solely with agriculture to other communities generally larger, whose activities are primarily centered in government, trade, manufacture or allied interests."

Breese ਦੀ ਟਿਪਣੀ ਹੈ, "ਜੇਕਰ ਆਧੁਨਿਕ ਸਮੇਂ ਵਿੱਚ ਉਦਯੋਗੀਕਰਨ ਨੂੰ ਪਹਿਲੀ ਮਹਾਨ ਅਤੇ ਗਤਿਸ਼ੀਲ ਕ੍ਰਾਂਤੀ ਕਿਹਾ ਜਾ ਸਕਦਾ ਹੈ, ਤਾਂ ਨਿਸ਼ਚਿਤ ਰੂਪ ਵਿੱਚ ਵਿਸ਼ਵ ਦੀ ਦੂਜੀ ਮਹਾਨ ਅਤੇ ਗਤਿਸ਼ੀਲ ਆਧੁਨਿਕ ਕ੍ਰਾਂਤੀ ਸ਼ਹਿਰੀਕਰਣ ਹੈ।"

"If industrialization can be said to have been the first great and continuing revolution in recent times, then certainly, the world's second great, recent and continuing revolution is Urbanization."

### 8.3 ਸ਼ਹਿਰੀਕਰਣ ਇਕ-ਇਕ ਵਿਸ਼ਵ ਵਿਆਪੀ ਰੁਝਾਨ (Urbanizatioin-A Global Trend)

ਸ਼ਹਿਰੀਕਰਣ ਇਕ ਵਿਸ਼ਵ ਵਿਆਪੀ ਰੁਝਾਨ ਬਣ ਗਿਆ ਹੈ। 1900 ਤੋਂ ਲੈ ਕੇ, ਖਾਸਕਰ ਉਦਯੋਗਿਕ ਕ੍ਰਾਂਤੀ ਤੋਂ ਬਾਦ, ਵੱਡੇ ਪੱਧਰ ਤੇ ਸ਼ਹਿਰੀਕਰਣ ਹੋਇਆ। 1900 ਵਿੱਚ, ਪੂਰੇ ਵਿਸ਼ਵ ਵਿੱਚ ਕੇਵਲ 21 ਸ਼ਹਿਰ ਸਨ

ਜਿਨਾਂ ਦੀ ਆਬਾਦੀ ਇੱਕ ਲੱਖ ਜਾਂ ਇਸ ਤੋਂ ਉਪਰ ਸੀ। 150 ਸਾਲਾਂ ਬਾਦ, 1850 ਵਿੱਚ ਇਨ੍ਹਾਂ ਦੀ ਅਨੁਮਾਨਿਤ ਗਿਣਤੀ 859 ਹੋ ਗਈ। ਇਨ੍ਹਾਂ 859 ਸ਼ਹਿਰਾਂ ਦੀ ਜਨਸੰਖਿਆ ਦਾ ਅਨੁਮਾਨ 31 ਕਰੋੜ 30 ਲੱਖ ਸੀ। ਇਨ੍ਹਾਂ ਵਿੱਚੋਂ 364 ਸ਼ਹਿਰ ਇਕੱਲੇ ਯੂਰਪ ਵਿੱਚ ਸਨ। 1950 ਵਿੱਚ ਵਿਸ਼ਵ ਵਿੱਚ 49 ਅਜਿਹੇ ਸ਼ਹਿਰ ਸਨ ਜਿਨ੍ਹਾਂ ਦੀ ਜਨਸੰਖਿਆ 10 ਲੱਖ ਤੋਂ ਜਿਆਦਾ ਸੀ।

1850 ਤੱਕ, ਪੂਰੇ ਵਿਸ਼ਵ ਦੀ ਜਨਸੰਖਿਆ ਦਾ 5% ਤੋਂ ਵੀ ਘੱਟ ਹਿੱਸਾ ਸ਼ਹਿਰੀ ਸੀ ਅਤੇ ਕੋਈ ਵੀ ਸਮਾਜ ਅਜਿਹਾ ਨਹੀਂ ਸੀ ਜਿਸਦੇ ਲੋਕਾਂ ਦਾ ਅੱਧੇ ਤੋਂ ਵੱਧ ਹਿੱਸਾ ਸ਼ਹਿਰਾਂ ਵਿੱਚ ਰਹਿੰਦਾ ਸੀ। 1850 ਵਿੱਚ, ਕੇਵਲ ਲੰਦਨ ਸ਼ਹਿਰ ਵਿੱਚ 10 ਲੱਖ ਤੋਂ ਜਿਆਦਾ ਲੋਕ ਰਹਿੰਦੇ ਸਨ। ਪਰੰਤੂ ਅੱਜ ਵਿਸ਼ਵ ਦੇ ਸਾਰੇ ਉਦਯੋਗਿਕ ਸਮਾਜਾਂ ਦਾ ਸ਼ਹਿਰੀਕਰਣ ਹੋ ਚੁਕਿਆ ਹੈ ਅਤੇ 140 ਤੋਂ ਵੀ ਵੱਧ ਸ਼ਹਿਰਾਂ ਦੀ ਜਨਸੰਖਿਆ 10 ਲੱਖ ਤੋਂ ਜਿਆਦਾ ਹੈ। Kingsley Davis ਨੇ 1965 ਵਿੱਚ ਅਨੁਮਾਨ ਲਾਇਆ ਸੀ ਕਿ ਜੇਕਰ ਇਹੀ ਰੁਝਾਨ ਕਾਇਮ ਰਿਹਾ ਤਾਂ 20ਵੀਂ ਸਦੀ ਦੇ ਅੰਤਰ ਤੱਕ ਅਜਿਹੇ 500 ਸ਼ਹਿਰ ਹੋ ਜਾਣਗੇ ਜਿਨ੍ਹਾਂ ਦੀ ਜਨਸੰਖਿਆ 10 ਲੱਖ ਤੋਂ ਜਿਆਦਾ ਹੋਵੇਗੀ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਸ਼ਹਿਰਾਂ ਦੀ ਜਨਸੰਖਿਆ 2.5 ਕਰੋੜ ਤੋਂ ਵੀ ਜਿਆਦਾ ਹੋਵੇਗੀ। ਉਸ ਸਮੇਂ ਤੱਕ ਪੂਰੇ ਵਿਸ਼ਵ ਦੀ ਜਨਸੰਖਿਆ ਦਾ 80 ਪ੍ਰਤੀਸ਼ਤ ਤੋਂ ਵੀ ਜਿਆਦਾ ਹਿੱਸਾ ਸ਼ਹਿਰਾਂ ਵਿੱਚ ਵਾਸ ਕਰੇਗਾ। ਖੁਸ਼ਕਿਸਮਤੀ ਸਾਲ 20ਵੀਂ ਸਦੀ ਦੇ ਅੰਤ ਤੱਕ ਪੂਰੇ ਵਿਸ਼ਵ ਦੀ ਜਨਸੰਖਿਆ ਦਾ ਇਸ ਹੱਦ ਤੱਕ ਸ਼ਹਿਰੀਕਰਣ ਨਹੀਂ ਹੋਇਆ।

## 8.4 ਸ਼ਹਿਰੀਕਰਣ ਦੀ ਮਹੱਤਤਾ (Importance of Urbanization)

ਸ਼ਹਿਰੀਕਰਣ ਨੂੰ ਸਮਝਣ ਦੀ ਆਪਣੀ ਮਹੱਤਤਾ ਹੈ ਅਤੇ C.B.Mamoria ਨੇ ਇਸ ਸੰਦਰਭ ਵਿਚ ਚਾਰ ਮਹੱਤਵਪੂਰਨ ਕਾਰਕਾਂ ਦਾ ਵਰਣਨ ਕੀਤਾ ਹੈ:-

1. ਸਥਾਪਿਤ ਹੋਣ ਤੋਂ ਬਾਅਦ ਸ਼ਹਿਰਾਂ ਵਿੱਚ, ਰਾਜਨੀਤਿਕ, ਆਰਥਿਕ, ਉਦਯੋਗਿਕ ਅਤੇ ਹੋਰ ਸੰਬੰਧਿਤ ਵਿਕਾਸ ਦੀ ਸੰਭਾਵਨਾ ਹੁੰਦੀ ਹੈ।

2. ਸ਼ਹਿਰਾਂ ਨੇ ਆਪਣੇ ਆਪ ਨੂੰ ਪ੍ਰਮਾਣਿਤ ਕੀਤਾ ਹੈ ਕਿ ਉਹ ਨਾ ਕੇਵਲ ਲੋਕਾਂ ਦੀ ਭਾਰੀ ਜਨਸੰਖਿਆ ਦੇ ਕੇਂਦਰ ਹਨ ਬਲਕਿ ਬੌਧਿਕ, ਵਿਗਿਆਨਿਕ, ਕਲਾਤਮ, ਵਿਦਿਅਕ, ਰਾਜਨੀਤਿਕ ਅਤੇ ਹੋਰ ਪ੍ਰਾਪਤੀਆਂ ਦੇ ਵੀ ਕੇਂਦਰ ਹਨ।

3. ਮਾਨਵ ਇਤਿਹਾਸ ਵਿੱਚ ਸ਼ਹਿਰਾਂ ਦਾ ਵਿਕਾਸ ਇਕ ਹਾਲੀਆ ਰੁਝਾਨ ਰਿਹਾ ਹੈ ਅਤੇ ਇਸਨੇ ਬਹੁਤ ਸਾਰੇ ਖੇਤਰਾਂ ਵਿੱਚ ਆਪਣਾ ਯੋਗਦਾਨ ਪਾਇਆ ਹੈ।

4. ਸ਼ਹਿਰੀਕਰਣ, ਆਰਥਿਕ ਅਤੇ ਤਕਨੀਕੀ ਵਿਕਾਸ ਦੇ ਨਤੀਜੇ ਵੱਜੋਂ ਉਪਜਦਾ ਰਿਹਾ ਹੈ। ਸ਼ਹਿਰੀਕਰਣ ਹੋਣ ਤੋਂ ਬਾਦ ਇਹ ਪੇਂਡੂ ਲੋਕਾਂ, ਉਨ੍ਹਾਂ ਦੇ ਜੀਵਨ ਅਤੇ ਕਾਰਜਾਂ ਨੂੰ ਨਿਰੰਤਰ ਪ੍ਰਭਾਵਿਤ ਕਰਦਾ ਰਹਿੰਦਾ ਹੈ।

## 8.5 ਭਾਰਤ ਵਿੱਚ ਸ਼ਹਿਰੀਕਰਣ ਦੇ ਕਾਰਣ (Causes of Urbanization in India)

ਭਾਰਤ ਵਿੱਚ ਸ਼ਹਿਰੀਕਰਣ ਨਿਰੰਤਰ ਹੁੰਦਾ ਆ ਰਿਹਾ ਹੈ। ਅਜ਼ਾਦੀ ਤੋਂ ਬਾਦ ਇਸ ਪ੍ਰਕ੍ਰਿਆ ਨੇ ਹੋਰ ਜਿਆਦਾ ਰਫ਼ਤਾਰ ਪਕੜ ਲਈ। ਇਸਦਾ ਪਤਾ ਵੱਡੇ ਸ਼ਹਿਰਾਂ ਦੇ ਵਿਕਾਸ ਅਤੇ ਨਵੇਂ ਸ਼ਹਿਰਾਂ ਦੀ ਸਥਾਪਨਾ ਤੋਂ ਲਗਦਾ ਹੈ। 1901 ਵਿੱਚ ਦੇਸ਼ ਦੀ ਜਨਸੰਖਿਆ ਦਾ ਕੇਵਲ 10.8 ਪ੍ਰਤੀਸ਼ਤ ਹਿੱਸਾ ਸ਼ਹਿਰਾਂ ਅਤੇ ਕਸਬਿਆਂ ਵਿੱਚ ਰਹਿੰਦਾ ਸੀ ਅਤੇ 1981 ਵਿਚ ਇਹ ਵੱਧ ਕੇ 25.72% ਹੋ ਗਿਆ ਅਤੇ ਇਹ ਅਨੁਮਾਨ ਸੀ ਕਿ 2000 ਵਿਚ ਇਹ ਸੰਖਿਆ 28.4% ਹੋ ਜਾਵੇਗੀ। 1901 ਅਤੇ 1981 ਦੇ ਵਿਚਕਾਰ ਭਾਰਤ ਦੀ ਪੇਂਡੂ ਜਨਸੰਖਿਆ ਵਿਚ ਢਾਈ ਗੁਣਾ ਵਾਧਾ ਹੋਇਆ ਜਦਕਿ ਸ਼ਹਿਰੀ ਜਨਸੰਖਿਆ ਵਿਚ ਇਹ ਛੇ ਗੁਣਾ ਸੀ। 1991 ਵਿੱਚ ਭਾਰਤ ਵਿੱਚ ਕੁੱਲ ਮਿਲਾ ਕੇ 3768 ਸ਼ਹਿਰ ਸਨ ਜਿਨ੍ਹਾਂ ਦੀ ਕੁੱਲ ਆਬਾਦੀ 21 ਕਰੋੜ 76 ਲੱਖ ਸੀ। ਭਾਵੇਂ ਸ਼ਹਿਰਾਂ ਦੇ ਵਿਕਾਸ ਦੀ ਦਰ ਨੂੰ ਤੁਲਨਾਤਮਕ ਤੌਰ ਤੇ ਬਹੁਤ ਘੱਟ ਕਿਹਾ ਗਿਆ ਹੈ ਫਿਰ ਵੀ ਪਿਛਲੇ ਪੰਜ ਦਹਾਕਿਆਂ ਤੋਂ ਇਹ ਵੱਧਦੀ ਰਹੀ ਹੈ।

ਭਾਰਤ ਵਿਚ ਸ਼ਹਿਰਾਂ ਦੇ ਤੇਜੀ ਨਾਲ ਵਿਕਾਸ ਵਿਚ ਕਈ ਕਾਰਕਾਂ ਨੇ ਆਪਣਾ ਯੋਗਦਾਨ ਪਾਇਆ ਹੈ। ਇਸ ਸੰਦਰਭ ਵਿਚ A.N.Aggarwal ਦੇ ਅਨੁਸਾਰ ਹੇਠ ਲਿਖੇ ਕਾਰਕਾਂ ਦੀ ਭੂਮਿਕਾ ਦੱਸੀ ਗਈ ਹੈ।

### 8.5.1 ਜਨਸੰਖਿਆ ਵਿੱਚ ਕੁਦਰਤੀ ਵਾਧਾ

ਦੇਸ਼ ਦੀ ਜਨਸੰਖਿਆ ਲਗਾਤਾਰ ਵੱਧ ਰਹੀ ਹੈ ਅਤੇ ਇਸਦੇ ਨਾਲ ਹੀ ਸ਼ਹਿਰੀ ਜਨਸੰਖਿਆ ਕੁਦਰਤੀ ਤੌਰ ਤੇ ਵੱਧ ਰਹੀ ਹੈ। ਸ਼ਹਿਰੀ ਜਨਸੰਖਿਆ ਵਿਚ ਵਾਧੇ ਦਾ ਇਕ ਕੁਦਰਤੀ ਕਾਰਨ ਇਹ ਹੈ ਕਿ ਸ਼ਹਿਰੀ ਇਲਾਕਿਆਂ ਵਿਚ ਜਨਮ ਦੀ ਦਰ ਮੌਤ ਦੀ ਦਰ ਨਾਲੋਂ ਜਿਆਦਾ ਹੁੰਦੀ ਹੈ। ਉਦਾਹਰਨ ਲਈ 1971 ਵਿਚ ਅਨੁਮਾਨ ਲਗਾਇਆ ਗਿਆ ਕਿ ਸ਼ਹਿਰੀ ਜਨਮ ਦਰ 30.1 (ਪ੍ਰਤੀ ਹਜਾਰ) ਅਤੇ ਮੌਤ ਦਰ 9.7 (ਪ੍ਰਤੀ ਹਜਾਰ) ਸੀ। 1978 ਵਿਚ ਜਨਮ ਦਰ ਘੱਟ ਕੇ 27.8 ਹੋ ਗਈ ਅਤੇ ਮੌਤ ਦਰ ਵਿਚ ਥੋੜੀ ਜਿਹੀ ਗਿਰਾਵਟ ਕਰਕੇ ਇਹ 9.4 ਹੋ ਗਈ। ਇਹਨਾਂ ਦਰਾਂ ਦੇ ਵਿਚਕਾਰ ਵੱਡੇ ਅੰਤਰ ਕਰਕੇ ਸ਼ਹਿਰੀ ਵਿਕਾਸ ਦਰ ਉੱਪਰ ਚਲੀ ਗਈ। ਸ਼ਹਿਰੀ ਇਲਾਕਿਆਂ ਵਿੱਚ ਮੌਤ ਦਰ ਦੇ ਘੱਟ ਹੋਣ ਪਿਛੇ ਕਈ ਕਾਰਨ ਸਨ, ਜਿਵੇਂ ਕਿ ਚੰਗੇਰੀ ਡਾਕਟਰੀ ਅਤੇ ਸਿਹਤ ਸੰਬੰਧੀ ਸੁਵਿਧਾਵਾਂ, ਪੀਣ ਦੇ ਚੰਗੇ ਪਾਣੀ ਦੀ ਪੂਰਤੀ ਅਤੇ ਸਫ਼ਾਈ, ਸਾਖਰਤਾ ਦੀ ਉੱਚੀ ਦਰ ਆਦਿ।

1971-81 ਦੌਰਾਨ ਸ਼ਹਿਰੀ ਇਲਾਕਿਆਂ ਵਿਚ ਜਨਸੰਖਿਆ ਦੀ ਸਲਾਨਾ ਵਿਕਾਸ ਦਰ 3.4 ਪ੍ਰਤੀਸ਼ਤ ਸੀ, ਪ੍ਰੰਤੂ 1981 ਵਿਚ ਇਹ ਵੱਧ ਕੇ 4.68 ਪ੍ਰਤੀਸ਼ਤ ਹੋ ਗਈ।

### 8.5.2 ਲੋਕਾਂ ਦਾ ਸ਼ਹਿਰਾਂ ਵੱਲ ਲਗਾਤਾਰ ਪ੍ਰਵਾਸ

ਅਰਥਸ਼ਾਸਤਰੀ ਅਤੇ ਗੈਰ-ਅਰਥਸ਼ਾਸਤਰੀ ਦੋਵਾਂ ਦਾ ਹੀ ਇਹ ਵਿਚਾਰ ਹੈ ਕਿ ਆਰਥਿਕ ਤੇ ਗੈਰ ਆਰਥਿਕ ਕਾਰਕ ਲੋਕਾਂ ਨੂੰ ਪੇਂਡੂ ਇਲਾਕਿਆਂ ਤੋਂ ਸ਼ਹਿਰੀ ਇਲਾਕਿਆਂ ਵੱਲ ਭੇਜਣ ਵਿੱਚ ਆਪਣੀ ਭੂਮਿਕਾ ਨਿਭਾ ਰਹੇ ਹਨ। ਸ਼ਹਿਰੀ ਜਨਸੰਖਿਆ ਵਿਚ ਵਾਧੇ ਦਾ ਇੱਕ ਪ੍ਰਮੁੱਖ ਕਾਰਣ ਕੁਦਰਤੀ ਵਿਕਾਸ ਹੈ, ਪਰ ਇਸ ਵਾਧੇ ਵਿਚ ਇੱਕ ਹਿੱਸਾ ਪੇਂਡੂ ਇਲਾਕਿਆਂ ਤੋਂ ਪ੍ਰਵਾਸ ਕਰਕੇ ਆਏ ਵਿਅਕਤੀਆਂ ਦਾ ਵੀ ਹੈ। ਇਨ੍ਹਾਂ ਵਿਅਕਤੀਆਂ ਦੀ ਸਹੀ ਗਿਣਤੀ ਦਾ ਇਸ ਸਮੇਂ ਪਤਾ ਨਹੀਂ ਚਲ ਸਕਦਾ, ਇਸਦਾ ਸਿਰਫ਼ ਅਨੁਮਾਨ ਲਗਾਇਆ ਜਾ ਸਕਦਾ ਹੈ। ਅਜਿਹੇ ਕਾਰਕ ਜਿਹੜੇ ਪੇਂਡੂ ਇਲਾਕਿਆਂ ਦੇ ਵਿਅਕਤੀਆਂ ਨੂੰ ਸ਼ਹਿਰਾਂ ਵੱਲ ਭੇਜਣ ਦੇ ਜਿੰਮੇਵਾਰ ਹਨ, ਦੋ ਤਰ੍ਹਾਂ ਦੇ ਹਨ।

ੳ) ਧੱਕੇ ਵਾਲੇ ਕਾਰਕ (Push Factors)

ਅ) ਖਿਚਾਅ ਵਾਲੇ ਕਾਰਕ (Pull Factors)

**ਧੱਕੇ ਵਾਲੇ ਕਾਰਕਾਂ ਦੀ ਭੂਮਿਕਾ:-**ਪੇਂਡੂ ਇਲਾਕਿਆਂ ਦੇ ਲੋਕ ਆਰਥਿਕ ਕਾਰਨਾਂ ਕਰਕੇ ਵੀ ਸ਼ਹਿਰਾਂ ਵੱਲ ਜਾ ਰਹੇ ਹਨ। ਬਹੁਤ ਸਾਰੇ ਖੇਤੀਬਾੜੀ ਦੇ ਮਜ਼ਦੂਰ, ਛੋਟੇ ਅਤੇ ਮੱਧ ਵਰਗੀ ਕਿਸਾਨ ਆਪਣੇ ਜੀਵਨ ਨਿਰਬਾਹ ਲਈ ਖੇਤੀਬਾੜੀ ਤੇ ਨਿਰਭਰ ਕਰਦੇ ਹਨ। ਇਹਨਾਂ ਵਿੱਚੋਂ ਬਹੁਤ ਸਾਰੇ ਲੋਕ ਜਿਨਾਂ ਕੋਲ ਥੋੜੀ ਸੰਪੱਤੀ ਹੈ, ਉਹ ਪਰਿਵਾਰ ਦੇ ਸਾਰੇ ਯੁਵਾ ਵਿਅਕਤੀਆਂ ਨੂੰ ਸਹੀ ਰੁਜ਼ਗਾਰ ਪ੍ਰਦਾਨ ਕਰਨ ਵਿਚ ਸਮੱਰਥ ਨਹੀਂ ਹਨ। ਲਗਭਗ ਸਾਰੇ ਖੇਤੀਬਾੜੀ ਦੇ ਮਜ਼ਦੂਰਾਂ ਨੂੰ ਕੇਵਲ ਮੌਸਮ ਦੇ ਅਨੁਸਾਰ ਹੀ ਕੰਮ ਮਿਲਦਾ ਹੈ ਅਤੇ ਇਸ ਕੰਮ ਤੋਂ ਕਮਾਈ ਗਈ ਮਜ਼ਦੂਰੀ ਪੂਰੇ ਸਾਲ ਦੇ ਰੱਖ-ਰਖਾਓ ਲਈ ਕਾਫ਼ੀ ਨਹੀਂ ਹੁੰਦੀ। ਇਸ ਲਈ ਉਹ ਆਪਣੇ ਪਿੰਡ ਜਾਂ ਹੋਰ ਨੇੜੇ ਦੇ ਪਿੰਡਾਂ ਵਿੱਚ ਕਿਸੇ ਹੋਰ ਕੰਮ ਦੀ ਤਾਲਸ਼ ਕਰਨ ਲੱਗ ਪੈਂਦੇ ਹਨ। ਜੇਕਰ ਉਹ ਕੋਈ ਹੋਰ ਕੰਮ ਲੱਭਣ ਵਿੱਚ ਕਾਮਯਾਬ ਨਹੀਂ ਹੁੰਦੇ ਤਾਂ ਆਰਥਿਕ ਕਾਰਨ ਉਹਨਾਂ ਨੂੰ ਪਿੰਡ ਤੋਂ ਬਾਹਰ ਧਕੇਲ ਦਿੰਦੇ ਹਨ ਅਤੇ ਜਿਆਦਾਤਰ ਉਹ ਹੋਰ ਚੰਗੇਰੇ ਮੋਕਿਆਂ ਦੀ ਤਲਾਸ਼ ਵਿੱਚ ਸ਼ਹਿਰਾਂ ਨੂੰ ਆ ਜਾਂਦੇ ਹਨ।

**ਖਿਚਾਅ ਵਾਲੇ ਕਾਰਕਾਂ ਦੀ ਭੂਮਿਕਾ** :- ਜੇਕਰ ਕੁੱਝ ਕਾਰਕ ਅਜਿਹੇ ਹਨ ਜਿਹੜੇ ਪਿੰਡ ਦੇ ਲੋਕਾਂ ਨੂੰ ਸ੍ਹਹਿਰਾਂ ਵੱਲ ਧਕੇਲਦੇ ਹਨ, ਉੱਥੇ ਕੁੱਝ ਕਾਰਕ ਅਜਿਹੇ ਵੀ ਹਨ, ਜਿਹੜੇ ਉਹਨਾਂ ਨੂੰ ਸ੍ਹਹਿਰਾਂ ਵੱਲ ਆਕਰਸ੍ਹਿਤ ਕਰਦੇ ਹਨ ਜਾਂ ਖਿੱਚਦੇ ਹਨ। ਖਿਚਾਅ ਦੇ ਇਹ ਕਾਰਕ ਦੋ ਤਰ੍ਹਾਂ ਦੇ ਹਨ:- 1. ਚੰਗੇਰੇ ਕੰਮ ਦੇ ਮੌਕਿਆਂ ਦਾ ਖਿਚਾਅ, 2. ਸ੍ਹਹਿਰ ਦੇ ਆਕਰਸ੍ਹਣਾਂ ਦਾ ਖਿਚਾਅ।

1. ਚੰਗੇਰੇ ਕੰਮ ਦੇ ਮੌਕਿਆਂ ਦਾ ਖਿਚਾਅ :- ਸ਼ਹਿਰਾਂ ਵਿੱਚ ਪਿੰਡਾਂ ਦੀ ਤੁਲਨਾ ਵਿੱਚ ਕੰਮ ਦੇ ਵਧੇਰੇ ਚੰਗੇ ਮੌਕੇ ਮੌਜੂਦ ਹੁੰਦੇ ਹਨ, ਜਿਹੜੇ ਲੋਕਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੇ ਹਨ। ਪ੍ਰੰਤੂ ਸਾਰੇ ਸ਼ਹਿਰਾਂ ਵਿੱਚ ਇਹ ਆਕਰਸ਼ਣ ਨਹੀਂ ਹੁੰਦੇ। ਅਜਿਹੇ ਸ਼ਹਿਰ ਜਿੱਥੇ ਉਦਯੋਗ, ਖਦਾਨ ਆਦਿ ਜਿਹੇ ਖੇਤਰਾਂ ਵਿਚ ਭਾਰੀ ਨਿਵੇਸ਼ ਕੀਤਾ ਜਾਂਦਾ ਹੈ, ਜਿਆਦਾਤਰ ਲੋਕ ਉਥੇ ਜਮ੍ਹਾਂ ਹੋਣ ਲੱਗ ਜਾਂਦੇ ਹਨ, ਜਿਸ ਤਰ੍ਹਾਂ ਰਾਂਚੀ, ਧਨਬਾਦ, ਬੋਕਾਰੋ, ਦੁਰਗਾਪੁਰ, ਰਾਏਪੁਰ ਵਰਗੇ ਸ਼ਹਿਰਾਂ ਵਿੱਚ ਦੇਖਿਆ ਜਾਂਦਾ ਹੈ। ਇਸੇ ਤਰ੍ਹਾਂ ਉਦਯੋਗਿਕ ਪੱਖੋਂ ਵਿਕਸਿਤ ਸ਼ਹਿਰ ਜਿਵੇਂ ਕਿ ਬੰਗਲੋਰ, ਮੁੰਬਈ, ਖਾਨਪੁਰ, ਅਹਿਮਦਾਬਾਦ ਜਿਹੜੇ ਕਿ ਉਦਯੋਕਿ ਪੱਖੋਂ ਵਿਕਸਿਤ ਰਾਜ ਕਰਨਾਟਕ, ਮਹਾਰਾਸ਼ਟਰ, ਉੱਤਰ ਪ੍ਰਦੇਸ਼, ਅਤੇ ਗੁਜ਼ਰਾਤ ਵਿੱਚ ਸਥਿਤ ਹਨ। ਅਜਿਹੇ ਸ਼ਹਿਰ ਚੰਗੇਰੇ ਭੱਤੇ ਤੇ ਤਨਖਾਹਾਂ ਦੇ ਕਾਰਨ ਪੇਂਡੂ ਇਲਾਕਿਆਂ ਦੇ ਲੋਕਾਂ ਨੂੰ ਆਪਣੇ ਵੱਲ ਆਕਰਸ਼ਿਤ ਕਰ ਰਹੇ ਹਨ। ਇਸ ਲਈ ਪਿੰਡਾਂ ਦੇ ਮੁਕਾਬਲੇ ਸ਼ਹਿਰਾਂ ਦੀਆਂ ਵੱਧ ਤਨਖਾਹਾਂ ਦਾ ਖਿਚਾਅ ਬਹੁਤ ਮਜਬੂਤ ਹੈ ਅਤੇ ਇਕ ਵੱਡੀ ਗਿਣਤੀ ਵਿਚ ਲੋਕ ਖਾਸ ਕਰਕੇ ਨੌਜਵਾਨ ਮੁੰਡੇ ਤੇ ਕੁੜੀਆਂ ਇਨਾਂ ਸ਼ਹਿਰਾਂ ਵੱਲ ਪ੍ਰਵਾਸ ਕਰ ਰਹੇ ਹਨ।

2. ਸ਼ਹਿਰੀ ਆਕਰਸ਼ਣਾਂ ਦਾ ਖਿਚਾਅ:- ਸ਼ਹਿਰ ਆਕਰਸ਼ਣ ਦਾ ਇਕ ਕੇਂਦਰ ਹੈ। ਸ਼ੁਰੂਆਤ ਤੋਂ ਹੀ ਸ਼ਹਿਰ ਇਕ ਵੱਡੀ ਗਿਣਤੀ ਵਿਚ ਲੋਕਾਂ ਨੂੰ ਖਾਸ ਕਰਕੇ ਪੇਂਡੂ ਇਲਾਕਿਆਂ ਤੋਂ, ਆਪਣੇ ਵੱਲ ਆਕਰਸ਼ਿਤ ਕਰਦੇ ਆ ਰਹੇ ਹਨ। ਸ਼ਹਿਰ ਬਹੁਤ ਸਾਰੇ ਕਾਰਨਾਂ ਕਰਕੇ ਲੋਕਾਂ ਨੂੰ ਆਪਣੇ ਕੇਂਦਰ ਵੱਲ ਖਿੱਚ ਰਹੇ ਹਨ। ਪੇਂਡੂ ਲੋਕ ਜਿਨਾਂ ਨੂੰ ਬਹੁਤ ਸਾਰੀਆਂ ਆਰਥਿਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਨ੍ਹਾਂ ਉੱਤੇ ਬਹੁਤ ਸਾਰੇ ਬੱਚਿਆਂ ਦੇ ਰੱਖ-ਰਖਾਵ ਦਾ ਬੋਝ ਹੈ, ਜਿਹੜੇ ਆਪਣੇ ਰੋਜਾਨਾ ਜੀਵਨ ਤੋਂ ਉਕ ਗਏ ਹਨ ਅਤੇ ਜਿਹੜੇ ਸ਼ਹਿਰੀ ਚਮਕ-ਦਮਕ ਤੋਂ ਆਕਰਸ਼ਿਤ ਹਨ, ਅਜਿਹੇ ਲੋਕਾਂ ਨੇ ਸ਼ਹਿਰਾਂ ਵੱਲ ਜਾਣਾ ਸ਼ੁਰੂ ਕਰ ਦਿੱਤਾ ਹੈ। ਸ਼ਹਿਰ ਪਿੰਡਾਂ ਦੇ ਲੋਕਾਂ ਨੂੰ ਕਈ ਕਾਰਨਾਂ ਤੋਂ ਆਪਣੇ ਵੱਲ ਖਿੱਚ ਰਹੇ ਹਨ, ਜਿਨ੍ਹਾਂ ਵਿਚ ਰੁਜ਼ਗਾਰ ਦੇ ਮੌਕੇ, ਸਿੱਖਿਆ ਦੀਆਂ ਸੁਵਿਧਾਵਾਂ, ਸਿਹਤ ਸੰਬੰਧੀ ਸੁਵਿਧਾਵਾਂ ਅਤੇ ਮੰਨੋਰੰਜਨ ਦੇ ਸਾਧਨ ਜਿਵੇਂ ਕਿ ਫਿਲਮਾਂ, ਨਾਟਕ, ਕਲੱਬ, ਜੂਆ, ਪੁਸਤਕਾਲਾ ਆਦਿ ਸ਼ਾਮਿਲ ਹਨ।

### 8.5.3 ਸ਼ਹਿਰੀ ਹੱਦਾਂ ਵਿੱਚ ਪਰਿਵਰਤਨ

ਵੱਖ-ਵੱਖ ਸਮਿਆਂ 'ਤੇ ਅਤੇ ਵੱਖ-ਵੱਖ ਕਾਰਨਾਂ ਕਰਕੇ ਸ਼ਹਿਰਾਂ ਦੀਆਂ ਹੱਦਾਂ ਨੂੰ ਵਧਾਇਆ ਜਾਂਦਾ ਰਿਹਾ ਹੈ। ਜਿਵੇਂ ਹੀ ਸ਼ਹਿਰਾਂ ਦਾ ਪ੍ਰਸਾਰ ਹੁੰਦਾ ਹੈ, ਇਸਦੇ ਨਾਲ ਹੀ ਸ਼ਹਿਰੀ ਸਰਹੱਦਾਂ ਤੇ ਵਸੇ ਹੋਏ ਅਰਧ-ਸ਼ਹਿਰੀ ਜਾਂ ਪੂਰੇ ਪੇਂਡੂ ਇਲਾਕੇ ਵੀ ਸ਼ਹਿਰੀ ਇਲਾਕਿਆਂ ਵਿਚ ਸ਼ਾਮਿਲ ਹੋ ਜਾਂਦੇ ਹਨ। ਅਜਿਹਾ ਨਹੀਂ ਹੈ ਕਿ ਇਹ ਪੇਂਡੂ ਇਲਾਕੇ ਅਚਾਨਕ ਹੀ ਸ਼ਹਿਰੀ ਇਲਾਕਿਆਂ ਵਿਚ ਤਬਦੀਲ ਹੋ ਜਾਂਦੇ ਹਨ। ਇਹਨਾਂ ਵਿਚ ਹਾਲੇ ਵੀ ਪਿੰਡਾਂ ਦੀਆਂ

ਕੁੱਝ ਵਿਸ਼ੇਸ਼ਤਾਵਾਂ ਸ਼ਾਮਲ ਹੋ ਸਕਦੀਆਂ ਹਨ। ਪਰ ਇਹਨਾਂ ਦਾ ਵਿਕਸਿਤ ਸ਼ਹਿਰਾਂ ਦੇ ਵਿਚ ਸ਼ਾਮਲ ਹੋਣਾ, ਇਹਨਾਂ ਨੂੰ ਕਸਬੇ ਕਹਾਉਣ ਵਾਲੇ ਖੇਤਰਾਂ ਵਿੱਚ ਸ਼ਾਮਿਲ ਕਰ ਦਿੰਦਾ ਹੈ। ਅਜਿਹੇ ਇਲਾਕਿਆਂ ਵਿੱਚ ਰਹਿਣ ਵਾਲੇ ਲੋਕ ਸ਼ਹਿਰੀ ਜੀਵਨ ਦੇ ਤੌਰ ਤਰੀਕਿਆਂ ਨੂੰ ਅਪਣਾਉਣਾ ਸ਼ੁਰੂ ਕਰ ਦਿੰਦੇ ਹਨ। ਅਜਿਹੇ ਇਲਾਕਿਆਂ ਦੀ ਜਨਸੰਖਿਆ ਸ਼ਹਿਰੀ ਜਨਸੰਖਿਆ ਵਿੱਚ ਵਾਧਾ ਕਰਦੀ ਹੈ।

## 8.6 ਸ਼ਹਿਰਾਂ ਦੇ ਲਾਭ (Advantages of Cities)

- ਸ਼ਹਿਰ ਇੱਕ ਵਿਅਕਤੀ ਦੀਆਂ ਯੋਗਤਾਵਾਂ ਅਤੇ ਗੁਣਾਂ ਦਾ ਪੂਰਾ ਇਸਤੇਮਾਲ ਕਰਨ ਲਈ ਭਰਪੂਰ ਮੌਕੇ ਤੇ ਸੁਵਿਧਾਵਾਂ ਪ੍ਰਦਾਨ ਕਰਦਾ ਹੈ।ਸ਼ਹਿਰ ਇੱਕ ਅਜਿਹਾ ਕੇਂਦਰ ਹੈ ਜਿਹੜਾ ਕਿ ਹਰੇਕ ਕੋਨੇ ਤੋਂ ਗੁਣਾਂ ਅਤੇ ਯੋਗਤਾਵਾਂ ਦਾ ਸੁਆਗਤ ਕਰਨ ਲਈ ਹਮੇਸ਼ਾ ਤਿਆਰ ਰਹਿੰਦਾ ਹੈ। ਇਹ ਵੱਖ-ਵੱਖ ਯੋਜਨਾਵਾਂ ਅਤੇ ਪ੍ਰੋਜੈਕਟਾਂ ਲਈ ਇੱਕ ਪ੍ਰਯੋਗਸ਼ਾਲਾ ਹੈ।
- ਸ਼ਹਿਰ ਜੀਵਨ ਨੂੰ ਸੁਵਿਧਾਜਾਨਕ ਅਤੇ ਆਨੰਦਮਈ ਬਣਾ ਸਕਦਾ ਹੈ।ਲੋਕਾਂ ਦੇ ਵੱਖ-ਵੱਖ ਹਿੱਤਾਂ ਜਿਵੇਂ ਕਿ ਕੰਮ-ਕਾਜ, ਸਿੱਖਿਆ,ਸਿਹਤ,ਮੰਨੋਰਜਨ,ਧਰਮ ਅਤੇ ਰਾਜਨੀਤੀ ਨੂੰ ਸੰਤੁਸ਼ਟ ਕਰਨ ਲਈ ਸ਼ਹਿਰਾਂ ਵਿੱਚ ਇਹ ਸਾਰੀਆਂ ਸੁਵਿਧਾਵਾਂ ਉਪਲੱਬਧ ਹਨ ਅਤੇ ਸ਼ਹਿਰ ਇਨ੍ਹਾਂ ਸੁਵਿਧਾਵਾਂ ਦੇ ਕੇਂਦਰ ਬਣ ਗਏ ਹਨ।
- ਸ਼ਹਿਰ ਨਵੀਆਂ ਸੋਚਾਂ ਅਤੇ ਕਾਢਾਂ ਲਈ ਪ੍ਰੇਰਿਤ ਕਰਦਾ ਹੈ। ਸ਼ਹਿਰਾਂ ਦੇ ਲੋਕਾਂ ਨੂੰ ਖੁੱਲੀ ਸੋਚ ਵਾਲਾ ਮੰਨਿਆ ਜਾਂਦਾ ਹੈ, ਜੋ ਕਿ ਨਵੇਂ ਵਿਚਾਰਾਂ, ਯੋਜਨਾਵਾਂ,ਦ੍ਰਿਸ਼ਟੀਕੋਣਾਂ ਆਦਿ ਨੂੰ ਅਪਨਾਉਣ ਲਈ ਤਿਆਰ ਰਹਿੰਦੇ ਹਨ।ਇੱਥੋਂ ਤੱਕ ਕਿ ਸ਼ਹਿਰ ਟਕਰਾਅ ਵਾਲੇ ਵਿਚਾਰਾਂ,ਦ੍ਰਿਸ਼ਟੀਕੋਣਾਂ ਤੇ ਸਿਧਾਂਤਾਂ ਨੂੰ ਅਪਨਾਉਣ ਲਈ ਵੀ ਤਿਆਰ ਰਹਿੰਦੇ ਹਨ।
- ਸ਼ਹਿਰਾਂ ਵਿੱਚ ਸਮਾਜਿਕ ਕ੍ਰਾਂਤੀ ਲਿਆਉਣਾ ਅਤੇ ਸਮਾਜਿਕ ਸੰਬੰਧਾਂ ਦਾ ਪਸਾਰਾ ਜਲਦੀ ਸੰਭਵ ਹੁੰਦਾ ਹੈ। ਸ਼ਹਿਰ ਵਿੱਚ ਪਿੰਡਾਂ ਦੇ ਮੁਕਾਬਲੇ ਸਮਾਜਿਕ ਗਤੀਸ਼ੀਲਤਾ ਆਸਾਨੀ ਨਾਲ ਸੰਭਵ ਹੈ। ਸ਼ਹਿਰੀ ਲੋਕਾਂ ਦੇ ਜੀਵਨ ਵਿੱਚ ਉਤਰਾਅ-ਚੜਾਅ ਵਧੇਰੇ ਤੇਜੀ ਨਾਲ ਹੁੰਦਾ ਹੈ। ਆਧੁਨਿਕ ਸੰਚਾਰ ਦੇ ਸਾਧਨਾਂ ਦੇ ਕਾਰਨ ਸ਼ਹਿਰਾਂ ਵਿੱਚ ਲੋਕਮਤ ਪ੍ਰਾਪਤ ਕਰਨਾ ਅਤੇ ਲੋਕਾਂ ਨੂੰ ਕਿਸੇ ਮੁੱਦੇ ਦੇ ਪੱਖ ਜਾਂ ਵਿਪੱਖ ਵਿੱਚ ਕਰਨਾ ਆਸਾਨੀ ਨਾਲ ਸੰਭਵ ਹੈ।

- ਸ਼ਹਿਰਾਂ ਵਿੱਚ ਵੱਖ-ਵੱਖ ਜਾਤਾਂ,ਨਸਲਾਂ ਅਤੇ ਧਰਮਾਂ ਦੇ ਲੋਕਾਂ ਦੇ ਵਿਚਕਾਰ ਬਹੁਤ ਘੱਟ ਦੂਰੀ ਰੱਖੀ ਜਾਂਦੀ ਹੈ। ਇਸ ਲਈ ਸ਼ਹਿਰੀ ਲੋਕਾਂ ਵਿੱਚ ਇੱਕ ਦੂਜੇ ਪ੍ਰਤੀ ਜ਼ਿਆਦਾ ਹਮਦਰਦੀ ਅਤੇ ਸਹਿਨਸ਼ਕਤੀ ਹੁੰਦੀ ਹੈ।
- ਸ਼ਹਿਰ ਗਤੀਸ਼ੀਲ ਹਨ। ਗਤੀਸ੍ਰੀਲਤਾ ਸਮਾਜਿਕ ਪਰਿਵਰਤਨ ਨੂੰ ਜਨਮ ਦਿੰਦੀ ਹੈ।ਇੱਥੇ ਜੀਵਨ ਸਥਿਰ ਨਹੀਂ ਬਲਕਿ ਗਤੀਸ਼ੀਲ ਹੈ। ਇਥੇ ਜੀਵਨ ਦਾ ਪਰਵਾਹ ਸਦਾ ਚੱਲਦਾ ਰਹਿੰਦਾ ਹੈ। ਨਵੇਂ ਨੂੰ ਅਪਣਾਉਣਾ ਤੇ ਪੁਰਾਣੇ ਨੂੰ ਤਿਆਗਣਾ,ਆਧੁਨਿਕਤਾ ਨੂੰ ਗੱਲ ਲਾਉਣਾ ਅਤੇ ਰੂੜੀਵਾਦੀ ਰਿਵਾਜਾਂ ਤੋਂ ਦੂਰ ਰਹਿਣਾ ਸ਼ਹਿਰ ਵਿੱਚ ਕੋਈ ਵੱਡੀ ਸਮੱਸਿਆ ਨਹੀਂ ਮੰਨੀ ਜਾਂਦੀ।
- ਸ਼ਹਿਰਾਂ ਨੇ ਔਰਤ ਨੂੰ ਕੇਵਲ ਘਰੇਲੂ ਕੰਮ ਕਾਜਾਂ ਵਿੱਚ ਹੀ ਰਹਿਣ ਤੋਂ ਆਜ਼ਾਦੀ ਦਿੱਤੀ ਹੈ। ਇਸ ਨੇ ਔਰਤ ਨੂੰ ਪੁਰਸ਼ ਦੇ ਸਮਾਨ ਦਰਜਾ ਪ੍ਰਦਾਨ ਕੀਤਾ ਹੈ। ਸ਼ਹਿਰਾਂ ਨੇ ਔਰਤ ਨੂੰ ਉਹਨਾਂ ਵੱਖ-ਵੱਖ ਸਹੂਲਤਾਂ ਬਾਰੇ ਜਾਗਰੂਕ ਕੀਤਾ ਹੈ ਜੋ ਕਿ ਆਧੁਨਿਕ ਸਮਾਜ ਨੇ ਉਹਨਾਂ ਨੂੰ ਪ੍ਰਦਾਨ ਕੀਤੀਆਂ ਹਨ। ਇਸ ਨੇ ਬਹੁਤ ਸਾਰੇ ਪੱਖਾਂ ਤੋਂ ਔਰਤ ਦਾ ਦਰਜਾ ਹੋਰ ਉੱਚਾ ਕੀਤਾ ਹੈ।
- ਸ਼ਹਿਰ ਮਨੋਰੰਜਨ ਦੇ ਵੱਖ-ਵੱਖ ਸਾਧਨ ਪ੍ਰਦਾਨ ਕਰਦਾ ਹੈ।ਸ਼ਹਿਰ ਵਿੱਚ ਨਿੱਜੀ ਵਿਕਾਸ ਦੀ ਸੰਭਾਵਨਾ ਹੁੰਦੀ ਹੈ। ਸ਼ਹਿਰ ਦੀਆਂ ਵੱਖ-ਵੱਖ ਸੰਸਥਾਵਾਂ ਲੋਕਾਂ ਦੀਆਂ ਵੱਖ ਵੱਖ ਜ਼ਰੂਰਤਾਂ, ਰੁਚੀਆਂ ਅਤੇ ਦਿਲਚਸਪੀਆਂ ਨੂੰ ਪੂਰਾ ਕਰਦੀਆਂ ਹਨ। ਵੱਖ-ਵੱਖ ਸੁਵਿਧਾਵਾਂ ਪ੍ਰਦਾਨ ਕਰਕੇ ਸ਼ਹਿਰ ਪੜ੍ਹੇ ਲਿਖੇ ਲੋਕਾਂ ਨੂੰ ਭੌਤਿਕ,ਕਲਾਤਮਕ ਤੇ ਵਿਗਿਆਨਕ ਸੰਤੁਸ਼ਟੀ ਪ੍ਰਦਾਨ ਕਰਦੇ ਹਨ।
- ਸ਼ਹਿਰ ਮਨੁੱਖ ਲਈ ਇਕ ਪ੍ਰਯੋਗਸ਼ਾਲਾ ਦੇ ਸਮਾਨ ਹਨ। ਸ਼ਹਿਰਾਂ ਵਿੱਚ ਹੀ ਮਨੁੱਖ ਗਿਆਨ ਦੀਆਂ ਨਵੀਆਂ ਉਚਾਈਆਂ ਅਤੇ ਬੁਲੰਦੀਆਂ ਨੂੰ ਖੋਜਣ ਦਾ ਯਤਨ ਕਰਦਾ ਹੈ। ਸ੍ਹਹਿਰ ਮਨੁੱਖੀ ਗਿਆਨ ਲਈ ਇਕ ਸਦੀਵੀਂ ਚੁਣੌਤੀ ਹਨ ਅਤੇ ਨਾਲ ਹੀ ਇਸ ਗਿਆਨ ਦੇ ਵਿਕਾਸ ਲਈ ਬਹੁਤ ਸਾਰੇ ਮੌਕੇ ਵੀ ਪ੍ਰਦਾਨ ਕਰਦੇ ਹਨ।

## 8.7 ਸ਼ਹਿਰਾਂ ਦੀਆਂ ਹਾਨੀਆਂ (Disadvantages of Cities)

- ਸ਼ਹਿਰ ਜੀਵਨ ਨੂੰ ਪਦਾਰਥਵਾਦੀ ਤੇ ਮਸ਼ੀਨੀ ਬਣਾ ਦਿੰਦਾ ਹੈ,ਇਹ ਮਨੁੱਖ ਨੂੰ ਮਨੁੱਖਤਾ ਤੋਂ ਦੂਰ ਕਰ ਦਿੰਦਾ ਹੈ। ਸ਼ਹਿਰ ਵਿੱਚ ਸਭ ਕੁੱਝ ਇਕ ਸਾਧਨ ਮਾਤਰ ਬਣ ਜਾਂਦਾ ਹੈ ਅਤੇ ਸਮਾਜਿਕ ਮੁੱਲ ਪਿੱਛੇ ਰਹਿ ਜਾਂਦੇ ਹਨ। ਸ਼ਹਿਰ ਮਨੁੱਖ ਨੂੰ ਸੁੱਖਵਾਦੀ ਨਜਰੀਆ ਅਪਣਾਉਣ ਲਈ ਪ੍ਰੇਰਿਤ ਕਰਦਾ ਹੈ,ਜਿਸ ਨਾਲ ਮਨੁੱਖ ਘੱਟ ਤੋਂ ਘੱਟ ਯਤਨਾਂ ਨਾਲ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ ਲਈ ਸੋਚਦਾ ਹੈ।

- ਸ਼ਹਿਰ ਵਿੱਚ ਗੌਣ ਸੰਬੰਧ ਹਾਵੀ ਹੋ ਜਾਂਦੇ ਹਨ। ਸ਼ਹਿਰਾਂ ਦੇ ਲੋਕ ਇਕ ਦੂਜੇ ਦੇ ਪ੍ਰਤੀ ਲਾਪਰਵਾਹ ਹੁੰਦੇ ਹਨ। ਸ਼ਹਿਰਾਂ ਵਿੱਚ ਅਕਸਰ ਨਿਮਰਤਾ ਅਤੇ ਤਹਜੀਬ ਦੇ ਓਪਰੇ ਦਿਖਾਵੇ ਕੀਤੇ ਜਾਂਦੇ ਹਨ। ਸ਼ਹਿਰ ਵਿੱਚ ਮਿਤਰਤਾ ਅਤੇ ਨਿੱਜੀ ਜੀਵਨ ਦੀ ਘਾਟ ਹੁੰਦੀ ਹੈ। ਸ਼ਹਿਰੀ ਵਿਅਕਤੀ ਕੇਵਲ ਆਪਣੇ ਜੀਵਨ, ਇੱਛਾਵਾਂ, ਸੁਪਨਿਆਂ ਅਤੇ ਪ੍ਰਾਪਤੀਆਂ ਤੱਕ ਹੀ ਸੀਮਿਤ ਹੁੰਦੇ ਹਨ।
- ਸ਼ਹਿਰ ਲੋਕਾਂ ਨੂੰ ਵਿਅਕਤੀਵਾਦੀ, ਸੁਆਰਥੀ, ਤਰਕਵਾਦੀ ਅਤੇ ਗਣਨਾਤਮਕ ਬਣਾ ਦਿੰਦਾ ਹੈ। ਰਿਸ਼ਤਿਆਂ ਦਾ ਵਪਾਰੀਕਰਣ ਹੋ ਜਾਂਦਾ ਹੈ। ਵਿਅਕਤੀ ਆਪਣੇ ਆਪ ਤੇ ਆਪਣੀ ਤਰੱਕੀਆਂ ਵਿੱਚ ਹੀ ਐਨੇ ਮਸਤ ਹੋ ਜਾਂਦੇ ਹਨ ਕਿ ਮੁਸ਼ਕਿਲ ਨਾਲ ਹੀ ਉਨ੍ਹਾਂ ਕੋਲ ਦੂਜਿਆ ਦੇ ਹਿੱਤਾਂ ਪ੍ਰਤੀ ਕੋਈ ਕਦਰ ਹੁੰਦੀ ਹੈ।
- ਸ਼ਹਿਰ ਪਰਿਵਾਰਕ ਜੀਵਨ ਲਈ ਇਕ ਚੁਣੌਤੀ ਖੜੀ ਕਰਦੇ ਹਨ। ਸ਼ਹਿਰੀ ਪਰਿਵਾਰਕ ਜੀਵਨ ਉਦਾਸੀ ਭਰਿਆ ਹੁੰਦਾ ਹੈ। ਜਿਸ ਵਿੱਚ ਸੰਤੁਲਨ ਘੱਟ ਤੇ ਅਸਥਿਰਤਾ ਜ਼ਿਆਦਾ ਹੁੰਦੀ ਹੈ, ਇਸ ਵਿੱਚ ਵਿਅਕਤੀਵਾਦ ਜਨਮ ਲੈਂਦਾ ਹੈ। ਇਨ੍ਹਾਂ ਪਰਿਵਾਰਾਂ ਵਿੱਚ ਪਤੀ-ਪਤਨੀ, ਭੈਣ-ਭਰਾ, ਮਾਪੇ-ਬੱਚਿਆਂ ਵਿੱਚ ਆਪਸੀ ਟਕਰਾਓ ਦੀ ਸਥਿਤੀ ਪੈਦਾ ਹੋ ਜਾਂਦੀ ਹੈ । ਇਸ ਕਰਕੇ ਤਲਾਕ, ਇਕੱਲੇਪਣ ਤੇ ਵਿਛੋੜੇ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ।
- ਸ਼ਹਿਰ ਵਿੱਚ ਸਮਾਜਿਕ ਨਿਯੰਤਰਣ ਗੁੰਝਲਦਾਰ ਤੇ ਘੱਟ ਪ੍ਰਭਾਵਸ਼ਾਲੀ ਹੁੰਦਾ ਹੈ। ਸਮਾਜਿਕ ਨਿਯੰਤਰਣ ਦੇ ਗੈਰ-ਰਸਮੀ ਸਾਧਨ ਜਿਵੇਂ ਕਿ ਪਰਿਵਾਰ, ਗੁਆਂਢ, ਨੈਤਿਕਤਾ, ਧਰਮ, ਸਿੱਖਿਆ ਆਦਿ ਮਨੁੱਖ ਦੇ ਵਿਵਹਾਰ ਉੱਪਰ ਆਪਣਾ ਪ੍ਰਭਾਵ ਪਾਉਣ ਵਿੱਚ ਅਸਮੱਰਥ ਬਣ ਗਏ ਹਨ। ਇਸ ਕਰਕੇ ਸ਼ਹਿਰਾਂ ਵਿੱਚ ਸਮਾਜਿਕ ਵਿਚਲਣ ਦੀ ਸੰਭਾਵਨਾ ਜ਼ਿਆਦਾ ਹੈ।
- ਸ਼ਹਿਰ ਮਨੁੱਖੀ ਜੀਵਨ ਨੂੰ ਵਧੇਰੇ ਅਨਿਸ਼ਚਿਤ ਤੇ ਅਸੁਰੱਖਿਅਤ ਬਣਾ ਦਿੰਦਾ ਹੈ। ਇਹ ਸੱਚ ਹੈ ਕਿ ਸ਼ਹਿਰ ਮਨੁੱਖ ਦੀ ਸਾਹਸੀ ਭਾਵਨਾ ਲਈ ਵਧੇਰੇ ਮੌਕੇ ਪ੍ਰਦਾਨ ਕਰਦਾ ਹੈ ਤੇ ਇਸੇ ਕਾਰਨ ਹੀ ਮਨੁੱਖ ਆਪਣੇ ਆਪ ਨੂੰ ਆਜ਼ਾਦ ਸਮਝਦਾ ਹੈ। ਨਵੀਆਂ ਕਾਢਾਂ, ਨਵੇਂ ਪ੍ਰਯੋਗ, ਨਵੀਆਂ ਯੋਜਨਾਵਾਂ, ਨਵੇਂ ਪ੍ਰੋਜੈਕਟ ਪਦਾਰਥਵਾਦੀ ਲਾਭ ਦੇ ਸਕਦੇ ਹਨ, ਪਰ ਇਸ ਦੇ ਨਾਲ ਹੀ ਇਹ ਸਭ ਸਾਡੇ ਦਿਮਾਗ ਉੱਤੇ ਬਹੁਤ ਸਾਰਾ ਦਬਾਅ ਵੀ ਲਿਆ ਸਕਦੇ ਹਨ। ਸ਼ਹਿਰ ਵਿੱਚ ਸਮਾਜਿਕ ਪਰਿਵਰਤਨ ਦੀ ਦਰ ਐਨੀ ਤੇਜ਼ ਹੁੰਦੀ ਹੈ ਕਿ ਇਹ ਵਿਅਕਤੀ ਦੇ ਦਰਜ਼ੇ ਨੂੰ ਉੱਠਾ ਵੀ ਸਕਦੇ ਹਨ, ਪਰ ਨਾਲ ਹੀ ਗਿਰਾ ਵੀ ਸਕਦੇ ਹਨ।

- ਸ਼ਹਿਰ ਨੂੰ ਆਰਥਿਕ,ਸਮਾਜਿਕ,ਰਾਜਨੀਤਿਕ,ਮਨੋਵਿਗਿਆਨਕ ਅਤੇ ਧਾਰਮਿਕ ਸਮੱਸਿਆਵਾਂ ਦਾ ਕੇਂਦਰ ਵੀ ਕਿਹਾ ਜਾਂਦਾ ਹੈ।ਸ਼ਹਿਰ ਦੀਆਂ ਇਨ੍ਹਾਂ ਸਮੱਸਿਆਵਾਂ ਵਿੱਚ ਆਰਥਿਕ ਅਸੁਰੱਖਿਆ,ਮਾਨਸਿਕ ਅਸੰਤੁਲਨ,ਦੇਹ ਵਪਾਰ, ਭ੍ਰਿਸ਼ਟਾਚਾਰ, ਨਸ਼ਾਖੋਰੀ, ਵਾਤਾਵਰਨ ਪ੍ਰਦੂਸ਼ਣ, ਅਪਰਾਧ, ਦਾਜ, ਮਹਿਲਾ ਸ਼ੋਸ਼ਣ, ਸ਼ਰਾਬ-ਜੂਆ ਆਦਿ ਸ਼ਾਮਲ ਹਨ।
- ਸ਼ਹਿਰ ਦੀ ਭਾਰੀ ਜਨਸੰਖਿਆ ਸ਼ਹਿਰ ਦੇ ਲੋਕਾਂ ਨੂੰ ਬੁਨਿਆਦੀ ਸੁਵਿਧਾਵਾਂ ਪ੍ਰਦਾਨ ਕਰਨ ਵਿੱਚ ਸਮੱਸਿਆ ਬਣ ਜਾਂਦੀ ਹੈ। ਸ਼ਹਿਰੀ ਪ੍ਰਸ਼ਾਸਨ, ਖਾਸ ਕਰਕੇ ਭਾਰਤ ਵਰਗੇ ਉੱਚੀ ਜਨਸੰਖਿਆਂ ਵਾਲੇ ਦੇਸ਼ਾਂ ਵਿੱਚ, ਨਾਗਰਿਕ ਜੀਵਨ ਦੀਆਂ ਬੁਨਿਆਦੀ ਸੁਵਿਧਾਵਾਂ ਨੂੰ ਪ੍ਰਦਾਨ ਕਰਨ ਵਿੱਚ ਬੁਰੀ ਤਰ੍ਹਾਂ ਅਸਫ਼ਲ ਰਹਿੰਦਾ ਹੈ। ਸ਼ਹਿਰ ਅਕਸਰ ਕਈ ਸਮੱਸਿਆਵਾਂ ਦਾ ਸਾਹਮਣਾ ਕਰਦੇ ਹਨ ਜਿਵੇਂ ਕਿ ਰਹਿਣ ਸਹਿਣ, ਪੀਣ ਦੇ ਪਾਣੀ ਦੀ ਘਾਟ, ਮਾੜਾ ਜਲ ਨਿਕਾਸੀ ਪ੍ਰਬੰਧ, ਸਹਿਤ ਸੰਬੰਧੀ ਸੁਵਿਧਾਵਾਂ ਦੀ ਘਾਟ ਆਦਿ।

## 8.8 ਸ਼ਹਿਰੀਕਰਣ ਦੇ ਸਮਾਜਿਕ ਪ੍ਰਭਾਵ (Social Effects of Urbanization)

ਸ਼ਹਿਰੀਕਰਣ ਦੇ ਸਮਾਜਿਕ ਪ੍ਰਭਾਵਾਂ ਨੂੰ ਪਰਿਵਾਰ, ਜਾਤ-ਪਾਤ, ਮਹਿਲਾ ਦੇ ਸਮਾਜਿਕ ਰੁਤਬੇ ਅਤੇ ਪੇਂਡੂ ਜੀਵਨ ਦੇ ਸੰਬੰਧ ਵਿੱਚ ਦੇਖਿਆ ਜਾ ਸਕਦਾ ਹੈ।

**8.8.1 ਸ਼ਹਿਰੀਕਰਣ ਅਤੇ ਪਰਿਵਾਰ:-** ਸ਼ਹਿਰੀਕਰਣ ਨਾ ਕੇਵਲ ਪਰਿਵਾਰਿਕ ਸੰਰਚਨਾ ਨੂੰ ਪ੍ਰਭਾਵਿਤ ਕਰਦਾ ਹੈ ਬਲਕਿ ਪਰਿਵਾਰ ਦੇ ਅੰਦਰੂਨੀ ਤੇ ਬਾਹਰੀ ਰਿਸ਼ਤਿਆਂ ਨੂੰ ਅਤੇ ਪਰਿਵਾਰ ਦੇ ਕਾਰਜਾਂ ਨੂੰ ਪ੍ਰਭਾਵਿਤ ਕਰਦਾ ਹੈ। I.P.Desai, Kapadia ਅਤੇ Alieen Ross ਵਰਗੇ ਵਿਦਵਾਨਾਂ ਦੁਆਰਾ ਸ਼ਹਿਰੀ ਪਰਿਵਾਰਾਂ 'ਤੇ ਕੀਤੇ ਗਏ ਸਰਵੇਖਣ ਕਈ ਗੱਲਾਂ ਸਪੱਸ਼ਟ ਕਰਦੇ ਹਨ ਜਿਵੇਂ ਕਿ ਸੰਯੁਕਤ ਪਰਿਵਾਰਾਂ (Joint Families) ਦੀ ਜਗ੍ਹਾ ਅਣੂ ਪਰਿਵਾਰਾਂ (Nuclear Families) ਨੇ ਲੈ ਲਈ ਹੈ, ਪਰਿਵਾਰ ਦਾ ਆਕਾਰ ਸਿਕੁੜ ਰਿਹਾ ਹੈ ਅਤੇ ਰਿਸ਼ਤੇਦਾਰੀਆਂ ਕੇਵਲ ਦੋ ਜਾਂ ਤਿੰਨ ਪੀੜ੍ਹੀਆਂ ਤੱਕ ਹੀ ਸੀਮਿਤ ਰਹਿ ਗਈਆਂ ਹਨ। I.P.Desai,(1864) ਦੁਆਰਾ 1955-57 ਵਿੱਚ ਗੁਜਰਾਤ ਦੇ ਮਹੂਆ ਵਿੱਚ 423 ਪਰਿਵਾਰਾਂ ਉੱਪਰ ਕੀਤੇ ਗਏ ਇਕ ਸਰਵੇਖਣ ਵਿੱਚ ਇਹ ਪਾਇਆ ਗਿਆ ਕਿ 5 ਪ੍ਰਤੀਸ਼ਤ ਪਰਿਵਾਰ ਇਕਹਿਰੇ ਰਹਿ ਰਹੇ ਸਨ (ਕਾਰਜੀ ਅਤੇ ਨਿਵਾਸ ਪੱਖੋ), 74 ਪ੍ਰਤੀਸ਼ਤ ਪਰਿਵਾਰ ਨਿਵਾਸ ਪੱਖੋਂ ਇਕਹਿਰੇ ਸਨ ਪਰ ਕਾਰਜੀ ਤੌਰ ਤੇ (ਜਾਂ ਸੰਪਤੀ ਵਿੱਚ) ਸੰਯੁਕਤ ਸਨ ਅਤੇ 21 ਪ੍ਰਤੀਸ਼ਤ ਪਰਿਵਾਰ ਇੱਕਠੇ ਰਹਿੰਦੇ ਸਨ ਅਤੇ ਸੰਪਤੀ ਵਿੱਚ ਵੀ ਸੰਯੁਕਤ ਪਰਿਵਾਰ ਸਨ। ਸਰਵੇਖਣ ਵਿੱਚ ਇਹ ਪਤਾ ਲੱਗਿਆ ਹੈ ਕਿ ਭਾਵੇਂ ਸ਼ਹਿਰੀ ਪਰਿਵਾਰ ਦੀ ਸੰਰਚਨਾ ਵਿੱਚ ਪਰਿਵਰਤਨ ਆ ਰਿਹਾ ਹੈ, ਫ਼ਿਰ ਵੀ ਪਰਿਵਾਰਾਂ ਵਿੱਚ ਵਿਅਕਤੀਵਾਦ ਦੀ ਭਾਵਨਾ ਦਾ ਵਿਕਾਸ ਨਹੀਂ ਹੋ ਰਿਹਾ।

ਭਾਵੇਂ ਪਰਿਵਾਰ ਦੇ ਅੰਦਰੂਨੀ ਜਾਂ ਬਾਹਰੀ ਰਿਸ਼ਤਿਆਂ ਵਿੱਚ ਪਰਿਵਰਤਨ ਆ ਰਿਹਾ ਹੈ, ਪਰ ਇਸਦਾ ਇਹ ਅਰਥ ਨਹੀਂ ਹੈ ਕਿ ਨੌਜਵਾਨ ਆਪਣੇ ਵੱਡੇ ਵਡੇਰਿਆਂ ਦੀ ਇੱਜਤ ਨਹੀਂ ਕਰਦੇ, ਜਾਂ ਬੱਚੇ ਮਾਪਿਆਂ ਪ੍ਰਤੀ ਆਪਣੇ ਫਰਜ਼ਾ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਦੇ ਹਨ ਜਾਂ ਫ਼ਿਰ ਇੱਕ ਪਤਨੀ ਆਪਣੇ ਪਤੀ ਦੀ ਆਗਿਆ ਤੋਂ ਬਾਹਰ ਜਾਂਦੀ ਹੈ। ਮਹੱਤਵਪੂਰਨ ਪਰਿਵਰਤਨ ਤਾਂ ਇਹ ਹੈ ਕਿ ਜਿੱਥੇ ਪਹਿਲਾਂ ਪਤੀ ਦੀ ਸੱਤਾ ਪਤਨੀ ਤੇ ਹਾਵੀ ਹੁੰਦੀ ਸੀ, ਹੁਣ ਉੱਥੇ ਪਤਨੀ ਨੂੰ ਵੀ ਪਤੀ ਸਮਾਨ ਬਰਾਬਰ ਦਰਜ਼ਾ ਮਿਲਣ ਲੱਗ ਗਿਆ ਹੈ ਅਤੇ ਪਤਨੀ ਵੀ ਹੁਣ ਪਰਿਵਾਰਕ ਫੈਸਲਿਆਂ ਵਿੱਚ ਆਪਣਾ ਯੋਗਦਾਨ ਦੇ ਰਹੀ ਹੈ। ਮਾਪੇ ਵੀ ਹੁਣ ਬੱਚਿਆਂ ਨਾਲ ਜ਼ਿਆਦਾ ਸਖਤਾਈ ਨਾਲ ਪੇਸ਼ ਨਹੀਂ ਆਉਂਦੇ ਅਤੇ ਨਾਂ ਹੀ ਬੱਚੇ ਆਪਣੇ ਮਾਪਿਆਂ ਦੀਆਂ ਆਗਿਆਵਾਂ ਨੂੰ ਅੰਨ੍ਹੇ ਵਾਹ ਮੰਨਦੇ ਹਨ।

### 8.8.2 ਸ਼ਹਿਰੀਕਰਣ ਅਤੇ ਜਾਤਪਾਤ

ਸ਼ਹਿਰੀਕਰਣ, ਸਿੱਖਿਆ ਅਤੇ ਵਿਅਕਤੀ ਵਿੱਚ ਸਫ਼ਲਤਾ ਤੇ ਆਧੁਨਿਕਤਾ ਦੀ ਭਾਵਨਾ ਦੇ ਵਿਕਾਸ ਕਾਰਨ ਜਾਤਪਾਤ ਦੀ ਸਮੱਸਿਆ ਖ਼ਤਮ ਹੁੰਦੀ ਜਾ ਰਹੀ ਹੈ। ਸ਼ਹਿਰੀ ਵਿਅਕਤੀ ਹੁਣ ਅਜਿਹੇ ਸਮੂਹਾਂ ਦਾ ਹਿੱਸਾ ਹਨ, ਜਿਨ੍ਹਾਂ ਵਿੱਚ ਵੱਖ-ਵੱਖ ਜਾਤਾਂ ਦੇ ਲੋਕ ਸ਼ਾਮਲ ਹੁੰਦੇ ਹਨ। ਸ਼ਹਿਰਾਂ ਦੇ ਨਿਵਾਸੀ ਜਾਤਪਾਤ ਦੇ ਨਿਯਮਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ। ਸ਼ਹਿਰੀ ਜੀਵਨ ਵਿੱਚ ਆਪਸੀ ਰਿਸ਼ਤਿਆਂ, ਵਿਵਾਹਿਕ ਰਿਸ਼ਤਿਆਂ, ਸਮਾਜਿਕ ਰਿਸ਼ਤਿਆਂ ਤੇ ਵਿਵਸਾਇਕ ਰਿਸ਼ਤਿਆਂ ਵਿੱਚ ਪਰਿਵਰਤਨ ਆਇਆ ਹੈ। ਬਿਹਾਰ ਵਿੱਚ ਜਾਤਪਾਤ ਸੰਬੰਧੀ ਹੋਏ ਇੱਕ ਸਰਵੇਖਣ ਵਿੱਚ ਪਤਾ ਲੱਗਿਆ ਹੈ ਕਿ ਸ਼ਹਿਰੀਕਰਣ ਜਾਤਪਾਤ ਪ੍ਰਬੰਧ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਨੂੰ ਪ੍ਰਭਾਵਿਤ ਨਹੀ ਕਰਦਾ। ਪੰਜ ਵੱਖ-ਵੱਖ ਜਾਤਾਂ (ਬ੍ਰਾਹਮਣ,ਰਾਜਪੂਤ,ਧੋਬੀ,ਅਹੀਰ ਅਤੇ ਚਮਾਰ) ਦੇ 200 ਵਿਅਕਤੀਆਂ ਉੱਪਰ ਕੀਤੇ ਗਏ ਸਰਵੇਖਣ ਵਿੱਚ ਇਹ ਪਾਇਆ ਗਿਆ ਕਿ ਸਾਰੇ ਵਿਅਕਤੀਆਂ ਨੇ ਆਪਣੀ ਜਾਤੀ ਦੇ ਅੰਦਰ ਹੀ ਵਿਆਹ ਕੀਤਾ ਸੀ, ਇਨ੍ਹਾਂ ਵਿੱਚੋਂ 20% ਵਿਅਕਤੀ ਸ਼ਹਿਰਾਂ ਵਿੱਚ ਰਹਿੰਦੇ ਸਨ ਪਰ ਫ਼ਿਰ ਵੀ ਉਹ ਅੰਤਰਜਾਤੀ ਵਿਆਹ ਦੇ ਪੱਖ ਵਿੱਚ ਸਨ। ਜਿੱਥੇ ਤੱਕ ਉਨ੍ਹਾਂ ਦੇ ਕਿੱਤੇ ਦਾ ਸੰਬੰਧ ਹੈ, ਇੱਕ ਵੀ ਵਿਅਕਤੀ ਸ਼ਹਿਰ ਵਿੱਚ ਆਪਣੇ ਜਾਤ ਦੇ ਪਰੰਪਰਾਵਾਦੀ ਕਿੱਤੇ ਵਿੱਚ ਨਹੀਂ ਲੱਗਿਆ ਹੋਇਆ ਸੀ, ਦੂਜੇ ਪਾਸੇ ਪੇਂਡੂ ਇਲਾਕਿਆਂ ਵਿੱਚ 81% ਵਿਅਕਤੀ ਹੁਣੇ ਵੀ ਆਪਣੇ ਪਰੰਪਰਾਵਾਦੀ ਕਿੱਤਿਆਂ ਵਿੱਚ ਲੱਗੇ ਹੋਏ ਸਨ। ਇਸੇ ਪ੍ਰਕਾਰ ਜਾਤੀ ਏਕਤਾ ਸ਼ਹਿਰਾਂ ਵਿੱਚ ਇੰਨੀ ਮਜ਼ਬੂਤ ਨਹੀਂ ਸੀ ਜਿੰਨੀ ਕਿ ਇਹ ਪੇਂਡੂ ਇਲਾਕਿਆਂ ਵਿੱਚ ਸੀ।

### 8.8.3 ਸ਼ਹਿਰੀਕਰਣ ਤੇ ਔਰਤ ਦਾ ਦਰਜਾ

ਸ਼ਹਿਰੀ ਇਲਾਕਿਆਂ ਵਿੰਚ ਔਰਤ ਦਾ ਦਰਜਾ ਇੱਕ ਪੇਂਡੂ ਔਰਤ ਦੇ ਮੁਕਾਬਲੇ ਜ਼ਿਆਰਾ ਉੱਚਾ ਹੈ, ਸ਼ਹਿਰੀ ਔਰਤਾਂ ਪੇਂਡੂ ਔਰਤਾਂ ਦੇ ਮੁਕਾਬਲੇ ਜ਼ਿਆਦਾ ਪੜ੍ਹੀਆਂ ਲਿਖੀਆਂ ਤੇ ਆਜ਼ਾਦ ਹਨ। ਇਨ੍ਹਾਂ ਵਿਚੋਂ ਕੁੱਝ ਤਾਂ

ਕੰਮਕਾਜੀ ਔਰਤਾਂ ਵੀ ਹਨ। ਇਸ ਤਰ੍ਹਾਂ ਮਹਿਲਾਵਾਂ ਨਾ ਕੇਵਲ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਅਧਿਕਾਰਾਂ ਪ੍ਰਤੀ ਜਾਗਰੂਕ ਹਨ ਬਲਕਿ ਉਹ ਇਹਨਾਂ ਅਧਿਕਾਰਾਂ ਨੂੰ ਆਪਣੇ ਸ਼ੋਸ਼ਣ ਅਤੇ ਅਤਿਆਚਾਰ ਤੋਂ ਬਚਣ ਲਈ ਵੀ ਇਸਤੇਮਾਲ ਕਰਦੀਆਂ ਹਨ। ਸ਼ਹਿਰਾਂ ਵਿੱਚ ਲੜਕੀ ਦੀ ਵਿਆਹ ਯੋਗ ਔਸਤ ਉਮਰ ਵੀ ਪਿੰਡਾਂ ਦੇ ਮੁਕਾਬਲੇ ਜ਼ਿਆਦਾ ਹੈ।

ਅਸੀਂ ਦੇਖਦੇ ਹਾਂ ਕਿ ਤਲਾਕ ਅਤੇ ਮੁੜ ਵਿਆਹ ਸ਼ਹਿਰੀ ਔਰਤਾਂ ਦੇ ਜੀਵਨ ਦਾ ਇਕ ਨਵਾਂ ਪਹਿਲੂ ਹੈ। ਅੱਜ ਦੀਆਂ ਔਰਤਾਂ ਜ਼ਿਆਦਾ ਜਾਗਰੂਕ ਹਨ,ਜੇਕਰ ਵਿਆਹ ਤੋਂ ਬਾਅਦ ਜੀਵਨ ਨਿਰਵਾਹ ਅਸੰਭਵ ਹੋ ਜਾਂਦਾ ਹੈ ਤਾਂ ਉਹ ਵਿਆਹ ਨੂੰ ਕਾਨੂੰਨੀ ਰੂਪ ਵਿੱਚ ਖ਼ਤਮ ਕਰਨ ਲਈ ਪਹਿਲ ਕਰਦੀਆਂ ਹਨ।

ਰਾਜਨੀਤਿਕ ਪੱਖੋਂ ਵੀ ਸ਼ਹਿਰੀ ਔਰਤ ਅੱਜ ਵਧੇਰੇ ਕਾਰਜਸ਼ੀਲ ਹੈ। ਹਰਕੇ ਪੜਾਅ ‘ਤੇ ਚੋਣਾਂ ਵਿੱਚ ਔਰਤਾਂ ਵੱਧ ਚੜ੍ਹ ਕੇ ਹਿੱਸਾ ਲੈ ਰਹੀਆਂ ਹਨ। ਬਹੁਤ ਸਾਰੀਆਂ ਮਹਿਲਾਵਾਂ ਮਹੱਤਵਪੂਰਨ ਰਾਜਨੀਤਿਕ ਪਦਾਂ ਤੇ ਬਿਰਾਜਮਾਨ ਹਨ ਅਤੇ ਉਹਨਾਂ ਦੀਆਂ ਆਪਣੀਆਂ ਸੁਤੰਤਰ ਰਾਜਨੀਤਿਕ ਵਿਚਾਰਧਾਰਾਵਾਂ ਹਨ। ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਜਿੱਥੇ ਪੇਂਡੂ ਮਹਿਲਾ ਅਜੇ ਵੀ ਆਰਥਿਕ ਤੇ ਸਮਾਜਿਕ ਪੱਖੋਂ ਪੁਰਸ਼ ਤੇ ਨਿਰਭਰ ਹੈ,ਉਸ ਦੇ ਮੁਕਾਬਲੇ ਵਿੱਚ ਸ਼ਹਿਰੀ ਮਹਿਲਾ ਆਤਮ-ਨਿਰਭਰ ਹੈ ਅਤੇ ਸੁਤੰਤਰ ਹੈ।

## 8.8 ਸ਼ਹਿਰੀਕਰਣ ਦੀਆਂ ਸਮੱਸਿਆਵਾਂ (Problems of Urbanization)

ਸ਼ਹਿਰੀ ਸਮੱਸਿਆਵਾਂ ਅੰਤਹੀਣ ਹਨ। ਨਸ਼ਾਖੋਰੀ, ਪ੍ਰਦੂਸ਼ਣ, ਅਪਰਾਧ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਬਾਲ-ਅਪਰਾਧ ਆਦਿ ਇਨ੍ਹਾਂ ਵਿਚੋਂ ਕੁੱਝ ਹਨ। ਇਨ੍ਹਾਂ ਸਮੱਸਿਆਵਾਂ ਦਾ ਸ਼ਹਿਰੀ ਸਮਾਜ ਦੇ ਉੱਪਰ ਪ੍ਰਭਾਵ ਹੇਠ ਲਿਖੇ ਅਨੁਸਾਰ ਹੈ:-

**8.8.1 ਭੀੜ-ਭੜੱਕੇ ਦੀ ਸਮੱਸਿਆ:-** ਇਕ ਸੀਮਤ ਥਾਂ ਉੱਤੇ ਲੋਕਾਂ ਦੇ ਭਾਰੀ ਇੱਕਠ ਨੇ ਭੀੜ-ਭੜੱਕੇ ਦੀ ਸਮੱਸਿਆ ਪੈਦਾ ਕਰ ਦਿੱਤੀ ਹੈ। ਸ਼ਹਿਰੀ ਜੀਵਨ ਦੇ ਆਕਰਸ਼ਣਾਂ (ਜਾਂ ਖਿਚਾਵ ਕਾਰਨਾਂ) ਕਰਕੇ ਲੋਕਾਂ ਨੇ ਸ਼ਹਿਰਾਂ ਵੱਲ ਭੱਜਣਾ ਸ਼ੁਰੂ ਕਰ ਦਿੱਤਾ ਹੈ। ਪੇਂਡੂ ਇਲਾਕਿਆਂ ਵਿੱਚ ਸਿੱਖਿਆ,ਕੰਮ ਕਾਰ ਅਤੇ ਹੋਰ ਸੰਬੰਧਿਤ ਮੌਕਿਆਂ ਦੀ ਘਾਟ ਆਦਿ ਕਾਰਨਾਂ (ਧੱਕੇ ਦੇ ਕਾਰਨਾਂ) ਨੇ ਲੋਕਾਂ ਨੂੰ ਪਿੰਡਾਂ ਨੂੰ ਛੱਡਣ ਅਤੇ ਸ਼ਹਿਰਾਂ ਵੱਲ ਜਾਣ ਲਈ ਮਜ਼ਬੂਰ ਕੀਤਾ ਹੈ। ਇਸ ਲਈ ਸ਼ਹਿਰੀ ਘਣਤਾ ਵਿੱਚ ਵਾਧਾ ਹੋਇਆ ਹੈ, ਜਿਸ ਲਈ ਸ਼ਹਿਰਾਂ ਵਿੱਚ ਭੀੜ-ਭੜੱਕਾ ਵੱਧ ਗਿਆ ਹੈ।

**8.8.2 ਸ਼ਹਿਰੀ ਨਿਵਾਸ ਦੀ ਸਮੱਸਿਆ:-** ਸ਼ਹਿਰੀ ਜਨਸੰਖਿਆ ਵਿੱਚ ਵਾਧਾ ਐਨੀ ਤੇਜ਼ੀ ਨਾਲ ਹੋ ਰਿਹਾ ਹੈ ਕਿ ਸਭ ਨੂੰ ਉਚਿਤ ਰਿਹਾਇਸ਼ੀ ਸੁਵਿਧਾਵਾਂ ਪ੍ਰਦਾਨ ਕਰਨਾ ਅਸੰਭਵ ਹੋ ਗਿਆ ਹੈ। ਇਸ ਲਈ ਰਿਹਾਇਸ਼ੀ

ਸਮੱਸਿਆ ਸ਼ਹਿਰ ਦੀਆਂ ਗੰਭੀਰ ਸਮੱਸਿਆਵਾਂ ਵਿਚੋਂ ਇਕ ਮੁੱਖ ਸਮੱਸਿਆ ਬਣ ਗਈ ਹੈ। ਸ਼ਹਿਰ ਵਿੱਚ ਥਾਂ ਦੀ ਸਮੱਸਿਆ ਐਨੀ ਗੰਭੀਰ ਹੋ ਗਈ ਹੈ ਕਿ ਵੱਡੀ ਸੰਖਿਆ ਵਿੱਚ ਲੋਕ ਸੜਕਾਂ, ਬੱਸ ਸਟੈਂਡਾਂ, ਰੇਲਵੇ-ਸਟੇਸ਼ਨਾਂ, ਬਸਤੀਆਂ ਅਤੇ ਛੋਟੇ ਪੁਰਾਣੇ ਮਕਾਨਾਂ ਵਿੱਚ ਰਹਿਣ ਲਈ ਮਜ਼ਬੂਰ ਹਨ। ਮੁੰਬਈ, ਕਲਕੱਤਾ, ਦਿੱਲੀ ਅਤੇ ਚੇਨੰਈ ਵਰਗੇ ਮਹਾਂਨਗਰ ਗੰਭੀਰ ਰਿਹਾਇਸ਼ ਸਮੱਸਿਆ ਨੂੰ ਝੇਲ ਰਹੇ ਹਨ। ਮੁੰਬਈ ਵਰਗੇ ਉੱਚੀ ਘਣਤਾ ਵਾਲੇ ਸ਼ਹਿਰ ਵਿੱਚ, 70% ਤੋਂ ਜ਼ਿਆਦਾ ਘਰ ਕੇਵਲ ਇੱਕ ਕਮਰੇ ਵਾਲੇ ਹਨ, ਜਿਨ੍ਹਾਂ ਵਿੱਚ ਔਸਤਨ 5.3 ਵਿਅਕਤੀ ਰਹਿੰਦੇ ਹਨ। ਚਾਰ ਮਹਾਂਨਗਰਾਂ ਤੋਂ ਇਲਾਵਾ 53 ਹੋਰ ਸ਼ਹਿਰਾਂ ਵਿੱਚ ਕਰਵਾਏ ਗਏ ਸਰਵੇਖਣ ਤੋਂ ਪਤਾ ਲੱਗਦਾ ਹੈ ਕਿ ਸ਼ਹਿਰੀ ਇਲਾਕਿਆਂ ਵਿੱਚ 44% ਤੋਂ ਜ਼ਿਆਦਾ ਵਿਅਕਤੀ ਇਕ ਕਮਰੇ ਵਾਲੇ ਮਕਾਨਾਂ ਵਿੱਚ ਰਹਿ ਰਹੇ ਹਨ।

**8.8.3 ਬਸਤੀਆਂ ਦੀ ਸਮੱਸਿਆ:-** ਵੱਧਦੇ ਉਦਯੋਗੀਕਰਣ ਅਤੇ ਸ਼ਹਿਰੀਕਰਣ ਨੇ ਸ਼ਹਿਰ ਵਿੱਚ ਬਸਤੀਆਂ ਨੂੰ ਜਨਮ ਦਿੱਤਾ ਹੈ। ਬਸਤੀਆਂ ਦੇ ਘਰ ਨਿਚਲੇ ਦਰਜੇ ਦੇ ਹੁੰਦੇ ਹਨ, ਜਿਨ੍ਹਾਂ ਵਿੱਚ ਹਵਾ, ਪਾਣੀ, ਸਫ਼ਾਈ ਅਤੇ ਬਿਜਲੀ ਦੀ ਸਮੱਸਿਆ ਹੁੰਦੀ ਹੈ, ਜੋ ਕਿ ਮਨੁੱਖ ਦੇ ਰਹਿਣ ਲਈ ਉਚਿਤ ਨਹੀ ਹੁੰਦੇ। ਬਸਤੀਆਂ ਦੇ ਨਿਵਾਸੀ ਬਹੁਤ ਹੀ ਪੱਛੜੇ ਇਲਾਕਿਆਂ ਵਿੱਚ ਰਹਿੰਦੇ ਹਨ। ਉਹਨਾਂ ਦੀ ਰਹਿਣ ਸਹਿਣ ਦੀ ਸਥਿਤੀ ਸੱਚ-ਮੁੱਚ ਹੀ ਬਹੁਤ ਭਿਆਨਕ ਹੁੰਦੀ ਹੈ। ਛੋਟੀ-ਮੋਟੀ ਕਮਾਈ ਕਰਨ ਵਾਲੇ ਮਜ਼ਦੂਰ ਹੀ ਇਨ੍ਹਾਂ ਬਸਤੀਆਂ ਵਿੰਚ ਰਹਿੰਦੇ ਹਨ। ਸ਼ਹਿਰ ਦੀਆਂ ਸੁਵਿਧਾਵਾਂ ਇਨ੍ਹਾਂ ਬਸਤੀਆਂ ਵਿੱਚ ਨਹੀਂ ਹੁੰਦੀਆਂ।

**8.8.4 ਪੀਣ ਦੇ ਪਾਣੀ ਦੀਆਂ ਸਮੱਸਿਆ:-** ਪਾਣੀ ਜੀਵਨ ਦੀ ਇਕ ਬੁਨਿਆਦੀ ਲੋੜ ਹੈ। ਪਰ ਬਹੁਤ ਸਾਰੇ ਸ਼ਹਿਰਾਂ ਵਿੱਚ ਪਾਣੀ ਦੀ ਘਾਟ ਹੁੰਦੀ ਜਾ ਰਹੀ ਹੈ। ਪੂਰੇ ਦੇਸ਼ ਵਿੱਚ ਕੋਈ ਅਜਿਹਾ ਮਹਾਂਨਗਰ ਨਹੀਂ ਹੈ ਜਿੱਥੇ ਦਿਨ ਦੇ 24 ਘੰਟੇ ਪਾਣੀ ਦੀ ਸਪਲਾਈ ਹੁੰਦੀ ਹੈ। ਚੇਨੰਈ, ਹੈਦਰਾਬਾਦ, ਰਾਜਕੋਟ, ਅਜਮੇਰ ਅਤੇ ਉਦੇਪੁਰ ਵਰਗੇ ਸ਼ਹਿਰਾਂ ਵਿੱਚ ਦਿਨ ਵਿੱਚ ਇੱਕ ਘੰਟੇ ਤੋਂ ਵੀ ਘੱਟ ਸਮੇਂ ਲਈ ਪਾਣੀ ਦੀ ਸਪਲਾਈ ਹੁੰਦੀ ਹੈ। ਪਿਛਲੇ 80 ਸਾਲਾਂ ਵਿੱਚ ਜ਼ਿਆਦਾਤਰ ਸ਼ਹਿਰ ਅਤੇ ਕਸਬੇ, ਜਿੱਥੇ ਹਰ ਸਾਲ ਚੰਗੀ ਬਾਰਿਸ਼ ਪੈਂਦੀ ਹੈ, ਉਹ ਵੀ ਪਾਣੀ ਦੀ ਘਾਟ ਦੀ ਗੰਭੀਰ ਸਮੱਸਿਆ ਨਾਲ ਜੂਝ ਰਹੇ ਹਨ। ਬਦਕਿਸਮਤੀ ਨਾਲ ਸਾਡੇ ਕੋਲ ਇਸ ਸਮੱਸਿਆ ਲਈ ਕੋਈ ਵੀ ਯੋਗ, ਨਿਯੋਜਿਤ ਅਤੇ ਕਾਰਜਸ਼ੀਲ ਰਾਸ਼ਟਰੀ ਨੀਤੀ ਨਹੀਂ ਹੈ।

**8.8.5 ਜਲ-ਨਿਕਾਸੀ ਦੀ ਸਮੱਸਿਆ:-** ਜਲ-ਨਿਕਾਸੀ ਦੀ ਸਮੱਸਿਆ ਪਾਣੀ ਦੀ ਸਮੱਸਿਆ ਨਾਲ ਸੰਬੰਧਿਤ ਹੈ। ਸਾਫ਼-ਸਫ਼ਾਈ ਰੱਖਣ ਲਈ ਪਾਣੀ ਦੀ ਲਗਾਤਾਰ ਸਪਲਾਈ ਜ਼ਰੂਰੀ ਹੈ। ਨਿਕਾਸੀ ਲਈ ਬਣਾਏ ਗਏ ਨਾਲਿਆਂ ਵਿੱਚ ਪਾਣੀ ਦਾ ਲਗਾਤਾਰ ਪ੍ਰਵਾਹ ਨਿਕਾਸੀ ਪ੍ਰਣਾਲੀ ਦੇ ਰੱਖ-ਰਖਾਵ ਵਿੱਚ ਸਹਾਇਤਾ ਕਰਦਾ ਹੈ। ਪ੍ਰੰਤੂ ਭਾਰਤੀ ਸੰਦਰਭ ਵਿੱਚ ਪਾਣੀ ਦੇ ਕਮੀ ਨੇ ਜਲ ਨਿਕਾਸੀ ਦੀ ਸਮੱਸਿਆ ਨੂੰ ਹੋਰ ਵੀ ਵਧਾਇਆ ਹੈ। ਸ਼ਹਿਰ

ਵਿੱਚ ਸਾਫ਼ ਸਫ਼ਾਈ ਰੱਖਣ ਲਈ ਇਕ ਯੋਗ ਜਲ ਨਿਕਾਸੀ ਪ੍ਰਣਾਲੀ ਬਹੁਤ ਜ਼ਰੂਰੀ ਹੈ। ਪ੍ਰੰਤੂ ਬਦਕਿਸਮਤੀ ਨਾਲ ਭਾਰਤ ਵਿੱਚ ਜਲ ਨਿਕਾਸੀ ਪ੍ਰਣਾਲੀ ਬਹੁਤ ਹੀ ਬੁਰੀ ਹੈ। ਭਾਰਤ ਵਿੰਚ ਕੋਈ ਵੀ ਅਜਿਹਾ ਸ਼ਹਿਰ ਨਹੀਂ ਹੈ, ਜਿਸ ਵਿੱਚ 100% ਯੋਗ ਨਿਕਾਸੀ ਪ੍ਰਣਾਲੀ ਹੈ।

**8.8.6 ਆਵਾਜਾਈ ਅਤੇ ਟ੍ਰੈਫ਼ਿਕ ਦੀ ਸਮੱਸਿਆ:-** ਸ਼ਹਿਰਾਂ ਦੀ ਵੱਧ ਰਹੀ ਜਨਸੰਖਿਆ ਇਸ ਦੇ ਆਵਾਜਾਈ ਅਤੇ ਟ੍ਰੈਫ਼ਿਕ ਪ੍ਰਬੰਧ ਉੱਪਰ ਭਾਰੀ ਬੋਝ ਬਣ ਰਹੀ ਹੈ। ਭਾਰਤੀ ਸ਼ਹਿਰਾਂ ਵਿੱਚ ਇਹ ਪ੍ਰਬੰਧ ਬਹੁਤ ਹੀ ਅਸਤੋਸ਼ਜਨਕ ਹੈ। ਜ਼ਿਆਦਾਤਰ ਲੋਕ ਆਵਾਜਾਈ ਲਈ ਛੋਟੀਆਂ ਬੱਸਾਂ, ਟੈਂਪੂ ਆਦਿ ਇਸਤੇਮਾਲ ਕਰਦੇ ਹਨ। ਜਦ ਕਿ ਕੁੱਝ ਲੋਕ ਰੇਲ-ਗੱਡੀਆਂ ਦਾ ਇਸਤੇਮਾਲ ਕਰਦੇ ਹਨ। ਕਾਫ਼ੀ ਗਿਣਤੀ ਵਿੱਚ ਮੱਧਵਰਗੀ ਲੋਕ ਅਤੇ ਕੁੱਝ ਉੱਚ ਵਰਗੀ ਲੋਕ ਸਕੂਟਰ, ਮੋਟਰ ਸਾਈਕਲ, ਕਾਰ, ਵੈਨ, ਜੀਪ, ਮੋਪਡ ਆਦਿ ਦਾ ਇਸਤੇਮਾਲ ਕਰਦੇ ਹਨ, ਜਿਸ ਕਰਕੇ ਟ੍ਰੈਫ਼ਿਕ ਸਿਸਟਮ ਹੋਰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ। ਭਾਰਤੀ ਸ਼ਹਿਰਾਂ ਵਿੱਚ ਸੜਕ ਦੁਰਘਟਨਾਵਾਂ ਦੀ ਸੰਖਿਆ ਵੀ ਕਾਫ਼ੀ ਜ਼ਿਆਦਾ ਪਾਈ ਜਾਂਦੀ ਹੈ।

**8.8.7 ਊਰਜਾ ਦੀ ਘਾਟ ਦੀ ਸਮੱਸਿਆ:-** ਊਰਜਾ ਦੀ ਘਾਟ ਦੀ ਸਮੱਸਿਆ ਅੱਜ ਸ਼ਹਿਰਾਂ ਵਿੱਚ ਮੁੱਖ ਸਮੱਸਿਆ ਬਣਦੀ ਜਾ ਰਹੀ ਹੈ ਬਿਜਲੀ ਦੇ ਉਪਕਰਣਾਂ ਦਾ ਇਸਤੇਮਾਲ ਸ਼ਹਿਰੀ ਜੀਵਨ ਦਾ ਇਕ ਅਭਿੰਨ ਹਿੱਸਾ ਬਣ ਗਿਆ ਹੈ। ਇਸ ਕਰਕੇ ਸ਼ਹਿਰੀ ਲੋਕ ਦਿਨ ਦੇ 24 ਘੰਟੇ ਬਿਜਲੀ ਦੀ ਸਪਲਾਈ ਮੰਗਦੇ ਹਨ । ਆਜ਼ਾਦੀ ਦੇ 65 ਸਾਲਾਂ ਬਾਅਦ ਵੀ ਅਸੀਂ ਲੋਕਾਂ ਨੂੰ ਬਿਜਲੀ ਦੀ ਲੋੜੀਂਦੀ ਸਪਲਾਈ ਪ੍ਰਦਾਨ ਕਰਨ ਵਿੱਚ ਸਫ਼ਲ ਨਹੀ ਰਹੇ, ਹਲਾਂਕਿ ਲੋਕ ਇਸ ਲਈ ਖਰਚਾ ਕਰਨ ਲਈ ਤਿਆਰ ਹਨ। ਬਸਤੀਆਂ ਅਤੇ ਗਰੀਬ ਲੋਕਾਂ ਦੇ ਘਰ ਅਜੇ ਵੀ ਬਿਜਲੀ ਨਾਲ ਪੂਰੀ ਤਰ੍ਹਾਂ ਰੋਸ਼ਨ ਨਹੀਂ ਹੋਏ।

### 8.10 ਸ਼ਹਿਰੀ ਸਮੱਸਿਆਵਾਂ ਨੂੰ ਹੱਲ ਕਰਨ ਲਈ ਸੁਝਾਅ (Suggestions to Solve the Problems of Urbanization):-

ਸੰਸਾਰ ਵਿੱਚ ਅਜਿਹਾ ਕੋਈ ਸ਼ਹਿਰ ਨਹੀਂ ਹੈ, ਜੋ ਸਮੱਸਿਆਵਾਂ ਤੋਂ ਮੁਕਤ ਹੋਵੇ, ਭਾਰਤ ਦੇ ਸ਼ਹਿਰਾਂ ਤੇ ਵੀ ਇਹ ਗੱਲ ਲਾਗੂ ਹੁੰਦੀ ਹੈ। ਇਸ ਦਾ ਇਹ ਅਰਥ ਨਹੀ਼ ਹੈ ਕਿ ਇਨ੍ਹਾਂ ਸਮੱਸਿਆਵਾਂ ਦੇ ਹੱਲ ਨਹੀਂ ਹਨ। ਇਨ੍ਹਾਂ ਸ਼ਹਿਰੀ ਸਮੱਸਿਆਵਾਂ ਦਾ ਸਾਹਮਣਾ ਕਰਨ ਲਈ ਅਤੇ ਇਨ੍ਹਾਂ ਨੂੰ ਹੱਲ ਕਰਨ ਲਈ ਕੁਝ ਸੁਝਾਅ ਹੇਠ ਲਿਖੇ ਅਨੁਸਾਰ ਹਨ:-

**8.10.1 ਕੁਸ਼ਲ ਅਤੇ ਅਭਿੰਨ ਸ਼ਹਿਰੀ ਯੋਜਨਾ:-** ਕੁਸ਼ਲ ਯੋਜਨਾ ਦੀ ਘਾਟ ਸ਼ਹਿਰੀ ਸਮੱਸਿਆਵਾਂ ਦੇ ਪ੍ਰਮੁੱਖ ਕਾਰਨਾਂ ਵਿੱਚੋਂ ਇੱਕ ਹੈ। ਇਸੇ ਕਰਕੇ ਸ਼ਹਿਰੀ ਪ੍ਰਸ਼ਾਸਨ ਨੂੰ ਸ਼ਹਿਰ ਦੇ ਸੁਧਾਰ ਲਈ ਸੋਚ ਸਮਝ ਦੇ ਕੁਸ਼ਲ

ਯੋਜਨਾ ਬਣਾਉਣੀ ਚਾਹੀਦੀ ਹੈ। ਸ਼ਹਿਰੀ ਪ੍ਰਸ਼ਾਸਨ, ਰਾਜ ਪ੍ਰਸ਼ਾਸਨ ਅਤੇ ਕੇਂਦਰੀ ਪ੍ਰਸ਼ਾਸਨ ਦੇ ਵਿਚਕਾਰ ਤਾਲਮੇਲ ਹੋਣਾ ਚਾਹੀਦਾ ਹੈ। ਸ਼ਹਿਰ ਦੇ ਸੁਧਾਰ ਲਈ ਯੋਜਨਾ ਬਣਾਉਣ ਲੱਗੇ ਮਾਹਿਰ ਵਿਅਕਤੀਆਂ ਤੋਂ ਸਲਾਹ ਅਤੇ ਸੁਝਾਅ ਲਏ ਜਾਣੇ ਚਾਹੀਦੇ ਹਨ।

**8.10.2 ਸ਼ਹਿਰੀ ਪ੍ਰਸ਼ਾਸਨ ਦਾ ਆਰਥਿਕ ਤੌਰ ਤੇ ਆਤਮ ਨਿਰਭਰ ਹੋਣਾ:-** ਇਹ ਬਹੁਤ ਜ਼ਰੂਰੀ ਹੈ ਕਿ ਸ਼ਹਿਰੀ ਪ੍ਰਸ਼ਾਸਨ ਕੋਲ ਉਪਯੁਕਤ ਆਰਥਿਕ ਸਾਧਨ ਹੋਣੇ ਚਾਹੀਦੇ ਹਨ, ਜਿਸ ਨਾਲ ਉਹ ਸ਼ਹਿਰ ਅਤੇ ਸ਼ਹਿਰ ਨਿਵਾਸੀਆਂ ਲਈ ਵੱਖ-ਵੱਖ ਵਿਕਾਸ ਕਾਰਜਾਂ ਨੂੰ ਪੂਰਾ ਕਰ ਸਕੇ। ਸ਼ਹਿਰੀ ਪ੍ਰਸ਼ਾਸਨ ਹਮੇਸ਼ਾ ਹੀ ਆਰਥਿਕ ਸਹਾਇਤਾ ਲਈ ਰਾਜ ਅਤੇ ਕੇਂਦਰ ਪ੍ਰਸ਼ਾਸਨ ਤੇ ਨਿਰਭਰ ਨਹੀਂ ਰਹਿ ਸਕਦਾ। ਇਸ ਨੂੰ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਆਪਣੇ ਆਪ ਦੇ ਆਰਥਿਕ ਸਾਧਨਾਂ ਨੂੰ ਲੱਭਣਾ ਪੈਂਦਾ ਹੈ। ਇਸ ਕੰਮ ਲਈ ਸੰਪਤੀ, ਪਾਣੀ ਅਤੇ ਬਿਜਲੀ ਦੇ ਕਰਾਂ ਵਿੱਚ ਵਾਧਾ ਕਰਕੇ ਪੈਸਾ ਇੱਕਠਾ ਕੀਤਾ ਜਾ ਸਕਦਾ ਹੈ ਅਤੇ ਇਸ ਪ੍ਰਕਾਰ ਲੋਕਾਂ ਨੂੰ ਜ਼ਰੂਰੀ ਸੁਵਿਧਾਵਾਂ ਪ੍ਰਦਾਨ ਕਰਨ ਲਈ ਪ੍ਰਤੀ ਵਿਅਕਤੀ ਜ਼ਿਆਦਾ ਪੈਸੇ ਲਗਾਏ ਜਾ ਸਕਦੇ ਹਨ।

**8.10.3 ਰੁਜ਼ਗਾਰ ਦੇ ਜ਼ਿਆਦਾ ਮੌਕੇ ਪ੍ਰਦਾਨ ਕਰਨਾ:-** ਅਸੀ ਪਿੰਡ ਦੇ ਲੋਕਾਂ ਨੂੰ ਰੁਜ਼ਗਾਰ ਦੇ ਵਧੇਰੇ ਮੌਕੇ ਪ੍ਰਦਾਨ ਕਰਨ ਲਈ 'IRDP', 'NREP', 'GRY' ਅਤੇ ਅਜਿਹੇ ਹੋਰ ਕਈ ਪ੍ਰੋਗਰਾਮਾਂ ਦੁਆਰਾ ਪੇਂਡੂ ਇਲਾਕਿਆਂ ਤੇ ਹੀ ਧਿਆਨ ਦੇ ਰਹੇ ਹਾਂ, ਤਾਂ ਕਿ ਪਿੰਡ ਦੇ ਲੋਕਾਂ ਨੂੰ ਪਿੰਡਾਂ ਵਿੱਚ ਹੀ ਰੋਕਿਆ ਜਾ ਸਕੇ। ਪਰ ਹੁਣ ਸਮਾਂ ਹੈ ਕਿ ਸ਼ਹਿਰੀ ਲੋਕਾਂ ਲਈ ਰੋਜ਼ਗਾਰ ਦੇ ਚੰਗੇਰੇ ਮੌਕੇ ਪ੍ਰਦਾਨ ਕਰਨ ਲਈ ਕੁੱਝ ਕੀਤਾ ਜਾਵੇ। ਇਸ ਦੇ ਨਾਲ ਨਾ ਕੇਵਲ ਬੇਰੁਜ਼ਗਾਰ ਸ਼ਹਿਰੀਆਂ ਨੂੰ ਮਦਦ ਮਿਲੇਗੀ, ਬਲਕਿ ਸ਼ਹਿਰੀ ਪ੍ਰਸ਼ਾਸਨ ਦੀ ਆਮਦਨ ਵਿੱਚ ਵੀ ਵਾਧਾ ਹੋਵੇਗਾ।

**8.10.4 ਆਵਾਜਾਈ ਦੀਆਂ ਚੰਗੇਰੀ ਸਹੂਲਤਾਂ ਪ੍ਰਦਾਨ ਕਰਨਾ:-** ਭਾਰਤ ਦੇ ਲਗਭਗ ਸਾਰੇ ਮਹਾਂਨਗਰਾਂ ਵਿੱਚ ਬਹੁਤ ਭੀੜ-ਭੜੱਕਾ ਹੈ, ਜਿਸ ਕਰਕੇ ਇਹ ਲੋਕਾਂ ਨੂੰ ਆਵਾਜਾਈ ਦੀਆਂ ਲੋੜੀਂਦੀ ਸੁਵਿਧਾਵਾਂ ਪ੍ਰਦਾਨ ਕਰਨ ਵਿੱਚ ਅਸਮਰੱਥ ਹਨ। ਇਸ ਲਈ ਇਸ ਸਮੱਸਿਆ ਦਾ ਸਾਹਮਣਾ ਕਰਨ ਲਈ ਸਹੀ ਇੰਤਜਾਮ ਕਰਨਾ ਬਹੁਤ ਜ਼ਰੂਰੀ ਹੈ। ਆਵਾਜਾਈ ਦੇ ਸਰਕਾਰੀ ਸਾਧਨਾਂ ਦੇ ਨਾਲ-ਨਾਲ ਪ੍ਰਾਈਵੇਟ ਸਾਧਨਾਂ ਨੂੰ ਵੀ ਪ੍ਰੋਤਸਾਹਨ ਦੇਣਾ ਚਾਹੀਦਾ ਹੈ। ਦੋਹਾਂ ਦੇ ਵਿਚਕਾਰ ਇਕ ਵਧੀਆ ਤਾਲਮੇਲ ਹੋਣ ਦੇ ਨਾਲ ਹੀ ਇਸ ਸਮੱਸਿਆ ਨੂੰ ਕਾਫ਼ੀ ਹੱਦ ਤੱਕ ਸੁਲਝਾਇਆ ਜਾ ਸਕਦਾ ਹੈ।

**8.10.5 ਕੁਸ਼ਲ ਅਤੇ ਮੁਮਕਿਨ ਰਿਹਾਇਸ਼ੀ ਪ੍ਰਣਾਲੀ ਅਪਣਾਉਣਾ:-** ਸ਼ਹਿਰਾਂ ਵਿੱਚ ਪ੍ਰਵਾਸ ਕਰਕੇ ਆਉਣ ਵਾਲੇ ਲੋਕਾਂ ਨੂੰ ਰਿਹਾਇਸ਼ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਸ਼ਹਿਰ ਦੇ ਨਿਵਾਸੀਆਂ ਕੋਲ ਵੀ

ਸੰਤੋਸ਼ਜਨਕ ਰਿਹਾਇਸ਼ੀ ਸੁਵਿਧਾਵਾਂ ਉਪਲਬਧ ਨਹੀਂ ਹਨ। ਇਸ ਲਈ ਸ਼ਹਿਰੀ ਪ੍ਰਸ਼ਾਸਨ ਨੂੰ ਨਿਰਮਾਣ ਉਦਯੋਗ ਨੂੰ ਪੋਤਸਾਹਨ ਦੇਣਾ ਚਾਹੀਦਾ ਹੈ। ਨਿਰਮਾਣ ਖੇਤਰ ਵਿੱਚ ਲੱਗੇ ਪ੍ਰਾਈਵੇਟ ਕਾਰੋਬਾਰੀਆਂ ਨੂੰ ਪ੍ਰੋਤਸਾਹਨ ਦੇਣਾ ਚਾਹੀਦਾ ਹੈ, ਘਰਾਂ ਦੇ ਨਿਰਮਾਣ ਵਿੱਚ ਸਖ਼ਤ ਕਾਨੂੰਨਾਂ ਨੂੰ ਢਿੱਲਾ ਕਰਨਾ ਚਾਹੀਦਾ ਹੈ ਅਤੇ ਸਰਕਾਰੀ, ਨਿੱਜੀ ਅਤੇ ਸਹਿਕਾਰੀ ਰਿਹਾਇਸ਼ੀ ਬੋਰਡਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਘਰਾਂ ਦੇ ਨਿਰਮਾਣ ਲਈ ਸਾਰੀ ਲੋੜੀਂਦੀ ਸਹਾਇਤਾ ਪ੍ਰਦਾਨ ਕਰਨੀ ਚਾਹੀਦੀ ਹੈ।

**8.10.6 ਵਾਤਾਵਰਣ ਪ੍ਰਦੂਸ਼ਣ ਤੇ ਨਿਯੰਤਰਣ:–** ਮਹਾਂਨਗਰਾਂ ਵਿੱਚ ਵਾਤਾਵਰਣ ਪ੍ਰਦੂਸ਼ਣ ਇੱਕ ਵੱਡੀ ਸਮੱਸਿਆ ਬਣਦਾ ਜਾ ਰਿਹਾ ਹੈ। ਇਸ ਪ੍ਰਦੂਸ਼ਣ ਦਾ ਨਿਯੰਤਰਣ ਕਰਨ ਲਈ ਬੜੀ ਹੀ ਸਾਵਧਾਨੀ ਵਰਤਣੀ ਚਾਹੀਦੀ ਹੈ। ਨਵੇਂ ਉਦਯੋਗਾਂ ਨੂੰ ਰਿਹਾਇਸ਼ੀ ਇਲਾਕਿਆਂ ਦੇ ਨੇੜੇ ਆਪਣੇ ਕਾਰਖਾਨੇ ਆਦਿ ਸ਼ੁਰੂ ਕਰਨ ਦੀ ਆਗਿਆ ਨਹੀਂ ਦੇਣੀ ਚਾਹੀਦੀ। ਦੂਜੇ ਪਾਸੇ ਉਦਯੋਗਾਂ ਨੂੰ ਸ਼ਹਿਰ ਤੋਂ ਬਾਹਰ ਸਥਾਪਿਤ ਕਰਨਾ ਚਾਹੀਦਾ ਹੈ। ਸਮਾਜ ਸੇਵੀ ਸੰਸਥਾਵਾਂ ਅਤੇ ਮੀਡੀਆ ਇਸ ਮਾਮਲੇ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰ ਸਕਦੇ ਹਨ।

## 8.11 ਆਪਣੇ ਗਿਆਨ ਦੀ ਪਰਖ ਕਰੋ (Check Your Knowledge)

1) ਭਾਰਤ ਵਿੱਚ ਸ਼ਹਿਰੀਕਰਣ ਦੇ ਕਾਰਣਾਂ ਦੀ ਵਿਆਖਿਆ ਕਰੋ।

----------------------------------------------------------------

----------------------------------------------------------------

2) ਸ਼ਹਿਰਾਂ ਦੇ ਲਾਭ ਕੀ ਹਨ?

----------------------------------------------------------------

----------------------------------------------------------------

3) ਸ਼ਹਿਰਾਂ ਦੀਆਂ ਹਾਨੀਆਂ ਕੀ ਹਨ?

----------------------------------------------------------------

----------------------------------------------------------------

## 8.12 ਸਾਰ (Summary)

ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਸ਼ਹਿਰੀਕਰਣ ਜਿੱਥੇ ਵੀ ਹੁੰਦਾ ਹੈ, ਉੱਥੇ ਸਮਾਜਿਕ–ਆਰਥਿਕ ਸਮੱਸਿਆਵਾਂ ਨੂੰ ਜਨਮ ਦਿੰਦਾ ਹੈ। ਭਾਵੇਂ ਇਨ੍ਹਾਂ ਸਮੱਸਿਆਵਾਂ ਨੂੰ ਪੂਰੀ ਤਰ੍ਹਾਂ ਹਲ ਨਹੀਂ ਕੀਤਾ ਜਾ ਸਕਦਾ ਫ਼ਿਰ ਵੀ ਇਨ੍ਹਾਂ ਦਾ ਸਾਹਮਣਾ ਕਰਨ ਲਈ ਯੋਜਨਾਬੰਦ ਅਤੇ ਵਿਗਿਆਨਿਕ ਤਰੀਕੇ ਅਪਣਾਉਣੇ ਚਾਹੀਦੇ ਹਨ।

ਹਾਲਾਂਕਿ ਅਸੀਂ ਇਨ੍ਹਾਂ ਨੂੰ ਨਿਯੰਤਰਣ ਵਿੱਚ ਰੱਖ ਸਕਦੇ ਹਾਂ ਅਤੇ ਇਨ੍ਹਾਂ ਵਿੱਚੋਂ ਕੁੱਝ ਦੇ ਪ੍ਰਭਾਵਸ਼ਾਲੀ ਹੱਲ ਖੋਜ਼ ਸਕਦੇ ਹਾਂ। ਇਸਦੇ ਲਈ ਸ਼ਹਿਰੀ ਪ੍ਰਸ਼ਾਸਨ ਜਾਂ ਸਰਕਾਰ ਇਕੱਲੇ ਹੀ ਕੁੱਝ ਨਹੀਂ ਕਰ ਸਕਦੇ। ਸ਼ਹਿਰ ਦੇ ਨਿਵਾਸੀਆਂ ਨੂੰ ਵੀ ਇਨ੍ਹਾਂ ਸਮੱਸਿਆਵਾਂ ਦੇ ਹਲ ਲਈ ਅੱਗੇ ਆਉਣਾ ਚਾਹੀਦਾ ਹੈ ਅਤੇ ਸ਼ਹਿਰੀ ਪ੍ਰਸ਼ਾਸਨ ਨੂੰ ਪੂਰਾ ਸਹਿਯੋਗ ਦੇਣਾ ਚਾਹੀਦਾ ਹੈ।

## 8.13 ਕੁੰਜੀ ਸ਼ਬਦ (Key Concepts/Words)

**ਸ਼ਹਿਰੀ ਪ੍ਰਣਾਲੀ:-** ਸ਼ਹਿਰ ਇੱਕ ਅਜਿਹਾ ਸੰਘਣਾ ਸਥਾਨ ਹੈ ਜਿੱਥੇ ਵੱਡੀ ਗਿਣਤੀ ਵਿੱਚ ਲੋਕ ਨਿਵਾਸ ਕਰਦੇ ਹਨ ਜਿਹੜੇ ਆਪਣਾ ਭੋਜਨ ਖੁਦ ਪੈਦਾ ਨਹੀਂ ਕਰਦੇ।

**ਸ਼ਹਿਰੀਕਰਣ:-** ਇਸ ਦਾ ਅਰਥ ਨਾ ਕੇਵਲ ਜਨਸੰਖਿਆ ਦਾ ਸ਼ਹਿਰਾਂ ਵੱਲ ਪ੍ਰਵਾਸ ਹੈ ਬਲਕਿ ਪ੍ਰਵਾਸੀ ਲੋਕਾਂ ਦੀਆਂ ਕਦਰਾਂ-ਕੀਮਤਾਂ, ਮਨੋਬਿਰਤੀਆਂ ਅਤੇ ਵਿਵਹਾਰਿਕ ਸਲੀਕਿਆਂ ਵਿੱਚ ਪਰਿਵਰਤਨ ਵੀ ਹੈ।

## 8.14 ਮਹੱਤਵਪੂਰਨ ਪ੍ਰਸ਼ਨ (Important Questions)

1) ਸ਼ਹਿਰੀਕਰਣ ਤੋਂ ਤੁਹਾਡਾ ਕੀ ਭਾਵ ਹੈ? ਸ਼ਹਿਰੀਕਰਣ ਦੇ ਸਮਾਜਿਕ ਪ੍ਰਭਾਵਾਂ ਦਾ ਵਰਣਨ ਕਰੋ।
2) ਸ਼ਹਿਰੀਕਰਣ ਦੀ ਸਮੱਸਿਆ ਦਾ ਵਰਣਨ ਕਰੋ।
3) ਸ਼ਹਿਰ ਦੇ ਲਾਭ ਅਤੇ ਹਾਨੀਆਂ ਕੀ ਹਨ? ਚਰਚਾ ਕਰੋ।
4) ਸ਼ਹਿਰੀ ਸਮੱਸਿਆਵਾਂ ਨੂੰ ਕਿਵੇਂ ਹਲ ਕੀਤਾ ਜਾ ਸਕਦਾ ਹੈ?

## 8.15 ਸੰਖੇਪ ਪ੍ਰਸ਼ਨ (Short Questions)

1) ਸ਼ਹਿਰੀ ਸਮਾਜ ਦੀਆਂ ਵਿਸ਼ੇਸ਼ਤਾਵਾਂ
2) ਸ਼ਹਿਰੀਕਰਣ
3) ਸ਼ਹਿਰੀਕਰਣ ਦਾ ਮਹੱਤਵ
4) ਖਿਚਾਅ ਦੇ ਕਾਰਕਾਂ (Pull Factors) ਦੀ ਭੂਮਿਕਾ
5) ਧੱਕੇ ਦੇ ਕਾਰਕਾਂ (Push Factors) ਦੀ ਭੂਮਿਕਾ

## 8.16 ਸੰਦਰਭ ਲਈ ਪੁਸਤਕਾਂ (Reference Books)


- Anderson and Iswaran, Urban Sociology, 1953
- Bose, Ashish, Indio's Urbanization 1901-2001, New Delhi, 1979
- Sorokin and Zimmerman, Principles of Rural Urban Society, 1962

- Ross, Aileen, Hindu Family in its Urban Setting, Oxford University Press, New Delhi,1961
- Rao, Shankar, C.N, Sociology of Indian Society, S.Chand and Company Ltd, Ram Nagar, New Delhi, 2004

ਪਾਠ ਨੰਬਰ : 2.5 ਲੇਖਕ : ਡਾ. ਹਰਿੰਦਰ ਕੌਰ

# ਆਧੁਨਿਕੀਕਰਣ
# (Modernization)

**ਰੂਪ ਰੇਖਾ**


9.0 ਉਦੇਸ਼

9.1 ਜਾਣ-ਪਛਾਣ

9.2 ਆਧੁਨਿਕੀਕਰਣ ਦੇ ਮੁੱਖ ਲੱਛਣ

- 9.2.1 ਵੱਖਰੀਕਰਣ
- 9.2.2 ਤਰਕਸ਼ੀਲਤਾ
- 9.2.3 ਜਿਨਸੀਕਰਣ

9.3 ਇਸ ਪ੍ਰਕ੍ਰਿਆ ਦੀਆਂ ਪਰਿਭਾਸ਼ਾਵਾਂ

9.4 ਆਧੁਨਿਕੀਕਰਨ ਦੀਆਂ ਵਿਸ਼ੇਸ਼ਤਾਈਆਂ

- 9.4.1 ਇਹ ਇਕ ਬਹੁ-ਪੱਖੀ ਪ੍ਰਕ੍ਰਿਆ ਹੈ
- 9.4.2 ਇਹ ਇਕਹਿਰੀ ਪ੍ਰਕ੍ਰਿਆ ਹੈ
- 9.4.3 ਆਧੁਨਿਕੀਕਰਨ ਨਾਲ ਰਵਾਇਤਾਂ ਪੂਰੀ ਤਰ੍ਹਾਂ ਖਤਮ ਨਹੀਂ ਹੁੰਦੀਆਂ
- 9.4.4 ਆਧੁਨਿਕੀਕਰਨ ਹਮੇਸ਼ਾ ਚੰਗੇ ਲਈ ਜਾਂ ਪ੍ਰਗਤੀ ਵੱਲ ਹੋਣ ਵਾਲਾ ਪਰਿਵਰਤਨ ਨਹੀਂ ਹੁੰਦਾ
- 9.4.5 ਆਧੁਨਿਕੀਕਰਣ ਅਤੇ ਪੱਛਮੀਕਰਨ ਦੋ ਵੱਖੋ ਵੱਖ ਪ੍ਰਕ੍ਰਿਆਵਾਂ ਹਨ

9.5 ਇਸ ਪ੍ਰਕ੍ਰਿਆ ਲਈ ਜ਼ਿੰਮੇਵਾਰ ਕਾਰਕ

- 9.5.1 ਉਦਯੋਗੀਕਰਣ
- 9.5.2 ਸ਼ਹਿਰੀਕਰਣ
- 9.5.3 ਪੱਛਮੀਕਰਣ
- 9.5.4 ਆਵਾਜਾਈ ਤੇ ਸੰਚਾਰ ਦੇ ਸਾਧਨ

9.6 ਸਾਰ

9.9 ਅਭਿਆਸ ਲਈ ਪ੍ਰਸ਼ਨ

9.8 ਉਪਯੋਗੀ ਪੁਸਤਕਾਂ


## 9.0 ਉਦੇਸ਼

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਹਾਨੂੰ ਸਮਾਜਿਕ ਪਰਿਵਰਤਨ ਦੀ ਇਕ ਹੋਰ ਪ੍ਰਕ੍ਰਿਆ ਆਧੁਨਿਕੀਕਰਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਹਾਸਿਲ ਹੋਵੇਗੀ।

- ਤੁਸੀਂ ਇਸ ਪ੍ਰਕ੍ਰਿਆ ਦੇ ਸੰਕਲਪ ਅਤੇ ਇਸਦੇ ਮੁੱਖ ਲੱਛਣਾਂ ਬਾਰੇ ਗਿਆਨ ਹਾਸਿਲ ਕਰੋਗੇ।
- ਤੁਹਾਨੂੰ ਇਸ ਪ੍ਰਕ੍ਰਿਆ ਦੀਆਂ ਪਰਿਭਾਸ਼ਾਵਾਂ ਅਤੇ ਵਿਸ਼ੇਸ਼ਤਾਈਆਂ ਦੀ ਜਾਣਕਾਰੀ ਮਿਲੇਗੀ।

ਤੁਸੀਂ ਇਸ ਪ੍ਰਕ੍ਰਿਆ ਲਈ ਜ਼ਿੰਮੇਵਾਰ ਕਾਰਕਾਂ ਨੂੰ ਵਰਨਣ ਕਰਨ ਦੇ ਯੋਗ ਹੋਵੋਗੇ।

## 9.1 ਜਾਣ ਪਛਾਣ

ਆਧੁਨਿਕੀਕਰਣ ਵੀ ਸਮਾਜਿਕ ਪਰਿਵਰਤਨ ਦੀ ਹੀ ਇਕ ਪ੍ਰਕ੍ਰਿਆ ਹੈ। ਮੁੱਢ ਤੋਂ ਹੀ ਸਮਾਜ ਵਿਗਿਆਨੀਆਂ ਦੀ ਰੁਚੀ ਇਸ ਪ੍ਰਕ੍ਰਿਆ ਵਿਚ ਰਹੀ ਹੈ। ਭਾਵੇਂ ਉਹ ਇਸ ਨੂੰ ਵੱਖ ਵੱਖ ਨਾਵਾਂ ਜਿਵੇਂ ਵਿਕਾਸ, ਉਦਯੋਗੀਕਰਨ, ਉੱਨਤੀ ਜਾਂ ਪ੍ਰਗਤੀ ਕਹਿੰਦੇ ਹੋਣ, ਇਸ ਦਾ ਅਧਿਐਨ ਕਰਦੇ ਆਏ ਹਨ। **ਕਾਰਲ ਮਾਰਕਸ, ਹਰਬਰਟ ਸਪੈਂਸਰ, ਮੈਕਸ ਵੈਬਰ** ਅਤੇ **ਇਮਾਇਲ ਦੁਰਖਾਈਮ** ਵਰਗੇ ਵਿਚਾਰਕਾਂ ਨੇ ਸਮਾਜਿਕ ਪਰਿਵਰਤਨ ਦੀ ਇਸ ਪ੍ਰਕ੍ਰਿਆ ਨੂੰ ਆਪਣੇ ਆਪਣੇ ਢੰਗ ਨਾਲ ਸਮਝਣ ਦਾ ਯਤਨ ਕੀਤਾ ਹੈ। ਆਧੁਨਿਕ ਕਾਲ ਜਾਂ ਮਾਡਰਨ ਏਜ (Modern Age) ਦੀ ਸ਼ੁਰੂਆਤ 16ਵੀਂ ਸਦੀ ਤੋਂ ਮੰਨੀ ਜਾਂਦੀ ਹੈ ਭਾਵੇਂ ਆਧੁਨਿਕੀਕਰਣ (Modernization) ਦੀ ਪ੍ਰਕ੍ਰਿਆ 17ਵੀਂ ਸਦੀ ਤੋਂ ਸ਼ੁਰੂ ਹੁੰਦੀ ਹੈ। ਜਿਸ ਤਹਿਤ ਗੈਰ-ਜਾਗ੍ਰਿਤ ਸਮਾਜਾਂ (SleepingSocieties) ਨੂੰ ਬਸਤੀਵਾਦ (Colonial) ਰਾਜ ਨੇ ਜਗਾਇਆ ਅਤੇ ਉਨ੍ਹਾਂ ਨੇ ਆਧੁਨਿਕੀਕਰਣ ਦੀ ਪ੍ਰਕ੍ਰਿਆ ਸ਼ੁਰੂ ਕੀਤੀ। ਆਧੁਨਿਕ ਕਾਲ ਦੀ ਨੀਂਹ ਫ੍ਰਾਂਸਿਸੀ ਕ੍ਰਾਂਤੀ (French Revolution, 1789) ਨੇ ਪੱਕੀ ਕੀਤੀ ਜਿਸ ਦਾ ਪਸਾਰ ਉਦਯੋਗੀਕਰਨ ਦੀ ਪ੍ਰਕ੍ਰਿਆ ਨੇ ਦੂਰ ਦੂਰ ਤੱਕ ਕੀਤਾ।

ਇਨ੍ਹਾਂ ਪ੍ਰਕ੍ਰਿਆਵਾਂ ਨਾਲ ਪੁਰਾਣੀਆਂ ਕਦਰਾਂ-ਕੀਮਤਾਂ, ਸੰਸਥਾਵਾਂ ਤੇ ਸੰਗਠਨ ਬੇਜਾਨ ਅਤੇ ਪ੍ਰਭਾਵਹੀਣ ਹੋਣ ਲੱਗੇ ਤਾਂ ਨਵੀਂ ਸਮਾਜਿਕ ਸੰਰਚਨਾ ਦੇ ਲਈ ਸੰਘਰਸ਼ ਹੋਣ ਲੱਗਾ। ਇਸੇ ਕਰਕੇ ਸਮਾਜ ਵਿਗਿਆਨੀਆਂ ਨੂੰ ਸਮਾਜ ਦੇ ਅਧਿਐਨ ਦੀ ਜ਼ਰੂਰਤ ਮਹਿਸੂਸ ਹੋਈ। ਦੋ ਵਿਸ਼ਵ ਯੁੱਧ ਅਤੇ ਹੋਰ ਬਹੁਤ ਤਰ੍ਹਾਂ ਦੀਆਂ ਅੰਦੋਲਨਕਾਰੀ ਕ੍ਰਾਂਤੀਆਂ ਕਰਕੇ ਸਮਾਜ ਵਿਚ ਕਈ ਤਰ੍ਹਾਂ ਦੇ ਪਰਿਵਰਤਨ ਆਏ। ਏਸ਼ੀਆ, ਅਫਰੀਕਾ ਅਤੇ ਦੱਖਣੀ ਅਮਰੀਕਾ ਦੇ ਦੇਸ਼ਾਂ ਵਿਚ ਇਸੇ ਕਰਕੇ ਕ੍ਰਾਂਤੀਕਾਰੀ ਚੇਤਨਾ ਉਪਜੀ ਅਤੇ ਉਹ ਸਦੀਆਂ ਤੋਂ ਚਲੀ ਆ ਰਹੀ ਸਾਮਰਾਜਵਾਦੀ ਪਰੰਪਰਾ ਦੇ ਸ਼ਿਕੰਜੇ 'ਚੋਂ ਨਿਕਲ ਕੇ ਨਵੇਂ ਸਵਤੰਤਰ ਰਾਸ਼ਟਰਾਂ ਦੇ ਰੂਪ ਵਿਚ ਉਭੱਰੇ। ਸੰਸਾਰ ਦੇ ਇਨ੍ਹਾਂ ਨਵੇਂ ਰਾਸ਼ਟਰਾਂ ਨੂੰ ਅਸੀਂ ਵਿਕਾਸਸ਼ੀਲ ਦੇਸ਼ ਜਾਂ ਤੀਸਰਾ ਜਗਤ ਦੇ ਨਾਂ ਨਾਲ ਜਾਣਦੇ ਹਾਂ। ਇਨ੍ਹਾਂ ਰਾਸ਼ਟਰਾਂ ਵਿਚ ਅਨੇਕਾਂ ਕ੍ਰਾਂਤੀਕਾਰੀ ਪਰਿਵਰਤਨ ਹੋ ਰਹੇ ਹਨ। ਆਧੁਨਿਕ ਯੁੱਗ ਵਿਚ ਸੰਸਾਰ ਦੇ ਸਾਰੇ ਦੇਸ਼ਾਂ ਵਿਚ ਹੀ ਕ੍ਰਾਂਤੀਕਾਰੀ ਪਰਿਵਰਤਨ ਹੋ ਰਹੇ ਹਨ। ਨਵੀਂ ਤਕਨੀਕ, ਬਦਲ ਰਹੀ ਆਰਥਿਕਤਾ, ਰਾਜਨੈਤਿਕਤਾ ਅਤੇ ਸਭਿਆਚਾਰਕ ਤੱਤਾਂ ਦੇ ਸਿੱਟੇ ਵਜੋਂ ਅਸੀਂ ਆਪਣੀ ਪਰੰਪਰਾਗਤ ਵਿਵਸਥਾ ਨੂੰ ਛੱਡ ਕੇ ਆਧੁਨਿਕਤਾ ਨੂੰ ਅਪਣਾ ਰਹੇ ਹਾਂ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਵਿਕਸਿਤ ਅਤੇ ਵਿਕਾਸਸ਼ੀਲ ਸਮਾਜਾਂ ਦੀ ਸਮਾਜਿਕ ਵਿਵਸਥਾ ਵਿਚ ਪਾਈ ਜਾਣ ਵਾਲੀ ਪਰਿਵਰਤਨ ਦੀ ਪ੍ਰਕ੍ਰਿਆ ਨੂੰ ਆਧੁਨਿਕੀਕਰਨ ਕਿਹਾ ਜਾਂਦਾ ਹੈ।

## 9.2 ਆਧੁਨਿਕੀਕਰਨ ਦੇ ਮੁੱਖ ਲੱਛਣ

ਆਧੁਨਿਕੀਕਰਣ ਦੇ ਤਿੰਨ ਮੁੱਖ ਲੱਛਣ ਹਨ ਜਿਨ੍ਹਾਂ ਬਾਰੇ ਵੱਖ ਵੱਖ ਧਾਰਨਾਵਾਂ ਵਾਲੇ ਸਮਾਜ ਵਿਗਿਆਨੀਆਂ ਦੀ ਸਹਿਮਤੀ ਹੈ। ਇਹ ਤਿੰਨ ਵਿਸ਼ੇਸ਼ਤਾਈਆਂ ਹਨਃ ਵੱਖਰੀਕਰਣ ਤਰਕਸ਼ੀਲਤਾ ਅਤੇ ਜਿਨਸੀਕਰਨ।

**9.2.1 ਵੱਖਰੀਕਰਣ (Differentiation) :** ਇਸ ਤੋਂ ਭਾਵ ਹੈ ਕਿ ਮਨੁੱਖੀ ਸਮਾਜ ਹੁਣ ਅਜਿਹੇ ਦੌਰ ਵਿਚ ਪਹੁੰਚ ਗਿਆ ਹੈ ਜਿਥੇ ਉਸ ਵਾਸਤੇ ਇਹ ਜ਼ਰੂਰੀ ਹੋ ਗਿਆ ਹੈ ਕਿ ਉਹ ਹਰ ਇਕ ਚੀਜ਼, ਪਰਪੰਚ, ਕਿਰਿਆ ਜਾਂ ਸਮਾਜ ਨੂੰ ਦੂਸਰੇ ਨਾਲੋਂ ਵੱਖਰਾ ਕਰਕੇ ਅਤੇ ਵੱਖਰਾ ਦੇਖ ਕੇ ਹੀ ਉਸ ਚੀਜ਼ ਜਾਂ ਪਰਪੰਚ ਨੂੰ ਪੂਰੀ ਤਰ੍ਹਾਂ ਸਮਝ ਸਕਦੇ ਹਨ। ਆਧੁਨਿਕੀਕਰਣ ਤੋਂ ਪਹਿਲਾਂ ਕਿਸੇ ਪਰਪੰਚ ਜਾਂ ਕਿਰਿਆ ਨੂੰ ਸਮਝਣ ਲਈ ਉਸ ਨੂੰ ਉਸ ਵਰਗੀਆਂ ਹੋਰ ਚੀਜ਼ਾਂ ਜਾਂ ਪਰਪੰਚਾਂ ਦੇ ਨਾਲ ਜੋੜ ਕੇ ਵੇਖਿਆ ਜਾਂਦਾ ਸੀ ਅਤੇ ਦੋਹਾਂ ਚੀਜ਼ਾਂ ਜਾਂ ਪਰਪੰਚਾਂ ਵਿਚਕਾਰ ਸਾਮਨਾਤਾਵਾਂ ਲੱਭੀਆਂ ਜਾਂਦੀਆਂ ਸਨ। ਇਸ ਪ੍ਰਕ੍ਰਿਆ ਨੂੰ ਇਕਰੂਪਤਾ ਜਾਂ ਇਕਸਾਰਤਾ (Homogenization) ਕਿਹਾ ਜਾਂਦਾ ਹੈ। ਅਜੋਕੇ ਸਮੇਂ ਵਿਚ ਕਿਸੇ ਚੀਜ਼ ਜਾਂ ਪਰਪੰਚ ਬਾਰੇ ਪੂਰੀ ਜਾਣਕਾਰੀ ਹਾਸਲ ਕਰਨ ਦਾ ਤਰੀਕਾ ਇਸ ਨਾਲੋਂ ਬਿਲਕੁਲ ਉਲਟ ਹੈ। ਅੱਜਕੱਲ੍ਹ ਕਿਸੇ ਵੀ ਚੀਜ਼ ਦੀ ਪਹਿਚਾਣ ਉਸਦੀ ਵਿਲੱਖਣਤਾ ਬਣਦੀ ਹੈ। ਆਧੁਨਿਕੀਕਰਨ ਵਿਚ ਸਮਾਜ ਦੀ ਕੋਈ ਵੀ ਅਜਿਹੀ ਇਕਾਈ ਨਹੀਂ ਜਿਸਨੂੰ ਦੂਸਰੇ ਨਾਲੋਂ ਵੱਖਰਾ ਕਰਕੇ ਨਾ ਦੇਖਿਆ ਜਾਂਦਾ ਹੋਵੇ। ਇਹੀ ਵਜ੍ਹਾ ਹੈ ਕਿ ਗੱਲ ਭਾਵੇਂ ਮਨੁੱਖਾਂ ਦੀ ਹੋਵੇ ਜਾਂ ਸਮਾਜਿਕ ਕਿਰਿਆਵਾਂ ਜਾਂ ਕਿੱਤਿਆਂ ਦੀ, ਉਨ੍ਹਾਂ ਸਾਰਿਆਂ ਨੂੰ ਇਕ ਦੂਸਰੇ ਨਾਲੋਂ ਨਿਖੇੜ ਕੇ ਜਾਂ ਵੱਖਰਾ ਕਰਕੇ ਵੇਖਿਆ ਜਾਂਦਾ ਹੈ।

**9.2.2 ਤਰਕਸ਼ੀਲਤਾ (Rationalisation)** ਆਧੁਨਿਕੀਕਰਨ ਦੀ ਦੂਸਰੀ ਵਿਸ਼ੇਸ਼ਤਾ ਹੈ ਕਿ ਇਸ ਵਿਚ ਤਰਕਸ਼ੀਲਤਾ ਦਾ ਤੱਤ ਹੈ। ਉੱਘੇ ਸਮਾਜ ਵਿਗਿਆਨੀ ਮੈਕਸ-ਵੈਬਰ ਨੇ ਇਸਨੂੰ ਆਧੁਨਿਕੀਕਰਣ ਦੀ ਪਛਾਣ ਜਾਂ ਰੂਪ ਦੱਸਿਆ ਹੈ। ਆਧੁਨਿਕ

ਸਮਾਜ ਵਿਚ ਵੱਡੀਆਂ ਵੱਡੀਆਂ ਸੰਸਥਾਵਾਂ ਹੋਂਦ ਵਿਚ ਆਉਂਦੀਆਂ ਹਨ। ਉਸ ਪਿਛੇ ਕੋਈ ਖਾਸ ਮਕਸਦ ਹੁੰਦਾ ਹੈ ਜਿਸ ਨੂੰ ਪੂਰਾ ਕਰਨਾ ਉਸਦਾ ਸਭ ਤੋਂ ਮਹੱਤਵਪੂਰਨ ਕੰਮ ਹੁੰਦਾ ਹੈ। ਇਹ ਮਕਸਦ ਕੋਈ ਗੈਰ-ਦੁਨਿਆਵੀ ਕੰਮ ਨਹੀਂ ਹੁੰਦਾ ਇਸੇ ਕਰਕੇ ਇਸਦੀ ਪ੍ਰਾਪਤੀ ਲਈ ਵੱਖਰੇ ਵੱਖਰੇ ਰਾਹ ਲੱਭੇ ਜਾਂਦੇ ਹਨ। ਹਰੇਕ ਵਿਅਕਤੀ ਅਤੇ ਸੰਸਥਾ ਦੀ ਸੋਚ ਹੈ ਕਿ ਕਿਹੜਾ ਰਾਹ ਜਾਂ ਰਸਤਾ ਅਪਣਾਇਆ ਜਾਵੇ ਤਾਂ ਜੋ ਮਿਥਿਆ ਟੀਚਾ ਪੂਰਾ ਹੋ ਸਕੇ ? ਇਸ ਗੱਲ ਦਾ ਫੈਸਲਾ ਕਰਨਾ ਹੀ ਤਰਕਸ਼ੀਲ (Rational) ਹੋਣਾ ਹੈ। ਭਾਵ ਇਹ ਕਿ ਇਸ ਕਿਰਿਆ ਦਾ ਅਰਥ ਟੀਚੇ ਨੂੰ ਜ਼ਰੀਏ ਨਾਲ ਜੋੜਨ ਦਾ ਹੈ। ਵੈਬਰ ਦਾ ਮੰਨਣਾ ਹੈ ਕਿ Means ਭਾਵ ਸਾਧਨ ਅਤੇ End ਭਾਵ ਟੀਚਾ ਜਾਂ Goal ਜਿਸਦੀ ਪ੍ਰਾਪਤੀ ਕਰਨੀ ਹੈ, ਦਾ ਆਪਸੀ ਸੰਬੰਧ ਸਭ ਤੋਂ ਮਹੱਤਵਪੂਰਨ ਹੈ। ਇਹ ਰਿਸ਼ਤਾ ਜਿੰਨਾਂ ਸਿੱਧਾ ਅਤੇ ਪੱਕਾ ਹੋਵੇਗਾ, ਇਕ ਸਮਾਜਿਕ ਕਾਰਨ ਉਨਾਂ ਹੀ ਤਰਕਸ਼ੀਲ ਹੋਵੇਗਾ। ਜਿਉਂ ਜਿਉਂ ਮਨੁੱਖੀ ਸਮਾਜ ਤਰੱਕੀ ਕਰ ਰਿਹਾ ਹੈ ਇਸ ਕਿਰਿਆ ਦਾ ਪਸਾਰ ਵੀ ਉਨਾਂ ਹੀ ਜ਼ਿਆਦਾ ਹੋਣ ਦੀ ਲੋੜ ਹੈ। ਇਸ ਤਰ੍ਹਾਂ ਇਹ ਵੀ ਆਧੁਨਿਕੀਕਰਣ ਦੀ ਇਕ ਅਤਿ ਜ਼ਰੂਰੀ ਕਸੌਟੀ ਦਾ ਦਾਅਵਾ ਕਰਦੀ ਹੈ।

9.2.3 **ਜਿਨਸੀਕਰਨ (Commodification) :** ਇਸ ਤੋਂ ਭਾਵ ਹੈ ਕਿ ਆਧੁਨਿਕ ਸਮਾਜ ਵਿਚ ਹਰ ਚੀਜ਼ ਇਕ ਜਿਨਸ ਦੇ ਰੂਪ ਵਿਚ ਦੇਖੀ ਜਾਂਦੀ ਹੈ। ਭਾਵ ਕਿ ਉਸ ਪੈਦਾ ਕੀਤੀ ਜਿਨਸ ਜਾਂ ਕਿਸੇ ਵੀ ਵਸਤੂ ਦਾ ਇਕ ਮੁੱਲ ਹੁੰਦਾ ਹੈ ਜੋ ਬਾਹਰੀ ਤੌਰ ਤੇ ਉਸ ਵਸਤੂ ਜਾਂ ਜਿਨਸ ਤੇ ਲੱਗੀ ਮਜ਼ਦੂਰੀ ਦੀ ਲਾਗਤ ਨੂੰ ਦਰਸਾਉਂਦੀ ਹੈ। ਪਰ ਹਕੀਕਤ ਕੁਝ ਹੋਰ ਹੀ ਹੁੰਦੀ ਹੈ। ਉਹ ਇਹ ਕਿ ਇਸ ਵਸਤੂ ਨੂੰ ਪੈਦਾ ਕਰਨ ਵਾਸਤੇ ਕਿਸੇ ਕਿਸਮ ਦੇ ਪੈਦਾਵਾਰੀ ਰਿਸ਼ਤਿਆਂ ਦੀ ਲੋੜ ਪਈ, ਉਹ ਇਸ ਦੀ ਕੀਮਤ ਰਾਹੀਂ ਦਰਸਾਏ ਜਾਂਦੇ ਹਨ। ਲਿਹਾਜਾ ਇਹ ਪੈਦਾ ਕੀਤੀ ਚੀਜ਼ ਕੋਈ ਆਮ ਵਸਤੂ ਨਹੀਂ ਬਲਕਿ ਇਕ ਜਿਨਸ ਦੇ ਰੂਪ ਵਿਚ ਦੇਖੀ ਜਾਂਦੀ ਹੈ ਜਿਸਦਾ ਪੂੰਜੀਵਾਦੀ ਸਮਾਜ ਵਿਚ ਖਾਸ ਕਿਰਦਾਰ ਹੁੰਦਾ ਹੈ। ਇਹ ਜਿਨਸ ਪੈਸੇ ਦੇ ਜ਼ਰੀਏ ਕਿਸੇ ਵੀ ਥਾਂ ਤੇ ਖਰੀਦੀ ਜਾਂ ਵੇਚੀ ਜਾ ਸਕਦੀ ਹੈ। ਆਧੁਨਿਕੀਰਣ ਕਿਉਂਕਿ ਪੂੰਜੀਵਾਦੀ ਦੇ ਨਾਲ ਹੀ ਅਰੰਭਿਆ, ਇਸ ਕਰਕੇ ਪੈਦਾਵਾਰੀ ਢਾਂਚੇ ਦਾ ਸਮੁੱਚੇ ਸਮਾਜ ਉਪਰ ਬਹੁਤ ਅਸਰ ਹੈ ਜਿਹੜਾ ਸਿਰਫ ਆਰਥਿਕ ਰਿਸ਼ਤਿਆਂ (Economic relations) ਤੱਕ ਹੀ ਸੀਮਿਤ ਨਹੀਂ ਰਹਿੰਦਾ। ਬਲਕਿ ਕਾਰਲ ਮਾਰਕਸ ਨੇ ਤਾਂ ਇਥੋਂ ਤੱਕ ਕਿਹਾ ਹੈ ਕਿ ਪੂੰਜੀਵਾਦ ਵਿਚ ਸਾਰੇ ਰਿਸ਼ਤੇ ਸਣੇ ਪਰਿਵਾਰਕ ਰਿਸ਼ਤਿਆਂ ਦੇ, ਪੈਸੇ ਦੇ ਰਿਸ਼ਤੇ ਵਿਚ ਵੇਖੇ ਤੇ ਵਰਤੇ ਜਾਣਗੇ। ਭਾਵ ਇਹ ਕਿ ਪਰਿਵਾਰ ਵਰਗੇ ਨਿੱਘੇ ਤੇ ਗਹਿਰੇ ਰਿਸ਼ਤਿਆਂ ਦਾ ਵੀ ਜਿਨਸੀਕਰਨ ਹੋ ਜਾਣਾ ਹੈ।

ਸੋ ਆਧੁਨਿਕੀਕਰਣ ਦੀਆਂ ਇਹ ਤਿੰਨ ਵਿਸ਼ੇਸ਼ਤਾਈਆਂ ਹਨ ਜਿਨ੍ਹਾਂ ਨੇ ਵੱਖੋ ਵੱਖ ਸਮਾਜਾਂ ਨੂੰ ਵੱਖੋ ਵੱਖਰੇ ਤਰੀਕੇ ਨਾਲ ਪ੍ਰਭਾਵਿਤ ਕੀਤਾ। ਆਓ ਹੁਣ ਇਸ ਦੀਆਂ ਪਰਿਭਾਸ਼ਾਵਾਂ ਤੇ ਨਜ਼ਰ ਮਾਰੀਏ। ਕਿਉਂਕਿ ਆਧੁਨਿਕੀਕਰਨ ਸਰਲ ਪ੍ਰਕ੍ਰਿਆ ਨਹੀਂ ਇਸ ਲਈ ਇਸਦੀ ਕੋਈ ਇਕ ਪ੍ਰਭਾਸ਼ਾ ਨਹੀਂ ਦਿੱਤੀ ਜਾ ਸਕਦੀ। ਵੱਖ ਵੱਖ ਸਮਾਜਾਂ ਵਿਚ ਇਸ ਦੇ ਅਰਥ ਬਦਲ ਜਾਂਦੇ ਹਨ। ਇਸੇ ਕਰਕੇ ਸਮਾਜ ਵਿਗਿਆਨੀਆਂ ਵਿਚ ਇਸ ਦੇ ਅਰਥ ਸੰਬੰਧੀ ਮਤਭੇਦ ਪਾਏ ਜਾਂਦੇ ਹਨ। ਪਰ ਇਥੇ ਇਸਦੇ ਅਰਥ ਅਤੇ ਪ੍ਰਕ੍ਰਿਤੀ ਨੂੰ ਸਮਝਣ ਲਈ ਅਸੀਂ ਉਸ ਸਰੂਪ ਦਾ ਵਰਣਨ ਕਰਾਂਗੇ ਜਿਨ੍ਹਾਂ ਵਿਚ ਸਮਾਜ ਵਿਗਿਆਨੀਆਂ ਦੀ ਇਕ ਰਾਏ ਹੈ।

## 9.3 ਪਰਿਭਾਸ਼ਾਵਾਂ

ਉਘੇ ਸਮਾਜ ਵਿਗਿਆਨੀਆਂ **ਫ੍ਰਾਂਸਿਸ ਏਲਨ** ਅਨੁਸਾਰ, 'ਆਧੁਨਿਕੀਕਰਨ ਨਾਲ ਜੁੜੇ ਪਰਿਵਰਤਨ ਸਮਾਜ ਅਤੇ ਸੰਸਕ੍ਰਿਤੀ ਦੋਵਾਂ ਨੂੰ ਪ੍ਰਭਾਵਿਤ ਕਰਦੇ ਹਨ। ਸਮਾਜਿਕ ਸੰਰਚਨਾ ਅਤੇ ਜਿਉਣ ਢੰਗਾਂ ਦੋਵਾਂ ਵਿਚ ਬਹੁਤ ਜਿਆਦਾ ਪਰਿਵਰਤਨ ਆਉਂਦਾ ਹੈ। ਜਿਵੇਂ ਕਿ ਕੋਈ ਪਰੰਪਰਾਗਤ ਸਮਾਜ ਇਕ ਵਿਕਸਿਤ ਜਾਂ ਆਧੁਨਿਕ ਸਮਾਜ ਵਿਚ ਬਦਲਦਾ ਹੈ। (Francis Allen : Socio-Cultural Dynamics. p.340)

**ਏ.ਆਰ. ਦੇਸਾਈ** ਦਾ ਕਹਿਣਾ ਹੈ ਕਿ 'ਆਧੁਨਿਕੀਕਰਣ ਤੋਂ ਭਾਵ ਉਸ ਪ੍ਰਕ੍ਰਿਆ ਤੋਂ ਹੈ ਜਿਸ ਰਾਹੀਂ ਅਸੀਂ ਮਾਨਵ ਸਮਾਜ ਵਿਚ ਪਰਿਵਰਤਨ ਦੇ ਉਸ ਦੌਰ ਦਾ ਵਰਣਨ ਕਰਦੇ ਹਾਂ ਜਿਸ ਵਿਚ ਉਹ ਆਪਣੇ ਵਿਵੇਕ ਅਤੇ ਗਿਆਨ ਦੀਆਂ ਨਵੀਆਂ ਸ਼ਕਤੀਆਂ ਅਤੇ ਯੋਗਤਾਵਾਂ ਨੂੰ ਪ੍ਰਾਪਤ ਕਰਦਾ ਹੈ ਅਤੇ ਪ੍ਰਾਕ੍ਰਿਤੀ ਉਤੇ ਨਿਯੰਤਰਣ ਨਾਲ ਆਪਣੇ ਨਵੇਂ ਸਮਾਜਿਕ ਵਾਤਾਵਰਣ ਦਾ ਨਿਰਮਾਣ ਆਪਣੇ ਵਿਵੇਕ ਅਤੇ ਬਹੁਤਲਤਾ ਦੇ ਆਧਾਰ ਤੇ ਕਰਦਾ ਹੈ।' (Desai A.R.: Essays on Modernization of Underdeveloped Societies, p. 458)

**ਡਬਲਿਊ ਈ. ਮੂਰ** ਅਨੁਸਾਰ, ਆਧੁਨਿਕੀਕਰਨ ਪਰੰਪਰਾਗਤ ਜਾਂ ਪੁਨਰ-ਆਧੁਨਿਕ ਸਮਾਜਾਂ ਵਿਚ ਆਉਣ ਵਾਲੇ ਪੁਨਰ ਪਰਿਵਰਤਨ ਨੂੰ ਕਹਿੰਦੇ ਹਨ ਜਿਸ ਨਾਲ ਇਕ ਖਾਸ ਕਿਸਮ ਦੀ ਤਕਨੀਕ ਅਤੇ ਸਮਾਜਿਕ ਸੰਗਠਨ ਜੁੜੇ ਹੁੰਦੇ ਹਨ ਜਿਨ੍ਹਾਂ ਦੀ ਵਿਸ਼ੇਸ਼ਤਾ ਇਹ ਕਿ ਉਹ ਆਧੁਨਿਕ, ਆਰਥਿਕ ਪੱਖੋਂ ਖੁਸ਼ਹਾਲ

ਅਤੇ ਰਾਜਨੀਤਿਕ ਦ੍ਰਿਸ਼ਟੀ ਤੋਂ ਸਥਿਰ ਰਾਸ਼ਟਰਾਂ, ਜਿਵੇਂ ਪੱਛਮੀ ਸੰਸਾਰ ਵਿਚ ਪਾਏ ਜਾਂਦੇ ਹਨ। ਇਹ ਜੀਵਨ ਦੇ ਹਾਲਤ ਦੀ ਆਮ ਤਬਦੀਲੀ ਹੈ ਅਤੇ ਜੀਉਣ ਢੰਗ ਸਮਾਜਿਕ ਤੌਰ ਤੇ ਸੰਗਠਿਤ ਹੁੰਦਾ ਹੈ।

**ਐਮ. ਜੇ. ਲੇਵੀ** (Marion J, Levy) : ਦਾ ਮੰਨਣਾ ਹੈ ਕਿ ਕੋਈ ਵੀ ਸਮਾਜ ਉਨਾਂ ਹੀ ਘੱਟ ਜਾਂ ਵੱਧ ਆਧੁਨਿਕ ਮੰਨਿਆ ਜਾਵੇਗਾ ਜਿਸ ਸੀਮਾ ਤੱਕ ਉਸਦੇ ਮੈਂਬਰ ਸ਼ਕਤੀ ਦੇ ਬੇਜਾਨ ਸਾਧਨਾਂ ਦਾ ਪ੍ਰਯੋਗ ਕਰਨਗੇ ਜਾਂ ਉਨ੍ਹਾਂ ਯੰਤਰਾਂ ਦਾ ਪ੍ਰਯੋਗ ਕਰਨਗੇ ਜੋ ਉਨ੍ਹਾਂ ਦੇ ਯਤਨਾਂ ਦੇ ਫਲਾਂ ਨੂੰ ਵਧਾ ਦੇਵੇ। ਇਸ ਦਾ ਅਰਥ ਹੈ ਕਿ ਆਧੁਨਿਕੀਕਰਨ ਦੇ ਦੋ ਤੱਤ ਹਨ। (ੳ) ਕਿਸੇ ਸਮਾਜ ਵਿਚ ਪ੍ਰਯੋਗ ਕੀਤੇ ਜਾਣ ਵਾਲੇ ਸ਼ਕਤੀ ਦੇ ਸਾਧਨ ਅਤੇ (ਅ) ਉਸ ਵਿਚ ਪ੍ਰਯੋਗ ਹੋਣ ਵਾਲੇ ਯੰਤਰਾਂ ਦੀ ਪ੍ਰਕ੍ਰਿਤੀ। ਇਹ ਦੋਵੇਂ ਤੱਤ ਸਾਰੇ ਸਮਾਜਾਂ ਵਿਚ ਘੱਟ ਜਾਂ ਵੱਧ ਮਾਤਰਾ ਵਿਚ ਪਾਏ ਜਾਂਦੇ ਹਨ।

## 9.4 ਆਧੁਨਿਕੀਕਰਨ ਦੀਆਂ ਵਿਸ਼ੇਸ਼ਤਾਈਆਂ

ਉਪਰੋਕਤ ਪਰਿਭਾਸ਼ਾਵਾਂ ਤੋਂ ਆਧੁਨਿਕੀਰਨ ਦੀਆਂ ਕੁਝ ਵਿਸ਼ੇਸਸ਼ਤਾਈਆਂ ਸਾਮਹਣੇ ਆਉਂਦੀਆਂ ਹਨ।ਜਿਵੇਂ **8.4.1 ਇਹ ਇਕ ਬਹੁਪੱਖੀ ਪ੍ਰਕ੍ਰਿਆ ਹੈ (It is multi-dismnsional process) :** ਜਿਵੇਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਆਧੁਨਿਕੀਕਰਨ ਸਮਾਜਿਕ ਵਿਵਸਥਾ ਦੇ ਕਿਸੇ ਇਕ ਪੱਖ ਜਾਂ ਪਹਿਲੂ ਵਿਚ ਆਉਣ ਵਾਲਾ ਪਰਿਵਰਤਨ ਨਹੀਂ ਬਲਕਿ ਇਸਦਾ ਅਸਰ ਸਮਾਜ ਦੇ ਸਾਰੇ ਪਹਿਲੂਆਂ ਤੇ ਹੁੰਦਾ ਹੈ ਇਹ ਕੇਵਲ ਆਰਥਿਕ ਪ੍ਰਕ੍ਰਿਆ ਨਹੀ ਬਲਕਿ ਰਾਜਨੀਤਿਕ, ਸਭਿਆਚਾਰਕ ਅਤੇ ਸਮਾਜਿਕ ਪ੍ਰਕ੍ਰਿਆ ਵੀ ਹੈ, ਜਿਹੜੀ ਜੀਵਨ ਦੇ ਹਰੇ ਕ ਪਹਿਲੂ ਨੂੰ ਪ੍ਰਭਾਵਿਤ ਕਰਦੀ ਹੈ। ਸਮਾਜ ਦੀਆਂ ਸਾਰੀਆਂ ਸਥਾਪਤ ਸੰਸਥਾਵਾਂ ਅਤੇ ਸੰਗਠਨਾਂ ਵਿਚ ਭਾਰੀ ਤਬਦੀਲੀ ਆਉਂਦੀ ਹੈ।

**9.4.2 ਇਹ ਇਕਹਿਰੀ ਪ੍ਰਕ੍ਰਿਆ ਨਹੀਂ (It is not a unitary process) :** ਆਧੁਨਿਕੀਕਰਣ ਬਾਰੇ ਜਿਵੇਂ ਕਿ ਪਹਿਲਾਂ ਸੋਚ ਸੀ ਕਿ ਇਸਦਾ ਅਸਰ ਸਾਰੇ ਸਮਾਜਾਂ ਉਤੇ ਇਕੋ ਜਿਹਾ ਹੋਵੇਗਾ, ਉਸ ਤਰ੍ਹਾਂ ਨਹੀਂ ਹੋਇਆ। ਕਿਉਂਕਿ ਹਰੇਕ ਸਮਾਜ ਦੀਆਂ ਆਪਣੀਆਂ ਕੁਝ ਇਤਿਹਾਸਕ ਤੇ ਸਮਾਜਿਕ ਹਾਲਤਾਂ ਹੁੰਦੀਆਂ ਹਨ ਜਿਨ੍ਹਾਂ ਦਾ ਅਸਰ ਸਮਾਜਿਕ ਸੰਸਥਾਵਾਂ ਦੇ ਆਧੁਨਿਕੀਕਰਨ ਦੇ ਸਾਰੇ ਪਹਿਲੂਆਂ ਤੇ ਵੱਖ ਵੱਖ ਤਰੀਕੇ ਨਾਲ ਪੈਂਦਾ ਹੈ। ਉਦਾਹਰਣ ਦੇ ਤੌਰ ਤੇ ਕਿਸੇ ਸਮਾਜ ਦੇ ਆਰਥਿਕ ਪਹਿਲੂਆਂ ਤੇ ਆਧੁਨਿਕੀਕਰਨ ਦਾ ਅਸਰ ਤੇਜ਼ੀ ਨਾਲ ਹੋ ਸਕਦਾ ਹੈ ਪਰ ਉਸਦੇ ਰਾਜਨੀਤਿਕ ਪਹਿਲੂ ਪਛੜੇ ਰਹਿ ਸਕਦੇ ਹਨ। ਇਹ ਇਕਹਿਰੀ ਪ੍ਰਕ੍ਰਿਆ ਨਾ ਹੋ ਕੇ ਸਮੁੱਚਤਾ ਦੀ ਪ੍ਰਕ੍ਰਿਆ ਹੈ।

**9.4.3 ਆਧੁਨਿਕੀਕਰਨ ਨਾਲ ਰਵਾਇਤਾਂ ਪੂਰੀ ਤਰ੍ਹਾਂ ਖਤਮ ਨਹੀਂ ਹੁੰਦੀਆਂ (It is not a complete replacement of traditions by modern values) :** ਆਧੁਨਿਕੀਕਰਨ ਦੀ ਪ੍ਰਕ੍ਰਿਆ ਸਾਡੀਆਂ ਪਰੰਪਰਾਵਾਂ ਵਿਚ ਤਬਦੀਲੀ ਤਾਂ ਲਿਆ ਸਕਦੀ ਹੈ ਪਰ ਉਨ੍ਹਾਂ ਨੂੰ ਪੂਰੀ ਤਰ੍ਹਾਂ ਖਤਮ ਨਹੀਂ ਕਰ ਸਕਦੀ। ਕਿਉਂਕਿ ਆਧੁਨਿਕਤਾ ਨੂੰ ਪਰੰਪਰਾ ਨਾਲੋਂ ਬਿਲਕੁਲ ਨਿਖੇੜਨਾ ਬਹੁਤ ਮੁਸ਼ਕਲ ਹੈ। ਹਰੇਕ ਸਮਾਜ ਵਿਚ ਇਕੋ ਸਮੇਂ ਪਰੰਪਰਾ ਅਤੇ ਆਧੁਨਿਕਤਾ ਦੇ ਲੱਛਣ ਪਾਏ ਜਾਂਦੇ ਹਨ। ਬੇਸ਼ਕ ਇਨ੍ਹਾਂ ਦੋਵਾਂ ਵਿਚ ਟਕਰਾਅ ਚਲਦਾ ਰਹਿੰਦਾ ਹੈ ਪਰ ਆਧੁਨਿਕੀਕਰਨ ਨੂੰ ਪਰੰਪਰਾ ਦੇ ਅਨੁਸਾਰ ਹੀ ਚਲਣਾ ਪੈਂਦਾ ਹੈ ਨਹੀਂ ਤਾਂ ਸਮਾਜਕ ਸੰਰਚਨਾ ਵਿਚ ਅਨੇਕਾਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਸਮਾਜਿਕ ਪਰੰਪਰਾ ਵਿਚ ਹਜ਼ਾਰਾਂ ਸਾਲ ਤੋਂ ਚਲੀਆਂ ਆ ਰਹੀਆਂ ਕਦਰਾਂ ਕੀਮਤਾਂ ਨੂੰ ਇਕ ਦਮ ਖਤਮ ਨਹੀਂ ਕੀਤਾ ਜਾ ਸਕਦਾ ਇਸੇ ਕਰਕੇ ਇਹ ਪੀੜ੍ਹੀ ਦਰ ਪੀੜ੍ਹੀ ਚਲਦੀਆਂ ਰਹਿੰਦੀਆਂ ਹਨ ਜਿਵੇਂ ਸਿੱਖਾਂ ਵਿਚ ਚਾਰ ਲਾਵਾਂ ਤੋਂ ਬਿਨਾਂ ਵਿਆਹ ਦੀ ਰਸਮ ਮੁਕੰਮਲ ਨਹੀਂ ਸਮਝੀ ਜਾਂਦੀ ਅਤੇ ਹਿੰਦੂ ਧਰਮ ਵਿਚ ਸੱਤ ਫੇਰੇ ਨਾਲ ਹੀ ਵਿਆਹ ਸੰਪੰਨ ਹੁੰਦਾ ਹੈ, ਨਾਲ ਤੁਲਨਾਂ ਕਰਕੇ ਦੇਖਦੇ ਹਾਂ। ਅੱਜ ਦੇ ਆਧੁਨਿਕ ਸਮਾਜਾਂ ਵਿਚ ਕਿਤੇ ਵੀ, ਕਿਸੇ ਨਾ ਕਿਸੇ ਰੂਪ ਵਿਚ ਤੇ ਮਾਤਰਾ ਵਿਚ ਪਰੰਪਰਾਤਮਕ ਸਮਾਜ ਦੇ ਤੱਤ ਪਾਏ ਜਾਂਦੇ ਹਨ। ਇਸ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਆਧੁਨਿਕੀਕਰਨ ਦੀ ਪ੍ਰਕ੍ਰਿਆ ਨਾਲ ਸਮੁੱਚੀ ਵਿਵਸਥਾ ਵਿਚ ਪਰਿਵਰਤਨ ਜਾਂ ਬਦਲਾਓ ਨਹੀਂ ਆਉਂਦਾ ਬਲਕਿ ਕੁੱਝ ਹੱਦ ਤੱਕ ਪਰੰਪਰਾਵਾਂ ਉਵੇਂ ਹੀ ਚਲਦੀਆਂ ਰਹਿੰਦੀਆਂ ਹਨ।

**9.4.4 ਆਧੁਨਿਕੀਕਰਨ ਹਮੇਸ਼ਾਂ ਚੰਗੇ ਲਈ ਜਾਂ ਪ੍ਰਗਤੀ ਵੱਲ ਹੋਣ ਵਾਲਾ ਪਰਿਵਰਤਨ ਨਹੀਂ ਹੁੰਦਾ (It is not always useful) :** ਸਮਾਜਿਕ ਵਿਵਸਥਾ ਵਿਚ ਆਧੁਨਿਕੀਕਰਨ ਦੀ ਪ੍ਰਕ੍ਰਿਆ ਰਾਹੀ ਹੋਣ ਵਾਲੇ ਪਰਿਵਰਤਨ ਹਮੇਸ਼ਾਂ ਲਈ ਚੰਗੇ ਨਹੀਂ ਹੁੰਦੇ ਅਤੇ ਨਾ ਹੀ ਇਹ ਕਿਹਾ ਜਾ ਸਕਦਾ ਹੈ ਕਿ ਇਹ ਪਰਿਵਰਤਨ ਉੱਨਤੀ ਜਾਂ ਤਰੱਕੀ ਦਾ ਸੰਕੇਤ ਹਨ। ਕਈ ਵਾਰ ਇਸਦੇ ਸਿੱਟੇ ਜਾਂ ਪ੍ਰਭਾਵ ਫਾਇਦੇ ਵਾਲੇ ਨਹੀਂ ਹੁੰਦੇ। ਦੂਜੇ ਇਕ ਖਾਸ ਕਿਸਮ ਦੇ ਪਰਿਵਰਤਨ ਦਾ ਪ੍ਰਭਾਵ ਵੱਖ ਵੱਖ ਸਮਾਜਾਂ

ਵਿਚ ਵੱਖੋ ਵੱਖ ਹੋ ਸਕਦਾ ਹੈ। ਇਹ ਕਿਸੇ ਲਈ ਲਾਭਦਾਇਕ ਅਤੇ ਕਿਸੇ ਲਈ ਹਾਨੀਕਾਰਕ ਹੋ ਸਕਦਾ ਹੈ। ਜਿਵੇਂ ਭਾਰਤੀ ਸਮਾਜ ਵਿਚ ਸੰਯੁਕਤ ਪਰਿਵਾਰਾਂ ਦੇ ਟੁੱਟਣ ਨਾਲ ਬੁੱਢਿਆਂ ਦੀ ਹਾਲਤ ਤਰਸਯੋਗ ਹੋ ਗਈ ਹੈ।

**9.4.5 ਆਧੁਨਿਕੀਕਰਣ ਅਤੇ ਪੱਛਮੀਕਰਨ ਦੋ ਵੱਖੋ ਵੱਖ ਪ੍ਰਕ੍ਰਿਆਵਾਂ ਹਨ (Modernization and Westernization are two different processes) :** ਵੱਖਰੀਕਰਨ, ਤਰਕਸ਼ੀਲਤਾ ਅਤੇ ਜਿਨਸੀਕਰਨ ਆਧੁਨਿਕੀਕਰਨ ਦੀਆਂ ਵਿਸ਼ੇਸ਼ਤਾਈਆਂ ਹਨ ਜਿਨ੍ਹਾਂ ਨੂੰ ਅਪਣਾਉਣ ਵਾਲੇ ਸਮਾਜ ਆਧੁਨਿਕ ਅਖਵਾਉਂਦੇ ਹਨ ਪਰ ਜ਼ਰੂਰੀ ਨਹੀਂ ਕਿ ਉਹ ਹੂਬਹੂ ਪੱਛਮੀ ਸਮਾਜਾਂ ਦੀ ਨਕਲ ਕਰਨ। ਬੇਸ਼ਕ ਪੱਛਮੀ ਸਮਾਜ ਆਧੁਨਿਕੀਕਰਣ ਦੀ ਹੀ ਇਕ ਮਿਸਾਲ ਹਨ ਪਰ ਇਨ੍ਹਾਂ ਸਮਾਜਾਂ ਦੀਆਂ ਆਪਣੀਆਂ ਕਦਰਾਂ-ਕੀਮਤਾਂ ਹਨ ਜਿਨ੍ਹਾਂ ਨੂੰ ਦੂਸਰੇ ਸਮਾਜਾਂ ਦੁਆਰਾ ਨਹੀਂ ਅਪਣਾਇਆ ਜਾਣਾ ਚਾਹੀਦਾ। ਉਦਾਹਰਣ ਦੇ ਤੌਰ ਤੇ ਜਿਵੇਂ ਜਾਪਾਨ ਵਰਗੇ ਦੇਸ਼ ਵਿਚ ਆਧੁਨਿਕੀਕਰਨ ਤਾਂ ਹੋਇਆ ਹੈ ਪਰ ਪੱਛਮੀਕਰਨ ਨਹੀਂ ਉਨ੍ਹਾਂ ਨੇ ਕਿਸੇ ਵੀ ਤਰ੍ਹਾਂ ਆਪਣੀਆਂ ਕਦਰਾਂ-ਕੀਮਤਾਂ, ਰਹਿਣ ਸਹਿਣ ਦੇ ਢੰਗ ਤੇ ਪੱਛਮੀਕਰਣ ਜਾਂ ਪੱਛਮ ਦਾ ਪ੍ਰਭਾਵ ਨਹੀਂ ਪੈਣ ਦਿੱਤਾ ਪਰ ਇਸ ਨੂੰ ਆਧੁਨਿਕ ਜ਼ਰੂਰ ਬਣਾਇਆ ਹੈ।

## 9.5 ਇਸ ਪ੍ਰਕ੍ਰਿਆ ਵਿਚ ਜ਼ਿੰਮੇਵਾਰ ਕਾਰਕ

ਆਧੁਨਿਕੀਕਰਨ ਦੀਆਂ ਉਪਰੋਕਤ ਵਿਸ਼ੇਸ਼ਤਾਈਆਂ ਤੇ ਨਜ਼ਰ ਮਾਰਿਆ ਪਤਾ ਚਲਦਾ ਹੈ ਕਿ ਇਸ ਪ੍ਰਕ੍ਰਿਆ ਦੇ ਕੁਝ ਕਾਰਕ ਹਨ ਜਿਨ੍ਹਾਂ ਕਰਕੇ ਇਹ ਸਾਰੇ ਸਮਾਜਾਂ ਵਿਚ ਜੀਵਨ ਦੇ ਸਾਰੇ ਪਹਿਲੂਆਂ ਨੂੰ ਪ੍ਰਭਾਵਿਤ ਕਰਦੀ ਹੈ। ਇਹ ਮੁੱਖ ਲੱਛਣ ਹਨ :

(ੳ) ਉਦਯੋਗੀਕਰਨ

(ਅ) ਸ਼ਹਿਰੀਕਰਨ

(ੲ) ਪੱਛਮੀਕਰਨ

(ਸ) ਆਵਾਜਾਈ ਅਤੇ ਸੰਚਾਰ ਦੇ ਸਾਧਨ

9.5.1 **ਉਦਯੋਗੀਕਰਨ :** ਉਦਯੋਗ ਦਾ ਪਸਾਰ ਇੰਗਲੈਂਡ ਦੀ ਉਦਯੋਗਿਕ ਕਰਾਂਤੀ ਤੋਂ ਬਾਅਦ ਸਾਰੀ ਦੁਨੀਆਂ ਵਿਚ ਫੈਲਿਆ। ਇਸ ਦੇ ਪਸਾਰ ਦਾ ਮੁੱਖ ਕਾਰਣ ਮਸ਼ੀਨਰੀ ਦੀ ਕਾਢ ਸੀ ਜੋ ਉਦਯੋਗਿਕ ਪਸਾਰ ਦਾ ਧੁਰਾ ਬਣੀ। ਆਦਮੀ ਦੀ ਜ਼ਰੂਰਤਾਂ ਨੂੰ ਤਿਆਰ ਕਰਨ ਵਾਲੀਆਂ ਮਸ਼ੀਨਾਂ ਤੇ ਫੇਰ ਇਨ੍ਹਾਂ ਮਸ਼ੀਨਾਂ ਨੂੰ ਬਨਾਉਣ ਵਾਲੀਆਂ ਮਸ਼ੀਨਾਂ ਦੇ ਵਿਕਾਸ ਨਾਲ ਮਨੁੱਖੀ ਸਮਾਜ ਵਿਚ ਇਕ ਅਦਭੁਤ ਕਰਾਂਤੀ ਆਈ। ਇਸ ਕਰਾਂਤੀ ਨੇ ਮਨੁੱਖ ਦੀ ਸੋਚਣੀ ਅਤੇ ਕਰਨੀ ਤੇ ਅਜਿਹਾ ਅਸਰ ਪਾਇਆ ਜਿਹੜਾ ਰਵਾਇਤੀ ਸੋਚਣੀ ਦੇ ਉਲਟ ਸੀ। ਫੈਕਟਰੀ ਵਿਚ ਮਸ਼ੀਨਾਂ ਚੱਲਦੀਆਂ ਸਨ ਜਿਨ੍ਹਾਂ ਨੂੰ ਚਾਲੂ ਰੱਖਣ ਵਿਚ ਹੀ ਉਦਯੋਗਪਤੀ ਦਾ ਫਾਇਦਾ ਸੀ ਕਿਉਂਕਿ ਜਿੰਨਾਂ ਵੱਧ ਉਤਪਾਦਨ ਹੋਵੇਗਾ ਉੱਨਾ ਪਰੋਫਿਟ ਵੀ ਵੱਧ ਹੋਵੇਗਾ। ਇਸ ਕਿਸਮ ਦੇ ਉਦਯੋਗ ਵਿਚ ਸਰਮਾਇਆ, ਮਸ਼ੀਨਾਂ, ਕੱਚਾ ਮਾਲ ਅਤੇ ਮਜ਼ਦੂਰ ਦੇ ਵਿਚ ਇਕ ਅਜਿਹਾ ਤਾਲਮੇਲ ਬਣਾਉਣਾ ਇੰਨਾ ਲਾਜ਼ਮੀ ਸੀ ਜਿਸ ਨਾਲ ਉਦਯੋਗਪਤੀ ਨੂੰ ਵੱਧ ਤੋਂ ਵੱਧ ਲਾਭ (ਪਰੋਫਿਟ) ਹੋਵੇ। ਅਜਿਹੇ ਤਾਲਮੇਲ ਨੇ ਇਹ ਜ਼ਰੂਰੀ ਕਰ ਦਿੱਤਾ ਕਿ ਤਰਕਸ਼ੀਲਤਾ ਦਾ ਤੱਤ ਸਾਹਮਣੇ ਉੱਭਰ ਕੇ ਆਇਆ। ਜਿਵੇਂ-ਜਿਵੇਂ ਅਤੇ ਜਿੱਥੇ-ਜਿਥੇ ਉਦਯੋਗਿਕ ਅਦਾਰਿਆਂ ਦਾ ਵਾਧਾ ਅਤੇ ਫੈਲਾਅ ਹੋਇਆ ਉਥੇ ਅਤੇ ਉਨ੍ਹਾਂ ਸਮਾਜਾਂ ਵਿਚ ਤਰਕਸ਼ੀਲਤਾ ਦੇ ਫਲਸਫੇ ਦਾ ਵੀ ਪਸਾਰ ਹੋਇਆ ਜਿਸ ਨਾਲ ਰਵਾਇਤੀ ਸਮਾਜਾਂ ਦੀ ਪੁਰਾਤਨ ਸੋਚਣ ਵਿਧੀ ਤੇ ਕਾਟ ਪੈਣੀ ਸ਼ੁਰੂ ਹੋਈ।

**9.5.2 ਸ਼ਹਿਰੀਕਰਨ :** ਸ਼ਹਿਰਾਂ ਦੀ ਹੋਂਦ ਤਾਂ ਪੁਰਾਣਿਆਂ ਸਮਿਆਂ ਵਿਚ ਹੋ ਚੁੱਕੀ ਸੀ ਪਰ ਜਿਸ ਸ਼ਿੱਦਤ ਨਾਲ ਇਨ੍ਹਾਂ ਦੀ ਗਿਣਤੀ ਅਤੇ ਫੈਲਾਅ ਵਿਚ ਵਾਧਾ ਉਦਯੋਗਿਕ ਕਰਾਂਤੀ ਤੋਂ ਬਾਅਦ ਹੋਇਆ ਉਸ ਦੀ ਮਿਸਾਲ ਮਨੁੱਖੀ ਸਮਾਜ ਦੇ ਇਤਿਹਾਸ ਵਿਚ ਪਹਿਲਾਂ ਨਹੀਂ ਮਿਲਦੀ। ਅਸਲ ਵਿਚ ਉਦਯੋਗਿਕ ਅਦਾਰੇ ਜਿੱਥੇ-ਜਿੱਥੇ ਸਥਾਪਤ ਕੀਤੇ ਗਏ ਉਥੇ-ਉਥੇ ਨੇੜਲੇ ਪਿੰਡਾਂ ਦੀ ਵਸੋਂ ਕੰਮ ਦੀ ਭਾਲ ਵਿਚ ਆਈ ਜੋ ਉਥੇ ਹੀ ਵਸ ਗਈ। ਕੰਮ ਧੰਦਿਆਂ ਵਿਚ ਵਾਧਾ ਹੋਇਆ, ਨੌਕਰੀਆਂ ਮਿਲਿਆਂ ਅਤੇ ਨਾਲ ਹੀ ਵਸੋ ਵੀ ਵਧੀ ਜੋ ਹਮੇਸ਼ਾਂ ਲਈ ਉਥੇ ਹੀ ਟਿੱਕ ਗਈ। ਇਸ ਵਸੋਂ ਦੀ ਰਹਿਣੀ-ਸਹਿਣੀ ਨੇ ਇਨ੍ਹਾਂ ਲੋਕਾਂ ਦੀ ਪੇਂਡੂ ਅਤੇ ਰਵਾਇਤੀ ਸੋਚਣੀ ਨੂੰ ਬਦਲ ਦਿੱਤਾ। ਹੁਣ ਉਹ ਸਾਧਨਾਂ (means) ਅਤੇ ਟੀਚਿਆਂ (end) ਵਿਚ ਅਜਿਹੀ ਕਾਰਜਕੁਸ਼ਲਤਾ ਵਾਲੇ ਸਹੀ ਸੰਬੰਧ ਲੱਭਣ ਲਈ ਮਜ਼ਬੂਰ ਹੋ ਗਏ ਜੋ ਉਨ੍ਹਾਂ ਨੂੰ ਮਾਰਕੀਟ-ਮੁੱਖੀ ਸਮਾਜ ਵਿਚ ਰਹਿਣ ਦੇ ਕਾਬਲ ਬਣਾਉਣ। ਉਦਯੋਗਿਕ ਅਦਾਰਿਆਂ ਦੀ Impersonal ਅਤੇ cash-oriented ਸੋਚ ਤੇ ਇਨ੍ਹਾਂ ਗਹਿਰਾ ਅਸਰ ਪਾਇਆ ਕਿ ਇਹ ਸੋਚ ਅਦਾਰਿਆਂ ਦੀ ਹੱਦਾਂ ਤੋਂ ਬਾਹਰ ਨਿਕਲ ਕੇ ਲੋਕਾਂ ਦੀ ਰਹਿਣੀ-ਬਹਿਣੀ ਦਾ

ਹਿੱਸਾ ਬਣ ਗਈ ਅਤੇ ਨਵੇਂ ਵਸੇ ਸ਼ਹਿਰਾਂ ਦੇ ਸਭਿਆਚਾਰ ਦਾ ਧੁਰਾ ਬਣ ਗਈ। ਜਿੱਥੇ-ਜਿੱਥੇ ਪਛੜੇ ਰਵਾਇਤੀ ਸਮਾਜਾਂ ਵਿਚ ਉਦਯੋਗਿਕ ਅਦਾਰੇ ਸਥਾਪਤ ਹੋਏ ਉੱਥੇ ਸ਼ਹਿਰਾਂ ਦਾ ਵਿਕਾਸ ਵੀ ਉਸੀ ਸਪੀਡ ਤੇ ਹੋਇਆ। ਏਡੀ ਵੱਡੀ ਵਸੋਂ ਇਕ ਥਾਂ ਤੇ ਰਹਿਣ ਕਾਰਣ ਉਨ੍ਹਾਂ ਵਾਸਤੇ ਸਹੂਲਤਾਂ ਵੀ ਉਪਲਬੱਧ ਕਰਾਈਆਂ ਗਈਆਂ। ਬੱਚਿਆਂ ਦੀ ਪੜ੍ਹਾਈ ਵਾਸਤੇ ਸਕੂਲ, ਲੋਕਾਂ ਦੇ ਇਲਾਜ ਵਾਸਤੇ ਹਸਪਤਾਲ, ਰੁਪਏ-ਪੈਸਿਆਂ ਦੀ ਸਾਂਭ-ਸੰਭਾਲ ਲਈ ਬੈਂਕ ਲੋਕਾਂ ਦੀਆਂ ਰੋਜ਼ਮੱਰਾ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਾਸਤੇ ਦੁਕਾਨਾਂ ਅਤੇ ਵੱਡੀਆਂ-ਵੱਡੀਆਂ ਮਾਰਕੀਟਾਂ ਸਥਾਪਤ ਹੋਈਆਂ। ਇਸ ਸਕੀਮ ਦੀ ਰਹਿਣੀ-ਬਹਿਣੀ ਨੇ ਲੋਕਾਂ ਦੀ ਰਵਾਇਤੀ ਸੋਚ ਨੂੰ ਬਦਲ ਕੇ ਰੱਖ ਦਿੱਤਾ ਅਤੇ ਆਧੁਨਿਕ ਸੋਚ ਨਾਲ ਜੋੜਿਆ।

ਆਧੁਨਿਕੀਕਰਨ ਦੀਆਂ ਤਿੰਨ ਵਿਸ਼ੇਸ਼ਤਾਈਆਂ-ਵੱਖਰੀਕਰਣ, ਜਿਣਸੀਕਰਣ ਦੇ ਤਰਕਸ਼ੀਲਤਾ ਦੀ ਉਤਪੱਤੀ ਅਤੇ ਵਿਕਾਸ ਅਜਿਹੇ ਸ਼ਹਿਰੀਕਰਣ ਵਿਚ ਖੂਬ ਚੰਗੀ ਤਰ੍ਹਾਂ ਵੇਖੀਆਂ ਜਾ ਸਕਦੀਆਂ ਹਨ। ਜਿੰਨਾ ਵੱਡਾ ਸ਼ਹਿਰ ਉੱਨਾ ਹੀ ਉਭਾਰ ਇਨ੍ਹਾਂ ਵਿਸ਼ੇਸ਼ਤਾਈਆਂ ਦਾ। ਇਹੋ ਕਾਰਣ ਹੈ ਕਿ ਅਜੋਕੇ ਸਮਿਆਂ ਵਿਚ ਅਜਿਹੇ ਸ਼ਹਿਰ ਹੀ ਪੇਂਡੂ ਅਤੇ ਛੋਟੇ ਸ਼ਹਿਰਾਂ ਦੀ ਵਸੋਂ ਦੇ ਵਾਸਤੇ ਮਾਡਲ ਬਣੇ ਹਨ। ਪਟਿਆਲੇ ਵਾਲੇ ਚੰਡੀਗੜ੍ਹ ਨੂੰ ਅਤੇ ਚੰਡੀਗੜ੍ਹ ਵਾਲੇ ਦਿੱਲੀ ਨੂੰ ਦਿੱਲੀ ਵਾਲੇ ਬੰਬਈ ਅਤੇ ਬੰਬਈ ਨਿਵਾਸੀ ਲੰਡਨ, ਪੈਰਿਸ ਆਦਿ ਨੂੰ ਆਪਣੇ ਰਹੁ-ਰੀਤਾਂ ਲਈ ਮਾਡਲ ਬਣਾਉਂਦੇ ਹਨ।

**9.5.3 ਪੱਛਮੀਕਰਨ :** ਪੱਛਮੀਕਰਨ ਇਕ ਅਜਿਹੀ ਪ੍ਰਕਿਰਿਆ ਹੈ ਜਿਸ ਵਿਚ ਗੈਰ-ਪੱਛਮੀ ਦੇਸ਼ਾਂ ਦੇ ਵਸਨੀਕ ਆਪਣੀਆਂ ਪੁਰਾਣੀਆਂ ਰਹੁ-ਰੀਤਾਂ ਨੂੰ ਛੱਡਕੇ ਪੱਛਮੀ ਦੇਸ਼ਾਂ ਦੇ ਲੋਕਾਂ ਦੇ ਰਹਿਣ-ਸਹਿਣ ਰਹੁ-ਰੀਤਾਂ ਨੂੰ ਕੇਵਲ ਤਰਜੀਹ ਹੀ ਨਹੀਂ ਦਿੰਦੇ ਸਗੋਂ ਉਨ੍ਹਾਂ ਨੂੰ ਇਸ ਤਰੀਕੇ ਨਾਲ ਅਪਣਾਉਂਦੇ ਹਨ ਕਿ ਉਨ੍ਹਾਂ ਦੇ ਪਛੜੇ ਦੇਸ਼ ਵਾਸੀ ਉਨ੍ਹਾਂ ਨੂੰ ਪੱਛਮੀ ਹੀ ਸਮਝਣ। ਆਪਣੀ ਰੋਜ਼-ਮਰਾ ਦੀ ਜ਼ਿੰਦਗੀ ਵਿਚ ਜਦੋਂ ਅਸੀਂ ਕਿਸੇ ਅਜਿਹੇ ਵਿਅਕਤੀ ਦੇ ਟੋਟੇ ਕੱਸਦੇ ਹਾਂ ਤਾਂ ਕਹਿੰਦੇ ਹਾਂ 'ਬੜੀ ਯੈਕੀ ਹੈ', ਬਾਹਲਾ ਅੰਗਰੇਜ਼ ਬਣਿਆ ਫਿਰਦੈ', 'ਫਿਰੰਗੀ ਤਾਂ ਚਲੇ ਗਏ, ਪੂਛਾ ਐਥੇ ਰਹਿਗੀਆਂ' ਆਦਿ।

ਪੱਛਮੀ ਦੇਸ਼ਾਂ ਵਿਚ ਕੇਵਲ ਪੱਛਮੀ-ਯੂਰਪ ਦੇ ਮੁਲਕ, ਯੂ.ਐਸ.ਏ. ਅਤੇ ਕੈਨੇਡਾ ਹੀ ਸ਼ਾਮਲ ਹਨ। ਇਹ ਸਾਰੇ ਮੁਲਕ ਬਾਕੀਆਂ ਨਾਲੋਂ ਭਲੀ ਭਾਂਤ ਨਿਖਾੜੇ ਜਾ ਸਕਦੇ ਹਨ। ਇਸ ਨਿਖਾੜ ਦੀ ਕਸੌਟੀ ਆਰਥਕ ਵਿਕਾਸ, ਉਦਯੋਗਿਕ ਉਤਪਾਦਨ ਅਤੇ ਲੋਕਾਂ ਦਾ 'ਸਟੈਂਡਰਡ ਆਫ ਲਿਵਿੰਗ' ਸ਼ਾਮਲ ਹਨ। ਇਨ੍ਹਾਂ ਵਿਚੋਂ ਬਹੁਤੇ ਮੁਲਕ ਬਸਤੀਆਂ ਦੇ ਮਾਲਕ ਸਨ। ਇਸੇ ਲਈ ਬਸਤੀਵਾਦ ਦੇ ਪ੍ਰਭਾਵ ਹੇਠਾਂ ਇਨ੍ਹਾ ਮੁਲਕਾਂ ਦੇ ਲੋਕਾਂ ਨੇ ਆਪਣੇ-ਆਪਣੇ ਬਸਤੀ ਮਾਲਕਾਂ ਦਾ ਕਲਚਰ, ਰਹਿਣ-ਸਹਿਣ ਅਤੇ ਰਹੁ-ਰੀਤਾਂ ਅਪਣਾਈਆਂ। ਇਹ ਲੋਕ ਆਪਣੇ ਆਪ ਨੂੰ ਆਪਣੇ ਹੀ ਦੇਸ਼ ਦੇ ਗਰੀਬ, ਕਬਾਇਲੀ, ਪੱਛੜੇ ਲੋਕਾਂ ਤੋਂ ਵੱਖਰਾ ਸਮਝਣ ਲੱਗ ਪੈਂਦੇ ਹਨ ਅਤੇ ਉਨ੍ਹਾਂ ਤੇ, ਉਸੇ ਤਰ੍ਹਾਂ ਦਾ ਦਬ-ਦਬਾਅ ਰੱਖਣ ਦੀ ਕਸ਼ਿਸ਼ ਕਰਦੇ ਹਨ ਜੋ ਕਦੇ ਬਸਤੀਵਾਦ ਦੀ ਸ਼ਾਸ਼ਕ ਜਮਾਤ ਉਨ੍ਹਾਂ ਤੇ ਕਰਦੀ ਸੀ।

**9.5.4 ਆਵਾਜਾਈ ਅਤੇ ਸੰਚਾਰ ਦੇ ਸਾਧਨ :** ਗੱਲ ਭਾਵੇਂ ਆਧੁਨਿਕੀਕਰਨ ਦੀ ਹੋਵੇ ਜਾਂ ਪੱਛਮੀਕਰਨ ਦੀ ਇਸ ਪ੍ਰਕ੍ਰਿਆ ਨੂੰ ਸ਼ੁਰੂ ਅਤੇ ਵਧਾਉਣ ਵਿਚ ਵੱਡਾ ਹੱਥ ਆਵਾਜਾਈ ਅਤੇ ਸੰਚਾਰ ਦੇ ਸਾਧਨਾਂ ਵਿਚ ਤਰੱਕੀ ਦਾ ਹੈ।, ਪਹਿਲੇ ਸਮਿਆਂ ਵਿਚ ਇਨ੍ਹਾਂ ਸਾਧਨਾਂ ਦੀ ਵਰਤੋਂ ਉੱਚ ਵਰਗ ਦੇ ਲੋਕਾਂ ਤੱਕ ਹੀ ਸੀਮਿਤ ਹੁੰਦੀ ਸੀ। ਲਿਹਾਜ਼ਾ ਇਹੋ ਵਰਗ ਆਪਣੇ ਦੇਸ਼ ਦੇ ਪੱਛੜੇ ਵਾਸੀਆਂ ਲਈ ਆਧੁਨਿਕੀਕਰਨ/ਪੱਛਮੀਕਰਨ ਦਾ ਮਾਡਲ ਬਣਦੇ ਸਨ। ਇਸ ਲਈ ਇਨ੍ਹਾਂ ਪ੍ਰਕ੍ਰਿਆਵਾਂ ਦੀ ਗਤੀ ਕਾਫੀ ਧੀਮੀ ਸੀ ਪਰ ਅੱਜ ਕੱਲ ਜਿਸ ਗਤੀ ਨਾਲ ਇਨ੍ਹਾਂ ਸਾਧਨਾਂ ਦਾ ਵਿਕਾਸ ਹੋਇਆ ਹੈ ਉਹ ਆਮ ਆਦਮੀ ਨੂੰ ਹੈਰਾਨ ਕਰ ਦੇਣ ਵਾਲਾ ਹੈ। ਆਪਣੇ ਕੰਮਪਿਊਟਰ ਨੂੰ ਇੰਟਰਨੇਟ ਨਾਲ ਜੋੜ ਕੇ ਕੋਈ ਵਿਅਕਤੀ ਕਿਸੇ ਥਾਂ ਤੇ ਬੈਠਾ, ਦੁਨੀਆਂ ਦੀ ਕਿਸੇ ਕਿਸਮ ਦੀ ਖਬਰ-ਸੋਂਹ ਬੜੀ ਸੌਖ ਨਾਲ ਅਤੇ ਮਿੰਟਾਂ ਸਕਿੰਟਾਂ ਵਿਚ ਹੀ ਲੈ ਸਕਦਾ ਹੈ। ਇਸੇ ਕਰਕੇ ਅਸੀਂ ਕਹਿੰਦੇ ਹਾਂ ਕਿ ਐਡੀ ਵੱਡੀ ਦੁਨੀਆਂ ਹੁਣ ਇਕ ਗਲੋਬਲ ਪਿੰਡ (Global village) ਦਾ ਰੂਪ ਅਖਤਿਆਰ ਕਰ ਰਹੀ ਹੈ ਜਿਸ ਵਿਚ ਮੁਲਕਾਂ ਤੇ ਕੌਮਾਂ ਦੀਆਂ ਹੱਦਾ ਤੱਕ ਖਤਮ ਹੋ ਚੁੱਕੀਆਂ ਹਨ। ਇਹ ਅਜਿਹੇ ਸਾਧਨਾਂ ਦੀ ਤਰੱਕੀ ਦਾ ਹੀ ਨਤੀਜਾ ਹੈ ਕਿ ਪੱਛਮੀ ਦੇਸ਼ ਸਿੱਧੇ ਤੌਰ ਤੇ ਤਾਂ ਸਾਡੇ ਸ਼ਾਸ਼ਕ ਨਹੀਂ ਰਹੇ ਪਰ ਅਸਿੱਧੇ (indirectly) ਤੌਰ ਤੇ ਉਨ੍ਹਾਂ ਸਾਡੇ ਕਲਚਰ, ਰਹੁ-ਰੀਤਾਂ, ਰਹਿਣਾ-ਸਹਿਣਾ, ਖਾਣਾ-ਪਾਉਣਾ ਆਦਿ ਤੇ ਪੱਛਮੀ ਸਭਿਅਤਾ ਦਾ ਗਲਬਾ ਬੁਰੀ ਤਰ੍ਹਾਂ ਭਾਰੂ ਕਰ ਦਿੱਤਾ ਹੈ। ਜੇ ਇਹ ਕਿਹਾ ਜਾਵੇ ਕਿ ਕੇਬਲ ਟੀ.ਵੀ. ਦੇ 'ਪੰਜਾਬੀ' ਅਤੇ ਐਮ.ਟੀ.ਵੀ. ਚੈਨਲ ਵਿਚ ਬੋਲੀ ਤੋਂ ਇਲਾਵਾ ਕੋਈ ਫਰਕ ਨਹੀਂ ਰਹਿ ਗਿਆ ਤਾਂ ਕੋਈ ਅਤਿ-ਕਥਨੀ ਨਹੀਂ ਹੋਵੇਗੀ।

**9.5.5 ਯੋਜਨਾਬੱਧ ਪਰਿਵਰਤਨ :** ਆਧੁਨਕੀਕਰਨ ਦਾ ਅਸਲ ਮਕਸਦ ਪੱਛੜੇ ਮੁਲਕਾਂ ਤੇ ਆਰਥਕ ਅਤੇ ਸਮਾਜਕ

ਅਦਾਰਿਆ ਦੇ ਸੰਤੁਲਤ ਵਿਕਾਸ ਦਾ ਹੀ ਹੈ ਜੋ ਕੇਵਲ ਯੋਜਨਾਬੱਧ ਤਰੀਕੇ ਨਾਲ ਹੀ ਸੰਭਵ ਹੈ। ਬਸਤੀਵਾਦ ਤੋਂ ਆਜ਼ਾਦ ਹੋਏ ਕਿਸੇ ਵੀ ਮੁਲਕ ਦੀ ਸਰਕਾਰ ਦਾ ਇਹ ਪ੍ਰਥਮਿਕ ਮੁੱਦਾ ਹੋਣਾ ਚਾਹੀਦਾ ਹੈ ਤਾਂ ਜੋ ਸਾਰੇ ਮੁਲਕ ਦੇ, ਸਾਰੇ ਵਰਗਾਂ ਦੇ ਉਚੇ -ਨੀਵੇਂ, ਅਮੀਰ-ਗਰੀਬ ਲੋਕਾਂ ਨੂੰ ਆਜ਼ਾਦੀ ਦਾ ਸਵਾਦ ਅਤੇ ਆਰਥਕ ਅਤੇ ਸਮਾਜਿਕ ਵਿਕਾਸ ਦਾ ਲਾਭ ਪ੍ਰਾਪਤ ਹੋ ਸਕੇ।

ਇਨ੍ਹਾਂ ਕਾਰਕਾਂ ਦੁਆਰਾ ਹੀ ਇਹ ਪ੍ਰਕ੍ਰਿਆ ਤੇਜ਼ ਹੁੰਦੀ ਹੈ ਭਾਵ ਜਿਹੋ ਜਿਹੇ ਕਿਸੇ ਸਮਾਜ ਵਿਚ ਇਹ ਤੱਤ ਹੋਣਗੇ ਉਸ ਸਮਾਜ ਵਿਚ ਆਧੁਨਿਕੀਕਰਨ ਵੀ ਉਹੋ ਜਿਹਾ ਹੀ ਹੋਵੇਗਾ।

## 9.6 ਸਾਰ

ਉਪਰ ਕੀਤੀ ਸਾਰੀ ਚਰਚਾ ਤੋਂ ਇਹ ਸਪਸ਼ਟ ਹੁੰਦਾ ਹੈ ਭਾਵੇਂ ਆਧੁਨਿਕੀਕਰਨ ਇਕ ਸਰਵ-ਵਿਆਪਕ ਅਤੇ ਆਪ ਮੁਹਾਰੀ ਪ੍ਰਕ੍ਰਿਆ ਹੈ ਪਰ ਫਿਰ ਵੀ ਵੱਖੋ-ਵੱਖ ਸਮਾਜਾਂ ਦੀ ਬਣਤਰ, ਉਨ੍ਹਾਂ ਦੀ ਆਰਥਿਕਤਾ, ਰਾਜਨੀਤੀ, ਭੂਗੋਲਿਕ ਹਾਲਤਾਂ, ਸਭਿਆਚਾਰ ਅਤੇ ਪੈਦਾਵਾਰ ਸੋਮੇ ਆਦਿ ਸਾਰੇ ਇਸ ਪ੍ਰਕ੍ਰਿਆ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਇਹ ਮਨੁੱਖੀ ਜੀਵਨ ਦੇ ਸਾਰੇ ਪਹਿਲੂਆਂ ਤੇ ਅਸਰ ਛੱਡਦੀ ਹੈ ਆਧੁਨਿਕੀਕਰਨ ਨੂੰ ਪਰਪੰਰਾ ਵਿਰੋਧੀ ਸਮਝਿਆ ਜਾਂਦਾ ਹੈ ਕਿਉਂਕਿ ਇਹ ਸਮਾਜ ਦੀਆਂ ਰਵਾਇਤਾਂ ਵਿਚ ਤਬਦੀਲੀ ਲਿਆਉਂਦੀ ਹੈ ਵੱਖ ਵੱਖ ਸਮਾਜਾਂ ਵਿਚ ਆਧੁਨਿਕੀਕਰਨ ਦਾ ਅਮਲ ਅਤੇ ਅਸਲ ਇਕਸਾਰ ਨਹੀਂ ਹੁੰਦਾ ਕਿਉਂਕਿ ਇਹ ਉਸ ਸਮਾਜ ਦੀ ਪਰੰਪਰਾ ਤੇ ਨਿਰਭਰ ਕਰਦਾ ਹੈ।

## 9.7 ਅਭਿਆਸ ਲਈ ਪ੍ਰਸ਼ਨ

1. ਸਮਾਜਿਕ ਪਰਿਵਰਤਨ ਕਿਸਨੂੰ ਆਖਦੇ ਹਨ? ਸਮਾਜਿਕ ਪਰਿਵਰਤਨ ਦੀਆਂ ਕਿਹੜੀਆਂ ਕਿਹੜੀਆਂ ਪਰਕ੍ਰਿਆਵਾਂ ਹਨ ਸੰਖੇਪ ਵਿਚ ਬਿਆਨ ਕਰੋ।
2. ਆਧੁਨਿਕੀਕਰਨ ਕਿਸਨੂੰ ਆਖਦੇ ਹਨ? ਇਸਦੀਆਂ ਮੁੱਖ ਵਿਸ਼ੇਸ਼ਤਾਈਆਂ ਬਿਆਨ ਕਰੋ?
3. ਆਧੁਨਿਕੀਕਰਨ ਦੀ ਪ੍ਰਕ੍ਰਿਆ ਨੂੰ ਬਿਆਨ ਕਰਦੇ ਹੋਏ ਇਸ ਲਈ ਜ਼ਿੰਮੇਵਾਰ ਕਾਰਕਾਂ ਤੇ ਚਾਨਣਾ ਪਾਉ।

### ਸੰਖੇਪ ਸਵਾਲ

(ੳ) ਆਧੁਨਿਕੀਕਰਨ ਤੋਂ ਕੀ ਭਾਵ ਹੈ? ਆਪਣੇ ਸ਼ਬਦਾਂ ਵਿਚ ਲਿਖੋ?

(ਅ) ਆਧੁਨਿਕੀਕਰਨ ਤੇ ਪੱਛਮੀਕਰਣ ਵਿਚ ਕੀ ਅੰਤਰ ਹੈ?

(ੲ) ਆਧੁਨਿਕੀਕਰਣ ਦੀਆਂ ਮੁੱਖ ਵਿਸ਼ੇਸ਼ਤਾਈਆਂ ਤੇ ਰੌਸ਼ਨੀ ਪਾਓ।

## 9.8 ਪੁਸਤਕ ਸੂਚੀ


1. M. N. Srinivas : Social Change in Modern India.
2. B. Kuppus Wamy : Social Change in India
3. Harry M. Johnson: Sociology-A Systematic Introduction
4. Saviderjeet Kaur : Samaj Vigyan de mool sankalp
5. P. Gisbert : Fundamentals of Sociology.

ਪਾਠ ਨੰ : 2.6 ਲੇਖਕ ਡਾ. ਗੁਰਮੀਤ ਸਿੰਘ ਸਿੱਧੂ

# ਵਿਸ਼ਵੀਕਰਨ ਅਤੇ ਭਾਰਤੀ ਸਮਾਜ ਵਿੱਚ ਤਬਦੀਲੀ

ਪਾਠ ਦੀ ਰੂਪ-ਰੇਖਾ


10.0 ਉਦੇਸ਼

10.1 ਭੂਮਿਕਾ

10.2 ਵਿਸ਼ਵੀਕਰਨ ਕੀ ਹੈ ?

- 10.2.1 ਵਿਸ਼ਵੀਕਰਨ ਦਾ ਅਰਥ
- 10.2.2 ਵਿਸ਼ਵੀਕਰਨ ਦਾ ਸੰਕਲਪ
- 10.2.3 ਵਿਸ਼ਵੀਕਰਨ ਦੀਆਂ ਪਰਿਭਾਸ਼ਾਵਾਂ

10.3 ਵਿਸ਼ਵੀਕਰਨ ਦੇ ਲੱਛਣ

- 10.3.1 ਅੰਤਰ ਰਾਸ਼ਟਰੀ ਨਿਵੇਸ਼
- 10.3.2 ਅੰਤਰ ਰਾਸ਼ਟਰੀ ਵਪਾਰ
- 10.3.3 ਅੰਤਰਰਾਸ਼ਟਰੀ ਵਿੱਤ

10.4 ਵਿਸ਼ਵੀਕਰਨ ਦੇ ਕਾਰਨ

- 10.4.1 ਵਿਸ਼ਵ ਸ਼ਕਤੀ ਦਾ ਉਭਰਨਾ
- 10.4.2 ਉਦਾਰੀਕਰਨ
- 10.4.3 ਵੱਖ-ਵੱਖ ਮੁਲਕਾਂ ਦੇ ਤਜ਼ਰਬੇ
- 10.4.4 ਸੂਚਨਾ ਤਕਨੀਕ

10.5 ਵਿਸ਼ਵੀਕਰਨ ਦਾ ਪਿਛੋਕੜ

10.6 ਵਿਸ਼ਵੀਕਰਨ ਅਤੇ ਭਾਰਤ

10.7 ਵਿਸ਼ਵੀਕਰਨ ਅਤੇ ਭਾਰਤੀ ਸਮਾਜ ਵਿੱਚ ਤਬਦੀਲੀਆਂ

- 10.7.1 ਆਰਥਕਤਾ ਵਿਚ ਤਬਦੀਲੀ
- 10.7.2 ਸਮਾਜਿਕ ਅਤੇ ਸਭਿਆਚਾਰਕ ਜੀਵਨ ਵਿਚ ਤਬਦੀਲੀ
- 10.7.3 ਰਾਜਨੀਤਕ ਜੀਵਨ ਵਿਚ ਤਬਦੀਲੀ

10.10 ਸਾਰ

10.9 ਅਭਿਆਸ ਲਈ ਪ੍ਰਸ਼ਨ

10.10 ਸਹਾਇਕ ਸਮਗਰੀ


**10.0 ਉਦੇਸ਼** : ਇਸ ਪਾਠ ਵਿਚ ਵਿਸ਼ਵੀਕਰਨ ਨੂੰ ਸਮਾਜਕ ਤਬਦੀਲੀ ਦੀ ਪਰਕਿਰਿਆ ਵਜੋਂ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਇੱਕ ਅਜਿਹੀ ਪਰਕਿਰਿਆ ਹੈ ਜਿਸਦੇ ਪ੍ਰਭਾਵ ਅਧੀਨ ਸਮੁੱਚੀ ਦੁਨੀਆਂ ਦੇ ਲੋਕਾਂ ਦੇ ਜੀਵਨ ਵਿੱਚ ਤਬਦੀਲੀਆਂ ਆ ਰਹੀਆਂ ਹਨ।

ਇਸ ਪਰਕਿਰਿਆ ਨਾਲ ਭਾਰਤੀ ਸਮਾਜ ਵਿਚ ਆ ਰਹੀਆਂ ਤਬਦੀਲੀਆਂ ਨੂੰ ਸਮਝਣ ਲਈ ਇਸ ਪਰਕਿਰਿਆ ਦੇ ਪਿਛੋਕੜ ਅਤੇ ਇਸ ਦੇ ਭਾਰਤੀ ਸਮਾਜ ਉੱਤੇ ਪੈ ਰਹੇ ਪ੍ਰਭਾਵਾਂ ਨੂੰ ਸਮਝਣਾ ਇਸ ਪਾਠ ਦਾ ਮੁੱਖ ਉਦੇਸ਼ ਹੈ।

ਪਾਠ ਦੇ ਉਦੇਸ਼ ਨੂੰ ਮੁੱਖ ਰੱਖਦਿਆਂ ਪਹਿਲਾਂ ਵਿਸ਼ਵੀਕਰਨ ਦੇ ਸੰਕਲਪ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਸ ਤੋਂ ਉਪਰੰਤ ਵਿਸ਼ਵੀਕਰਨ ਦੇ ਭਾਰਤ ਦੀ ਆਰਥਕਤਾ, ਰਾਜਨੀਤੀ, ਸਮਾਜਕ ਬਣਤਰ, ਸਭਿਆਚਾਰ ਅਤੇ ਧਰਮ ਅਤੇ ਸਿੱਖਿਆ ਉੱਤੇ ਪੈ ਰਹੇ ਪ੍ਰਭਾਵਾਂ ਨੂੰ ਸਮਝਣ ਦਾ ਯਤਨ ਕੀਤਾ ਜਾਵੇਗਾ।

ਵਿਸ਼ਵੀਕਰਨ ਦੇ ਭਾਰਤੀ ਸਮਾਜ ਉੱਤੇ ਪੈ ਰਹੇ ਪ੍ਰਭਾਵਾਂ ਦੇ ਨਤੀਜੇ ਵਜੋਂ ਭਾਰਤੀ ਸਮਾਜ ਵਿਚ ਆ ਰਹੀਆਂ ਤਬਦੀਲੀਆਂ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ।

10.1 **ਭੂਮਿਕਾ** : ਵਿਸ਼ਵੀਕਰਨ ਸਮਾਜਕ ਤਬਦੀਲੀ ਇਕ ਤੇਜ ਪਰਕਿਰਿਆ ਹੈ। ਇਸ ਪਰਕਿਰਿਆ ਦਾ ਆਰੰਭ ਭਾਵੇਂ 15ਵੀ ਸਦੀ ਵਿਚ ਪੂੰਜੀਵਾਦ ਦੇ ਪੈਦਾ ਹੋਣ ਨਾਲ ਹੀ ਹੋ ਗਿਆ ਸੀ ਪ੍ਰੰਤੂ ਪਿਛਲੇ ਕੁਝ ਸਾਲਾਂ ਵਿੱਚ ਇਸ ਪਰਕਿਰਿਆ ਨੇ ਸਮੁੱਚੇ ਵਿਸ਼ਵ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਹੈ। ਦੁਨੀਆਂ ਦਾ ਕੋਈ ਵੀ ਮੁਲਕ ਹੁਣ ਇਸ ਪਰਕਿਰਿਆ ਤੋਂ ਨਿਰਲੇਪ ਨਹੀਂ ਹੈ। ਵੱਖ-ਵੱਖ ਸਮਾਜਾਂ ਉੱਤੇ ਇਸ ਪਰਕਿਰਿਆ ਦੇ ਪਏ ਪ੍ਰਭਾਵਾਂ ਅਤੇ ਇਨ੍ਹਾਂ ਦੇ ਨਤੀਜੇ ਵਜੋਂ ਆਈਆਂ ਤਬਦੀਲੀਆਂ ਨੂੰ ਸਮਝਣਾ ਸਮਾਜ ਵਿਗਿਆਨ ਲਈ ਇੱਕ ਦਿਲਚਸਪ ਵਿਸ਼ਾ ਬਣ ਚੁੱਕਾ ਹੈ।

ਵਿਸ਼ਵੀਕਰਨ ਦੀ ਪਰਕਿਰਿਆ ਨੇ ਜਿਵੇਂ ਹੋਰਨਾਂ ਸਮਾਜਾਂ ਦੀਆਂ ਹੱਦ-ਬੰਦੀਆਂ ਤੋੜੀਆਂ ਹਨ ਉਸੇ ਤਰ੍ਹਾਂ ਇਸ ਪਰਕਿਰਿਆ ਨੇ ਭਾਰਤੀ ਸਮਾਜ ਦੇ ਆਰਥਕ, ਸਮਾਜਕ, ਰਾਜਨੀਤਕ ਅਤੇ ਸਭਿਆਚਾਰਕ ਜੀਵਨ ਵਿਚ ਵੱਡੀਆਂ ਤਬਦੀਲੀਆਂ ਲਈ ਪਰਸਥਿਤੀਆਂ ਪੈਦਾ ਕਰ ਦਿੱਤੀਆਂ ਹਨ। ਵਿਸ਼ਵੀਕਰਨ ਦੀ ਪਰਕਿਰਿਆ ਨਾਲ ਭਾਰਤੀ ਸਮਾਜ ਵਿਚ ਆ ਰਹੀਆਂ ਤਬਦੀਲੀਆਂ ਦੇ ਤੱਤ ਅਤੇ ਵੱਖ-ਵੱਖ ਸਰੂਪਾਂ ਨੂੰ ਸਮਝਣ ਅਤੇ ਘੋਖਣ ਲਈ ਅਸੀਂ ਸਭ ਤੋਂ ਪਹਿਲਾਂ ਇਹ ਜਾਨਣ ਦੀ ਕੋਸ਼ਿਸ਼ ਕਰਾਂਗੇ ਕਿ ਵਿਸ਼ਵੀਕਰਨ ਦੀ ਪਰਕਿਰਿਆ ਕੀ ਹੈ ? ਇਸ ਪਰਕਿਰਿਆ ਦਾ ਖਾਸਾ ਕੀ ਹੈ ?

ਅਸੀਂ ਸਭ ਤੋਂ ਪਹਿਲਾਂ ਇਹ ਜਾਨਣ ਦੀ ਕੋਸ਼ਿਸ਼ ਕਰਾਂਗੇ ਕਿ ਵਿਸ਼ਵੀਕਰਨ ਦੀ ਪਰਕਿਰਿਆ ਵਿਚ ਭਾਰਤੀ ਸਮਾਜ ਦੀ ਮੌਜੂਦਾ ਸਥਿਤੀ ਕੀ ਹੈ ? ਕੀ ਭਾਰਤ ਵਿਸ਼ਵੀਕਰਨ ਦੀ ਪਰਕਿਰਿਆ ਵਿਚ ਸ਼ਾਮਲ ਹੋ ਕੇ ਆਪਣੀ ਹੋਂਦ ਬਚਾਅ ਸਕੇਗਾ ? ਇਸ ਪਰਕਿਰਿਆ ਦਾ ਭਾਰਤ ਦੇ ਸਭਿਆਚਾਰ, ਜਾਤ-ਪ੍ਰਣਾਲੀ, ਆਰਿਥਕਤਾ, ਰਾਜਨੀਤੀ ਅਤੇ ਸਮਾਜਕ ਜੀਵਨ ਉਤੇ ਕੀ ਪ੍ਰਭਾਵ ਪਵੇਗਾ ? ਉਪਰੋਕਤ ਮਹੱਤਵਪੂਰਨ ਸਵਾਲਾਂ ਨੂੰ ਧਿਆਨ ਵਿਚ ਰੱਖ ਕੇ ਇਹ ਪਾਠ ਲਿਖਿਆ ਗਿਆ ਹੈ।

## 10.2 ਵਿਸ਼ਵੀਕਰਨ ਕੀ ਹੈ ?

ਵਿਸ਼ਵੀਕਰਨ ਦੀ ਪਰਕਿਰਿਆ ਦੇ ਭਾਰਤੀ ਸਮਾਜ ਉੱਤੇ ਪੈ ਰਹੇ ਪ੍ਰਭਾਵਾਂ ਅਤੇ ਉਨ੍ਹਾਂ ਦੇ ਨਤੀਜੇ ਵਜੋਂ ਭਾਰਤੀ ਸਮਾਜ ਵਿਚ ਆ ਰਹੀਆਂ ਤਬਦੀਲੀਆਂ ਨੂੰ ਸਮਝਣ ਲਈ ਸਾਡੇ ਲਈ ਸਭ ਤੋਂ ਪਹਿਲਾਂ ਇਹ ਜਾਨਣਾ ਜ਼ਰੂਰੀ ਹੈ ਕਿ ਵਿਸ਼ਵੀਕਰਨ ਤੋਂ ਸਾਡਾ ਕੀ ਭਾਵ ਹੈ ?

### 10.2.1 ਵਿਸ਼ਵੀਕਰਨ ਦਾ ਅਰਥ :

ਅੰਗਰੇਜ਼ੀ ਭਾਸ਼ਾ ਦੇ ਸੰਕਲਪ 'ਗਲੋਬਲਾਈਜੇਸ਼ਨ' ਦੇ ਸਮਾਨ ਅਰਥਾਂ ਵਿਚ ਪੰਜਾਬੀ ਅਨੁਵਾਦ ਵਜੋਂ ਵਿਸ਼ਵੀਕਰਨ ਸ਼ਬਦ ਵਧੇਰੇ ਪ੍ਰਵਾਨ ਹੋਇਆ ਹੈ। ਪੰਜਾਬੀ ਭਾਸ਼ਾ ਵਿਚ ਇਸ ਸ਼ਬਦ (globalization) ਦਾ ਢੁਕਵਾਂ ਸ਼ਬਦ ਪ੍ਰਚਲਤ ਨਾ ਹੋਣ ਕਰਕੇ ਫਿਲਹਾਲ ਇਸੇ ਸ਼ਬਦ ਨਾਲ ਕੰਮ ਚਲਾਇਆ ਜਾਂਦਾ ਹੈ। ਉਂਝ ਭਾਵੇ ਵਿਸ਼ਵੀਕਰਨ ਸ਼ਬਦ ਯੂਨੀਵਰਸਲਾਈਜੇਸਨ ਦੇ ਬਦਲ ਵਜੋਂ ਵੀ ਪੰਜਾਬੀ ਵਿੱਚ ਵਰਤਿਆ ਜਾਂਦਾ ਹੈ। ਸ਼ਾਇਦ ਇਸ ਕਰਕੇ ਪੰਜਾਬੀ ਵਿਚ ਕੁਝ ਵਿਦਵਾਨਾਂ ਨੇ ਗਲੋਬਲਾਈਜੇਸ਼ਨ ਲਈ ਸ਼ਬਦ 'ਭੂ-ਮੰਡੀਲਕਰਨ' ਵਰਤਣ ਦੀ ਵੀ ਕੋਸ਼ਿਸ਼ ਕੀਤੀ ਹੈ ਪਰੰਤੂ ਇਹ ਸ਼ਬਦ ਪ੍ਰਵਾਨ ਨਹੀਂ ਚੜ੍ਹਿਆ। ਇਸ ਪਾਠ ਵਿਚ ਅਸੀਂ ਵਿਸ਼ਵੀਕਰਨ ਸ਼ਬਦ ਨੂੰ ਗਲੋਬਲਾਈਜ਼ੇਸ਼ਨ ਦੇ ਪੰਜਾਬੀ ਰੂਪ ਵਿਚ ਵਰਤਿਆ ਹੈ।

### 10.2.2 ਵਿਸ਼ਵੀਕਰਨ ਦਾ ਸਕੰਲਪ :

ਵਿਸ਼ਵੀਕਰਨ ਧਾਰਨਾ ਨੂੰ ਸਮਾਜਕ ਵਿਗਿਆਨਾਂ ਵਿਚ ਵੱਖ-ਵੱਖ ਅਰਥਾਂ/ਪ੍ਰਸੰਗਾਂ ਵਿਚ ਵਰਤਿਆ ਜਾਂਦਾ ਹੈ। ਅਰਥ ਸ਼ਾਸ਼ਤਰੀਆਂ ਮੁਤਾਬਕ ਵਿਸ਼ਵੀਕਰਨ ਤੋਂ ਭਾਵ ਆਰਥਿਕ ਗਤੀਵਿਧੀਆਂ (activites) ਦਾ ਕੌਮੀ ਹੱਦਾਂ ਨੂੰ ਉਲੰਘਕੇ ਉਨ੍ਹਾਂ ਦਾ ਪੂਰੇ ਵਿਸ਼ਵ ਵਿਚ ਫੈਲਣਾ ਹੈ। ਵਿਸ਼ਵੀਕਰਨ ਦੀ ਪਰਕਿਰਿਆ ਦੇ ਨਤੀਜੇ ਵਜੋਂ ਅੰਤਰ-ਰਾਸ਼ਟਰੀ ਮੰਡੀ, ਸੇਵਾਵਾਂ, ਤਕਨੀਕ, ਵਿਤ ਅਤੇ ਕਿਰਤ ਦਾ ਇੱਕ ਜੁੱਟ ਹੋਣਾ ਹੈ। ਕੌਮਾਂ ਦਾ ਆਰਥਿਕਤਾ ਨੂੰ ਖੁੱਲੀ ਮੰਡੀ ਵਿਚ ਤਬਦੀਲ ਕਰਨ ਲਈ ਪੂੰਜੀ ਦੇ ਅਦਾਨ-ਪ੍ਰਦਾਨ ਲਈ ਹੱਦ-ਬੰਦੀਆਂ ਨੂੰ ਤੋੜ ਕੇ ਵਿਸ਼ਵ ਪੱਧਰੇ ਨਵੇਂਕਾਇਦੇ ਕਾਨੂੰਨ ਅਤੇ ਸਮਝੌਤੇ ਕਰਨ ਦੀ ਪਰਕਿਰਿਆ ਨੂੰ ਵਿਸ਼ਵੀਕਰਨ ਵਜੋਂ ਜਾਣਿਆ ਜਾਂਦਾ ਹੈ।

### 10.2.3 ਵਿਸ਼ਵੀਕਰਨ ਦੀਆਂ ਪਰਿਭਾਸ਼ਾਵਾਂ :

ਡਾ. ਸੁੱਚਾ ਸਿੰਘ ਗਿੱਲ ਦੇ ਅਨੁਸਾਰ 'ਵਿਸ਼ਵੀਕਰਨ ਦਾ ਅਰਥ ਹੈ ਕਿ ਆਰਥਕ ਕਿਰਿਆਵਾਂ ਨੂੰ ਦੇਸ਼ਾਂ ਦੀਆਂ ਸੀਮਾਵਾਂ ਤੋਂ ਅੱਗੇ ਸੰਸਾਰ ਪੱਧਰ ਤੇ ਲਿਜਾਇਆ ਜਾਵੇ। ਇਸ ਪਰਕਿਰਿਆ ਵਿਚ ਵਿਸ਼ਵ ਦੀਆਂ ਆਰਥਕਤਾਵਾਂ ਦਾ ਆਪਸ ਵਿਚ ਜੁੜਨਾ ਅਤੇ ਆਪਸੀ ਨਿਰਭਰਤਾ ਦਾ ਵਧਣਾ ਆਉਂਦਾ ਹੈ। ਇਸ ਵਿਚ ਦੇਸ਼ਾਂ ਵਿਚ ਵੱਧ ਰਿਹਾ ਵਸਤਾ ਅਤੇ ਸੇਵਾਵਾਂ ਦਾ ਵਪਾਰ, ਸਰਮਾਇਆ, ਤਕਨਾਲੋਜੀ, ਸੂਚਨਾ ਅਤੇ ਲੋਕਾਂ ਦਾ ਦੇਸ਼ਾਂ ਵਿਚ ਅਦਾਨ-ਪ੍ਰਦਾਨ ਦਾ ਵਧਣਾ ਆਉਂਦਾ ਹੈ। (1999. ਪੰਨਾ 9)

ਸਮਾਜਵਿਗਿਆਨ ਵਿਸ਼ਵੀਕਰਨ ਦੀ ਪਰਕਿਰਿਆ ਨੂੰ ਵਿਸ਼ਵ-ਵਿਆਪੀ ਅੰਤਰਕਿਰਿਆ ਦੇ ਵਜੋਂ ਵੇਖਦੇ ਹਨ। ਇਸ ਪਰਕਿਰਿਆ ਨਾਲ ਬੰਦ ਸਮਾਜ 'ਖੁਲੇ-ਸਮਾਜ ਵਿਚ ਤਬਦੀਲ ਹੁੰਦੇ ਹਨ। ਵੱਖ-ਵੱਖ ਸਮਾਜਾਂ ਦਾ ਮੇਲ-ਜੋੜ ਅਤੇ ਅਦਾਨ-ਪ੍ਰਦਾਨ ਨੂੰ ਵਿਸ਼ਵੀਕਰਨ ਦੇ ਸੂਚਕਾਂ ਵਜੋਂ

ਲਿਆ ਜਾਂਦਾ ਹੈ।

ਰੋਬਰਸਟਨ ਅਨੁਸਾਰ ''ਵਿਸ਼ਵੀਕਰਨ ਨੂੰ ਸਮੁੱਚੇ ਵਿਸ਼ਵ ਦੇ ਇਕ ਥਾਂ ਤੇ ਆ ਜਾਣ ਦੇ ਰੂਪ ਵਿਚ ਪਰਿਭਾਸ਼ਤ ਕੀਤਾ ਜਾ ਸਕਦਾ ਹੈ (Roberston : 1987, 38)

ਉੱਤਰ ਆਧੁਨਿਕਤਾਵਾਦ ਦੇ ਵਿਸ਼ਵਕੋਸ਼ (Encylopedia of Postmodernism) ਅਨੁਸਾਰ ''ਵਿਸ਼ਵੀਕਰਨ ਤੋਂ ਭਾਵ ਵਸਤਾਂ, ਪੂੰਜੀ, ਮਨੁੱਖੀ ਕਿਰਤ ਅਤੇ ਚਿੰਨ (images) ਦਾ ਵਿਸ਼ਵ-ਵਿਆਪੀ ਅਦਾਨ-ਪ੍ਰਦਾਨ ਹੈ।

ਉਪਰੋਕਤ ਦਿੱਤੀਆਂ ਪਰਿਭਾਸ਼ਾਵਾਂ ਦੇ ਅਧਾਰ ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਵਿਸ਼ਵੀਕਰਨ ਇਕ ਅਜਿਹੀ ਪਰਕਿਰਿਆ ਹੈ ਜਿਸ ਰਾਹੀ ਵਿਸ਼ਵ ਪੱਧਰ ਤੇ ਵੱਖ-ਵੱਖ ਕੌਮਾਂ, ਸਮਾਜ, ਸਭਿਆਚਾਰ, ਸਰਮਾਇਆ, ਤਕਨੀਕ, ਸੂਚਨਾ, ਗਿਆਨ, ਸੇਵਾਵਾਂ ਅਤੇ ਕਿਰਤ ਦਾ ਅਦਾਨ-ਪ੍ਰਦਾਨ ਹੁੰਦਾ ਹੈ। ਇਸ ਦਾ ਨਤੀਜੇ ਵਜੋਂ ਅੰਤਰ-ਰਾਸ਼ਟਰੀ ਸੰਸਥਾਵਾਂ ਜਿਵੇਂ WTO (ਵਿਸ਼ਵ-ਵਪਾਰ ਸੰਸਥਾ), ਵਿਸ਼ਵ ਮੰਡੀ, ਵਿਸ਼ਵ-ਪੱਧਰ ਵਿਤੀ ਅਦਾਨ-ਪ੍ਰਦਾਨ, ਵਿਸ਼ਵ ਪੱਧਰਾ ਸੁਚਨਾ-ਗਿਆਨ ਅਤੇ ਵਿਸ਼ਵ-ਸਭਿਆਚਾਰ ਆਦਿ ਵਿਸ਼ਵ ਪੱਧਰ ਸੰਕਲਪ ਅਤੇ ਸੰਸਥਾਵਾਂ ਹੋਂਦ ਵਿਚ ਆਉਣ ਲੱਗੀਆਂ ਹਨ।

ਵਿਸ਼ਵੀਕਰਨ ਦੀ ਪਰਕਿਰਿਆ ਨੂੰ ਹੋਰ ਵਿਧੇਰੇ ਸਪਸ਼ਟ ਰੂਪ ਵਿਚ ਸਮਝਣ ਲਈ ਇਸਦੀ ਲੋੜ, ਪਿਛੋਕੜ ਅਤੇ ਵਿਚਾਰਧਾਰਾ ਨੂੰ ਵੀ ਸਮਝਣਾ ਚਾਹੀਦਾ ਹੈ।

## 10.3 ਵਿਸ਼ਵੀਕਰਨ ਦੇ ਲੱਛਣ :

ਵਿਸ਼ਵੀਕਰਨ ਦੀ ਪਰਕਿਰਿਆ ਵਿਚ ਇਕ ਦਮ ਤੇਜੀ 20ਵੀਂ ਸਦੀ ਦੇ ਆਖਰੀ ਦੌਰ ਵਿਚ ਆਈ ਹੈ। ਇਸ ਪਰਕਿਰਿਆ ਦੇ ਤੇਜ ਹੋਣ ਨਾਲ ਅੰਤਰ ਰਾਸ਼ਟਰੀ ਪੱਧਰ ਤੇ ਵਪਾਰ, ਨਿਵੇਸ਼ ਅਤੇ ਵਿਤ ਵਿਚ ਇਸਦੇ ਲੱਛਣ ਉਭਰ ਕੇ ਸਾਹਮਣੇ ਆਏ ਹਨ।

### 10.3.1 ਅੰਤਰ ਰਾਸ਼ਟਰੀ ਨਿਵੇਸ਼ (International investment) :

ਅੰਤਰ ਰਾਸ਼ਟਰੀ ਵਪਾਰ ਵਿਚ ਵਾਧੇ ਦੇ ਨਾਲ-ਨਾਲ ਅੰਤਰ ਰਾਸ਼ਟਰੀ ਨਿਵੇਸ਼ ਵਿਚ ਵੀ ਵਾਧਾ ਹੋਇਆ 1980 ਅਤੇ 1999 ਵਿਚ ਸਿਧੇ ਵਿਦੇਸ਼ੀ ਨਿਵੇਸ਼ (foreign direct investment) ਵਿਚ 2 ਤੋਂ 7 ਪ੍ਰਤੀਸ਼ਤ ਵਾਧਾ ਸੰਸਾਰ ਦੇ ਕੁੱਲ ਪੂਜੀਂ ਨਿਰਮਾਣ ਵਿਚ ਹੋਇਆ। ਸਿਧੇ ਵਿਦੇਸ਼ੀ ਨਿਵੇਸ਼ ਦਾ ਸਟਾਕ 1960 ਵਿਚ ਵਿਸ਼ਵ ਆਮਦਨ ਦਾ 4.4 ਪ੍ਰਤੀਸ਼ਤ ਸੀ ਜੋ 1999 ਵਿਚ ਵੱਧ ਕੇ 12.6 ਪ੍ਰਤੀਸ਼ਤ ਹੋ ਗਿਆ।

**10.3.2 ਅੰਤਰ ਰਾਸ਼ਟਰੀ ਵਪਾਰ** : ਵਿਸ਼ਵੀਕਰਨ ਨਾਲ ਵਿਸ਼ਵ ਵਪਾਰ ਵਿਚ ਕਾਫ਼ੀ ਵਾਧਾ ਹੋਇਆ ਹੈ। 1950 ਵਿਚ ਵਿਸ਼ਵ ਵਪਾਰ ਦੀ ਆਮਦਨ 12% ਸੀ ਜਦੋਂ 1992 ਵਿਚ ਇਹ ਵਧਕੇ 16% ਹੋ ਗਈ। ਪਿਛੋਂ ਇਹ ਵਾਧਾ 18% ਤੱਕ ਪਹੁੰਚ ਗਿਆ ਅਤੇ ਲਗਾਤਾਰ ਇਸ ਵਿਚ ਵਾਧਾ ਹੋ ਰਿਹਾ ਹੈ।

**10.3.3 ਅੰਤਰ-ਰਾਸ਼ਟਰੀ ਵਿੱਤ (International finance) :** ਅੰਤ਼ਰ-ਰਾਸ਼ਟਰੀ ਵਪਾਰ ਅਤੇ ਨਿਵੇਸ਼ ਦੇ ਮੁਕਾਬਲੇ ਅੰਤਰ-ਰਾਸ਼ਟਰੀ ਵਿੱਤ ਵਿਚ ਬਹੁਤ ਜ਼ਿਆਦਾ ਵਾਧਾ ਹੋਇਆ ਹੈ। ਅੰਤਰ-ਰਾਸ਼ਟਰੀ ਵਿੱਤੀ ਮੰਡੀ ਵਿਚ ਜਿਥੇ 1983 ਵਿਚ ਹਰ ਰੋਜ਼ 60 ਬਿਲੀਅਨ ਡਾਲਰ ਦੀ ਸੌਦੇਬਾਜੀ (transaction) ਹੁੰਦੀ ਸੀ ਇਹ 1999 ਵਿਚ 1300 ਬੀਲੀਅਨ ਡਾਲਰ ਤੱਕ ਪਹੁੰਚ ਗਈ। ਅੰਤਰ-ਰਾਸ਼ਟਰੀ ਵਿਤ ਵਿਦੇਸ਼ੀ ਸਿੱਕੇ, ਬੈਂਕਾਂ ਵੱਲੋਂ ਦਿੱਤੀਆਂ ਉਧਾਰ ਰਕਮਾਂ, ਸਰਕਾਰੀ ਬਾਂਡਾਂ ਦੀ ਖਰੀਦ ਆਦਿ ਖੇਤਰਾਂ ਵਿਚ ਪੂਰੇ ਵਿਸ਼ਵ ਵਿਚ ਫੈਲਿਆ ਹੋਇਆ ਹੈ।

**10.4 ਵਿਸ਼ਵੀਕਰਨ ਦੇ ਕਾਰਣ** : ਵਿਸ਼ਵੀਕਰਨ ਦੀ ਪਰਕਿਰਿਆ ਨਾਲ ਦੁਨੀਆਂ ਭਰ ਦੇ ਵੱਖ-ਵੱਖ ਮੁਲਕਾਂ ਦੀਆਂ ਨੀਤੀਆਂ ਵਿਚ ਤਬਦੀਲੀਆਂ ਆ ਰਹੀਆਂ ਹਨ। ਇਹਨਾਂ ਤਬਦੀਲੀਆਂ ਲਈ ਵਿਕਸਿਤ ਅਤੇ ਪਛੜੇ ਮੁਲਕਾਂ ਦੇ ਹਿਤ ਛੁਪੇ ਹੋਏ ਹਨ। ਵਿਸ਼ਵੀਕਰਨ ਨਾਲ ਜਿਥੇ ਵਿਕਸਿਤ ਮੁਲਕ ਆਪਣੀ ਮੰਡੀ ਦਾ ਵਿਸਥਾਰ ਕਰਨਾ ਚਾਹੁੰਦੇ ਹਨ ਉਥੇ ਘੱਟ ਵਿਕਸਿਤ ਅਤੇ ਪਛੜੇ ਮੁਲਕ ਵਿਸ਼ਵ ਵਿੱਤ ਦੇ ਸਹਾਰੇ ਆਪਣੀ ਆਰਥਕਤਾ ਨੂੰ ਠੁੰਮਣਾ ਦੇਣ ਦੀ ਨੀਤੀ ਤੇ ਚਲ ਰਹੇ ਹਨ। ਇਸਦੇ ਨਤੀਜੇ ਵਜੋਂ ਵਿਸ਼ਵ ਪੱਧਰੀਆਂ ਸੰਸਥਾਵਾਂ ਅਤੇ ਸੰਗਠਨ ਹੋਂਦ ਵਿਚ ਆ ਰਹੇ ਹਨ ਜੋ ਵਿਸ਼ਵ ਪੱਧਰੇ ਸਮਝੌਤਿਆਂ ਅਤੇ ਨੀਤੀਆਂ ਲਈ ਇਕ ਦੂਸਰੇ ਲਈ ਪਾਬੰਦ ਹੋ ਰਹੇ ਹਨ। ਵਿਸ਼ਵੀਕਰਨ ਦੀ ਪਰਕਿਰਿਆ ਦੇ ਮੁੱਖ ਕਾਰਜ ਹੇਠ ਲਿਖੇ ਹਨ :-

**10.4.1 ਵਿਸ਼ਵ ਸ਼ਕਤੀ ਦਾ ਉਭਰਨਾ** : ਵਿਸ਼ਵੀਕਰਨ ਦੀ ਪਰਕਿਰਿਆ ਆਪਣੇ ਉਦੇਸ਼ ਦੀ ਪੂਰਤੀ ਲਈ ਵਿਸ਼ਵ ਪੱਧਰ ਸ਼ਕਤੀ ਦੀ ਮੰਗ ਕਰਦੀ ਸੀ। ਇਕ ਅਜਿਹੀ ਸ਼ਕਤੀ ਜਿਸਦੀ ਕਰੰਸੀ ਸਭ ਲਈ ਪ੍ਰਵਾਨਯੋਗ ਹੋਵੇ। ਵਿਸ਼ਵ ਪੱਧਰੀ ਰਾਜਨੀਤੀ ਵਿਚ ਅਮਰੀਕਾ ਇਕ ਵਿਸ਼ਵ ਪੱਧਰੀ ਸ਼ਕਤੀ ਦੇ ਤੌਰ ਤੇ ਉਭਰ ਚੁੱਕਾ ਹੈ। ਸੋਵੀਅਤ ਯੂਨੀਅਨ ਦੇ ਖ਼ਾਤਮੇ ਤੋਂ ਪਿਛੋਂ ਅਮਰੀਕਾ ਦੁਨੀਆਂ ਦੀ ਇਕੋ-ਇਕ ਤਾਕਤ ਬਣਿਆ ਹੈ ਜਿਸਨੇ ਵਿਸ਼ਵੀਕਰਨ ਦੀ ਪਰਕਿਰਿਆ ਵਿਚ ਅਹਿਮ ਭੂਮਕਾ ਨਿਭਾਈ ਹੈ। ਅਮਰੀਕਾ ਨੇ ਪੂਰੇ ਸੰਸਾਰ ਦੀ ਰਾਜਨੀਤੀ ਅਤੇ ਮੰਡੀ ਉੱਤੇ ਆਪਣਾ ਕਬਜਾ ਜਮਾਉਣ ਲਈ ਅਤੇ ਦੁਨੀਆਂ ਦੀ ਆਰਥਕਤਾ ਨੂੰ ਆਪਣੇ ਹਿਤਾਂ ਮੁਤਾਬਕ ਤਬਦੀਲ ਕਰਨ ਲਈ ਵਿਸ਼ਵੀਕਰਨ ਦੀ

ਨੀਤੀ ਅਪਨਾਈ ਹੈ। ਇਸ ਪ੍ਰਕਾਰ ਵਿਸ਼ਵੀਕਰਨ ਨਵ ਪੂੰਜੀਵਾਦ ਦਾ ਇਕ ਵਿਕਸਤ ਰੂਪ ਹੈ ਜਿਸਦਾ ਮਕਸਦ ਦੁਨੀਆਂ ਨੂੰ ਵਿਸ਼ਵ ਸ਼ਕਤੀ ਨਾਲ ਜੋੜਨਾ ਹੈ।

**10.4.2 ਉਦਾਰੀਕਰਨ** : ਵਿਸ਼ਵੀਕਰਨ ਦੀ ਪਰਕਿਰਿਆ ਇਹ ਮੰਗ ਕਰਦੀ ਹੈ ਕਿ ਵਪਾਰਕ ਸੌਦਿਆਂ ਲਈ ਆਰਥਕ ਪਾਬੰਦੀਆਂ ਖ਼ਤਮ ਹੋਣ। ਅੰਤਰ ਰਾਸ਼ਟਰੀ ਵਪਾਰ, ਨਿਵੇਸ਼ ਅਤੇ ਵਿੱਤ ਲਈ ਆਰਥਕ ਨੀਤੀਆਂ ਵਿਚ ਨਰਮੀ ਤੇ ਖੁੱਲ ਲੈਣ ਲਈ ਪਛੜੇ ਅਤੇ ਗਰੀਬ ਮੁਲਕਾਂ ਨੂੰ ਉਦਾਰੀਕਰਨ ਨੀਤੀ ਅਪਨਾਉਣੀ ਪੈ ਰਹੀ ਹੈ। ਜਨਤਕ ਅਦਾਰਿਆਂ ਦਾ ਭੋਗ ਪਾ ਕੇ ਬਹੁ-ਕੌਮੀ ਕਾਰਪੋਰੇਸ਼ਨਾਂ ਅਤੇ ਨਿੱਜੀ ਕੰਪਨੀਆਂ ਲਈ ਖੁੱਲਾਂ ਦਿੱਤੀਆਂ ਜਾ ਰਹੀਆਂ ਹਨ। ਵਿਤੀ ਸਿੱਧਾ ਨਿਵੇਸ਼ ਦਾ ਉਦੇਸ਼ ਖੁੱਲ ਅਤੇ ਸਰਕਾਰੀ ਨੀਤੀਆਂ ਵਿਚ ਢਿਲ ਹੈ ?

**10.4.3 ਵੱਖ-ਵੱਖ ਮੁਲਕਾਂ ਦੇ ਤਜ਼ਰਬੇ** : ਵਿਸ਼ਵੀਕਰਨ ਦੀ ਪਰਕਿਰਿਆ ਨਾਲ ਵਿਕਾਸ਼ਸੀਲ ਦੇਸ਼ਾਂ ਦੀ ਆਰਥਕਤਾ ਵਿਚ ਆਈਆਂ ਚਮਤਕਾਰੀ ਤਬਦੀਲੀਆਂ ਨੇ ਇਸ ਪਰਕਿਰਿਆ ਨੂੰ ਹੋਰ ਬਲ ਬਖਸ਼ਿਆ ਹੈ। ਉਦਾਹਰਣ ਵਜੋਂ ਕੋਰੀਆ, ਥਾਈਲੈਂਡ, ਹਾਂਗਕਾਂਗ, ਸਿੰਘਾਪੁਰ ਆਦਿ ਮੁਲਕਾਂ ਦੀਆਂ ਅਰਥ-ਵਿਵਸਥਾਵਾਂ ਨੇ ਵਿਸ਼ਵੀਕਰਨ ਦੇ ਅਮਲ ਨਾਲ ਵਿਕਾਸ ਦੀਆਂ ਪੁਲਾਂਘਾਂ ਪੁੱਟੀਆਂ ਹਨ। ਚੀਨ ਨੇ ਵੀ ਇਸ ਪਰਕਿਰਿਆ ਵਿਚ ਸ਼ਾਮਲ ਹੋ ਕੇ ਆਰਥਕ ਵਿਕਾਸ ਦੀ ਦਰ ਨੂੰ ਉੱਚਾ ਚੁੱਕਿਆ ਹੈ। ਵਿਸ਼ਵੀਕਰਨ ਦੇ ਸਫ਼ਲਤਾਪੂਰਵਕ ਤਜ਼ਰਬੇ ਇਸ ਪ੍ਰਕਿਰਿਆ ਲਈ ਦੂਸਰੇ ਮੁਲਕਾਂ ਨੂੰ ਸ਼ਾਮਲ ਹੋਣ ਲਈ ਆਸ ਦੀ ਕਿਰਨ ਸਾਬਤ ਹੋ ਰਹੇ ਹਨ।

**10.4.4 ਸੂਚਨਾ ਤਕਨੀਕ** : ਵਿਸ਼ਵੀਕਰਨ ਦੀ ਪਰਕਿਰਿਆ ਵਿਚ ਆਵਾਜਾਈ ਤੇ ਸੰਚਾਰ ਦੀਆਂ ਖ਼ਾਸ ਕਰਕੇ ਸੂਚਨਾ ਤਕਨੀਕ ਦਾ ਅਹਿਮ ਯੋਗਦਾਨ ਹੈ। ਇਸ ਤਕਨੀਕ ਨਾਲ ਸੰਸਾਰ ਬਹੁਤ ਛੋਟਾ ਹੋ ਗਿਆ ਹੈ। ਜੈਟ ਜਹਾਜ, ਕੰਪਿਊਟਰ ਸੈਟਾਲਾਇਟ ਨੇ ਹੱਦ-ਬੰਦੀਆਂ ਤੋੜ ਦਿੱਤੀਆਂ ਹਨ। ਵਿਸ਼ਵ ਸਰਮਾਏ, ਵਿਸ਼ਵ ਸੰਸਥਾਵਾਂ ਲਈ ਅਦਾਨ-ਪ੍ਰਦਾਨ ਲਈ ਨਵੀਂ ਵਿਕਸਤ ਤਕਨੀਕ ਦਾ ਅਹਿਮ ਯੋਗਦਾਨ ਹੈ।

**10.5 ਵਿਸ਼ਵੀਕਰਨ ਦਾ ਪਿਛੋਕੜ** : ਵਿਸ਼ਵੀਕਰਨ, ਪੂੰਜੀਵਾਦੀ ਆਰਥਕਤਾ ਦਾ ਇਕ ਵਿਕਸਿਤ ਰੂਪ ਹੈ। ਇਸ ਪਰਕਿਰਿਆ ਦਾ ਜਨਮ ਸਰਮਾਏਦਾਰੀ ਪ੍ਰਬੰਧ ਦੇ ਹੋਂਦ ਵਿਚ ਆਉਣ ਨਾਲ ਹੋ ਗਿਆ ਸੀ। ਇਹ ਪਰਕਿਰਿਆ ਬਸਤੀਵਾਦ ਦੇ ਦੌਰ ਵਿਚ ਜਵਾਨ ਹੋਈ ਅਤੇ ਸਾਮਰਾਜ ਦੇ ਨਵੇਂ ਰੂਪ ਵਿਚ ਅੱਜ ਸਾਰੇ ਸੰਸਾਰ ਨੂੰ ਆਪਣੇ ਕਲਾਵੇ ਵਿਚ ਲੈ ਚੁੱਕੀ ਹੈ। ਸਾਮਰਾਜੀ ਪੈਦਾਵਾਰ ਦਾ ਇਹ ਸੁਭਾਅ/ਲੱਛਣ ਹੈ ਕਿ ਇਸ ਢਾਂਚੇ ਵਿਚ ਪੈਦਾਵਾਰ ਸਮਾਜਕ ਹੁੰਦੀ ਹੈ ਜਦੋਂ ਕਿ ਇਸ ਉੱਤੇ ਕੰਟਰੋਲ ਕੁਝ ਕੁ ਲੋਕਾਂ ਦਾ ਹੁੰਦਾ ਹੈ। ਸੰਖੇਪ ਵਿਚ ਕਹਿਣਾ ਹੋਵੇ ਕਿ ਜਨਤਕ ਪੈਦਾਵਾਰ ਉੱਤੇ ਨਿੱਜੀ ਕਬਜੇ ਦਾ ਪ੍ਰਬੰਧ ਹੈ ਪੂੰਜੀਵਾਦ। ਇਸ ਪ੍ਰਕਾਰ ਵਿਸ਼ਵੀਕਰਨ ਦੀਆਂ ਜੜ੍ਹਾਂ ਪੂੰਜੀਵਾਦ ਵਿਚ ਹਨ। ਪੂੰਜੀਵਾਦ ਦਾ ਵਿਕਾਸ ਬਰਤਾਨੀਆਂ ਤੋਂ ਚੱਲ ਕੇ ਪੱਛਮੀ ਯੂਰਪ ਤੇ ਹੁਣ ਵਿਸ਼ਵੀਕਰਨ ਦੇ ਰੂਪ ਵਿਚ ਸਿਖਰ ਤੇ ਪਹੁੰਚ ਚੁੱਕਾ ਹੈ। ਪੂੰਜੀਵਾਦ ਆਪਣੇ ਮੁਢਲੇ ਦੌਰ ਵਿਚ ਮੁਨਾਫ਼ੇ ਦੀ ਹੋੜ ਲਈ ਆਪਣੀ ਬਸਤੀਵਾਦੀ ਨੀਤੀ ਦੇ ਤਹਿਤ ਦੂਸਰੇ ਮੁਲਕਾਂ ਦੀ ਆਰਥਕ ਲੁੱਟ-ਖਸੁੱਟ ਕਰਨ ਲਈ ਹੱਦਾਂ ਪਾਰ ਕਰ ਗਿਆ ਸੀ। ਇਹ ਪਰਕਿਰਿਆ ਲੱਗਭੱਗ 1870 ਤੋਂ ਇਕ ਦਮ ਤੇਜ਼ ਹੋਈ ਪਹਿਲੇ ਵਿਸ਼ਵ ਯੁੱਧ (1914) ਦੇ ਸ਼ੁਰੂ ਹੋਣ ਤੱਕ ਬਸਤੀਵਾਦੀ ਢਾਂਚਾ ਵਿਸ਼ਵ ਦੇ ਮੁਲਕਾਂ ਨੂੰ ਆਪਣੇ ਅਧੀਨ ਕਰ ਰਿਹਾ ਸੀ। ਪਹਿਲੇ ਯੁੱਧ ਤੋਂ ਪਿਛੋਂ ਇਸ ਪਰਕਿਰਿਆ ਦੇ ਸਾਹਮਣੇ ਕੁਝ ਰੁਕਾਵਟਾਂ ਆਈਆਂ। ਦੁਨੀਆਂ ਪੱਧਰ ਤੇ ਪ੍ਰਚੰਡ ਹੋਏ ਕੌਮੀ ਮੁਕਤੀ ਸੰਘਰਸ਼ਾ ਨੇ ਬਸਤੀਵਾਦ ਨੂੰ ਆਪਣੀ ਨੀਤੀ ਬਦਲਣ ਲਈ ਮਜ਼ਬੂਰ ਕਰ ਦਿੱਤਾ।

ਦੂਸਰੇ ਵਿਸ਼ਵ ਯੁੱਧ ਤੋਂ ਪਿਛੋਂ ਸਰਮਾਏਦਾਰੀ ਢਾਂਚਾ (capitalism) ਜੋ ਸਾਮਰਾਜ (imperilism) ਵਿਚ ਤਬਦੀਲ ਹੋ ਚੁੱਕਾ ਸੀ ਨੇ ਆਪਣੀ ਬਸਤੀਵਾਦੀ ਨੀਤੀ ਦਾ ਤਿਆਗ ਕਰਕੇ ਨਵੀਂ-ਬਸਤੀਵਾਦੀ ਨੀਤੀ ਅਪਣਾ ਲਈ। ਇਸ ਨੀਤੀ ਦੇ ਤਹਿਤ ਸਾਮਰਾਜ ਨੇ ਦੁਨੀਆਂ ਦੇ ਮੁਲਕਾਂ ਉੱਤੇ ਆਪਣਾ ਸਿੱਧਾ ਕਬਜਾ ਜਮਾਉਣ ਨਾਲੋਂ ਅਸਿੱਧਾ ਕਬਜ਼ਾ ਜਮਾਉਣ ਦੀ ਨੀਤੀ ਲਾਗੂ ਕੀਤੀ। ਇਸ ਨੀਤੀ ਨਾਲ ਇਹ ਫ਼ਰਕ ਪਿਆ ਕਿ ਫੌਜੀ ਤਾਕਤ ਦੇ ਜ਼ੋਰ ਦੀ ਬਜਾਇ ਸਰਮਾਏ ਨਾਲ ਹੋਰ ਸਰਮਾਇਆ ਕਮਾਇਆ ਜਾਣ ਲੱਗਾ। ਸਰਮਾਏ ਦੇ ਅਦਾਨ-ਪ੍ਰਦਾਨ ਨਾਲ ਅੰਤਰ ਰਾਸ਼ਟਰੀ ਵਿਤੀ ਸੰਸਥਾਵਾਂ, ਬੈਂਕਾਂ ਆਦਿ ਹੋਂਦ ਵਿਚ ਆ ਗਈਆਂ। ਸਾਮਰਾਜ ਦੀ ਇਸ ਨੀਤੀ ਦੇ ਲਾਗੂ ਹੋਣ ਵਿਚ ਵੱਖ-ਵੱਖ ਮੁਲਕਾਂ ਦੀਆਂ ਸਮਾਜਵਾਦੀ ਨੀਤੀਆਂ ਇਕ ਬਹੁਤ ਵੱਡੀ ਰੁਕਾਵਟ ਸਨ। ਇਹ ਰੁਕਾਵਟ ਸੋਵੀਅਤ ਯੂਨੀਅਨ ਦੇ ਸਮਾਜਵਾਦੀ ਢਾਂਚੇ ਦੇ ਢਹਿ ਢੇਰੀ ਹੋਣ ਨਾਲ ਦੂਰ ਹੋਈ। ਦੁਨੀਆਂ ਦੀ ਸਭ ਤੋਂ ਵੱਡੀ ਤਾਕਤ ਵਜੋਂ ਉਭਰੇ ਅਮਰੀਕਾ ਨੇ ਆਪਣੀ ਸਾਮਰਾਜ ਦੀ ਨੀਤੀ ਨੂੰ ਨਵੀਂ ਵਿਚਾਰਧਾਰਾ ਦਾ ਅਧਾਰ ਦੇ ਕੇ ਇਸ ਨੂੰ ਵਿਸ਼ਵੀਕਰਨ ਦੇ ਰੂਪ ਵਿਚ ਦੁਨੀਆਂ ਦੀਆਂ ਸਮੱਸਿਆਵਾਂ ਦੇ ਹੱਲ ਵਜੋਂ ਪੇਸ਼ ਕਰਨਾ ਸ਼ੁਰੂ ਕਰ ਦਿੱਤਾ ਹੈ। ਵਿਸ਼ਵੀਕਰਨ ਨਾਲ ਸ਼ੁਰੂ ਹੋਏ ਅਦਾਨ-ਪ੍ਰਦਾਨ ਨਾਲ ਵਿਸ਼ਵ ਭਰ ਦੇ ਮੁਲਕਾਂ ਦੀ ਆਰਥਕਤਾ ਅਤੇ ਸਮਾਜਕ ਢਾਂਚੇ ਵਿਚ ਵੱਡੀਆ ਤਬਦੀਲੀਆਂ ਆ ਰਹੀਆਂ ਹਨ। ਸਾਮਰਾਜੀ ਤਾਕਤਾਂ ਇਹਨਾਂ ਤਬਦੀਲੀਆਂ ਨੂੰ ਸ਼ੁਭ ਸ਼ਗਨ ਮੰਨਦੀਆਂ ਹਨ ਜਦੋਂ ਕਿ ਸਮਾਜਵਾਦੀ (ਮਾਰਕਸਵਾਦੀ) ਇਹਨਾਂ ਨੂੰ ਅਸ਼ੁਭ ਕਰਾਰ ਦੇ ਰਹੇ ਹਨ। ਮਾਰਕਸਵਾਦੀ ਚਿੰਤਕਾਂ ਦਾ ਇਹ ਮੰਨਣਾ ਹੈ ਕਿ ਵਿਸ਼ਵੀਕਰਨ ਦੀ ਪਰਕਿਰਿਆ ਨਾਲ ਪੂੰਜੀਵਾਦ ਪੂਰੇ ਵਿਸ਼ਵ ਨੂੰ ਆਪਣੀ ਮੰਡੀ

ਬਨਾਉਣਾ ਚਾਹੁੰਦਾ ਹੈ ਤਾਂ ਕਿ ਵਧੇਰੇ ਮੁਨਾਫ਼ਾ ਕਮਾਇਆ ਜਾਵੇ। ਅੰਤਰ-ਰਾਸ਼ਟਰੀ ਮੁਕਾਬਲੇ ਅਤੇ ਸਮਝੌਤਿਆਂ ਵਿਚ ਅਮੀਰ ਆਪਣੇ ਹਿਤਾਂ ਨੂੰ ਮਹਿਫੂਜ ਰੱਖ ਰਹੇ ਹਨ ਜਦੋਂ ਕਿ ਪਛੜੇ ਮੁਲਕਾਂ ਨੂੰ ਅੰਤਰ-ਰਾਸ਼ਟਰੀ ਸਮਝੌਤਿਆਂ ਮੁਤਾਬਕ ਉਨ੍ਹਾਂ ਦੀ ਆਰਥਕਤਾ ਨੂੰ ਵਿਦੇਸ਼ੀ ਕੰਪਨੀਆਂ/ਵਪਾਰ ਲਈ ਖੁੱਲਾ ਛੱਡਣ ਲਈ ਤਿਆਰ ਕੀਤਾ ਜਾ ਰਿਹਾ ਹੈ।

ਵਿਸ਼ਵੀਕਰਨ ਦੇ ਮੁਦਈ ਇਹ ਦਾਅਵਾ ਕਰਦੇ ਹਨ ਕਿ ਇਸ ਪਰਕਿਰਿਆ ਦੇ ਤਹਿਤ ਹਰ ਮੁਲਕ ਨੂੰ ਬਰਾਬਰ ਮੌਕੇ ਮਿਲ ਰਹੇ ਹਨ। ਜਿਹੜੀਆਂ ਕੌਮਾਂ ਵਿਸ਼ਵ-ਮੁਕਾਬਲੇ ਵਿਚ ਪੈਣਗੀਆਂ ਉਨ੍ਹਾਂ ਦੇ ਵਿਕਾਸ ਲਈ ਵਿਸ਼ਵੀਕਰਨ ਇਕ ਆਸ ਦੀ ਨਵੀਂ ਕਿਰਨ ਹੈ। ਬਹੁ-ਕੌਮੀ ਕਾਰਪੋਰੇਸ਼ਨਾਂ ਵਿਚਕਾਰ ਜੇਕਰ ਵਿਸ਼ਵ ਪੱਧਰ ਤੇ ਮੁਕਾਬਲਾ ਹੋਵੇਗਾ ਤਾਂ ਇਸ ਨਾਲ ਖਪਤਕਾਰਾਂ ਨੂੰ ਮੰਡੀ ਵਿਚ ਤਰ੍ਹਾਂ-ਤਰ੍ਹਾਂ ਦੀਆਂ ਵਸਤਾਂ ਤਾਂ ਮਿਲਣਗੀਆਂ ਹੀ ਅਤੇ ਇਹਨਾਂ ਵਸਤਾਂ ਦੀਆਂ ਕੀਮਤਾਂ ਵੀ ਨਹੀਂ ਵਧਣਗੀਆਂ। ਸਮੁੱਚੇ ਸੰਸਾਰ ਵਿਚੋਂ ਸਸਤੀਆਂ ਵਸਤਾਂ, ਕਿਰਤ ਆਦਿ ਨੂੰ ਖਰੀਦਿਆ ਜਾ ਸਕੇਗਾ ਅਤੇ ਉਤਪਾਦਨ ਨੂੰ ਅਜਿਹੇ ਦੇਸ਼ਾਂ ਵਿਚ ਵੇਚਿਆ ਜਾ ਸਕੇਗਾ ਜਿਥੇ ਇਸ ਦੀ ਕੀਮਤ ਵੱਧ ਹੋਵੇਗੀ। ਇਸ ਤੋਂ ਇਲਾਵਾ ਇਹ ਵੀ ਦਲੀਲ ਦਿੱਤੀ ਜਾਂਦੀ ਹੈ ਕਿ ਵਿਸ਼ਵੀਕਰਨ ਦੇ ਨਾਲ ਦੁਨੀਆਂ ਦੀਆਂ ਵੱਖ-ਵੱਖ ਕੌਮਾਂ ਆਪਸੀ ਗਿਆਨ, ਮੁਹਾਰਤ (skill) ਵਿੱਤ ਆਦਿ ਦਾ ਅਦਾਨ-ਪ੍ਰਦਾਨ ਕਰਾਕੇ ਆਪਣੀਆਂ ਛੁਪੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਾ ਸਕਦੀਆਂ ਹਨ।

ਵਿਸ਼ਵੀਕਰਨ ਦੀ ਪਰਕਿਰਆ ਨਾਲ ਜਿਥੇ ਵਿਸ਼ਵ ਪੱਧਰ ਤੇ ਵਪਾਰ, ਨਿਵੇਸ਼ ਅਤੇ ਵਿਤ ਦਾ ਅਦਾਨ-ਪ੍ਰਦਾਨ ਹੋ ਰਿਹਾ ਹੈ ਉਥੇ ਇਸ ਪਰਕਿਰਿਆ ਦੇ ਨਤੀਜੇ ਵਜੋਂ ਦੁਨੀਆਂ ਦੀਆਂ ਕੌਮਾਂ ਆਪਣੀ ਕੌਮੀ ਪਛਾਣ ਪ੍ਰਤੀ ਵਧੇਰੇ ਚੇਤੰਨ ਹੋ ਰਹੀਆਂ ਹਨ। ਵਿਸ਼ਵੀਕਰਨ ਨਾਲ ਸਰਮਾਇਆ ਆਪਣਾ ਸਿੱਧਾ ਗਲਬਾ ਨਹੀਂ ਜਗਾਉਂਦਾ ਜਿਵੇਂਬਸਤੀਵਾਦ ਮੌਕੇ ਹੁੰਦਾ ਸੀ। ਇਸ ਪਰਕਿਰਿਆ ਨਾਲ ਵਧੇਰੇ ਮੁਨਾਫ਼ਾ ਕਮਾਉਣ ਲਈ ਕਿਸੇ ਕੌਮ ਦੇ ਸਭਿਆਚਾਰ ਨੂੰ ਸਿੱਧੇ ਹਮਲੇ ਦਾ ਸ਼ਿਕਾਰ ਨਹੀਂ ਬਣਾਇਆ ਜਾਂਦਾ ਸਗੋਂ ਸਭਿਆਚਾਰਾਂ ਦੇ ਮੇਲ ਨੂੰ ਤਰਜੀਹ ਦਿੱਤੀ ਜਾਂਦੀ ਹੈ। ਇਸ ਕਰਕੇ ਅੱਜ ਦੁਨੀਆਂ ਭਰ ਵਿਚ ਬਹੁ-ਸਭਿਆਚਾਰਵਾਦ ਦੀ ਗੱਲ ਚਲ ਰਹੀ ਹੈ ਜਿਸ ਨਾਲ ਵੱਖ-ਵੱਖ ਸਭਿਆਚਾਰਾਂ ਦੇ ਇਕ ਦੂਸਰੇ ਨਾਲ ਸਬੰਧ ਆਪਸੀ ਬਰਾਬਰੀ ਵਾਲੇ ਬਣ ਰਹੇ ਹਨ।

### ਆਪਣਾ ਗਿਆਨ ਪਰਖੋ

1. ਵਿਸ਼ਵੀਕਰਨ ਕੀ ਹੈ ?

___________________________________________

___________________________________________

___________________________________________

___________________________________________

2. ਵਿਸ਼ਵੀਕਰਨ ਦੇ ਮੁੱਖ ਤਿੰਨ ਲੱਛਣ ਦੱਸੋ।

___________________________________________

___________________________________________

___________________________________________

___________________________________________

**10.6 ਵਿਸ਼ਵੀਕਰਨ ਅਤੇ ਭਾਰਤ** : ਵਿਸ਼ਵੀਕਰਨ ਦੀ ਪਰਕਿਰਿਆ ਵਿਚ ਸ਼ਾਮਲ ਹੋਣ ਲਈ ਭਾਰਤ ਦੀਆਂ ਵੱਖ-ਵੱਖ ਸਰਕਾਰਾਂ ਨੇ ਵਿਸ਼ਵੀਕਰਨ ਲਈ ਆਪਣੇ ਦਰਜਾਵੇ ਖੋਲ੍ਹ ਦਿੱਤੇ ਹਨ। ਭਾਰਤ ਦੀਆਂ ਨਵੀਆਂ ਆਰਥਕ ਨੀਤੀਆਂ ਵਿਦੇਸ਼ੀ ਸਰਮਾਏ ਦੀ ਆਮਦ ਨੂੰ ਮੁੱਖ ਰੱਖ ਕੇ ਤਹਿ ਹੋ ਰਹੀਆਂ ਹਨ। ਪਬਲਿਕ ਸੈਕਟਰ ਦਾ ਪੜਾਅ ਦਰ ਪੜਾਅ ਨਿਜੀਕਰਨ ਹੋ ਰਿਹਾ ਹੈ। ਉਦਯੋਗਿਕ ਨੀਤੀ ਇਸ ਪ੍ਰਕਾਰ ਬਣਾਈ ਗਈ ਹੈ ਤਾਂ ਕਿ ਵਿਦੇਸ਼ੀ ਕੰਪਨੀਆਂ ਦੇਸ਼ ਦੀਆਂ ਕੰਪਨੀਆਂ ਨਾਲ ਮੁਕਾਬਲਾ ਕਰ ਸਕਣ। ਇਸ ਮਕਸਦ ਲਈ ਕਸਟਮ ਟੈਕਸ ਘਟਾ ਦਿੱਤੇ ਹਨ, ਵਿਦੇਸ਼ੀ ਕੰਪਨੀਆਂ ਨੂੰ ਸ਼ੇਅਰਾਂ ਵਿਚ ਹਿੱਸੇਦਾਰੀ ਅਤੇ ਵਿਦੇਸ਼ੀ ਸਿੱਕਾ ਕਮਾਉਣ ਲਈ ਖੁਲ੍ਹੀਆਂ ਛੁੱਟੀਆਂ ਦਿੱਤੀਆਂ ਜਾ ਰਹੀਆਂ ਹਨ। ਵਿਦੇਸ਼ੀ ਵਸਤਾਂ ਹੁਣ ਭਾਰਤ ਦੇ ਬਜ਼ਾਰ ਵਿਚ ਆ ਰਹੀਆਂ ਹਨ ਆਦਿ।

ਭਾਰਤ ਨੇ 1991 ਵਿਚ ਵਿਸ਼ਵੀਕਰਨ ਦੀ ਪਰਕਿਰਿਆ ਵਿਚ ਕਦਮ ਧਰਿਆ ਸੀ। 1994 ਵਿਚ ਭਾਰਤ ਨੇ ਗੈਟ ਸਮਝੌਤੇ

ਉੱਤੇ ਦਸਤਖ਼ਤ ਕੀਤੇ ਅਤੇ 1995 ਵਿਚ ਇਹ ਵਿਸ਼ਵ ਵਪਾਰ ਸੰਸਥਾ (World Trade Organisation-WTO) ਦਾ ਮੈਂਬਰ ਬਣਿਆ। ਇਸ ਪ੍ਰਕਾਰ ਭਾਰਤ ਵਿਸ਼ਵੀਕਰਨ ਦੀ ਪਰਕਿਰਿਆ ਵਿਚ ਪੂਰੀ ਤਰ੍ਹਾਂ ਸਰਗਰਮ ਹੋ ਚੁੱਕਾ ਹੈ। ਵਿਸ਼ਵ ਪੱਧਰ ਤੇ ਹੋਏ ਵਪਾਰ ਸਮਝੌਤੇ ਭਾਰਤ ਨੂੰ ਆਪਣੀਆਂ ਆਰਥਕ ਨੀਤੀਆਂ ਵਿਚ ਤਬਦੀਲੀ ਲਈ ਮਜ਼ਬੂਰ ਕਰ ਰਹੇ ਹਨ। ਆਰਥਕ ਨੀਤੀਆਂ ਵਿਚ ਆ ਰਹੀ ਤਬਦੀਲੀ ਨਾਲ ਜਿਥੇ ਭਾਰਤ ਦੀ ਆਰਥਕਤਾ ਤਬਦੀਲ ਹੋ ਰਹੀ ਹੈ ਉਥੇ ਇਸ ਤਬਦੀਲੀ ਨਾਲ ਭਾਰਤੀ ਸਮਾਜ ਖ਼ਾਸ ਕਰਕੇ ਇਸ ਦੇ ਸਭਿਆਚਾਰ, ਰਾਜਨੀਤੀ ਅਤੇ ਸਮਾਜਕ ਜੀਵਨ ਵਿਚ ਬਹੁਤ ਤੇਜ਼ ਤਬਦੀਲੀਆਂ ਆ ਰਹੀਆਂ ਹਨ।

**10.7 ਵਿਸ਼ਵੀਕਰਨ ਅਤੇ ਭਾਰਤੀ ਸਮਾਜ ਵਿੱਚ ਤਬਦੀਲੀਆਂ :-**

ਵਿਸ਼ਵੀਕਰਨ ਦੀ ਪ੍ਰਕਿਰਿਆ ਨਾਲ ਵੱਖ-ਵੱਖ ਮੁਲਕਾਂ ਵਿਚ ਅਸਰਜਨਕ ਤਬਦੀਲੀਆਂ ਆ ਰਹੀਆਂ ਹਨ। ਇਸ ਪ੍ਰਕਿਰਿਆ ਦੇ ਪ੍ਰਭਾਵ ਅਧੀਨ ਭਾਰਤੀ ਸਮਾਜ ਦੇ ਵੱਖ-ਵੱਖ ਅੰਗਾਂ ਵਿਚ ਬਹੁਤ ਤੇਜ਼ ਤਬਦੀਲੀਆਂ ਆ ਰਹੀਆਂ ਹਨ। ਭਾਰਤ ਦੀ ਆਰਥਿਕਤਾ, ਰਾਜਨੀਤੀ, ਸੱਭਿਆਚਾਰ, ਸਮਾਜਿਕ ਤੇ ਧਾਰਮਿਕ ਜੀਵਨ ਵਿੱਚ ਅਜਿਹੀਆਂ ਤਬਦੀਲੀਆਂ ਆ ਰਹੀਆਂ ਹਨ ਜੋ ਭਾਰਤੀ ਸਮਾਜ ਵਿਚ ਪਹਿਲਾਂ ਕਦੇ ਨਹੀਂ ਆਈਆਂ ਸਨ। ਭਾਰਤੀ ਸਮਾਜ ਵਿਚ ਆ ਰਹੀਆਂ ਤਬਦੀਲੀਆਂ ਦੇ ਨਤੀਜੇ ਵਜੋਂ ਭਵਿੱਖ ਵਿੱਚ ਭਾਰਤ ਕਿਹੋ ਜਿਹਾ ਹੋਵੇਗਾ ਇਸ ਬਾਰੇ ਤਾਂ ਨਹੀਂ ਕਿਹਾ ਜਾ ਸਕਦਾ ਪਰ ਇਹ ਕਿਹਾ ਜਾ ਸਕਦਾ ਹੈ ਕਿ ਆਉਂਦੇ ਕੁਝ ਦਹਾਕਿਆਂ ਵਿਚ ਹੀ ਭਾਰਤ ਬਦਲਿਆ ਨਜ਼ਰ ਆਵੇਗਾ।

**ਭਾਰਤੀ ਸਮਾਜ ਵਿਚ ਆ ਰਾਹੀਆਂ ਪ੍ਰਮੁੱਖ ਤਬਦੀਲੀਆਂ ਦਾ ਵੇਰਵਾ ਨਿਮਨਲਿਖਤ ਹੈ :-**

**10.7.1 ਆਰਥਿਕਤਾ ਵਿੱਚ ਤਬਦੀਲੀ :-** ਵਿਸ਼ਵੀਕਰਨ ਦੀ ਪਰਕਿਰਿਆ ਦਾ ਮਤਲਬ ਜੇਕਰ ਇੱਕ ਆਰਥਿਕਤਾ ਦਾ ਦੂਸਰੀ ਆਰਥਿਕਤਾ ਉੱਤੇ ਪ੍ਰਭਾਵ ਅਤੇ ਇਸ ਨਤੀਜੇ ਵਜੋਂ ਆਈਆਂ ਆਰਥਿਕ ਤਬਦੀਲੀਆਂ ਤੋਂ ਲਿਆ ਜਾਵੇ ਤਾਂ ਭਾਰਤ ਵਿੱਚ ਇਹ ਪ੍ਰਕਿਰਿਆ ਬਰਤਾਨਵੀ ਬਸਤੀਵਾਦ ਨਾਲ ਸ਼ੁਰੂ ਹੋ ਜਾਂਦੀ ਹੈ। ਦੂਸਰਾ ਜੇਕਰ ਇਸ ਤੋਂ ਮਤਲਬ ਵਿਦੇਸ਼ੀ ਕਰਜ਼ੇ/ਪੂੰਜੀ ਦੇ ਇਸਤੇਮਾਲ ਤੋਂ ਹੈ ਤਾਂ ਇਹ ਅਮਲ ਭਾਰਤ ਵਿਚ 1980ਵਿਆਂ ਤੋਂ ਸ਼ੁਰੂ ਹੋ ਜਾਂਦਾ ਹੈ। ਤੀਸਰਾ ਇਸਦਾ ਮਤਲਬ ਵਿਦੇਸ਼ੀ ਵਪਾਰ ਤੋਂ ਲਿਆ ਜਾਵੇ ਤਾਂ ਇਹ ਅਮਲ 1991 ਤੋਂ ਸ਼ੁਰੂ ਹੋਇਆ ਜਦੋਂ ਸ. ਮਨਮੋਹਨ ਸਿੰਘ ਵਿੱਤ ਮੰਤਰੀ ਸਨ ਜਿਨ੍ਹਾਂ ਨੇ ਭਾਰਤੀ ਆਰਥਿਕਤਾ ਵਿੱਚ ਵਿਸ਼ਵ ਨੀਤਆਂ ਮੁਤਾਬਕ ਬਦਲਾਅ ਲਿਆਉਣ ਦੀ ਜ਼ੋਰਦਾਰ ਵਕਾਲਤ ਕੀਤੀ। ਨਵੀਂ ਬਦਲੀ ਨੀਤੀ ਦੇ ਤਹਿਤ ਲਾਇਸੈਂਸਾਂ ਦਾ ਖਾਤਮਾ ਕੀਤਾ ਗਿਆ ਅਤੇ ਭਾਰਤ ਵਿੱਚ ਵਿਦੇਸ਼ੀ ਕੰਪਨੀਆਂ ਦੇ ਕਾਰੋਬਾਰ ਨੂੰ ਯਕੀਨੀ ਤੇ ਢੁੱਕਵੇਂ ਹਾਲਤ ਪੈਦਾ ਕਰਨ ਲਈ ਸ਼ਰਤਾਂ ਨਰਮ ਕੀਤੀਆਂ ਗਈਆਂ। ਭਾਰਤ ਵੱਲੋਂ ਆਪਣੀ ਆਰਥਿਕ ਨੀਤੀ ਵਿੱਚ ਕੀਤੀ ਤਬਦੀਲੀ ਨਾਲ ਭਾਰਤੀ ਆਰਥਿਕਤਾ ਵਿੱਚ ਤਬਦੀਲੀਆਂ ਲਈ ਨਵੀਆਂ ਸੰਭਾਵਨਾਵਾਂ ਪੈਦਾ ਹੋਈਆਂ ਹਨ।

ਭਾਰਤੀ ਅਰਥਵਿਵਸਥਾ ਵਿੱਚ ਵਿਸ਼ਵੀਕਰਨ ਨਾਲ ਆ ਰਹੀਆਂ ਤਬਦੀਲੀਆਂ ਨੂੰ ਵੇਖਣ ਤੇ ਸਮਝਣ ਦੇ ਸਾਡੇ ਸਾਹਮਣੇ ਦੋ ਨਜ਼ਰੀਏ ਹਨ। ਇੱਕ ਧਿਰ ਜਿਸਦੀ ਪ੍ਰਤੀਨਿਧਤਾ ਡਾ. ਮਨਮੋਹਨ ਸਿੰਘ ਵਰਗੇ ਪ੍ਰਸਿੱਧ ਅਰਥ-ਸ਼ਾਸ਼ਤਰੀ ਕਰ ਰਹੇ ਹਨ ਜਿਨ੍ਹਾਂ ਦੀ ਧਾਰਨਾ ਹੈ ਕਿ ਭਾਰਤ ਦੀ ਆਰਥਿਕਤਾ ਵਿੱਚ ਵਿਕਾਸਮਈ ਤਬਦੀਲੀਆਂ ਵਿਸ਼ਵੀਕਰਨ ਦੇ ਰਾਹੀਂ ਆ ਸਕਦੀਆਂ ਹਨ। ਇਸ ਨੀਤੀ ਦੇ ਤਹਿਤ ਭਾਰਤ ਨੂੰ ਆਪਣੀ ਪੁਰਾਣੀ ਆਰਥਿਕ ਨੀਤੀ ਨਹਿਰੂਮਾਡਲ ਦਾ ਤਿਆਗ ਕਰਕੇ ਖੁੱਲ੍ਹੇ ਵਿਸ਼ਵ ਮੁਕਾਬਲੇ ਵਿੱਚ ਆਉਣਾ ਚਾਹੀਦਾ ਹੈ। ਭਾਰਤ ਦੀ ਪੁਰਾਣੀ ਨੀਤੀ ਦਾ ਮੁਲਾਂਕਣ ਕਰਦਿਆਂ ਅਰਥ-ਸ਼ਾਸ਼ਤਰੀ ਡਾ. ਐਸ.ਐਸ.ਜੌਹਲ ਦੀ ਧਾਰਨਾ ਹੈ :-

''ਸਾਡਾ ਆਪਣੀ ਕਿਸਮ ਦਾ 'ਸਮਾਜਵਾਦ' ਗਰੀਬੀ ਤਾਂ ਦੂਰ ਨਾ ਕਰ ਸਕਿਆ ਅਤੇ ਲੋੜੀਂਦੇ ਰੁਜ਼ਗਾਰ ਦੇ ਵਸੀਲੇ ਵੀ ਪੈਦਾ ਨਾ ਕਰ ਸਕਿਆ ਅਤੇ ਅਨਪੜ੍ਹਤਾ ਨੂੰ ਵੀ ਠੱਲ ਨਾ ਪਾ ਸਕਿਆ ਪਰ ਕੁਝ ਗਿਣੇ ਚੁਣੇ ਸਿਆਸੀ ਘਰਾਣੇ ਅਤੇ ਪ੍ਰਸ਼ਾਸ਼ਕੀ ਟੱਬਰ ਉਦਯੋਗਪਤੀ ਅਤੇ ਵਪਾਰੀ ਤਬਕਾ ਜ਼ਰੂਰ ਅਮੀਰ ਹੋ ਗਏ। ਉਦਯੋਗਪਤੀਆਂ ਅਤੇ ਵਪਾਰੀਆਂ ਨੂੰ ਇੱਕ ਬਹੁਤੀ ਵੱਡੀ ਸੁਰੱਖਿਅਤ ਜਾਂ ਸਮਝੋ ਕਿ ਇੱਕ ਬੰਦ ਮੰਡੀ ਮਿਲ ਗਈ, ਜਿਥੇ ਖਪਤਕਾਰ ਦਾ ਪੂਰੀ ਤਰ੍ਹਾਂ ਸ਼ੋਸ਼ਣ ਕੀਤਾ ਗਿਆ ਅਤੇ ਉਸਦੀਆਂ ਵਸਤੂਆਂ ਦੀ ਚੋਣ ਸੀਮਤ ਜਾਂ ਸਮਝੋ ਖਤਮ ਹੋ ਗਈ। ਲਾਈਨਾਂ ਵਿੱਚ ਲੱਗ ਕੇ, ਅਗਾਊਪੈਸੇ ਦੇਕੇ ਵੀ ਕਾਰਾਂ, ਰੈਫਰੀਜ਼ਰੇਟਰ ਆਦਿ ਵਸਤੂਆਂ ਮਟਕ ਨਾਲ ਅਹਿਸਾਨ ਕਰਕੇ ਸਪਲਾਈ ਕੀਤੀਆਂ ਜਾਂਦੀਆਂ ਸਨ। ਇਸ ਸਿਸਟਮ ਨੇ ਖਪਤਕਾਰ ਨੂੰ ਵਪਾਰੀ ਦੇ ਆਸਰੇ ਛੱਡ ਦਿੱਤਾ। ਇਸ ਮਨਾਪਲੀ ਨੂੰ ਕਾਇਮ ਰੱਖਣ ਲਈ ਭ੍ਰਿਸ਼ਟਚਾਰ ਅਤੇ ਬਲੈਕ ਮਾਰਕੀਟ ਦਾ ਬੋਲਬਾਲਾ ਹੋ ਗਿਆ। ਪ੍ਰਸ਼ਾਸ਼ਕਾਂ, ਸਰਕਾਰੀ ਅਧਿਕਾਰੀਆਂ ਅਤੇ ਰਾਜਨੀਤਿਕਾਂ ਦੀਆਂ ਜੇਬਾਂ ਗਰਮ ਹੋਣ ਲੱਗੀਆਂ ਅਤੇ ਅਜੇ ਤੱਕ ਇਹ ਸਿਲਸਿਲਾ ਕਾਇਮ ਹੈ। (ਜੌਹਲ 1999; 4)''

ਵਿਸ਼ਵੀਕਰਨ ਨਾਲ ਭਾਰਤ ਦੀ ਉਦਯੋਗਿਕ ਅਤੇ ਵਪਾਰਕ ਜਮਾਤ ਦੀ ਇਥੋਂ ਦੀ ਮੰਡੀ ਤੋਂ ਇਜਾਏਦਾਰੀ ਖਤਮ ਹੋ ਰਹੀ ਹੈ ਵਿਦੇਸ਼ੀ ਕੰਪਨੀਆਂ ਵੱਲੋਂ ਤਿਆਰ ਕੀਤੀਆਂ ਵਸਤੂਆਂ ਖਪਤਕਾਰਾਂ ਤੱਕ ਅਸਾਨੀ ਨਾਲ ਮਿਲਣ ਲੱਗੀਆਂ ਹਨ ਭਾਰਤ ਦੀ ਬੰਦ ਮੰਡੀ ਖੁੱਲੀ

ਮੰਡੀ ਵਿੱਚ ਤਬਦੀਲ ਹੋ ਰਹੀ ਹੈ ਜਿਸ ਕਰਕੇ ਵਪਾਰੀਆਂ ਅਤੇ ਉਦਯੋਗਪਤੀਆਂ ਦੀ ਨੇਮੀ-ਚਿੱਟੀ ਕੁੱਟ ਆਪਸੀ ਮੁਕਾਬਲੇ ਵਿੱਚ ਜ਼ਾਹਰ ਹੋਣ ਲੱਗ ਪਈ ਹੈ। ਭਾਰਤੀ ਮੰਡੀ ਵਿੱਚ ਵਸਤਾਂ ਦੀ ਬਹੁਤਾਤ ਹੋਣ ਨਾਲ ਬਲੈਕ ਮਾਰਕੀਟ ਮਾਫੀਆ ਅਤੇ ਭ੍ਰਿਸ਼ਟਾਚਾਰ ਦੇ ਖਤਮ ਹੋਣ ਦੀਆਂ ਸੰਭਾਵਨਾਵਾਂ ਵੀ ਨਜ਼ਰ ਆ ਰਹੀਆਂ ਹਨ।

ਇਹਨਾਂ ਤਬਦੀਲੀਆਂ ਤੋਂ ਇਲਾਵਾ ਵਿਸ਼ਵੀਕਰਨ ਦੀ ਪ੍ਰਕਿਰਿਆ ਨਾਲ ਭਾਰਤ ਦੀ ਉਦਯੋਗਿਕ ਜਮਾਤ ਆਰਥਿਕ ਤੌਰ ਤੇ ਬਹੁਤ ਕਸੂਤੀ ਸਥਿਤੀ ਵਿੱਚ ਫਸ ਰਹੀ ਹੈ। ਭਾਰਤ ਦੀਆਂ ਕੰਪਨੀਆਂ ਵਿੱਚ ਵਿਦੇਸ਼ੀ ਕੰਪਨੀਆਂ ਦੇ ਮੁਕਾਬਲੇ ਨਾ ਪੂੰਜੀ ਹੈ ਅਤੇ ਨਾ ਹੀ ਮੁਹਾਰਤ ਕਹਿਣ ਦਾ ਭਾਵ ਇਹ ਜਮਾਤ ਵਿਦੇਸ਼ੀ ਕੰਪਨੀਆਂ ਦੇ ਮੁਕਾਬਲੇ ਵਿੱਚ ਟਿਕ ਨਹੀਂ ਸਕੇਗੀ। ਉਦਾਹਰਣ ਵਜੋਂ ਪੈਪਸੀ ਅਤੇ ਕੋਕਾ ਕੋਲਾ ਦੇ ਆਉਣ ਨਾਲ ਭਾਰਤ ਦੀਆਂ ਸਾਫਟ ਡਰਿੰਕ ਕੰਪਨੀਆਂ ਖਤਮ ਹੋ ਕੇ ਰਹਿ ਗਈਆਂ ਹਨ, ਜਿਵੇ ਕਿ ਥੱਮਜ਼ ਅੱਪ, ਮਾਜ਼ਾ ਆਦਿ ਨੂੰ ਕੋਕਾ ਕੋਲਾ ਨੇ ਹੀ ਖਰੀਦ ਲਿਆ ਹੈ। ਸੋ ਇਸ ਪ੍ਰਕਾਰ ਵਿਦੇਸ਼ੀ ਕੰਪਨੀਆਂ ਮਾਰਕੀਟ ਉੱਤੇ ਆਪਣਾ ਪੂਰਾ ਕਬਜ਼ਾ ਜਮਾਉਣ ਲਈ ਭਾਰਤ ਦੀਆਂ ਕੰਪਨੀਆਂ ਨੂੰ ਮੁਕਾਬਲੇ ਵਿਚੋਂ ਬਾਹਰ ਧੱਕ ਰਹੀਆਂ ਹਨ। ਭਾਰਤੀ ਕੰਪਨੀਆਂ ਨੂੰ ਵਿਦੇਸ਼ੀ ਕੰਪਨੀਆਂ ਇੱਕ ਵਾਰ ਮੂੰਹ ਮੰਗੇ ਰੇਟਾਂ ਉੱਤੇ ਖਰੀਦ ਰਹੀਆਂ ਹਨ ਜਾਂ ਆਪਣੀਆਂ ਵਸਤਾਂ ਦੇ ਭਾਅ ਘਟਾ ਕੇ ਭਾਰਤੀ ਕੰਪਨੀਆਂ ਦਾ ਦੀਵਾਲਾ ਕੱਢ ਰਹੀਆਂ ਹਨ।

ਖੁੱਲੇ ਮੁਕਾਬਲੇ ਵਿੱਚ ਭਾਰਤ ਦੀਆਂ ਕੰਪਨੀਆਂ ਦੀ ਇਹ ਯੋਗਤਾ ਅਤੇ ਸਮਰੱਥਾ ਫਿਲਹਾਲ ਨਜ਼ਰ ਨਹੀਂ ਆ ਰਹੀ ਕਿ ਇਹ ਵਿਸ਼ਵ ਮਾਰਕੀਟ ਵਿਚ ਕੋਈ ਜਗ੍ਹਾ ਬਣਾ ਸਕਦੀਆਂ ਹਨ। ਇਸ ਪ੍ਰਕਾਰ ਵਿਸ਼ਵੀਕਰਨ ਨਾਲ ਭਾਰਤ ਦੀ ਆਰਥਿਕਤਾ ਦਾ ਦੂਹਰਾ ਸਬੰਧ ਕਾਇਮ ਹੋਣ ਨਾਲੋਂ ਇੱਕ ਪੱਖੀ ਸਬੰਧ ਵਿਕਸਿਤ ਹੋ ਰਿਹਾ ਹੈ। ਇਸ ਇੱਕ ਪਾਸੜ ਸਬੰਧ ਨਾਲ ਭਾਰਤ ਦੀ ਮਾਰਕੀਟ ਨੂੰ ਵਿਦੇਸ਼ੀ ਕੰਪਨੀਆਂ ਤਬਦੀਲ ਕਰ ਰਹੀਆਂ ਹਨ ਜਿਸ ਨਾਲ ਇਥੋਂ ਦੇ ਲੋਕਾਂ ਦਾ ਖਾਸ ਕਰਕੇ ਮੱਧ ਵਰਗ ਦੇ ਜੀਵਨ ਢੰਗ ਵਿੱਚ ਕਾਫੀ ਵੱਡੀਆਂ ਤਬਦੀਲੀਆਂ ਵੇਖਣ ਨੂੰ ਮਿਲ ਰਹੀਆਂ ਹਨ। ਲੋਕਾਂ ਦੇ ਖਾਣ-ਪੀਣ, ਪਹਿਰਾਵੇ ਅਤੇ ਕੰਮ ਢੰਗ ਵਿੱਚ ਤਬਦੀਲੀਆਂ ਅਸੀਂ ਸਹਿਜੇ ਵੇਖ ਸਕਦੇ ਹਾਂ। ਵਿਦੇਸ਼ੀ ਖਾਣੇ ਅਤੇ ਵਿਦੇਸ਼ੀ ਪਹਿਰਾਵੇ ਦੀ ਭਾਰਤ ਵਿੱਚ ਇੱਕ ਬਹੁਤ ਵੱਡੀ ਮਾਰਕੀਟ ਉਸਰ ਰਹੀ ਹੈ ਇਸਦੇ ਨਤੀਜੇ ਵਜੋਂ ਭਾਰਤ ਦੇ ਲੋਕਾਂ ਲਈ ਹੁਣ ਪੂੰਜੀ ਵਧੇਰੇ ਮਹੱਤਤਾ ਗ੍ਰਹਿਣ ਕਰਦੀ ਜਾ ਰਹੀ ਹੈ।

ਭਾਰਤ ਵਿੱਚ ਵਿਸ਼ਵੀਕਰਨ ਦੀ ਪ੍ਰਕਿਰਿਆ ਨਾਲ ਆ ਰਹੀਆਂ ਤਬਦੀਲੀਆਂ ਨੂੰ ਅਸੀ ਪੂੰਜੀਵਾਦ ਵਿਕਾਸ ਦੇ ਰੂਪ ਵਿੱਚ ਵੇਖ ਸਕਦੇ ਹਾਂ। ਭਾਰਤ ਦੇ ਲੋਕਾਂ ਲਈ ਪਹਿਲਾਂ ਰੂਹਾਨੀ ਜੀਵਨ ਆਰਥਿਕ ਜੀਵਨ ਨਾਲੋਂ ਮਹੱਤਵਪੂਰਨ ਸੀ। ਭਾਰਤੀ ਸਮਾਜ ਮੁੱਖ ਰੂਪ ਵਿਚ ਹਿੰਦੂਸਮਾਜ ਹੈ ਹਿੰਦੂ ਧਰਮ ਦੇ ਮੁਤਾਬਕ ਵਿਅਕਤੀ ਦੇ ਜੀਵਨ ਦੇ ਚਾਰ ਮੁੱਖ ਉਦੇਸ਼ (ਪੁਰਸ਼ਾਰਥ) ਹਨ - ਧਰਮ, ਅਰਥ, ਕਾਮ ਅਤੇ ਮੋਕਸ਼। ਇਹਨਾਂ ਉਦੇਸ਼ਾਂ ਵਿਚੋਂ ਧਰਮ ਅਰਥ ਤੋਂ ਪਹਿਲਾਂ ਆਉਂਦਾ ਹੈ ਅਤੇ ਅੰਤਕ ਮੋਕਸ਼ ਵੀ ਇਸ ਪ੍ਰਕਾਰ ਨਾਲ ਧਰਮ ਦੀ ਉੱਚਤਮ ਪ੍ਰਾਪਤੀ ਨਾਲ ਜੁੜਿਆ ਹੋਇਆ ਹੈ। ਰਵਾਇਤੀ ਤੌਰ ਤੇ ਵੇਖਿਆ ਜਾਵੇ ਤਾਂ ਭਾਰਤ ਵਿੱਚ ਪਹਿਲਾਂ ਪਹਿਲ ਪੂੰਜੀ/ਅਰਥ ਦੀ ਐਨੀ ਜ਼ਿਆਦਾ ਮਹੱਤਤਾ ਨਹੀਂ ਸੀ ਜਿੰਨ੍ਹੀ ਮਹੱਤਤਾ ਅਜੋਕੇ ਵਿਸ਼ਵੀਕਰਨ ਨਾਲ ਹੋ ਰਹੀ ਹੈ। ਇਸ ਪ੍ਰਕਿਰਿਆ ਨਾਲ ਆਰਥਿਕਤਾ ਜੀਵਨ ਦੇ ਦੂਸਰੇ ਪੱਖਾਂ ਉੱਤੇ ਭਾਰੂ ਹੁੰਦੀ ਜਾ ਰਹੀ ਹੈ। (ਇਸ ਬਾਰੇ ਵਿਸਥਾਰ ਵਿੱਚ ਚਰਚਾ ਅੱਗੇ ਚੱਲ ਕੇ ਕਹਾਂਗੇ) ਇਥੇ ਅਸੀ ਇਹ ਕਹਿਣਾ ਚਾਹੁੰਦੇ ਹਾਂ ਕਿ ਵਿਸ਼ਵੀਕਰਨ ਨਾਲ ਭਾਰਤ ਵਿੱਚ ਪੂੰਜੀਵਾਦ ਦਾ ਵਿਕਾਸ ਬਹੁਤ ਤੇਜ਼ੀ ਨਾਲ ਹੋ ਰਿਹਾ ਹੈ ਜਿਸਨੇ ਭਾਰਤੀ ਅਰਥਵਿਵਸਥਾ ਵਿੱਚ ਬਹੁਤ ਵੱਡੀਆਂ ਤਬਦੀਲੀਆਂ ਨੂੰ ਜਨਮ ਦੇਣਾ ਹੈ।

ਵਿਸ਼ਵੀਕਰਨ ਦੇ ਨਾਲ ਭਾਰਤੀ ਅਰਥਵਿਵਸਥਾ ਵਿੱਚ ਆ ਰਹੀਆਂ ਤਬਦੀਲੀਆਂ ਨੂੰ ਮਾਰਕਸਵਾਦੀ ਚਿੰਤਕ ਇੱਕ ਗੰਭੀਰ ਖਤਰੇ ਦੇ ਰੂਪ ਵਿੱਚ ਵੇਖ ਰਹੇ ਹਨ। ਇਸ ਧਿਰ ਦੇ ਚਿੰਤਕਾਂ ਦਾ ਇਹ ਕਹਿਣਾ ਹੈ ਕਿ ਵਿਸ਼ਵੀਕਰਨ ਨਾਲ ਭਾਰਤ ਵਿਦੇਸ਼ੀ ਕੰਪਨੀਆਂ ਦਾ ਗੁਲਾਮ ਹੋ ਕੇ ਰਹਿ ਜਾਵੇਗਾ। ਸ਼ੁਰੂ ਵਿੱਚ ਭਾਵੇਂ ਵਿਦੇਸ਼ੀ ਕੰਪਨੀਆਂ ਆਪਣੇ ਪ੍ਰਾਡਕਟ ਘੱਟ ਕੀਮਤ ਉੱਤੇ ਵੇਚਣਗੀਆਂ ਪ੍ਰੰਤੂ ਆਪਣੇ ਮੁਕਾਬਲੇ ਵਿੱਚੋਂ ਭਾਰਤੀ ਕੰਪਨੀਆਂ ਨੂੰ ਖਤਮ ਕਰਨ ਪਿਛੋਂ ਇਹ ਕੰਪਨੀਆਂ ਖਪਤਕਾਰਾਂ ਦੀ ਬਹੁਤ ਵੱਡੀ ਲੁੱਟ ਕਰਨਗੀਆਂ। ਵਿਦੇਸ਼ੀ ਵਪਾਰਕ ਅਤੇ ਉਦਯੋਗਿਕ ਕੰਪਨੀਆਂ ਇਥੋਂ ਦੇ ਲੋਕਾਂ ਦੀ ਭਲਾਈ ਲਈ ਨਹੀਂ ਸਗੋਂ ਭਾਰਤੀ ਮੰਡੀ ਉੱਤੇ ਕਾਬਜ਼ ਹੋਣ ਲਈ ਵਿਸ਼ਵੀਕਰਨ ਦਾ ਸਹਾਰਾ ਲੈ ਰਹੀਆਂ ਹਨ। ਵਿਸ਼ਵੀਕਰਨ ਦੀ ਪ੍ਰਕਿਰਿਆ ਵਿੱਚ ਭਾਰਤ ਆਪਣੀ ਆਰਥਿਕ ਮਜ਼ਬੂਰੀ ਕਰਕੇ ਸ਼ਾਮਲ ਹੋ ਰਿਹਾ ਹੈ। ਭਾਵੇਂ ਇਹ ਮਜਬੂਰੀ ਦੂਸਰੇ ਘੱਟ ਵਿਕਸਿਤ ਮੁਲਕਾਂ ਵਾਲੀ ਹੈ। ਪ੍ਰੰਤੂ ਵਿਕਸਿਤ ਮੁਲਕ ਵਿਸ਼ਵ ਨੀਤੀਆਂ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦੇ ਹਨ। ਜਦੋਂ ਕਿ ਭਾਰਤ ਕੋਲ ਇਹ ਸਮਰੱਥਾ ਨਹੀ ਹੈ। ਵਿਸ਼ਵੀਕਰਨ ਨੂੰ ਭਾਰਤ ਦੀ ਆਰਥਿਕ ਮਜਬੂਰੀ ਦੀ ਦੇਣ ਕਿਹਾ ਜਾ ਸਕਦਾ ਹੈ।

''ਰਾਜੀਵ ਗਾਂਧੀ ਦੀ ਸਰਕਾਰ ਵੱਲੋਂ ਸ਼ੁਰੂ ਕੀਤੀ ਵਿਸ਼ਵੀਕਰਨ ਅਤੇ ਉਦਾਰੀਕਰਨ ਦੀ ਪ੍ਰਕਿਰਿਆ ਨੇ ਦੇਸ਼ ਸਿਰ ਕਰਜ਼ੇ ਦੀ ਪੰਡ ਭਾਰੀ ਕਰ ਦਿੱਤੀ। 1985 ਵਿੱਚ ਭਾਰਤ ਸਿਰ ਵਿਦੇਸ਼ੀ ਕਰਜ਼ਾ 41 ਅਰਬ ਡਾਲਰ ਸੀ, ਜੋ ਮਾਰਚ 1991 ਵਿੱਚ 70 ਅਰਬ ਡਾਲਰ ਹੋ

ਗਿਆ। 1985 ਵਿੱਚ ਖੜੇ ਅਤੇ ਮਿਲੇ ਕਰਜ਼ੇ ਦਾ ਕੁੱਲ ਘਰੇਲੂ ਪੈਦਾਵਾਰ ਨਾਲ ਅਨੁਪਾਤ 19% ਜੋ ਮਾਰਚ 1991 ਵਿੱਚ 25% ਹੋ ਗਿਆ। (ਮਾਹਿਲ 199ਸ5)''

ਵਿਦੇਸ਼ੀ ਕਰਜ਼ਿਆਂ ਦੇ ਵੱਧ ਰਹੇ ਭਾਰ ਵਿੱਚੋਂ ਨਿਕਲਣ ਲਈ ਭਾਰਤ ਨੇ ਭਾਵੇਂ ਆਪਣਾ 47 ਟਨ ਸੋਨਾ ਗਹਿਣੇ ਰੱਖਿਆ ਪ੍ਰੰਤੂ ਫੇਰ ਵੀ ਭਾਰਤ ਦਾ ਦੀਵਾਲੀਆਪਣ ਦੂਰ ਨਹੀਂ ਹੋਇਆ। ਇਸ ਹਾਲਤ ਵਿੱਚ ਵਿਸ਼ਵੀਕਰਨ ਦੇ ਚਾਲਕ ਕੌਮਾਂਤਰੀ ਮੁਦਰਾ ਕੋਸ਼ ਅਤੇ ਸੰਸਾਰ ਬੈਂਕ ਵੱਲੋਂ ਵਿਸ਼ਵੀਕਰਨ ਦੀਆਂ ਨਵੀਆਂ ਸ਼ਰਤਾਂ ਤੇ ਕਰਜ਼ਾ ਦਿੱਤਾ ਜਾ ਰਿਹਾ ਸੀ ਜੋ ਭਾਰਤ ਸਰਕਾਰ ਨੇ ਬਿਨ੍ਹਾਂ ਵਿਚਾਰ ਕੀਤਿਆਂ ਚੁੱਕ ਲਿਆ। ਜਿਨ੍ਹਾਂ ਸ਼ਰਤਾਂ ਉਤੇ ਇਹ ਕਰਜ਼ਾ ਚੁੱਕਿਆ ਉਹਨ੍ਹਾਂ ਨਾਲ ਹੁਣ ਭਾਰਤ ਦੀ ਆਰਥਿਕਤਾ ਜਨਤਕ ਤੋਂ ਨਿੱਜੀ ਹੋ ਰਹੀ ਹੈ। ਜਨਤਕ ਖੇਤਰਾਂ ਵਿੱਚ ਨਿੱਜੀ ਅਦਾਰਿਆਂ ਨੂੰ ਨਿਵੇਸ਼ ਦੀ ਖੁੱਲ ਦਿੱਤੀ ਜਾ ਰਹੀ ਹੈ। ਸਰਕਾਰ ਆਪਣੇ ਜਨਤਕ ਅਦਾਰਿਆਂ ਵਿੱਚ ਸੁਧਾਰ ਕਰਨ ਲਈ ਸੋਚਦੀ ਤੱਕ ਨਹੀਂ ਇਸਦੇ ਨਤੀਜੇ ਵਜੋਂ ਭਾਰਤ ਵਿੱਚ ਹੁਣ ਸਿਹਤ, ਸਿੱਖਿਆ, ਆਵਾਜਾਈ ਆਦਿ ਸਹੂਲਤਾਂ ਮਹਿੰਗੀਆਂ ਹੋ ਰਹੀਆਂ ਹਨ। ਮਹਿੰਗੇ ਭਾਅ ਮਿਲ ਰਹੀਆਂ ਸਹੂਲਤਾਂ ਭਾਰਤ ਵਿੱਚ ਆਰਥਿਕ ਪਾੜਾ ਹੋਰ ਡੂੰਘਾ ਕਰ ਦਿੱਤਾ ਹੈ। ਇਸ ਪ੍ਰਕਾਰ ਵਿਸ਼ਵੀਕਰਨ ਭਾਰਤ ਵਿੱਚ ਆਰਥਿਕ ਵੰਡ ਪੈਦਾ ਕਰ ਰਿਹਾ ਹੈ।

''ਇਸ ਕਰਕੇ ਵਿਸ਼ਵੀਕਰਨ ਅਤੇ ਉਦਾਰੀਕਰਨ ਦੀ ਨੀਤੀ ਨੂੰ ਲਾਗੂ ਕਰਦੇ ਸਮੇਂ ਦੇਸ਼ ਦੀ ਸਮਰੱਥਾ, ਲੋੜਾਂ ਅਤੇ ਕਮਜ਼ੋਰੀਆਂ ਨੂੰ ਧਿਆਨ ਵਿੱਚ ਰੱਖਣ ਦੀ ਲੋੜ ਹੈ। ਇਸ ਨੂੰ ਪਰਵਾਹ ਵਿੱਚ ਨਹੀਂ ਸਗੋਂ ਸੋਚ ਸਮਝਕੇ ਆਪਣੀਆਂ ਲੋੜਾਂ ਅਤੇ ਸਮਰੱਥਾ ਅਨੁਸਾਰ ਹੀ ਅਪਣਾਉਣਾ ਅਤੇ ਰੱਦ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਇਸ ਪ੍ਰਕਿਰਿਆ ਤੋਂ ਸਰਕਾਰਾਂ ਨੂੰ ਆਪਣੀ ਜ਼ਿੰਮੇਵਾਰੀ ਤੋਂ ਭੱਜਣ ਦਾ ਬਹਾਨਾ ਵੀ ਨਹੀਂ ਵਰਤਣਾ ਚਾਹੀਦਾ। ਵਿਸ਼ਵੀਕਰਨ ਅਤੇ ਉਦਾਰੀਕਰਨ ਦੀ ਕਿਸੇ ਵੀ ਨੀਤੀ ਵਿੱਚ ਸਿੱਖਿਆ ਅਤੇ ਸਿਹਤ ਤੋਂ ਸਰਕਾਰ ਵੱਲੋਂ ਪੈਰ ਖਿਸਕਾਉਣਾ ਨਹੀਂ ਆਉਂਦਾ ਨਾ ਹੀ ਆਰਥਿਕ ਸੰਕਟ ਦੇ ਸਨਮੁੱਖ ਹੱਥ ਧਰਕੇ ਬੈਠੇ ਰਹਿਣਾ ਆਉਂਦਾ ਹੈ। (ਗਿੱਲ: 1999ਸ15) ਭਾਰਤ ਸਰਕਾਰ ਨੇ ਵਿਸ਼ਵੀਕਰਨ ਨੂੰ ਤਰਜੀਹ ਦੇਣ ਲਈ ਵਿਸ਼ੇਸ਼ ਨੀਤੀ ਅਪਣਾਉਣ ਦੀ ਬਜਾਏ ਡੰਗ ਟਪਾਉਊਨੀਤੀ ਅਪਣਾਈ ਹੋਈ ਹੈ। ਜਿਸ ਨਾਲ ਦੇਸ਼ ਦੀ ਆਰਥਿਕਤਾ ਖਤਰਨਾਕ ਮੋੜ ਤੇ ਪਹੁੰਚ ਚੁੱਕੀ ਹੈ।

10.7.2 **ਸਮਾਜਿਕ ਅਤੇ ਸੱਭਿਆਚਾਰਕ ਜੀਵਨ ਵਿੱਚ ਤਬਦੀਲੀ** :– ਵਿਸ਼ਵੀਕਰਨ ਦੀ ਪ੍ਰਕਿਰਿਆ ਆਰਥਿਕ ਨੀਤੀਆਂ ਘੜਨ ਜਾਂ ਵਿਸ਼ਵ ਵਪਾਰ, ਵਿਸ਼ਵ ਨਿਵੇਸ਼ ਅਤੇ ਵਿਸ਼ਵ ਵਿੱਤ ਤੱਕ ਹੀ ਸੀਮਤ ਨਹੀਂ ਹੈ। ਵਿਸ਼ਵੀਕਰਨ ਜਿੱਥੇ ਆਰਥਿਕ ਖੇਤਰ ਵਿੱਚ ਉਦਾਰੀਕਰਨ ਦੀ ਮੰਗ ਕਰਦਾ ਹੈ ਉਥੇ ਸਮਾਜਿਕ ਅਤੇ ਸੱਭਿਆਚਾਰਕ ਖੇਤਰ ਵਿੱਚ ਅਦਾਨ ਪ੍ਰਦਾਨ ਦੀ ਪ੍ਰਕਿਰਿਆ ਹੈ। ਵਿਸ਼ਵੀਕਰਨ ਦੀ ਪਹਿਲੀ ਮੁੱਖ ਲੋੜ ਵਿਸ਼ਵ ਮੰਡੀ ਹੈ ਅਤੇ ਵਿਸ਼ਵ ਮੰਡੀ ਦਾ ਵਿਸਥਾਰ ਇੱਕ ਨਵੇਂ ਵਿਸ਼ਵ ਸੱਭਿਆਚਾਰ ਦੀ ਮੰਗ ਦੂਸਰਾ ਵਿਸ਼ਵ ਪੱਧਰਾ ਅਦਾਨ ਪ੍ਰਦਾਨ ਵਿਸ਼ਵ ਪੱਧਰੀ ਭਾਸ਼ਾ, ਸੰਚਾਰ ਅਤੇ ਤਕਨੀਕ ਦੀ ਮੰਗ ਵੀ ਕਰਦਾ ਹੈ। ਇਸ ਪ੍ਰਕਾਰ ਵਿਸ਼ਵੀਕਰਨ ਦੇ ਪਸਾਰ ਆਰਥਿਕ ਹੱਦਾਂ ਪਾਰ ਕਰਕੇ ਸਮਾਜਿਕ ਅਤੇ ਸੱਭਿਆਚਾਰਕ ਖੇਤਰ ਵਿੱਚ ਵੱਡੀਆਂ ਤਬਦੀਲੀਆਂ ਦਾ ਕਾਰਨ ਹੋ ਨਿਬੜਦੇ ਹਨ।

ਵਿਸ਼ਵੀਕਰਨ ਦੇ ਸਿੱਟੇ ਵਜੋਂ ਸੂਚਨਾ ਤਕਨੀਕ, ਇਲੈਕਟ੍ਰਾਨਿਕ ਮੀਡੀਆ ਅਤੇ ਮਨੋਰੰਜਨ, ਇੰਟਰਨੈਟ, ਮਲਟੀਮੀਡੀਆ, ਟੈਲੀਵਿਜ਼ਨ ਖਾਸ ਕਰਕੇ ਸੈਟੇਲਾਈਟ ਟੈਲੀਵਿਜ਼ਨ ਨਾਲ ਦੁਨੀਆਂ ਭਰ ਦੇ ਸਮਾਜ, ਭਾਈਚਾਰੇ, ਕੌਮਾਂ ਅਤੇ ਭਾਸ਼ਾਈ ਗਰੁੱਪ ਇੱਕ ਦੂਸਰੇ ਨਾਲ ਆਪਣੇ ਤਜਰਬੇ ਸਾਂਝੇ ਕਰਨ ਲੱਗੇ ਹਨ। ਵਿਸ਼ਵ ਪੱਧਰਾ ਅੰਤਰ-ਸੰਚਾਰ ਦੁਨੀਆਂ ਵਿੱਚ ਨਵੀਆਂ ਤਬਦੀਲੀਆਂ ਦਾ ਕਾਰਨ ਹੈ। ਇਸ ਪ੍ਰਕਿਰਿਆ ਦੀ ਬਦੌਲਤ ਭਾਰਤੀ ਸਮਾਜ ਅਤੇ ਇਸ ਦੇ ਸੱਭਿਅਚਾਰ ਵਿੱਚ ਵੀ ਇਹਨਾਂ ਤਬਦੀਲੀਆਂ ਦੇ ਪ੍ਰਭਾਵ ਉਭਰਨੇ ਸ਼ੁਰੂ ਹੋ ਗਏ ਹਨ।

ਵਿਸ਼ਵੀਕਰਨ ਨਾਲ ਭਾਰਤ ਵਿੱਚ ਲੋਕਾਂ ਦੇ ਰਹਿਣ ਸਹਿਣ, ਖਾਣਪੀਣ, ਬੋਲਚਾਲ, ਪਹਿਰਾਵੇ ਅਤੇ ਸਮਾਜਿਕ ਜੀਵਨ ਜੀਣ ਦੇ ਢੰਗ ਤਰੀਕਿਆਂ ਵਿੱਚ ਤਬਦੀਲੀ ਆ ਰਹੀ ਹੈ। ਮੱਧ ਵਰਗ ਦੇ ਲੋਕ ਜ਼ਿਅਦਾਦਾਤਰ ਬਣੀਆਂ ਬਣਾਈਆਂ (ਰੈਡੀਮੇਡ) ਉਹ ਵੀ ਬਰੈਂਡਡ ਵਸਤਾਂ ਖਰੀਦਣ ਲੱਗੇ ਹਨ। ਲੋਕਾਂ ਵਿੱਚ ਉਪਭੋਗੀ ਰੁਚੀਆਂ ਭਾਰੂ ਹੋ ਰਹੀਆਂ ਹਨ। ਉਪਭੋਗਤਾ ਦਾ ਅਸਰ ਸਮਾਜਿਕ ਜੀਵਨ ਵਿੱਚ ਵੀ ਵੇਖਣ ਨੂੰ ਮਿਲਦਾ ਹੈ।ਰਿਸ਼ਤੇਦਾਰਾਂ ਅਤੇ ਦੋਸਤਾਂ ਮਿੱਤਰਾਂ ਨਾਲ ਹੁਣ ਸਾਂਝ ਮਤਲਬ ਤੱਕ ਸੀਮਤ ਹੁੰਦੀ ਜਾ ਰਹੀ ਹੈ। ਲੋਕੀ ਆਪਣੇ ਮਤਲਬ (ਕੰਮ) ਲਈ ਇੱਕ ਦੂਜੇ ਦੇ ਨੇੜੇ ਹੋ ਰਹੇ ਹਨ ਅਤੇ ਹੁਣ ਸੋਚ ਇਸ ਤਰ੍ਹਾਂ ਦੀ ਹੁੰਦੀ ਜਾ ਰਹੀ ਹੈ ਕਿ ਹਰ ਕੋਈ ਆਪਣੇ ਹਿੱਤਾਂ ਨੂੰ ਤਰਜੀਹ ਦੇਣ ਲੱਗ ਪਿਆ ਹੈ। ਸਮਾਜਿਕ ਸਰੋਕਾਰ ਸੁੰਗੜਦੇ ਜਾ ਰਹੇ ਹਨ ਅਤੇ ਸਮਾਜਿਕ ਕਾਇਦੇ-ਕਾਨੂੰਨ ਤੇ ਰੋਕਾਂ ਢਿੱਲੀਆਂ ਪੈ ਰਹੀਆਂ ਹਨ।

ਪਰਿਵਾਰ ਵਿੱਚ ਹੁਣ ਪਤੀ-ਪਤਨੀ, ਮਾਤਾ-ਪਿਤਾ ਤੇ ਬੱਚਿਆਂ ਦੇ ਆਪਸੀ ਸਬੰਧ ਵਿੱਚ ਤਰਕਸ਼ੀਲਤਾ ਭਾਰੂ ਹੁੰਦੀ ਜਾ ਰਹੀ ਹੈ। ਬੱਚੇ ਮਾਪਿਆ ਕੇ ਮੁਕਾਬਲੇ ਗਿਆਨ ਅਤੇ ਸੂਚਨਾ ਦੇ ਅਤਿ ਵਿਕਸਿਤ ਸਾਧਨਾ ਨਾਲ ਜੁੜਕੇ ਆਪਣੇ ਮਾਪਿਆ ਦੀ ਸੋਚ ਅਤੇ ਜੀਵਨ ਢੰਗ ਨਾਲੋਂ ਵੱਖਰਾ ਰਾਹ ਅਪਣਾਉਣ ਲੱਗੇ ਹਨ। ਪਰਿਵਾਰ ਵਿੱਚ ਪਤੀ-ਪਤਨੀ ਦੇ ਰਿਸ਼ਤੇ ਉੱਤੇ ਪੱਛਮੀ ਮੁਲਕਾਂ ਖਾਸ ਕਰਕੇ ਟੈਲੀਵਿਜ਼ਨ ਦੇ ਪ੍ਰਭਾਵ ਅਧੀਨ

ਤਲਾਕ ਦੀ ਦਰ ਵੱਧਦੀ ਜਾ ਰਹੀ ਹੈ। ਖਾਣ-ਪੀਣ ਪੱਖੋਂ ਹੁਣ ਲੋਕ ਹੋਟਲਾਂ, ਰੈਸਟੋਰੈਂਟਾਂ ਅਤੇ ਬਾਹਰ ਦੇ ਖਾਣੇ ਖਾਸ ਕਰਕੇ ਵਿਦੇਸ਼ੀ ਖਾਣਿਆਂ ਦਾ ਸੁਆਦ ਵੀ ਲੈਣ ਲੱਗੇ ਹਨ।

ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਵਿਆਹ ਉੱਤੇ ਲੱਗੀਆਂ ਸਮਾਜਿਕ ਰੋਕਾਂ ਢਿੱਲੀਆਂ ਪੈ ਰਹੀਆਂ ਹਨ। ਪ੍ਰਾਚੀਨ ਵਿਆਹ ਦੇ ਨਿਯਮਾਂ ਨੂੰ ਲਾਗੂ ਕਰਨ ਨਾਲੋਂ ਹੁਣ ਨੌਜਵਾਨ ਲੜਕੇ/ਲੜਕੀਆਂ ਆਪਣੀ ਬਰਾਦਰੀ, ਜਾਤ, ਵੰਸ਼ ਆਦਿ ਨਾਲੋਂ ਵਧੇਰੇ ਇੱਕ ਦੂਸਰੇ ਦੀ ਸੋਚ ਤੇ ਜੀਵਨ ਸ਼ੈਲੀ ਨੂੰ ਵੇਖ ਕੇ ਵਿਆਹ ਕਰਵਾ ਰਹੇ ਹਨ। ਵਿਆਹ ਲਈ ਸ਼ੁਭ ਮਹੂਰਤ ਨਾਲੋਂ ਹੁਣ ਛੁੱਟੀਆਂ ਜਾਂ ਸਹੂਲਤ ਨੂੰ ਮੁੱਖ ਰੱਖਦਿਆਂ ਜਾਣ ਲੱਗੇ ਹਨ। ਵਿਆਹ ਲਈ ਇੰਟਰਨੈਟ ਉੱਤੇ ਮੈਟਰੀਮੋਨੀਅਲ ਦਿੱਤੇ ਜਾਣ ਨਾਲ ਹੁਣ ਇਲਾਕੇ ਤੋਂ ਬਾਹਰ ਦੂਸਰੇ ਦੇਸ਼ਾਂ ਵਿੱਚੋਂ ਵੀ ਲਾੜੇ/ਲਾੜੀਆਂ ਲੱਭੀਆਂ ਜਾਣ ਲੱਗੀਆਂ ਹਨ। ਭਾਰਤ ਵਿੱਚ ਵਿਸ਼ਵੀਕਰਨ ਦੇ ਪ੍ਰਭਾਵ ਨਾਲ ਰਵਾਇਤੀ ਸਮਾਜਿਕ ਰੁਤਬੇ ਵਿੱਚ ਤਬਦੀਲੀ ਆ ਰਹੀ ਹੈ। ਇਸ ਪ੍ਰਕਿਰਿਆ ਨੇ ਦਲਿਤਾਂ ਅਤੇ ਔਰਤਾਂ ਨੂੰ ਆਪਣੇ ਅਧਿਕਾਰਾਂ ਪ੍ਰਤੀ ਚੇਤੰਨ ਹੋਣ ਵਿੱਚ ਭੂਮਿਕਾ ਨਿਭਾਈ ਹੈ। ਵਿਕਸਿਤ ਮੁਲਕਾਂ ਦੀਆਂ ਔਰਤਾਂ ਦੀ ਤਰ੍ਹਾਂ ਹੁਣ ਭਾਰਤ ਦੀਆਂ ਔਰਤਾਂ ਵੀ ਵਧੇਰੇ ਖੁੱਲ ਅਤੇ ਅਜ਼ਾਦੀ ਦੀ ਮੰਗ ਕਰਨ ਲੱਗੀਆਂ ਹਨ। ਪਿਛਲੇ ਕੁਝ ਕੁ ਸਾਲਾਂ ਵਿੱਚ ਹੀ ਔਰਤਾਂ ਦੇ ਪਹਿਰਾਵੇ, ਗਹਿਣਿਆਂ ਅਤੇ ਹਾਰ-ਸ਼ਿੰਗਾਰ ਵਿੱਚ ਵਿਦੇਸ਼ੀ ਪ੍ਰਭਾਵ ਵਿਖਾਈ ਦੇਣ ਲੱਗੇ ਹਨ। ਔਰਤਾਂ ਵਿੱਚ ਸਿਰ ਤੇ ਚੁੰਨੀ ਨਾ ਲੈਣ ਅਤੇ ਵਾਲ ਕਟਵਾਉਣ ਵਰਗੇ ਪ੍ਰਭਾਵ ਵਿਸ਼ਵੀਕਰਨ ਦੀ ਦੇਣ ਹਨ। ਇਸ ਤਰ੍ਹਾਂ ਸਦੀਆਂ ਤੋਂ ਸਮਾਜਿਕ-ਆਰਥਿਕ ਪੱਖ ਤੋਂ ਦੱਬੇ ਕੁਚਲੇ ਦਲਿਤ ਵਰਗ ਵਿੱਚ ਇੱਕ ਚੰਗਾ ਅਤੇ ਖੁਸ਼ਹਾਲ ਜੀਵਨ ਜਿਉਂਣ ਦੀ ਖਾਹਸ਼ ਪੈਦਾ ਹੋਈ ਹੈ।

ਸੱਭਿਆਚਾਰ ਦੇ ਖੇਤਰ ਵਿੱਚ ਵਿਸ਼ਵੀਕਰਨ ਦੀ ਪ੍ਰਕਿਰਿਆ ਦੇ ਪ੍ਰਭਾਵ ਅਧੀਨ, ਪਹਿਰਾਵੇ, ਖਾਣ-ਪੀਣ, ਬੋਲੀ, ਰਹਿਣ-ਸਹਿਣ, ਕਲਾਂ, ਸਾਹਿਤ, ਨਿਰਮਾਣਕਾਰੀ ਅਤੇ ਨਾਚ-ਗਾਣਿਆਂ ਵਿੱਚ ਤਬਦੀਲੀਆਂ ਸਪਸ਼ਟ ਨਜ਼ਰ ਆ ਰਹੀਆਂ ਹਨ। ਪੱਛਮੀ ਮੁਲਕਾਂ ਵਿੱਚ ਲੋਕ ਭਾਰਤੀ ਸੱਭਿਆਚਾਰ ਅਤੇ ਭਾਰਤ ਦੇ ਲੋਕ ਪੱਛਮੀ ਸੱਭਿਆਚਾਰ ਵੱਲ ਆਕਰਸ਼ਿਤ ਹੋ ਰਹੇ ਹਨ। ਸਾਡੇ ਨੌਜਵਾਨ ਮੁੰਡੇ-ਕੁੜੀਆਂ ਵਿੱਚ ਪੱਛਮੀ ਪਹਿਰਾਵੇ ਵਿੱਚ ਆਪਣੇ ਆਪ ਨੂੰ ਅਤਿ-ਆਧਿਨਿਕ ਕਹਾਉਣ ਅਤੇ ਸਮਝਣ ਦੀ ਰੁਚੀ ਪ੍ਰਬਲ ਹੋ ਰਹੀ ਹੈ। ਨਾਚ-ਗਾਣਿਆਂ ਵਿੱਚ ਪੱਛਮੀ ਅਤੇ ਭਾਰਤੀ ਸੰਸਕ੍ਰਿਤੀ ਦਾ ਮਿਸ਼ਰਨ ਹੋ ਰਿਹਾ ਹੈ। ਲੋਕ ਨਾਚਾਂ ਵਿੱਚ ਡਿਸਕੋ ਅਤੇ ਗਾਣਿਆਂ ਵਿੱਚ ਪੱਛਮੀ ਸਾਜ਼ਾਂ ਦੀਆਂ ਤਿੱਖੀਆਂ ਤੇ ਤੇਜ਼ ਧੁੰਨਾਂ ਭਾਰਤ ਦੇ ਹਰ ਕੋਨੇ ਵਿੱਚ ਵੱਜਦੀਆਂ ਆਪ ਸੁਣੀਆਂ ਜਾ ਸਕਦੀਆਂ ਹਨ। ਦੂਸਰੇ ਪਾਸੇ ਦੁਨੀਆਂ ਭਰ ਵਿੱਚ ਭਾਰਤੀ ਖਾਸ ਕਰਕੇ ਪੰਜਾਬੀ ਗਾਣੇ ਵੱਜ ਰਹੇ ਹਨ। ਕਿਉਂਕਿ ਸੱਭਿਆਚਾਰ ਦੇ ਪਦਾਰਥਕ ਪੱਖ ਨਾਲ ਮੰਡੀ ਦਾ ਬਹੁਤ ਨੇੜਲਾ ਸਬੰਧ ਹੈ। ਅੱਜ ਜਿਸ ਰਫਤਾਰ ਨਾਲ ਤਬਦੀਲੀਆਂ ਆ ਰਹੀਆਂ ਹਨ ਉਸ ਰਫਤਾਰ ਨਾਲ ਮੰਡੀ ਵੀ ਤਬਦੀਲ ਹੋ ਰਹੀ ਹੈ। ਤੇਜੀ ਨਾਲ ਬਦਲ ਰਹੇ ਮਨੁੱਖ ਦੀ ਮੰਗ ਦੀ ਪੂਰਤੀ ਲਈ ਹੁਣ ਵਿਸ਼ਵ ਮਾਰਕੀਟ ਉਸਦੀ ਪਹੁੰਚ ਵਿੱਚ ਹੈ। ਵਿਦੇਸਾਂ ਵਿੱਚ ਬਣਦੀਆਂ/ਵਿਕਦੀਆਂ ਚੀਜ਼ਾਂ ਹੁਣ ਭਾਰਤ ਵਿੱਚ ਮਿਲਣ ਲੱਗੀਆਂ ਹਨ ਜੋ ਭਾਰਤੀਆਂ ਦੀ ਵਿਦੇਸ਼ੀ ਵਸਤਾਂ ਪ੍ਰਤੀ ਖਿੱਚ ਵਿਸ਼ਵੀਕਰਨ ਦਾ ਨਤੀਜਾ ਹੈ।

ਵਿਸ਼ਵੀਕਰਨ ਨਾਲ ਅੰਗਰੇਜ਼ੀ ਸੰਪਰਕ ਭਾਸ਼ਾ ਵਜੋਂ ਉੱਭਰ ਰਹੀ ਹੈ। ਭਾਰਤ ਵਿੱਚ ਹੁਣ ਨੌਜਵਾਨ ਪੀੜ੍ਹੀ, ਅੰਗਰੇਜ਼ੀ ਬੋਲਣ ਅਤੇ ਸਿੱਖਣ ਵੱਲ ਵਿਸ਼ੇਸ਼ ਰੁਚੀ ਵਿਖਾ ਰਹੀ ਹੈ। ਨੌਜਵਾਨ ਅੰਗਰੇਜ਼ੀ ਬੋਲਣੀ ਆਪਣੀ ਸ਼ਾਨ ਸਮਝਣ ਲੱਗੇ ਹਨ। ਇਸ ਪ੍ਰਕਾਰ ਸਾਹਿਤ ਦੇ ਵੱਖ-ਵੱਖ ਪੱਖਾਂ ਵਿਚ ਸਾਹਿਤ ਸਿਰਜਣ ਲਈ ਲੇਖਕ ਜਿਹੜੇ ਨਵੇਂਤਜ਼ਰਬੇ ਕਰ ਰਹੇ ਹਨ ਉਸ ਵਿੱਚ ਵਿਸ਼ਵੀਕਰਨ ਦੀ ਪ੍ਰਕਿਰਿਆ ਦਾ ਬਹੁਤ ਵੱਡਾ ਯੋਗਦਾਨ ਹੈ।

ਸਮਾਜਿਕ ਤੇ ਸੱਭਿਆਚਾਰਕ ਖੇਤਰ ਵਿੱਚ ਆ ਰਹੀਆਂ ਤਬਦੀਲੀਆਂ ਦੇ ਸੁਭਾਅ ਨੂੰ ਵੇਖਿਆ ਜਾਵੇ ਤਾਂ ਅਸੀਂ ਦੋ ਪ੍ਰਕਾਰ ਦੇ ਰੁਝਾਨ ਗ੍ਰਹਿਣ ਕਰ ਰਹੇ ਹਾਂ। ਪਛੜੇ ਮੁਲਕ ਬਹੁਤ ਜਲਦੀ ਅਮੀਰ/ਵਿਕਸਿਤ ਮੁਲਕਾਂ ਦੇ ਅਜਿਹੇ ਤਜ਼ਰਬਿਆਂ ਤੋਂ ਜਾਣੂ ਹੋ ਗਏ ਹਨ ਜਿਥੇ ਹਾਲੇ ਤੱਕ ਇਹ ਮੁਲਕ ਪਹੁੰਚ ਦੇ ਸੁਪਨੇ ਵੀ ਨਹੀਂ ਲੈ ਸਕਦੇ ਸਨ। ਭਾਰਤ ਦੇ ਲੋਕਾਂ ਨੂੰ ਅੱਜ ਘਰ ਬੈਠੇ ਇਹ ਪਤਾ ਲੱਗਣ ਲੱਗ ਪਿਆ ਹੈ ਕਿ ਦੁਨੀਆਂ ਭਰ ਵਿੱਚ ਕੀ ਕੁਝ ਵਾਪਰ ਰਿਹਾ ਹੈ। ਸੋ ਦੂਸਰੇ ਲੋਕਾਂ ਨਾਲ ਅਦਾਨ-ਪ੍ਰਦਾਨ ਵਿਚੋਂ ਜਿਥੇ ਅੱਜ ਦੇ ਮਨੁੱਖ ਦੇ ਗਿਆਨ ਦਾ ਘੇਰਾ ਵਿਸ਼ਾਲ ਹੋ ਰਿਹਾ ਹੈ। ਇਹ ਵਿਸ਼ਾਲਤਾ ਇੱਕ ਨਵੇਂ ਵਿਸ਼ਵ-ਸੱਭਿਆਚਾਰ ਨੂੰ ਜਨਮ ਦੇ ਰਹੀ ਹੈ ਜਿਸ ਵਿੱਚ ਉਹ ਕੌਮਾਂ ਜੀਵਤ ਰਹਿਣਗੀਆਂ ਜਿਨ੍ਹਾਂ ਦੇ ਆਪਣੇ ਆਧਾਰ ਮਜ਼ਬੂਤ ਹੋਣਗੇ। ਦੂਸਰਾ ਰੁਝਾਨ ਖੇਤਰੀ (ਲੋਕਲ) ਸੱਭਿਆਚਾਰਾਂ ਵਿੱਚ ਆਪਸੀ ਹੋਂਦ ਅਤੇ ਪਛਾਣ ਦੇ ਮਸਲੇ ਉੱਭਰ ਰਹੇ ਹਨ। ਵਿਸ਼ਵੀਕਰਨ ਨਾਲ ਜਿਥੇ ਇੱਕ ਸੱਭਿਆਚਾਰ ਦੇ ਦੂਸਰੇ ਸੱਭਿਆਚਾਰਾਂ ਉੱਤੇ ਪ੍ਰਭਾਵ ਪੈਣ ਦੀਆਂ ਸੰਭਾਵਨਾਵਾਂ ਵੱਧ ਰਹੀਆਂ ਹਨ ਉੱਥੇ ਹਰ ਸੱਭਿਆਚਾਰ ਭਾਈਚਾਰੇ ਨੂੰ ਆਪਣੇ ਸੱਭਿਆਚਾਰ ਦੇ ਪਸਾਰ, ਪ੍ਰਚਾਰ ਲਈ ਸਾਧਨ ਵੀ ਮਿਲ ਰਹੇ ਹਨ। ਵਿਸ਼ਵ ਪੂੰਜੀਪਤੀ ਜਮਾਤ ਦੇ ਹਿੱਤ ਨਵੀਆਂ ਮੰਡੀਆਂ ਲੱਭਣ ਵਿੱਚ ਹਨ ਜਿਸ ਕਰਕੇ ਉਹ ਆਪਣੀ ਪਹੁੰਚ ਲਈ ਛੋਟੇ ਸੱਭਿਆਚਾਰਕ ਸਮੂਹਾਂ ਨੂੰ ਵੀ ਅਣਗੌਲਿਆ ਨਹੀਂ ਕਰਦੇ।

ਵਿਸ਼ਵੀਕਰਨ ਨਾਲ ਜਿਥੇ ਭਾਰਤੀ ਸੱਭਿਆਚਾਰ ਉੱਤੇ ਪੱਛਮੀ ਸੱਭਿਆਚਾਰ ਦਾ ਪ੍ਰਭਾਵ ਪੈ ਰਿਹਾ ਹੈ ਉੱਥੇ ਨਾਲ-ਨਾਲ ਭਾਰਤ ਦੇ

ਵੱਖ-ਵੱਖ ਸੱਭਿਆਚਾਰਕ ਸਮੂਹ ਵੀ ਆਪੋ-ਆਪਣੇ ਸੱਭਿਆਚਾਰਾਂ ਪ੍ਰਤੀ ਵਧੇਰੇ ਚੇਤੰਨ ਹੋ ਰਹੇ ਹਨ। ਉਦਾਹਰਣ ਵੱਜੋਂ ਟੈਲੀਵਿਜ਼ਨ ਉੱਤੇ ਵੱਖ-ਵੱਖ ਬੋਲੀਆਂ ਵਿੱਚ ਵੱਖ-ਵੱਖ ਚੈਨਲ 24 ਘੰਟਿਆਂ ਲਈ ਪ੍ਰੋਗਰਾਮ ਦੇ ਰਹੇ ਹਨ। ਪੰਜਾਬੀ ਬੋਲੀ ਵਿੱਚ ਹੁਣ ਚਾਰ ਚੈਨਲ ਚੱਲ ਰਹੇ ਹਨ ਜਦੋਂ ਕਿ ਵਿਸ਼ਵੀਕਰਨ ਦੀ ਪ੍ਰਕਿਰਿਆ ਤੋਂ ਪਹਿਲਾਂ ਪੰਜਾਬੀ ਲੇਖਕ ਇਹ ਮੰਗ ਕਰਦੇ ਸਨ ਕਿ ਦੂਰਦਸ਼ਨ ਤੋਂ ਪੰਜਾਬੀ ਪ੍ਰੋਗਰਾਮਾਂ ਦਾ ਸਮਾਂ ਵਧਾਇਆ ਜਾਵੇ ਪ੍ਰੰਤੂ ਹੁਣ ਸਮਾਂ ਵਧਾਉਣ ਤੋਂ ਅੱਗੇ ਪੰਜਾਬੀ ਚੈਨਲ, ਲੋਕਾਂ ਲਈ ਗੀਤ, ਸੰਗੀਤ, ਕੀਰਤਨ, ਖਬਰਾਂ, ਨਾਟਕਾਂ, ਫਿਲਮਾਂ ਅਤੇ ਮਨੋਰੰਜਨ ਦੇ ਹੋਰ ਢੰਗ ਰਾਹੀਂ ਆਪਣਾ ਪ੍ਰਭਾਵ ਪਾ ਰਹੇ ਹਨ। ਪੰਜਾਬੀ ਦੀ ਤਰ੍ਹਾਂ ਭਾਰਤ ਦੀਆਂ ਹੋਰਨਾਂ ਬੋਲੀਆਂ ਦੇ ਵੀ ਵੱਖ-ਵੱਖ ਚੈਨਲ ਚੱਲ ਰਹੇ ਹਨ। ਸੋ ਅਸੀ ਇਹ ਕਹਿ ਸਕਦੇ ਹਾਂ ਕਿ ਇੱਕ ਵਿਸ਼ਵ ਸੱਭਿਆਚਾਰ ਦੀ ਪ੍ਰਕਿਰਿਆ ਦੇ ਨਾਲ-ਨਾਲ ਲੋਕਲ ਸੱਭਿਆਚਾਰਕ ਪਛਾਣਾਂ ਪ੍ਰਤੀ ਚੇਤੰਨਤਾ ਵਿਸ਼ਵੀਕਰਨ ਦੀ ਦੇਣ ਹੈ।

**10.7.3 ਰਾਜਨੀਤਿਕ ਜੀਵਨ ਵਿੱਚ ਤਬਦੀਲੀ** :- ਵਿਸ਼ਵੀਕਰਨ ਦੀ ਪ੍ਰਕਿਰਿਆ ਨਾਲ ਭਾਰਤ ਦੀਆਂ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਪ੍ਰੋਗਰਾਮ ਅਤੇ ਭਾਰਤ ਦੀ ਰਾਜਨੀਤੀ ਵਿੱਚ ਮਹੱਤਵਪੂਰਨ ਤਬਦੀਲੀਆਂ ਆ ਰਹੀਆਂ ਹਨ। ਅਜ਼ਾਦੀ ਤੋਂ ਪਿਛੋਂ ਕਾਂਗਰਸ ਪਾਰਟੀ ਨੇ ਭਾਰਤ ਉੱਤੇ ਦੂਸਰੀਆਂ ਪਾਰਟੀਆਂ ਦੇ ਮੁਕਾਬਲੇ ਸਭ ਤੋਂ ਵੱਧ ਸਮੇਂ ਲਈ ਰਾਜ ਕੀਤਾ ਹੈ। ਕਾਂਗਰਸ ਪਾਰਟੀ ਵੱਲੋਂ ਲਾਗੂ ਕੀਤੀਆਂ ਨੀਤੀਆਂ ਨੂੰ 'ਨਹਿਰੂਮਾਡਲ' ਵਜੋਂ ਜਾਣਿਆ ਜਾਂਦਾ ਹੈ। ਪੰਡਤ ਜਵਾਹਰ ਲਾਲ ਨਹਿਰੂ ਕਿਉਂਕਿ ਸੋਵੀਅਤ ਯੂਨੀਅਨ ਦੇ ਸਮਾਜਵਾਦ ਤੋਂ ਪ੍ਰਭਾਵਿਤ ਸਨ ਇਸ ਕਰਕੇ ਅੰਸ਼ਕ ਰੂਪ ਵਿੱਚ ਉਨ੍ਹਾਂ ਭਾਰਤ ਵਿੱਚ ਸਮਾਜਵਾਦੀ ਨੀਤੀ ਦੇ ਤਹਿਤ ਭਾਰਤ ਦੀ ਅਰਥਵਿਵਸਥਾ ਨੂੰ ਵਿਕਸਤ ਕਰਨ ਦੀ ਕੋਸ਼ਿਸ਼ ਕੀਤੀ। ਸੋਵੀਅਤ ਯੂਨੀਅਨ ਦੇ ਸਮਾਜਵਾਦੀ ਢਾਂਚੇ ਦੇ ਢਹਿਢੇਰੀ ਹੋਣ ਨਾਲ ਅਤੇ ਆਰਥਿਕ ਸੰਕਟ ਦਾ ਦਬਾਅ ਵੱਧ ਜਾਣ ਕਰਕੇ ਕਾਂਗਰਸ ਪਾਰਟੀ ਨੂੰ ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਨਹਿਰੂ ਮਾਡਲ ਦਾ ਤਿਆਗ ਕਰਨਾ ਪਿਆ ਹੈ। ਹੁਣ ਕਾਂਗਰਸ ਪਾਰਟੀ ਦੀਆਂ ਸਰਕਾਰਾਂ ਜਨਤਕ ਅਦਾਰਿਆਂ ਦਾ ਭੋਗ ਪਾਕੇ ਨਿੱਜੀਕਰਨ ਵੱਲ ਜਾ ਰਹੀਆਂ ਹਨ। ਇਸ ਪ੍ਰਕਾਰ ਭਾਰਤੀ ਜਨਤਾ ਪਾਰਟੀ ਵਲੋਂ ਭਾਵੇਂ ਸਵਦੇਸ਼ੀ ਉੱਤੇ ਜ਼ੋਰ ਦਿੱਤਾ ਜਾਂਦਾ ਰਿਹਾ ਹੈ। ਪ੍ਰੰਤੂ ਅੰਤਰ-ਰਾਸ਼ਟਰੀ ਕਰਜ਼ੇ ਲੈਣ ਲਈ ਪਿਛਲੀ ਐਨ.ਡੀ.ਏ. ਸਰਕਾਰ ਨੇ ਵੀ ਨਿੱਜੀਕਰਨ ਵੱਲ ਉਹ ਕਦਮ ਪੁੱਟੇ ਜਿਹੜੇ ਕਾਂਗਰਸ ਪਾਰਟੀ ਨੇ ਧਰੇ ਸਨ। ਖੱਬੀਆਂ ਪਾਰਟੀਆਂ ਸੀ.ਪੀ.ਆਈ. ਅਤੇ ਸੀ.ਪੀ.ਐਮ. ਭਾਵੇਂ ਨਿੱਜੀਕਰਨ ਦੀਆਂ ਵਿਰੋਧੀ ਹਨ ਪ੍ਰੰਤੂ ਆਪਣੇ ਗਠਜੋੜ ਨੂੰ ਬਚਾਉਣ ਲਈ ਇਹ ਪਾਰਟੀਆਂ ਵੀ ਵਿਸ਼ਵੀਕਰਨ ਦੇ ਵਹਾਅ ਵਿੱਚ ਵਹਿ ਤੁਰੀਆਂ ਹਨ। ਭਾਰਤ ਦੀਆਂ ਸਰਕਾਰਾਂ ਵੱਲੋਂ ਵਿਸ਼ਵੀਕਰਨ ਦੇ ਤਹਿਤ ਲੱਗੀਆਂ ਸ਼ਰਤਾਂ ਨੂੰ ਮਜਬੂਰਨ ਮੰਨਣਾ ਪੈ ਰਿਹਾ ਹੈ ਅਤੇ ਆਪਣੀ ਜ਼ਿੰਮੇਵਾਰੀ ਤੋਂ ਬਚਣ ਲਈ ਵਿਸ਼ਵੀਕਰਨ ਅਤੇ ਨਿੱਜੀਕਰਨ ਹੁਣ ਸਰਕਾਰਾਂ ਲਈ ਇੱਕ ਰਾਹਤ ਦਾ ਕੰਮ ਕਰ ਰਿਹਾ ਹੈ।

ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਭਾਰਤ ਦੀ ਰਾਜਨੀਤੀ ਵਿੱਚ ਆ ਰਹੀਆਂ ਤਬਦੀਲੀਆਂ ਵਧੇਰੇ ਦਿਲਚਸਪ ਹਨ। ਇਸ ਪ੍ਰਕਿਰਿਆ ਨਾਲ ਹੋਏ ਵਿਸ਼ਵ ਪੱਧਰ ਅਦਾਨ-ਪ੍ਰਦਾਨ ਨੇ ਵੱਖ-ਵੱਖ ਇਲਾਕਿਆਂ ਦੇ ਲੋਕਾਂ ਦੀਆਂ ਇੱਕ ਚੰਗਾ ਜੀਵਨ ਜਿਊਣ ਦੀਆਂ ਇੱਛਾਵਾਂ ਨੂੰ ਜਗਾ ਦਿੱਤਾ ਹੈ। ਭਾਰਤ ਵਿੱਚ ਇੱਛਾ ਅਤੇ ਹਕੀਕਤ ਵਿੱਚ ਇੱਕ ਬਹੁਤ ਵੱਡਾ ਪਾੜਾ ਹੈ। ਵਿਅਕਤੀ ਜੋ ਵੇਖਦੇ ਜਾਂ ਸੋਚਦਾ ਹੈ ਉਸਦਾ ਪੂਰਾ ਹੋਣਾ ਸਮਾਜਿਕ-ਆਰਥਿਕ ਹਾਲਤਾਂ ਤੇ ਨਿਰਭਰ ਕਰਦਾ ਹੈ। ਰਾਜਨੀਤਿਕ ਪਾਰਟੀਆਂ ਅਤੇ ਆਗੂਆਂ ਪਾਸੋਂ ਲੋਕਾਂ ਨੂੰ ਜੋ ਉਮੀਦਾਂ ਲੱਗੀਆਂ ਹੁੰਦੀਆਂ ਹਨ ਉਹ ਪੂਰੀਆਂ ਨਹੀਂ ਹੁੰਦੀਆਂ। ਇਸਦੇ ਨਤੀਜੇ ਵਜੋਂ ਭਾਰਤ ਵਿੱਚ ਕਿਸੇ ਇੱਕ ਪਾਰਟੀ ਨੂੰ ਬਹੁਮਤ ਨਹੀਂ ਮਿਲਦਾ ਵਿਸ਼ਵੀਕਰਨ ਦੇ ਅਸਰ ਹੇਠ ਭਾਰਤ ਵਿੱਚ ਖੇਤਰੀਵਾਦ ਉੱਭਰ ਰਿਹਾ ਹੈ। ਰਾਸ਼ਟਰੀ ਪਾਰਟੀਆਂ ਕਮਜ਼ੋਰ ਹੋ ਰਹੀਆਂ ਹਨ ਅਤੇ ਖੇਤਰੀ ਪਾਰਟੀਆਂ ਮਜ਼ਬੂਤ ਹੋ ਰਹੀਆਂ ਹਨ। ਇਸ ਦੀ ਮੁੱਖ ਵਜ੍ਹਾ ਇਹ ਕਿ ਵੱਖ-ਵੱਖ ਖੇਤਰਾਂ ਦੇ ਲੋਕ ਆਪਣੇ ਹਿਤਾਂ ਪ੍ਰਤੀ ਚੇਤੰਨ ਹੋ ਰਹੇ ਹਨ।

ਵਿਸ਼ਵੀਕਰਨ ਦੀ ਪ੍ਰਕਿਰਿਆ ਦੇ ਪ੍ਰਭਾਵ ਸਦਕਾ ਮੱਧ ਵਰਗ ਅਤੇ ਜਾਤ ਇੱਕ ਸ਼ਕਤੀਸ਼ਾਲੀ ਤਾਕਤ ਵਜੋਂ ਉੱਭਰ ਕੇ ਸਾਹਮਣੇ ਆ ਰਹੇ ਹਨ। ਲੋਕਾਂ ਦੀਆਂ ਇੱਛਾਵਾਂ ਅਤੇ ਤ੍ਰਿਸ਼ਨਾਵਾਂ ਦਾ ਪੱਧਰ ਐਨਾ ਜ਼ਿਆਦਾ ਉੱਚਾ ਹੋ ਗਿਆ ਹੈ ਕਿ ਇੱਛਾਵਾਂ ਅਤੇ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਮੌਕਿਆਂ ਵਿੱਚ ਮੇਲ ਨਹੀਂ ਹੈ। ਇਸ ਨਾਲ ਤਣਾਅ, ਬੇਚੈਨੀ, ਇੱਥੋਂ ਤੱਕ ਕਿ ਹਿੰਸਾ ਅਤੇ ਜੁਰਮ ਵੀ ਪੈਦਾ ਹੋ ਰਿਹਾ ਹੈ। ਇਹ ਖਾੜਕੂਲਹਿਰਾ ਲਈ ਵੀ ਇੱਕ ਖੁਰਾਕ ਹੈ। ਸਮਾਜਿਕ ਅਤੇ ਆਰਥਿਕ ਵਿਕਾਸ ਨਾਲ ਆ ਰਹੇ ਸੰਰਚਨਾਤਮਕ ਪਰਿਵਰਤਨ ਨਾ ਸਿਰਫ ਖੇਤਰਾਂ ਵਿੱਚ ਗੜਬੜੀ ਪੈਦਾ ਕਰਦੇ ਹਨ ਸਗੋਂ ਇਹ ਭਵਿੱਖ ਵਿੱਚ ਖੇਤਰੀ ਟਕਰਾਅ ਨੂੰ ਪੈਦਾ ਕਰਨ ਦੇ ਵੀ ਸਮਰੱਥ ਹਨ, ਇਸ ਪ੍ਰਕਾਰ ਵਿਸ਼ਵੀਕਰਨ ਦੀ ਪ੍ਰਕਿਰਿਆ ਨਾਲ ਭਾਰਤੀ ਸਮਾਜ ਵਿੱਚ ਰਾਜਨੀਤਿਕ ਚੇਤੰਨਤਾ ਆਉਣ ਦੇ ਨਾਲ-ਨਾਲ ਰਾਜਨੀਤਿਕ ਟਕਰਾਵਾਂ ਦੇ ਹੋਰ ਤਿੱਖੇ ਹੋਣ ਦੀਆਂ ਸੰਭਾਵਨਾਵਾਂ ਹਨ। ਇਹ ਟਕਰਾਅ ਭਾਰਤ ਦੀ ਏਕਤਾ ਅਤੇ ਅਖੰਡਤਾ ਲਈ ਇੱਕ ਗੰਭੀਰ ਚੁਣੌਤੀ ਵਜੋਂ ਉੱਭਰ ਸਕਦੇ ਹਨ ਕਿਉਂਕਿ ਰਾਸ਼ਟਰੀਕਰਨ ਨਾਲ ਜਿਹੜੇ ਖੇਤਰਾਂ ਨੇ ਪਹਿਲਾਂ ਭਾਰਤ ਨਾਲ ਜੁੜਨਾ ਸੀ ਹੁਣ ਉਹ ਵਿਸ਼ਵੀਕਰਨ ਦੀ ਬਦੌਲਤ ਦੂਸਰੇ ਮੁਲਕਾਂ ਨਾਲ ਸਿੱਧੇ ਜੁੜ ਜਾਣਗੇ। ਵਿਸ਼ਵੀਕਰਨ ਦੇ ਦਬਾਅ ਇਹ ਮੰਗ ਕਰ ਰਹੇ ਹਨ ਕਿ ਭਾਰਤ ਦੇ ਰਾਜ ਜਾਂ ਲੋਕ ਸਿੱਧੇ ਤੌਰ ਤੇ ਸੰਸਾਰ ਵਪਾਰ ਵਿੱਚ ਸ਼ਾਮਲ ਹੋ ਸਕਣ ਜੇਕਰ ਇਹ ਖੁੱਲ

ਮਿਲ ਜਾਂਦੀ ਹੈ ਤਾਂ ਭਾਰਤ ਦੀ ਕੇਂਦਰੀ ਸੱਤਾ ਵੀ ਬਿਖਰਨੀ ਸ਼ੁਰੂ ਹੋ ਜਾਵੇਗੀ।

**ਆਪਣਾ ਗਿਆਨ ਪਰਖੋ**

1) ਵਿਸ਼ਵੀਕਰਨ ਨਾਲ ਭਾਰਤ ਦੀ ਅਰਥ ਵਿਵਸਥਾ ਵਿੱਚ ਕੀ ਤਬਦੀਲੀ ਆਈ ਹੈ ?

..........................................................................................................................................

..........................................................................................................................................

..........................................................................................................................................

..........................................................................................................................................

2) ਵਿਸ਼ਵੀਕਰਨ ਦੇ ਭਾਰਤੀ ਸਮਾਜ ਉੱਤੇ ਪ੍ਰਭਾਵ ਦੱਸੋ ?

..........................................................................................................................................

..........................................................................................................................................

..........................................................................................................................................

..........................................................................................................................................

**10.8 ਸਾਰ** :– ਵਿਸ਼ਵੀਕਰਨ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਦੇ ਅੰਤਰਗਤ ਵਪਾਰ, ਵਿੱਤ ਅਤੇ ਨਿਵੇਸ਼ ਕੌਮੀ ਹੱਦਾਂ ਨੂੰ ਉਲੰਘਕੇ ਵਿਸ਼ਵ ਭਰ ਵਿੱਚ ਫੈਲ ਰਿਹਾ ਹੈ। ਆਰਥਿਕ ਖੇਤਰ ਵਿੱਚ ਵਿਸ਼ਵੀਕਰਨ ਨੇ ਸਮਾਜਿਕ ਅਦਾਨ-ਪ੍ਰਦਾਨ ਲਈ ਨਵੀਆਂ ਸੰਭਾਵਨਾਵਾਂ ਪੈਦਾ ਕਰ ਦਿੱਤੀਆਂ ਹਨ। ਸੂਚਨਾ ਤਕਨੀਤ ਨਾਲ ਦੁਨੀਆਂ ਭਰ ਦੇ ਸੱਭਿਆਚਾਰਾਂ ਦੇ ਮੇਲ-ਜੋਲ ਨਾਲ ਜੀਵਨ ਦੇ ਢੰਗ ਤਰੀਕਿਆਂ ਵਿੱਚ ਤਬਦੀਲੀਆਂ ਆ ਰਹੀਆਂ ਹਨ। ਵਿਸ਼ਵੀਕਰਨ ਦਰਅਸਲ ਵਿਕਸਿਤ ਆਧੁਨਿਕੀਕਰਨ ਦਾ ਹੀ ਰੂਪ ਹੈ ਜਿਸ ਨੇ ਦੁਨੀਆਂ ਭਰ ਦੇ ਲੋਕਾਂ ਦੀਆਂ ਇੱਛਾਵਾਂ ਜਗਾ ਤਾਂ ਦਿੱਤੀਆਂ ਹਨ ਪਰ ਇਨ੍ਹਾਂ ਦੀ ਪੂਰਤੀ ਲਈ ਵੱਖ-ਵੱਖ ਸਮਾਜਾਂ ਵਿੱਚ ਤਬਦੀਲੀ ਦਾ ਇੱਕ ਨਵਾਂ ਦੌਰ ਸ਼ੁਰੂ ਹੋਇਆ ਹੈ। ਕਿਸੇ ਦੂਸਰੇ ਸਮਾਜ ਦੇ ਚੰਗੇ ਤੇ ਉਸਾਰੂ ਪ੍ਰਭਾਵ ਕਬੂਲਣੇ ਕੋਈ ਚਿੰਤਾ ਦਾ ਕਾਰਨ ਨਹੀਂ ਬਣਦੇ ਪ੍ਰੰਤੂ ਜਦੋਂ ਦੂਸਰੇ ਸਮਾਜਾਂ ਦੇ ਮਾੜੇ ਤਜ਼ਰਬਿਆਂ ਨਾਲ ਸਮਾਜ ਦੀਆਂ ਬੁਨਿਆਦਾਂ ਹਿੱਲਦੀਆਂ ਹਨ ਤਾਂ ਗੰਭੀਰ ਸਮੱਸਿਆਵਾਂ ਪੈਦਾ ਹੁੰਦੀਆਂ ਹਨ।

ਭਾਰਤ ਦੇ ਪ੍ਰਸੰਗ ਵਿੱਚ ਵਿਸ਼ਵੀਕਰਨ ਦੀ ਪ੍ਰਕਿਰਿਆ ਨੇ ਇੱਕ ਪਾਸੇ ਨਵੀਆਂ ਸੰਭਾਵਨਾਵਾਂ ਪੇਸ਼ ਕੀਤੀਆਂ ਹਨ ਦੂਸਰੇ ਪਾਸੇ ਭਾਰਤ ਨੂੰ ਵੀ ਨਵੀਆਂ ਮੁਸ਼ਕਲਾਂ ਵਿੱਚ ਵੀ ਪਾ ਦਿੱਤਾ ਹੈ। ਸਦੀਆਂ ਪੁਰਾਣੇ ਸਮਾਜਿਕ ਢਾਂਚੇ ਵਿੱਚ ਤੇਜ ਰਫਤਾਰ ਤਬਦੀਲੀਆਂ ਦਾ ਵਾਪਰਨਾ ਤਾ ਸ਼ੁਭ ਸ਼ਗਨ ਹੈ ਪ੍ਰੰਤੂ ਇਨ੍ਹਾਂ ਤਬਦੀਲੀਆਂ ਦੀ ਦਿਸ਼ਾ ਸਾਡੇ ਲਈ ਚਿੰਤਾ ਦਾ ਕਾਰਣ ਹੈ। ਅੱਜ ਸਾਡੀ ਨੌਜਵਾਨ ਪੀੜ੍ਹੀ ਆਪਣੀ ਤਹਿਜ਼ੀਬ ਨੂੰ ਤਿਆਗ ਕੇ ਵਿਦੇਸ਼ੀ ਜੀਵਨ ਸ਼ੈਲੀ ਨੂੰ ਅਪਣਾਉਣ ਵਿੱਚ ਆਪਣੀ ਸ਼ਾਨ ਸਮਝਣ ਲੱਗੀ ਹੈ। ਇਸ ਰੁਝਾਨ ਨੇ ਭਾਰਤ ਦੀਆਂ ਸਿਹਤਮੰਦ ਰਵਾਇਤਾਂ ਦਾ ਘਾਣ ਕਰ ਦਿੱਤਾ ਹੈ। ਸਮਾਜਿਕ ਸਾਂਝ ਵਿੱਚ ਤ੍ਰੇੜਾਂ, ਰਿਸ਼ਤਿਆਂ ਵਿੱਚ ਟੁੱਟ-ਭੱਜ, ਆਰਥਿਕ ਜੜ੍ਹਾਂ ਵਿੱਚ ਤੇਲ ਦੇਣ ਦਾ ਕੰਮ ਕਰ ਰਹੀਆਂ ਹਨ। ਅਰਥਿਕ ਖੇਤਰ ਵਿੱਚ ਵਿਸ਼ਵੀਕਰਨ ਨਾਲ ਵਿਦੇਸ਼ੀ ਕੰਪਨੀਆਂ ਆਪਣੀ ਮਨਾਪਲੀ ਬਣਾ ਰਹੀਆਂ ਹਨ ਤੇ ਭਵਿੱਖ ਵਿੱਚ ਆਪਣੇ ਜਾਲ ਵਿੱਚ ਭਾਰਤ ਨੂੰ ਫਸਾ ਕੇ ਲੁੱਟ-ਖਸੁੱਟ ਲਈ ਕਮਰਕੱਸੇ ਕਰ ਰਹੀਆਂ ਹਨ। ਰਾਜਨੀਤਿਕ ਖੇਤਰ ਵਿੱਚ ਵਿਸ਼ਵੀਕਰਨ ਨਵੇਂ ਅਤੇ ਤਿੱਖੇ ਟਕਰਾਵਾਂ ਨੂੰ ਜਨਮ ਦੇ ਰਿਹਾ ਹੈ ਅਤੇ ਭਾਰਤ ਵਿੱਚ ਖੇਤਰੀਵਾਦ ਇਸ ਦੀ ਉਦਾਹਰਣ ਹੈ।

## 10.9 ਅਭਿਆਸ ਲਈ ਪ੍ਰਸ਼ਨ

### ੳ) ਵੱਡੇ ਪ੍ਰਸ਼ਨ

1) ਵਿਸ਼ਵੀਕਰਨ ਕੀ ਹੈ ? ਇਸ ਨਾਲ ਭਾਰਤੀ ਸਮਾਜ ਵਿੱਚ ਕਿਹੜੀਆਂ ਤਬਦੀਲੀਆਂ ਆ ਰਹੀਆਂ ਹਨ ਵਿਸਥਾਰ ਵਿੱਚ ਚਰਚਾ ਕਰੋ।

2) ਵਿਸ਼ਵੀਕਰਨ ਦੀਆਂ ਪ੍ਰਮੁੱਖ ਵਿਸ਼ੇਸ਼ਤਾਈਆਂ ਬਿਆਨ ਕਰਕੇ ਇਸ ਦੇ ਭਾਰਤੀ ਸਮਾਜ ਉੱਤੇ ਪ੍ਰਭਾਵ ਦੱਸੋ ?

3) ਵਿਸ਼ਵੀਕਰਨ ਦੇ ਭਾਰਤੀ ਸਮਾਜ ਉੱਤੇ ਪੈ ਰਹੇ ਪ੍ਰਭਾਵਾਂ ਤੋਂ ਭਾਰਤ ਵਿੱਚ ਕੀ ਸੰਭਾਵਨਾਵਾਂ ਪੈਦਾ ਹੋ ਸਕਦੀਆਂ ਹਨ ? ਆਲੋਚਨਾਤਮਕ ਵਿਆਖਿਆ ਕਰੋ।

**ਅ) ਛੋਟੇ ਪ੍ਰਸ਼ਨ**

1) ਵਿਸ਼ਵੀਕਰਨ ਦੇ ਲੱਛਣ ਦੱਸੋ ?
2) ਵਿਸ਼ਵੀਕਰਨ ਤੋਂ ਤੁਹਾਡਾ ਕੀ ਭਾਵ ਹੈ ?
3) ਵਿਸ਼ਵੀਕਰਨ ਦੇ ਭਾਰਤੀ ਸੱਭਿਆਚਾਰ ਉੱਤੇ ਪ੍ਰਭਾਵ ਬਿਆਨ ਕਰੋ।
4) ਵਿਸ਼ਵੀਕਰਨ ਦੀ ਚੁਣੌਤੀ ਤੋਂ ਕੀ ਮਤਲਬ ਹੈ ?
5) ਵਿਸ਼ਵੀਕਰਨ ਦਾ ਭਾਰਤੀ ਆਰਥਿਕਤਾ ਤੇ ਕੀ ਅਸਰ ਪੈ ਰਿਹਾ ਹੈ ?
6) ਕੀ ਵਿਸ਼ਵੀਕਰਨ ਭਾਰਤ ਦੀ ਮਜ਼ਬੂਰੀ ਹੈ ?

## 10.10 ਸਹਾਇਕ ਸਮੱਗਰੀ


1) ਮਾਹਿਲ ਸਰਦਾਰਾ ਸਿੰਘ (1999) ਵਿਸ਼ਵੀਕਰਨ ਪਿਛੋਕੜ, ਤਜ਼ਰਬੇ ਤੇ ਭਵਿੱਖੀ ਸੰਭਾਵਨਾਵਾਂ, ਸਮਾਜ ਵਿਗਿਆਨ ਪੱਤਰ, ਵਿਸ਼ੇਸ਼ ਅੰਕ 47-48-49, ਪੰਨੇ ਤੋਂ 51 ਤੱਕ।
2. ..............................(1999) ਵਿਸ਼ਵੀਕਰਨ ਦੇ ਕੁਝ ਮੁਲਕਾਂ ਅਤੇ ਪੰਜਾਬ ਤੇ ਅਸਰ 'ਸਮਾਜ ਵਿਗਿਆਨ ਪੱਤਰ, ਵਿਸ਼ੇਸ਼ ਅੰਕ, ਉਪਰੋਕਤ, ਪੰਨੇ 7 ਤੋਂ 15 ਤੱਕ।
3) ਗਿੱਲ, ਸੁੱਚਾ ਸਿੰਘ (1999) ਵਿਸ਼ਵੀਕਰਨ, ਉਦਾਰੀਕਰਨ ਅਤੇ ਪੰਜਾਬੀ ਸਮਾਜ, 'ਸਮਾਜ ਵਿਗਿਆਨ ਪੱਤਰ' ਉਪਰੋਕਤ ਪੰਨੇ 7 ਤੋਂ 15 ਤੱਕ।
4) ਜੌਹਲ, ਸਰਦਾਰਾ ਸਿੰਘ (1999) ਆਰਥਿਕ ਉਦਾਰੀਕਰਨ ਅਤੇ ਵਿਸ਼ਵੀਕਰਨ, 'ਸਮਾਜ ਵਿਗਿਆਨ ਪੱਤਰ' ਉਪਰੋਕਤ ਪੰਨੇ 3 ਤੋਂ 8 ਤੱਕ।
5) Schuman, Frans J. (ed.) (2001) Globalization and Development Studies: Challenges for the 21st century, Vistaar Publications, New Delhi.
6) Taylor, Victor E. and Charles E. Winquist (2001) Encyclopedia of Postmodernism, Routledge, London, P-158.
7) Yogendra Singh (2000) Culture Change in India : identity and Globalization, Rawat Publication, Jaipure & New Delhi.


ਨੋਟ : ਇਹ ਪਾਠ **D.E.C.** ਦੀ ਵਿੱਤੀ ਸਹਾਇਤਾ ਨਾਲ ਲਿਖਿਆ ਗਿਆ ਹੈ।

ਪਾਠ ਨੰਬਰ : 2.7　　　　　　　　　　　　　　　　　　ਲੇਖਕ ਡਾ. ਹਰਿੰਦਰ ਕੌਰ

# ਯੋਜਨਾਬੱਧ ਸਮਾਜਿਕ ਪਰਿਵਰਤਨ : ਸਮੁਦਾਇਕ ਵਿਕਾਸ (Community Development)

**ਰੂਪ ਰੇਖਾ**


11.0 ਉਦੇਸ਼
11.1 ਜਾਣ-ਪਛਾਣ
11.2 ਪਰਿਭਾਸ਼ਾਵਾਂ
11.3 ਟੀਚੇ
- 11.3.1 ਖੇਤੀਬਾੜੀ ਦਾ ਵਿਕਾਸ
- 11.3.2 ਰੋਜ਼ਗਾਰ ਦੇਣ ਲਈ ਲਘੂ ਉਦਯੋਗਾਂ ਦੀ ਸਥਾਪਨਾ
- 11.3.3 ਸਿੱਖਿਆ ਅਤੇ ਸਿਹਤ ਸੇਵਾਵਾਂ ਪ੍ਰਦਾਨ ਕਰਨਾ
- 11.3.4 ਪਸ਼ੂਆਂ ਦੇ ਹਸਪਤਾਲਾਂ ਦੀ ਸਥਾਪਨਾ
- 11.3.5 ਮਨੋਰੰਜਨ ਦੇ ਸਾਧਨਾਂ ਦੀ ਵਿਵਸਥਾ
- 11.3.6 ਪੇਂਡੂ ਲੋਕਾਂ ਦੀ ਸਮੱਰਥਾ ਦਾ ਵਿਕਾਸ
- 11.3.7 ਪਿੰਡਾਂ ਦੀ ਸਫਾਈ
- 11.3.8 ਪੇਂਡੂ ਖੇਤਰਾਂ ਵਿੱਚ ਸੜਕਾਂ ਦਾ ਨਿਰਮਾਣ

11.4 ਸਮੂਹਿਕ ਵਿਕਾਸ ਯੋਜਨਾ ਦਾ ਆਲੋਚਨਾਤਮਕ ਅਧਿਐਨ
- 11.4.1 ਜਨਤਾ ਦੇ ਸਹਿਯੋਗ ਦੀ ਘਾਟ
- 11.4.2 ਆਰਥਿਕ ਕਾਰਜਾਂ ਦੀ ਬਜਾਇ ਕਲਿਆਣਕਾਰੀ ਕਾਰਜਾਂ ਨੂੰ ਵਧੇਰੇ ਮਹੱਤਵ ਦਿੱਤਾ ਗਿਆ
- 11.4.3 ਅਮੀਰ ਵਰਗ ਦੇ ਲੋਕਾਂ ਨੂੰ ਜ਼ਿਆਦਾ ਲਾਭ
- 11.4.4 ਪ੍ਰੋਗਰਾਮ ਦੇ ਵਿਕਾਸ ਅਤੇ ਰਾਸ਼ਟਰੀ ਸਾਧਨਾਂ ਵਿਚ ਤਾਲਮੇਲ ਦੀ ਘਾਟ
- 11.4.5 ਭਿੰਨ ਭਿੰਨ ਸੰਸਥਾਵਾਂ ਵਿਚ ਤਾਲਮੇਲ ਦੀ ਘਾਟ
- 11.4.6 ਨਿਸ਼ਚਿਤ ਪਹਿਲਾਂ ਦੀ ਅਣਹੋਂਦ
- 11.4.7 ਸਿਖਲਾਈਹੀਣ ਕਰਮਚਾਰੀ
- 11.4.8 ਭ੍ਰਿਸ਼ਟਾਚਾਰ
- 11.4.9 ਰਾਜਨੀਤਿਕ ਦਖਲ ਅੰਦਾਜੀ
- 11.4.10 ਪੰਜਾਇਤੀ ਰਾਜ ਦੀਆਂ ਸੰਸਥਾਵਾਂ ਦਾ ਨਿਪੁੰਨ ਨਾ ਹੋਣਾ
- 11.4.11 ਵਿਕਾਸ ਅਧਿਕਾਰੀਆਂ ਦੇ ਦ੍ਰਿਸ਼ਟੀਕੋਣ ਦਾ ਅਸਲੀਅਤ ਤੋਂ ਦੂਰ ਹੋਣਾ

11.5 ਸੁਧਾਰ ਦੇ ਉਪਾਅ
- 11.5.1 ਖੇਤੀ ਨੂੰ ਮਹੱਤਵ
- 11.5.2 ਵਿਅਕਤੀਗਤ ਹਿੱਤਾਂ ਦੀ ਬਜਾਇ ਸਰਵਜਨਕ ਹਿੱਤਾਂ ਤੇ ਜ਼ੋਰ ਦੇਣਾ
- 11.5.3 ਸਹਿਕਾਰੀ ਸਮਿਤੀਆਂ ਦਾ ਵਿਕਾਸ
- 11.5.4 ਪੰਚਾਇਤੀ ਰਾਜ ਨੂੰ ਉਤਸ਼ਾਹ ਦੇਣਾ

11.5.5 ਗਰਾਮ ਉਦਯੋਗ ਦਾ ਵਿਕਾਸ
11.5.6 ਤਾਲਮੇਲ
11.5.7 ਸਿਖਲਾਈ ਪ੍ਰਾਪਤ ਕਰਮਚਾਰੀ
11.6 ਸਾਰ
11.7 ਅਭਿਆਸ ਲਈ ਪ੍ਰਸ਼ਨ
11.8 ਉਪਯੋਗੀ ਪੁਸਤਕਾਂ

## 11.0 ਉਦੇਸ਼

- ਇਸ ਇਕਾਈ ਨੂੰ ਪੜ੍ਹਨ ਉਪਰੰਤ ਤੁਹਾਨੂੰ ਯੋਜਨਾਬੱਧ ਤਰੀਕੇ ਨਾਲ ਲਿਆਂਦੇ ਸਮਾਜਿਕ ਪਰਿਵਰਤਨ ਬਾਰੇ ਜਾਣਕਾਰੀ ਹਾਸਿਲ ਹੋਵੇਗੀ।
- ਤੁਸੀਂ ਸਮੁਦਾਇਕ ਵਿਕਾਸ ਪ੍ਰੋਗਰਾਮ ਦਾ ਵਿਸਥਾਰ ਪੂਰਵਕ ਗਿਆਨ ਹਾਸਿਲ ਕਰੋਗੇ।
- ਇਸ ਦੀਆਂ ਪਰਿਭਾਸ਼ਾਵਾਂ ਅਤੇ ਉਦੇਸ਼ਾਂ ਨੂੰ ਵਰਨਣ ਕਰਨ ਦੇ ਯੋਗ ਹੋਵੋਂਗੇ।
- ਇਸ ਯੋਜਨਾ ਦੇ ਨਾਕਾਮਯਾਬ ਹੋਣ ਦਾ ਮੁਲਅੰਕਣ ਕਰ ਸਕੋਗੇ।
- ਤੁਸੀਂ ਇਸਦੇ ਸੁਧਾਰ ਦੇ ਉਪਾਅ ਵੀ ਜਾਣ ਸਕੋਗੇ।

## 11.1 ਜਾਣ ਪਛਾਣ

ਜਿਵੇਂ ਕਿ ਅਸੀਂ ਪਹਿਲੇ ਪਾਠਾਂ ਵਿਚ ਪੜ੍ਹ ਚੁੱਕੇ ਹਾਂ ਕਿ ਸਾਡੇ ਸਮਾਜ ਵਿਚ ਨਿਰੰਤਰ ਬਦਲਾਓ ਆ ਰਿਹਾ ਹੈ। ਕਈ ਵਾਰ ਇਸ ਦੀ ਗਤੀ ਤੇਜ਼ ਹੁੰਦੀ ਹੈ ਅਤੇ ਕਈ ਵਾਰ ਮੱਧਮ। ਚਾਹੇ ਇਹ ਪਰਿਵਰਤਨ ਕ੍ਰਾਂਤੀ ਦੇ ਰੂਪ ਵਿਚ ਹੋਵੇ , ਵਿਕਾਸ ਦੇ ਰੂਪ ਵਿਚ ਜਾਂ ਫਿਰ ਸਹਿਜ ਵਿਕਾਸ ਦੁਆਰਾ, ਪਰ ਇਸ ਪਰਿਵਰਤਨ ਦਾ ਹੋਣਾ ਲਾਜ਼ਮੀ ਹੈ। ਇਸ ਪਰਿਵਰਤਨ ਜਾਂ ਬਦਲਾਓ ਲਈ ਕੋਈ ਇਕ ਕਾਰਕ ਜ਼ਿੰਮੇਵਾਰ ਨਹੀਂ ਪਰ ਫਿਰ ਵੀ ਇਸ ਗੱਲ ਤੇ ਜ਼ੋਰ ਦਿੱਤਾ ਜਾਂਦਾ ਹੈ ਕਿ ਆਰਥਿਕ ਕਾਰਕ ਇਸ ਪਰਿਵਰਤਨ ਵਿਚ ਅਹਿਮ ਰੋਲ ਅਦਾ ਕਰਦਾ ਹੈ। ਜਦੋਂ ਅਸੀਂ ਸਮੁਦਾਇਕ ਵਿਕਾਸ ਦੀ ਗੱਲ ਕਰਦੇ ਹਾਂ ਉਸਦਾ ਮੁੱਖ ਮੁੱਦਾ ਵੀ ਪੇਂਡੂ ਲੋਕਾਂ ਦੀ ਆਰਥਿਕ ਅਤੇ ਸਮਾਜਿਕ ਹਾਲਤ ਨੂੰ ਤਬਦੀਲ ਕਰਕੇ ਉਸ ਵਿਚ ਰਚਨਾਤਮਕ (constructive) ਪਰਿਵਰਤਨ ਲਿਆਉਣਾ ਸੀ। ਇਹ ਸਮਾਜਿਕ ਪਰਿਵਰਤਨ ਕਈ ਤਰੀਕਿਆਂ ਨਾਲ ਸੰਭਵ ਹੈ। ਜਿਵੇਂ ਕਿ ਸਹਿਜ ਵਿਕਾਸ ਵਿਚ ਜੋ ਬਦਲਾਓ ਸਮਾਜ ਵਿਚ ਵੇਖਣ ਨੂੰ ਮਿਲਦਾ ਹੈ ਉਹ ਹੌਲੀ ਹੌਲੀ ਪਰ ਲਗਾਤਾਰ ਤੇ ਆਪਣੇ ਆਪ ਬਾਹਰੀ ਹਾਲਤਾਂ ਦੇ ਪ੍ਰਭਾਵ ਕਾਰਨ ਹੁੰਦਾ ਹੈ। ਪਰ ਕਈ ਵਾਰ ਮਨੁੱਖ ਜਾਣ ਬੁੱਝ ਕੇ ਯੋਜਨਾਬੱਧ ਤਰੀਕੇ ਨਾਲ ਪਰਿਵਰਤਨ ਲਿਆਉਂਦਾ ਹੈ। ਸਰਕਾਰ ਨੇ ਲੋਕਾਂ ਦੇ ਸਮਾਜਿਕ ਅਤੇ ਆਰਥਿਕ ਪੱਧਰ ਨੂੰ ਉੱਚਾ ਚੁੱਕਣ ਲਈ ਅਤੇ ਉਸਨੂੰ ਬਦਲਣ ਲਈ ਕਈ ਯੋਜਨਾਵਾਂ ਚਲਾਈਆਂ ਜਿਵੇਂ ਸੰਯੁਕਤ ਪੇਂਡੂ ਵਿਕਾਸ ਯੋਜਨਾ, ਪੰਚਾਇਤੀ ਰਾਜ, ਉਦਯੋਗਿਕ ਨੀਤੀ ਆਦਿ। ਸਮੁਦਾਇਕ ਵਿਕਾਸ ਵੀ ਇਕ ਇਹੋ ਜਿਹੀ ਹੀ ਯੋਜਨਾਬੱਧ ਨੀਤੀ ਹੈ ਜਿਸ ਨਾਲ ਸਮਾਜ ਵਿਚ ਬਦਲਾਓ ਲਿਆਂਦਾ ਗਿਆ।

ਸਮੁਦਾਇਕ ਵਿਕਾਸ ਦਾ ਅਰਥ ਪੇਂਡੂ ਸਮੂਹ ਦਾ ਪੂਰਾ ਵਿਕਾਸ ਹੈ। ਸਮੁਦਾਇਕ ਵਿਕਾਸ ਨੇ ਸਮਾਜਿਕ ਪਰਿਵਰਤਨ ਲਿਆਉਣ ਵਿਚ ਬਹੁਤ ਯੋਗਦਾਨ ਪਾਇਆ ਹੈ। ਇਹੋ ਯੋਜਨਾ ਭਾਰਤ ਦੇ ਦਿਹਾਤੀ ਵਿਕਾਸ ਵੱਲ ਇਕ ਇਨਕਲਾਬੀ ਅੰਦੋਲਨ ਹੈ। ਭਾਰਤ ਇਕ ਖੇਤੀ ਪ੍ਰਧਾਨ ਦੇਸ਼ ਹੈ ਅਤੇ ਇਸਦੀ 70% ਵਸੋਂ ਪਿੰਡਾਂ ਵਿਚ ਰਹਿੰਦੀ ਹੈ। ਆਜ਼ਾਦੀ ਤੋਂ ਪਹਿਲਾਂ ਵਿਦੇਸ਼ੀ ਸਾਸ਼ਕਾਂ ਨੇ ਦਿਹਾਤੀ ਖੇਤਰ ਦੇ ਆਰਥਿਕ ਅਤੇ ਸਭਿਆਚਾਰਕ ਵਿਕਾਸ ਵੱਲ ਕੋਈ ਧਿਆਨ ਨਹੀਂ ਦਿੱਤਾ ਜਿਸ ਕਰਕੇ ਭਾਰਤ ਵਿਚ ਗਰੀਬੀ, ਅਨਪੜ੍ਹਤਾ, ਅਗਿਆਨਤਾ ਅਤੇ ਸਮਾਜਿਕ ਪਰੰਪਰਾਵਾਂ ਦੀ ਭਾਵਨਾ ਪ੍ਰਚਲਿਤ ਸੀ। ਆਜ਼ਾਦੀ ਤੋਂ ਬਾਅਦ ਇਹ ਮਹਿਸੂਸ ਕੀਤਾ ਗਿਆ ਕਿ ਰਾਸ਼ਟਰ ਦੀ ਤਰੱਕੀ ਤੱਦ ਤਕ ਨਹੀਂ ਹੋ ਸਕਦੀ ਜਦ ਤਕ ਦਿਹਾਤੀ ਖੇਤਰ ਦਾ ਵਿਕਾਸ ਅਤੇ ਪੁਨਰ-ਨਿਰਮਾਣ ਨਹੀਂ ਹੁੰਦਾ। ਪੇਂਡੂ ਸੁਧਾਰ ਸੰਬੰਧੀ ਕੋਈ ਵੀ ਯੋਜਨਾ ਉਸ ਸਮੇਂ ਤੱਕ ਸਫਲ ਨਹੀਂ ਹੋ ਸਕਦੀ ਜਦੋਂ ਤੱਕ ਸਥਾਨਕ ਦਿਹਾਤੀਆਂ ਤੋਂ ਸਮੂਹਿਕ ਸਹਿਯੋਗ ਤੇ ਚੰਗੀ ਭਾਵਨਾ ਨਹੀਂ ਮਿਲਦੀ। ਲੋਕ ਇਸਦੀ ਉਸਾਰੀ ਵਿਚ ਕ੍ਰਿਆਸ਼ੀਲ ਹਿੱਸਾ ਨਹੀਂ ਲੈਂਦੇ, ਇਸ ਯੋਜਨਾ ਦੇ ਉਦੇਸ਼ ਨੂੰ ਸਵੀਕਾਰ ਨਹੀਂ ਕਰਦੇ, ਇਸਨੂੰ ਆਪਣੀ ਹੀ ਯੋਜਨਾ ਨਹੀਂ ਸਮਝਦੇ ਅਤੇ ਇਸਨੂੰ ਲਾਗੂ ਕਰਨ ਦੇ ਲਈ ਕੁਰਬਾਨੀ ਦੇਣ ਦੇ ਲਈ ਤਿਆਰ ਨਹੀ ਹੁੰਦੇ। ਇਸ ਵਿਚਾਰ ਨੂੰ ਮੱਦੇ ਨਜ਼ਰ ਰਖਕੇ

ਭਾਰਤ ਸਰਕਾਰ ਨੇ ਦਿਹਾਤੀ ਵਿਕਾਸ ਦੇ ਲਈ ਸਮੁਦਾਇਕ ਵਿਕਾਸ ਦੀਆਂ ਯੋਜਨਾਵਾਂ ਦਾ ਰਾਹ ਅਪਣਾਇਆ। ਜਿਸ ਰਾਹੀਂ ਦਿਹਾਤੀ ਲੋਕਾਂ ਵਿਚ ਰਾਜਨੀਤਿਕ ਅਤੇ ਸਮਾਜਿਕ ਚੇਤਨਤਾ ਪੈਦਾ ਹੋ ਸਕੇ ਅਤੇ ਉਹ ਆਪਣੀਆਂ ਸਥਾਨਿਕ ਸਮੱਸਿਆਵਾਂ ਨੂੰ ਸੁਲਝਾਉਣ ਦੇ ਲਈ ਆਪਣੀ ਜ਼ਿੰਮੇਵਾਰੀ ਸਮਝ ਸਕਣ। ਇਹ ਪ੍ਰੋਗਰਾਮ 2 ਅਕਤੂਬਰ 1952 ਨੂੰ 55 ਪ੍ਰਯੋਗ ਪ੍ਰਾਜੈਕਟਾਂ ਉੱਤੇ ਲਾਗੂ ਕੀਤਾ ਗਿਆ।

ਇਸ ਯੋਜਨਾ ਵਿਚ ਪੇਂਡੂ ਸਮੂਹ ਦੇ ਲੋਕ ਚਹੁੰ ਪੱਖੀ ਵਿਕਾਸ ਲਈ ਸਰਕਾਰ ਨੂੰ ਪੂਰਾ ਸਹਿਯੋਗ ਦਿੰਦੇ ਹਨ। ਇਸ ਕਾਰਜ ਵਿਚ ਸਰਕਾਰ ਦੀ ਜ਼ਿੰਮੇਵਾਰੀ ਤਾਂ ਆਰਥਿਕ ਸਹਾਇਤਾ ਦੇਣਾ ਅਤੇ ਚੰਗਾ ਰਾਹ ਦਿਖਾਉਣਾ ਹੈ। ਇਨ੍ਹਾਂ ਕੋਸ਼ਿਸ਼ਾਂ ਰਾਹੀਂ ਪਿੰਡਾਂ ਵਿਚ ਖੇਤੀ ਸੰਬੰਧੀ ਅਤੇ ਉਦਯੋਗਿਕ ਪਿਛੜਾਪਨ, ਅਨਪੜ੍ਹਤਾ, ਗਰੀਬੀ ਆਦਿ ਨੂੰ ਦੂਰ ਕਰਨਾ ਹੈ। ਬਾਹਰੀ ਸੁਧਾਰਾਂ ਨਾਲ ਪਿੰਡਾਂ ਵਾਲਿਆਂ ਵਿਚ ਆਤਮ ਨਿਰਭਰਤਾ ਅਤੇ ਆਪਣੇ ਸਹਾਰੇ ਰਹਿਣ ਦੀ ਭਾਵਨਾ ਨੂੰ ਸੁਚੇਤ ਕਰਨ ਦੀ ਕੋਸ਼ਿਸ਼ ਕੀਤੀ ਗਈ। ਸਮੁਦਾਇਕ ਵਿਕਾਸ ਯੋਜਨਾ ਉਥੋਂ ਹੀ ਸ਼ੁਰੂ ਕੀਤੀ ਗਈ ਜਿਥੋਂ ਲੋਕਾਂ ਤੋਂ ਸਹਾਇਤਾ ਮਿਲਣ ਦੀ ਆਸ ਸੀ। ਪੇਂਡੂ ਵਿਕਾਸ ਪੰਚਾਇਤਾਂ, ਸਹਿਯੋਗੀ ਸੰਸਥਾਵਾਂ ਜ਼ਿਲ੍ਹਾ ਪਰਿਸ਼ਦਾਂ ਆਦਿ ਹੀ ਵਿਕਾਸ ਯੋਜਨਾ ਨੂੰ ਚਲਾਉਂਦੇ ਹਨ। ਨੌਜਵਾਨ ਸਭਾ, ਕਿਸਾਨ ਸਭਾ, ਸਕੂਲ ਅਤੇ ਸਹਿਯੋਗੀ ਸੰਸਥਾਵਾਂ ਇਸ ਪ੍ਰੋਗਰਾਮ ਦੇ ਮੁੱਖ ਆਧਾਰ ਹਨ। ਸਮੁਦਾਇਕ ਵਿਕਾਸ ਯੋਜਨਾ ਨੂੰ ਤਿੰਨ ਅਵਸਥਾਵਾਂ ਵਿਚ ਲਾਗੂ ਕੀਤਾ ਗਿਆ। ਪਹਿਲੀ ਅਵਸਥਾ ਰਾਸ਼ਟਰੀ ਵਿਸਥਾਰ ਸੇਵਾ ਦੀ ਸੀ। ਇਸਨੂੰ 2 ਅਕਤੂਬਰ 1963 ਵਿਚ ਲਾਗੂ ਕੀਤਾ ਗਿਆ। ਇਹ ਸਥਿਰ ਯੋਜਨਾ ਸੀ। ਪਰ ਸਮੁਦਾਇਕ ਵਿਕਾਸ ਯੋਜਨਾ ਨਾਲੋਂ ਇਸਦਾ ਖੇਤਰ ਛੋਟਾ ਸੀ। ਇਸਦੇ ਉਦੇਸ਼ ਸਮੁਦਾਇਕ ਯੋਜਨਾ ਵਾਲੇ ਹੀ ਸਨ। ਇਸੇ ਅਵਸਥਾ ਦੌਰਾਨ ਸਮੁਦਾਇਕ ਵਿਕਾਸ ਦੇ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਤਿਆਰੀ ਕੀਤੀ ਜਾਂਦੀ ਸੀ। ਦੂਜੀ ਅਵਸਥਾ ਵਿਚ ਸਰਕਾਰ ਤੇਜ਼ ਗਤੀ ਨਾਲ ਇਸ ਪ੍ਰੋਗਰਾਮ ਨੂੰ ਲਾਗੂ ਕਰਦੀ ਸੀ ਅਤੇ ਤੀਸਰੀ ਅਵਸਥਾ ਵਿਚ ਲੋਕਾਂ ਨੂੰ ਵਿਕਾਸ ਦੇ ਪ੍ਰੋਗਰਾਮ ਵਿਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਦੀ ਸੀ।

## 11.2 ਪਰਿਭਾਸ਼ਾਵਾਂ

ਅੰਤਰਰਾਸ਼ਟਰੀ ਦ੍ਰਿਸ਼ਟੀਕੋਣ ਦੇ ਅਨੁਸਾਰ, ਸਮੁਦਾਇਕ ਵਿਕਾਸ ਯੋਜਨਾ ਤੋਂ ਭਾਵ ਉਹ ਪ੍ਰਕ੍ਰਿਆ ਹੈ ਜਿਸ ਦੁਆਰਾ ਜਨਤਾ ਅਤੇ ਸਰਕਾਰ ਦੇ ਸਾਂਝੇ ਯਤਨਾਂ ਦੁਆਰਾ ਸਮੂਹਾਂ ਦੀ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਹਾਲਤ ਵਿਚ ਸੁਧਾਰ ਕਰਨ ਦਾ ਯਤਨ ਕੀਤਾ ਜਾਂਦਾ ਹੈ ਜੋ ਉਨ੍ਹਾਂ ਸਮੂਹਾਂ ਨੂੰ ਰਾਸ਼ਟਰੀ ਜੀਵਨ ਵਿਚ ਸੰਗਠਿਤ ਕਰਦੀ ਹੈ ਅਤੇ ਉਨ੍ਹਾਂ ਨੂੰ ਰਾਸ਼ਟਰੀ ਤਰੱਕੀ ਵਿਚ ਹਿੱਸਾ ਲੈਣ ਦੇ ਯੋਗ ਬਣਾ ਦਿੰਦੀ ਹੈ।

ਭਾਰਤ ਸਰਕਾਰ ਦੇ ਪ੍ਰਕਾਸ਼ਿਤ 'ਇੰਡੀਆ' ਵਿਚ ਸਮੁਦਾਇਕ ਵਿਕਾਸ ਬਾਰੇ ਲਿਖਿਆ ਗਿਆ ਹੈ, ''ਕਿ ਇਹ ਪੇਂਡੂਆਂ ਦੁਆਰਾ ਸੰਪਾਦਿਤ ਇਕ ਆਤਮ-ਨਿਰਭਰ ਪ੍ਰੋਗਰਾਮ ਹੈ ਅਤੇ ਇਹ ਸਰਕਾਰ ਜਾਂ ਜਨਤਾ ਨੂੰ ਸਿਰਫ ਰਾਹ ਦਿਖਾਉਂਦੀ ਹੈ।

ਕੈਂਮਬਰਿਜ ਸਮਰ ਕੌਨਫਰੈਂਸ ਔਨ ਅਫਰੀਕਣ ਐਡਮਿਨਿਸਟਰੇਸ਼ਨ ਅਨੁਸਾਰ, ''ਸਮੁਦਾਇਕ ਵਿਕਾਸ ਯੋਜਨਾ ਇਕ ਅਜਿਹਾ ਅੰਦੋਲਨ ਹੈ ਜਿਸ ਰਾਹੀਂ ਪੂਰਨ ਸਮਾਜ ਦੀ ਜ਼ਿੰਦਗੀ ਵਿਚ ਇਸ ਦੀਆਂ ਕੋਸ਼ਿਸ਼ਾਂ ਅਤੇ ਢੰਗਾਂ ਰਾਹੀਂ ਸੁਧਾਰ ਹੁੰਦਾ ਹੈ।"

**ਲੋਸ਼ਬੋ (Loshobough)** ਅਨੁਸਾਰ ''ਇਹ ਇਕ ਡੂੰਘੇ ਵਿਕਾਸ ਦੀ ਇਕ ਜਥੇਬੰਦ ਅਤੇ ਨਿਯੋਜਤ ਯੋਜਨਾ ਹੈ।"

**ਪ੍ਰੋ.ਏ.ਆਰ. ਦੇਸਾਈ** ਦਾ ਕਹਿਣਾ ਹੈ ਕਿ ''ਸੁਮਾਇਕ ਯੋਜਨਾ ਇਕ ਅਜਿਹੀ ਪ੍ਰਣਾਲੀ ਹੈ ਜਿਸ ਦੇ ਰਾਹੀਂ ਪੰਜ ਸਾਲਾਂ ਯੋਜਨਾ ਰਾਹੀਂ ਪਿੰਡਾਂ ਦੇ ਸਮਾਜਿਕ ਅਤੇ ਆਰਥਿਕ ਜੀਵਨ ਵਿਚ ਪਰਿਵਰਤਨ ਲਿਆਉਣ ਦੀ ਕੋਸ਼ਿਸ਼ ਕਰਦੀ ਹੈ।"

**ਯੋਜਨਾ ਕਮਿਸ਼ਨ** ਨੇ ''ਸਮੁਦਾਇਕ ਵਿਕਾਸ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ, ਕਿ ਇਹ ਇਕ ਦਿਹਾਤੀ ਸਮਾਜ ਵਿਚ ਪੁਰਾਣੀ ਜ਼ਿੰਦਗੀ ਤੋਂ ਪ੍ਰਗਤੀਸ਼ੀਲ ਜ਼ਿੰਦਗੀ ਵਿਚ ਪਰਿਵਰਤਨ ਕਰਨ ਵਾਲੀ ਪ੍ਰਕ੍ਰਿਆ ਹੈ।"

**ਸ੍ਰੀ ਜੈ. ਪ੍ਰਕਾਸ਼ ਨਰਾਇਣ** ਅਨੁਸਾਰ, ''ਸਮੁਦਾਇਕ ਵਿਕਾਸ ਪ੍ਰੋਗਰਾਮ ਵਿਚ ਲਗਭਗ ਸਭ ਚੀਜ਼ਾਂ,

ਨਵੀਂ ਸਮਾਜਿਕ ਪ੍ਰਣਾਲੀ ਦਾ ਨਿਰਮਾਣ, ਪੇਂਡੂ ਖੇਤਰ ਦੇ ਉਦਯੋਗੀਕਰਣ, ਖੇਤੀ-ਵਿਕਾਸ, ਸਿੱਖਿਆ ਦਾ ਪਸਾਰ, ਸਿਹਤ ਸੇਵਾਵਾਂ, ਰੋਜ਼ਗਾਰ ਦੇ ਸਾਧਨ ਗਰੀਬੀ ਤੇ ਜਿੱਤ, ਪਰਿਵਾਰ ਨਿਯੋਜਨ ਅਤੇ ਹੋਰ ਕਈ ਚੀਜ਼ਾਂ ਸ਼ਾਮਿਲ ਹਨ।"

### 11.3 ਟੀਚੇ ਜਾਂ ਮੰਤਵ

ਇਨ੍ਹਾਂ ਪਰਿਭਾਸ਼ਾਵਾਂ ਤੋਂ ਦੋ ਗੱਲਾਂ ਸਪਸ਼ਟ ਹੁੰਦੀਆਂ ਹਨ। ਪਹਿਲੀ, ਇਸ ਯੋਜਨਾ ਨੂੰ ਸਰਕਾਰ ਦੁਆਰਾ ਲੋਕਾਂ ਤੇ ਲੱਦਿਆ ਨਹੀਂ ਗਿਆ, ਸਗੋਂ ਇਹ ਲੋਕਾਂ ਦਾ ਆਪਣਾ ਪ੍ਰੋਗਰਾਮ ਹੈ, ਜਿਸ ਵਿਚ ਜਨਤਾ ਕ੍ਰਿਆਸ਼ੀਲ ਹੋ ਕੇ ਭਾਗ ਲੈਂਦੀ ਹੈ। ਇਸਦਾ ਉਦੇਸ਼ ਹੈ ਕਿ ਬਾਹਰੀ ਦਖਲ-ਅੰਦਾਜ਼ੀ ਘੱਟ ਤੋਂ ਘੱਟ ਕੀਤੀ ਜਾਵੇ ਤਾਂ ਕਿ ਸਾਰੇ ਲੋਕ ਆਤਮ ਨਿਰਭਰ ਹੋਣ ਅਤੇ ਦੂਜਿਆਂ ਤੇ ਨਿਰਭਰ ਰਹਿਣ ਦੀ ਪ੍ਰਵਿਰਤੀ ਘੱਟ ਹੋ ਜਾਵੇ। ਦੂਜੀ, ਇਸ ਯੋਜਨਾ ਰਾਹੀਂ ਜਿਥੇ ਭੌਤਿਕ ਵਿਕਾਸ ਦੀ ਕੋਸ਼ਿਸ਼ ਕੀਤੀ ਗਈ ਹੈ, ਉਥੇ ਲੋਕਾਂ ਦੇ ਵਿਚਾਰਾਂ ਤੇ ਮਨੋਵਿਰਤੀਆਂ ਵਿਚ ਵੀ ਪਰਿਵਰਤਨ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਕਿ ਲੋਕ ਆਪਣੀਆਂ ਸਮੱਸਿਆਵਾਂ ਦੇ ਪ੍ਰਤੀ ਸੁਚੇਤ ਹੋਣ ਅਤੇ ਉਨ੍ਹਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਨ। ਇਹ ਪ੍ਰੋਗਰਾਮ ਵਿਸ਼ਾਲ ਅਤੇ ਬਹੁਪੱਖੀ ਹੋਣ ਕਰਕੇ ਪੇਂਡੂ ਜੀਵਨ ਦੇ ਹਰ ਪਹਿਲੂ ਨਾਲ ਸੰਬੰਧਿਤ ਹੈ। ਇਸਦੇ ਪ੍ਰਮੁੱਖ ਟੀਚੇ ਜਾਂ ਮੰਤਵ ਹੇਠ ਲਿਖੇ ਹਨ:

#### 11.3.1 ਖੇਤੀਬਾੜੀ ਦਾ ਵਿਕਾਸ (Development of Agriculture) :

ਇਸ ਪ੍ਰੋਗਰਾਮ ਦਾ ਸਭ ਤੋਂ ਪਹਿਲਾ ਉਦੇਸ਼ ਸੀ, ਭਾਰਤੀ ਖੇਤੀਬਾੜੀ ਨੂੰ ਵਿਗਿਆਨਕ ਲੀਹਾਂ ਤੇ ਵਿਕਸਿਤ ਕਰਨਾ ਤਾਂ ਜੋ ਪੇਂਡੂ ਖੇਤਰ ਦੀ ਘੋਰ ਗਰੀਬੀ ਨੂੰ ਖਤਮ ਕੀਤਾ ਜਾ ਸਕੇ। ਇਸ ਪ੍ਰੋਗਰਾਮ ਦੇ ਅਧੀਨ ਖੇਤੀਬਾੜੀ ਦਾ ਵਿਕਾਸ ਕਰਨ ਦੇ ਲਈ ਸਰਕਾਰ ਵਲੋਂ ਹਰੇਕ ਸੰਭਵ ਕੋਸ਼ਿਸ਼ ਕੀਤੀ ਗਈ। ਸਰਕਾਰ ਵਲੋਂ ਲੋੜਵੰਦ ਕਿਸਾਨਾਂ ਨੂੰ ਸੁਧਰੇ ਹੋਏ ਬੀਜ, ਕੀੜੇਮਾਰ ਦਵਾਈਆਂ, ਸਿੰਜਾਈ ਸਹੂਲਤਾਂ ਅਤੇ ਖਾਦਾਂ ਵਗੈਰਾ ਖਰੀਦਣ ਲਈ ਵਿੱਤੀ ਸਹਾਇਤਾ ਮੁਹੱਈਆ ਕੀਤੀ ਜਾਂਦੀ ਸੀ ਤਾਂ ਜੋ ਕਿਸਾਨਾਂ ਦੀ ਮਾਲੀ ਹਾਲਤ ਵਿਚ ਸੰਤੋਸ਼ਜਨਕ (Satisfactory) ਸੁਧਾਰ (Improvement) ਹੋ ਸਕੇ। ਇਸਦੇ ਨਾਲ ਨਾਲ ਬੰਜਰ ਭੂਮੀ (Barren Land) ਦਾ ਵਿਕਾਸ ਕਰਨ ਲਈ ਭੂਮੀ ਦੀ ਕਟਾਈ (Land Erosion) ਨੂੰ ਰੋਕਣ ਲਈ ਵੀ ਕਿਸਾਨਾਂ ਦੀ ਮਦਦ ਕੀਤੀ ਜਾਂਦੀ ਸੀ। ਕਿਸਾਨਾਂ ਦੇ ਉਤਪਾਦਨ ਨੂੰ ਵੇਚਣ ਲਈ ਵੀ ਪ੍ਰਬੰਧ ਕੀਤੇ ਗਏ। ਮੁੱਕਦੀ ਗੱਲ, ਇਸ ਪ੍ਰੋਗਰਾਮ ਦੇ ਅੰਤਰਗਤ ਕਿਸਾਨਾਂ ਨੂੰ ਫਸਲ ਬੀਜਣ, ਉਗਾਉਣ, ਕੱਟਣ ਅਤੇ ਵੇਚਣ ਤੱਕ ਦੀਆਂ ਸਾਰੀਆਂ ਸਹੂਲਤਾਂ ਪ੍ਰਦਾਨ (Provide) ਕੀਤੀਆਂ ਜਾਂਦੀਆਂ ਹਨ।

#### 11.3.2 ਰੋਜ਼ਗਾਰ ਦੇਣ ਲਈ ਲਘੂ ਉਦਯੋਗਾਂ ਦੀ ਸਥਾਪਨਾ (Establishment of Small Industries for Providing Employment Opportunities) :

ਪੇਂਡੂ ਲੋਕਾਂ ਦੀ ਗਰੀਬੀ ਨੂੰ ਦੂਰ ਕਰਨ ਲਈ ਸਭ ਤੋਂ ਜ਼ਰੂਰੀ ਅਤੇ ਬੁਨਿਆਦੀ ਲੋੜ ਸੀ, ਉਨ੍ਹਾਂ ਨੂੰ ਰੋਜ਼ਗਾਰ ਦੇ ਸਾਧਨ ਮੁਹੱਈਆ ਕਰਵਾਉਣ ਦੀ। ਪੇਂਡੂ ਵਸੋਂ ਖੇਤੀਬਾੜੀ ਤੇ ਨਿਰਭਰ ਹੋਣ ਕਰਕੇ ਤਕਰੀਬਨ ਸਾਲ ਵਿਚ 8-9 ਮਹੀਨੇ ਵਿਹਲੀ ਰਹਿੰਦੀ ਸੀ। ਖੇਤੀਬਾੜੀ ਦਾ ਧੰਦਾ ਮੌਸਮੀ ਹੋਣ ਕਰਕੇ ਉਹ ਸਿਰਫ 2-3 ਮਹੀਨੇ ਹੀ ਕੰਮ ਕਰਦੇ ਸਨ। ਇਸ ਤੋਂ ਇਲਾਵਾ ਪਿੰਡਾਂ ਵਿਚ ਅਜਿਹੇ ਲੋਕਾਂ ਦੀ ਗਿਣਤੀ ਵੀ ਬਹੁਤ ਅਧਿਕ ਸੀ, ਜੋ ਆਪਣੇ ਰੋਜ਼ਗਾਰ ਲਈ ਅਸਿੱਧੇ ਤੌਰ ਤੇ ਖੇਤੀਬਾੜੀ ਨਾਲ ਹੀ ਜੁੜੇ ਹੋਏ ਸਨ। ਜਿਨ੍ਹਾਂ ਲੋਕਾਂ ਕੋਲ ਆਪਣੀ ਜ਼ਮੀਨ ਨਹੀਂ ਸੀ ਜਾਂ ਫਿਰ ਬਹੁਤ ਹੀ ਘੱਟ ਸੀ, ਉਹ ਖੇਤਾਂ ਵਿਚ ਦਿਹਾੜੀ ਵਗੈਰਾ ਕਰਕੇ ਹੀ ਆਪਣਾ ਡੰਗ ਸਾਰਦੇ ਸਨ। ਉਨ੍ਹਾਂ ਨੂੰ ਵੀ ਫਸਲ ਦੀ ਬਿਜਾਈ ਵੇਲੇ ਹੀ ਕੰਮ ਮਿਲਦਾ ਸੀ। ਬਾਕੀ ਸਮਾਂ ਉਹ ਵਿਹਲੇ ਰਹਿੰਦੇ ਸਨ। ਅਜਿਹੀ ਸਥਿਤੀ ਵਿਚ ਪੇਂਡੂ ਉਦਯੋਗਾਂ ਦੀ ਸਥਾਪਨਾ ਕਰਨਾ ਬੜਾ ਜ਼ਰੂਰੀ ਬਣ ਗਿਆ। ਪਿੰਡ ਪੱਧਰ ਤੇ ਛੋਟੇ ਉਦਯੋਗ ਸਥਾਪਿਤ ਕਰਕੇ ਇਹ ਸਮੱਸਿਆ ਕਾਫੀ ਹੱਦ ਤੱਕ ਸੁਲਝਾਈ ਜਾ ਸਕਦੀ ਸੀ। ਇਸੇ ਕਰਕੇ ਇਸ ਪ੍ਰੋਗਰਾਮ ਦੇ ਅਧੀਨ ਪੇਂਡੂ ਖੇਤਰ ਵਿਚ ਲਘੂ ਉਦਯੋਗ ਜਿਵੇਂ ਆਟਾ ਚੱਕੀ, ਟਰੈਕਟਰ ਵਰਕਸ਼ਾਪ, ਖਰਾਦ ਦਾ ਕੰਮ, ਹਵਾ ਭਰਨ ਵਾਲਾ ਸੈਟ, ਵਾਣ ਬਣਾਉਣਾ, ਖਾਦੀ ਬਣਾਉਣਾ ਅਤੇ ਖੇਤੀਬਾੜੀ ਸੰਦ ਬਨਾਉਣ ਵਾਲੀ ਵਰਕਸ਼ਾਪ ਵਗੈਰਾ ਸਥਾਪਤ ਕਰਕੇ ਪੇਂਡੂ ਲੋਕਾਂ ਨੂੰ ਰੋਜ਼ਗਾਰ ਦਿੱਤਾ ਗਿਆ। ਇਨ੍ਹਾਂ ਉਦਯੋਗਾਂ ਲਈ ਕੱਚਾ ਮਾਲ (raw material) ਸਥਾਨਕ ਪੱਧਰ ਤੇ ਮਿਲ ਜਾਂਦਾ ਸੀ। ਲਘੂ ਉਦਯੋਗ ਦੀ ਸਥਾਪਤੀ ਨਾਲ ਇਕ ਪਾਸੇ ਤਾਂ ਰੋਜ਼ਗਾਰ ਦੇ ਸਾਧਨ ਪੈਦਾ ਹੋਏ ਅਤੇ ਦੂਸਰੇ ਪਾਸੇ, ਪੇਂਡੂ ਵਸੋਂ ਦਾ ਖੇਤੀ ਬਾੜੀ ਉੱਤੇ ਦਬਾਅ ਵੀ ਘੱਟ ਗਿਆ । ਇਸ ਤਰ੍ਹਾਂ ਇਹ ਪ੍ਰੋਗਰਾਮ ਖੇਤੀਬਾੜੀ ਦੇ ਸਹਾਇਕ ਧੰਦੇ ਅਪਣਾਉਣ ਤੇ ਵੀ ਜ਼ੋਰ ਦਿੰਦਾ ਸੀ। ਲਘੂ ਉਦਯੋਗਾਂ ਦੀ ਸਥਾਪਨਾ ਨਾਲ ਅਤੇ ਸਮਾਜਿਕ ਧੰਦੇ ਅਪਨਾ ਕੇ ਪੇਂਡੂ ਲੋਕ ਆਪਣੇ ਆਪ ਨੂੰ ਖੁਸ਼ਹਾਲ ਬਣਾ ਸਕਦੇ ਸਨ।

**11.3.3 ਸਿੱਖਿਆ ਅਤੇ ਸਿਹਤ ਸੇਵਾਵਾਂ ਪ੍ਰਦਾਨ ਕਰਨਾ (Provision of Education and Health Services) :** ਸਮੂਹਿਕ ਵਿਕਾਸ ਦੇ ਅੰਤਰਗਤ ਗਰੀਬ ਪੇਂਡੂ ਲੋਕਾਂ ਨੂੰ ਸਿੱਖਿਆ ਅਤੇ ਸਿਹਤ ਸੇਵਾਵਾਂ ਮੁਹੱਈਆਂ ਕਰਨ ਦੀ ਵਿਵਸਥਾ ਕੀਤੀ ਗਈ ਸੀ ਤਾਂ ਜੋ ਪੇਂਡੂ ਲੋਕ ਪੜ੍ਹ ਲਿਖ ਕੇ ਆਪਣੀਆਂ ਸਮੱਸਿਆਵਾਂ ਪ੍ਰਤੀ ਚੇਤੰਨ ਹੋਣ ਅਤੇ ਉਨ੍ਹਾਂ ਨੂੰ ਦੂਰ ਕਰਨ ਲਈ ਯਤਨ ਵੀ ਕਰਨ। ਸਿੱਖਿਆ ਸਹੂਲਤਾਂ ਦੇਣ ਦਾ ਇਹ ਉਦੇਸ਼ ਸੀ ਕਿ ਪੇਂਡੂ ਲੋਕਾਂ ਨੂੰ ਮਹਿਸੂਸ ਕਰਵਾਇਆ ਜਾਏ ਕਿ ਸਮੱਸਿਆਵਾਂ ਦੇ ਹੱਲ ਉਨ੍ਹਾਂ ਨੂੰ ਆਪਣੇ ਆਗੂਆਂ ਅਤੇ ਆਪਣੀਆਂ ਸਵੈ-ਕੋਸ਼ਿਸ਼ਾਂ ਰਾਹੀਂ ਲੱਭਣੇ ਪੈਣਗੇ। ਅਨਪੜ੍ਹਤਾ ਵਰਗੀਆਂ ਸਮਾਜਿਕ ਲਾਹਨਤਾਂ ਨੂੰ ਖਤਮ ਕਰਨ ਲਈ ਪ੍ਰਾਇਮਰੀ ਸਕੂਲ ਅਤੇ ਮਿਡਲ ਸਕੂਲ ਖੋਲ੍ਹੇ ਗਏ ਤਾਂ ਜੋ ਪੇਂਡੂ ਲੋਕਾਂ ਦੇ ਬੱਚਿਆਂ ਨੂੰ ਪੜ੍ਹਾ ਲਿਖਾ ਕੇ ਜ਼ਿੰਮੇਵਾਰ ਬਣਾਇਆ ਜਾ ਸਕੇ। ਉਹ ਆਪਣੇ ਅਤੇ ਆਪਣੇ ਚੌਗਿਰਦੇ ਦੇ ਵਿਕਾਸ ਪ੍ਰਤੀ ਸੋਚਣ ਅਤੇ ਅਮਲੀ ਤੌਰ ਤੇ ਯਤਨ ਵੀ ਕਰਨ।

ਇਸ ਪ੍ਰੋਗਰਾਮ ਵਿਚ ਸਿੱਖਿਆ ਵਰਗੀਆਂ ਬੁਨਿਆਦੀ ਸਹੂਲਤਾਂ ਦੇ ਨਾਲ ਨਾਲ ਸਿਹਤ ਸੇਵਾਵਾਂ ਦੀ ਅਹਿਮੀਅਤ ਨੂੰ ਵੀ ਸਮਝਿਆ ਗਿਆ। ਇਨ੍ਹਾਂ ਸੇਵਾਵਾਂ ਨੂੰ ਯਕੀਨੀ ਬਣਾਉਣ ਲਈ ਪਿੰਡਾਂ ਵਿਚ ਹਸਪਤਾਲ ਖੋਲ੍ਹੇ ਗਏ ਜਿਥੇ ਮਲੇਰੀਆ ਅਤੇ ਚੇਚਕ ਵਰਗੀਆਂ ਛੂਆ ਛੂਤ ਦੀਆਂ ਬਿਮਾਰੀਆਂ ਦੇ ਇਲਾਜ ਲਈ ਅਤੇ ਇਨ੍ਹਾਂ ਨੂੰ ਵਧਣ ਤੋਂ ਰੋਕਣ ਲਈ ਲੋੜਵੰਦਾਂ ਨੂੰ ਦਵਾਈ ਦਿੱਤੀ ਜਾਂਦੀ ਸੀ। ਦੂਰ ਦੁਰਾਡੇ ਪੇਂਡੂ ਖੇਤਰਾਂ ਵਿਚ ਜਿਥੇ ਸਥਾਈ ਹਸਪਤਾਲ (Permanent Hospitals) ਨਹੀਂ ਸਨ, ਉਥੇ ਤੁਰਦੇ ਫਿਰਦੇ ਦਵਾਖਾਨਿਆਂ ਦਾ ਇੰਤਜ਼ਾਮ ਕੀਤਾ ਗਿਆ ਤਾਂ ਜੋ ਉਨ੍ਹਾਂ ਇਲਾਕਿਆਂ ਵਿਚ ਰਹਿਣ ਵਾਲੇ ਲੋਕਾਂ ਤੱਕ ਸਿਹਤ ਸੇਵਾਵਾਂ ਪਹੁੰਚਾਈਆਂ ਜਾ ਸਕਣ। ਜੇਕਰ ਪੇਂਡੂ ਲੋਕ ਤਕੜੇ ਹੋਣਗੇ ਤਾ ਹੀ ਉਹ ਆਪਣੀਆਂ ਸਮੱਸਿਆਵਾਂ ਨਾਲ ਮਜ਼ਬੂਤ ਇਰਾਦਿਆਂ ਨਾਲ ਜੂਝ ਸਕਣਗੇ।

**11.3.4 ਪਸ਼ੂਆਂ ਦੇ ਹਸਪਤਾਲਾਂ ਦੀ ਸਥਾਪਨਾ (Establishment of Vertirinary Hospitals):** ਪੇਂਡੂ ਲੋਕਾਂ ਦੀ ਜ਼ਿੰਦਗੀ ਵਿਚ ਪਸ਼ੂਆਂ ਦੀ ਬੜੀ ਅਹਿਮੀਅਤ ਹੁੰਦੀ ਹੈ। ਉਹ ਉਨ੍ਹਾਂ ਤੋਂ ਸਿਰਫ ਆਪਣੀ ਵਰਤੋਂ ਲਈ ਦੁੱਧ ਹੀ ਪ੍ਰਾਪਤ ਨਹੀਂ ਕਰਦੇ ਬਲਕਿ ਉਹ ਉਨ੍ਹਾਂ ਦੇ ਰੋਜ਼ਗਾਰ ਦਾ ਸਾਧਨ ਵੀ ਹਨ। ਪੇਂਡੂ ਲੋਕ ਖਾਸ ਤੌਰ ਤੇ ਸਮਾਜ ਦੇ ਪਿਛੜੇ ਵਰਗ ਆਪਣੀਆਂ ਰੋਜ਼-ਮਰ੍ਹਾ ਦੀਆਂ ਜ਼ਰੂਰਤਾਂ ਨੂੰ ਪੂਰਿਆਂ ਕਰਨ ਲਈ ਆਪਣੇ ਪਸ਼ੂਆਂ ਤੇ ਪੂਰੀ ਤਰ੍ਹਾਂ ਨਿਰਭਰ ਸਨ। ਛੋਟੇ ਕਿਸਾਨ ਜਿਨ੍ਹਾਂ ਕੋਲ ਜ਼ਮੀਨ ਬਹੁਤ ਘੱਟ ਸੀ, ਆਪਣੀਆਂ ਰੋਜ਼ਾਨਾ ਜ਼ਰੂਰਤਾਂ ਦਾ ਖਰਚ ਆਪਣੇ ਪਸ਼ੂਆਂ ਦਾ ਦੁੱਧ ਵੇਚਕੇ ਹੀ ਪੂਰਾ ਕਰਦੇ ਸਨ। ਇਹ ਗੱਲ ਕਹੀ ਜਾ ਸਕਦੀ ਹੈ ਕਿ ਸਮੁੱਚੇ ਪੇਂਡੂ ਵਰਗ ਦੇ ਲਈ ਉਹਨਾਂ ਦੇ ਪਸ਼ੂ ਬੜਾ ਕੀਮਤੀ ਸਰਮਾਇਆ ਸਨ। ਪਰ ਅਕਸਰ ਇਹ ਦੇਖਣ ਵਿਚ ਆਉਂਦਾ ਹੈ ਕਈ ਵਾਰ ਇਹ ਪਸ਼ੂ ਯੋਗ ਇਲਾਜ ਦੀ ਘਾਟ ਕਰਕੇ ਮਰ ਜਾਂਦੇ ਹਨ ਅਤੇ ਉਨ੍ਹਾਂ ਸਾਰੇ ਲੋਕਾਂ ਦਾ ਆਰਥਿਕ ਨੁਕਸਾਨ ਹੁੰਦਾ ਸੀ ਜੋ ਪਸ਼ੂਆਂ ਤੋਂ ਹੋਣ ਵਾਲੀ ਆਮਦਨ ਤੋਂ ਗੁਜ਼ਾਰਾ ਕਰਦੇ ਸਨ।

ਇਸੇ ਸਮੱਸਿਆ ਨੂੰ ਧਿਆਨ ਵਿਚ ਰੱਖਦੇ ਹੋਏ ਸਮੂਹਿਕ ਵਿਕਾਸ ਪ੍ਰੋਗਰਾਮ ਅਧੀਨ ਪਸ਼ੂਆਂ ਦੀ ਸੰਭਾਲ ਤੇ ਖਾਸ ਤੌਰ ਤੇ ਜ਼ੋਰ ਦਿੱਤਾ ਗਿਆ। ਇਸ ਨੂੰ ਮੁੱਖ ਰੱਖਦੇ ਹੋਏ ਪਿੰਡ ਦੇ ਹਸਪਤਾਲਾਂ ਵਿਚ ਪਸ਼ੂ ਸੰਬੰਧੀ ਮਸ਼ਵਰਾ ਅਤੇ ਦੁਆਈ ਦਿੱਤੀ ਜਾਂਦੀ ਸੀ। ਇਨ੍ਹਾਂ ਹਸਪਤਾਲਾਂ ਵਿਚ ਨਾ ਸਿਰਫ ਪਸ਼ੂਆਂ ਦਾ ਇਲਾਜ ਹੀ ਕੀਤਾ ਜਾਂਦਾ ਸੀ ਬਲਕਿ ਮਾਹਿਰਾਂ ਵੱਲੋਂ ਕਿਸਾਨਾਂ ਨੂੰ ਉਨ੍ਹਾਂ ਦੇ ਪਸ਼ੂਆਂ ਦੀ ਨਸਲ ਸੁਧਾਰਨ ਲਈ ਵੀ ਪ੍ਰੇਰਿਤ ਕੀਤਾ ਜਾਂਦਾ ਸੀ। ਸੋ ਇਹ ਕਿਹਾ ਜਾ ਸਕਦਾ ਹੈ ਕਿ ਸਮੂਹਿਕ ਵਿਕਾਸ ਪ੍ਰੋਗਰਾਮ ਦੇ ਅਧੀਨ ਨਾ ਸਿਰਫ ਮਨੁੱਖੀ ਸਿਹਤ ਸੰਭਾਲ ਨੂੰ ਪ੍ਰਾਥਮਿਕਤਾ ਦਿੱਤੀ ਗਈ, ਬਲਕਿ ਪਸ਼ੂਆਂ ਦੀ ਸਾਂਭ ਲਈ ਵੀ ਖਾਸ ਉਪਰਾਲੇ ਕੀਤੇ ਗਏ।

**11.3.5 ਮਨੋਰੰਜਨ ਦੇ ਸਾਧਨਾਂ ਦੀ ਵਿਵਸਥਾ (Provision of Entertainment Sources) :** ਇਸ ਪ੍ਰੋਗਰਾਮ ਦੇ ਕਈ ਹੋਰ ਉਦੇਸ਼ਾਂ ਦੇ ਨਾਲ ਨਾਲ, ਲੋਕਾਂ ਦਾ ਬੋਧਿਕ ਤੌਰ ਤੇ ਵਿਕਾਸ ਕਰਨ ਲਈ ਅਤੇ ਉਨ੍ਹਾਂ ਨੂੰ ਆਪਣੇ ਦੇਸ਼ ਅਤੇ ਸੰਸਾਰ ਨਾਲ ਜੋੜਨ ਲਈ ਰੇਡੀਉ ਸੈਟ ਦਿੱਤੇ ਗਏ। ਸਿਆਣਿਆਂ ਦਾ ਅਖਾਣ ਹੈ ਕਿ ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ। ਇਹ ਗੱਲ ਪੇਂਡੂ ਲੋਕਾਂ ਤੇ ਪੂਰੀ ਤਰ੍ਹਾਂ ਢੁਕਦੀ ਹੈ। ਉਹ ਕਈ ਵਾਰ ਆਪਣੇ ਕੰਮਾਂ ਤੋਂ ਵਿਹਲੇ ਹੋ ਕੇ ਆਪਸੀ ਲੜਾਈ ਝਗੜੇ ਵਿਚ ਫਸ ਜਾਂਦੇ ਹਨ, ਪਰੰਤੂ ਜੇਕਰ ਉਨ੍ਹਾਂ ਨੂੰ ਮਨੋਰੰਜਨ ਦੇ ਸਾਧਨ ਪ੍ਰਦਾਨ ਕੀਤੇ ਜਾਣ ਤਾਂ ਉਹ ਆਪਣਾ ਵਿਹਲਾ ਸਮਾਂ ਲੜਨ ਦੀ ਬਜਾਏ ਕਿਸੇ ਚੰਗੇ ਪਾਸੇ ਬਿਤਾ ਸਕਦੇ ਹਨ। ਸੋ ਇਸ ਪ੍ਰੋਗਰਾਮ ਦੇ ਅਧੀਨ ਪੇਂਡੂ ਲੋਕਾਂ ਨੂੰ ਮਨੋਰੰਜਨ ਦੇ ਸਾਧਨ ਮੁਹੱਈਆ ਕਰਵਾਏ ਗਏ ਤਾਂ ਜੋ ਪੇਂਡੂ ਲੋਕਾਂ

ਦਾ ਬੋਧਿਕ ਵਿਕਾਸ ਕਰਕੇ ਉਨ੍ਹਾਂ ਦਾ ਗਿਆਨ ਵਧਾਇਆ ਜਾ ਸਕੇ। ਇਸ ਨਾਲ ਉਨ੍ਹਾਂ ਦੇ ਮਨੋਰੰਜਨ ਲਈ ਲੋਕ ਸੰਪਰਕ ਵਿਭਾਗ ਵਲੋਂ ਕਈ ਫਿਲਮਾਂ ਅਤੇ ਡਰਾਮੇ ਵੀ ਵਿਖਾਏ ਜਾਂਦੇ ਸਨ, ਜਿਨ੍ਹਾਂ ਰਾਹੀਂ ਪੇਂਡੂ ਲੋਕਾਂ ਵਿਚ ਭਰਾਤਰੀ ਭਾਵ ਪੈਦਾ ਕੀਤਾ ਜਾ ਸਕਦਾ ਸੀ। ਉਨ੍ਹਾਂ ਨੂੰ ਵਿਕਾਸ ਦੇ ਕੰਮਾਂ ਵਿਚ ਭਾਗ ਲੈਣ ਲਈ ਪ੍ਰੇਰਿਆ ਗਿਆ ਅਤੇ ਕਈ ਹੋਰ ਮਹੱਤਵਪੂਰਨ ਗੱਲਾਂ, ਜੋ ਕਿ ਉਨ੍ਹਾਂ ਦੇ ਵਿਕਾਸ ਨਾਲ ਸੰਬੰਧਿਤ ਸਨ ਵੀ ਇਸ ਪ੍ਰਗਰਾਮ ਅਧੀਨ ਸਿਖਾਈਆਂ ਗਈਆਂ।

**11.3.6 ਪੇਂਡੂ ਲੋਕਾਂ ਦੀ ਸਮਰੱਥਾ ਦਾ ਵਿਕਾਸ (Development of the Competence of Rural People):** ਇਸ ਪ੍ਰੋਗਰਾਮ ਦੇ ਅਧੀਨ ਪਹਿਲੀ ਵਾਰ ਪੇਂਡੂ ਲੋਕਾਂ ਦੀ ਸਮਰੱਥਾ ਨੂੰ ਪਛਾਣਿਆ ਗਿਆ। ਸਰਕਾਰ ਵਲੋਂ ਵਿਕਾਸ ਪ੍ਰੋਗਰਾਮ ਨੂੰ ਲਾਗੂ ਕਰਨ ਵਾਲੀਆਂ ਬਹੁਤ ਸਾਰੀਆਂ ਸੰਸਥਾਵਾਂ ਦਾ ਇਹ ਵਿਚਾਰ ਹੈ ਕਿ ਜਦ ਤਕ ਪੇਂਡੂ ਲੋਕ ਆਪਣੀ ਸਮਰੱਥਾ ਦੀ ਪਛਾਣ ਕਰਕੇ, ਆਪਣੇ ਤੌਰ ਤੇ ਵਿਕਾਸ ਲਈ ਹੰਭਲਾ ਨਹੀਂ ਮਾਰਦੇ ਉਦੋਂ ਤੱਕ ਉਨ੍ਹਾਂ ਦਾ ਵਿਕਾਸ ਕਰਨਾ ਕਠਿਨ ਹੈ। ਲੋੜ ਕੇਵਲ ਇਸ ਗੱਲ ਦੀ ਹੈ ਜੇਕਰ ਤੁਸੀਂ ਇਸ ਦੀ ਵਰਤੋਂ ਕਰੋ ਤਾਂ ਨਿਸ਼ਚੇ ਹੀ ਵਿਕਾਸ ਦੀਆਂ ਮੰਜ਼ਲਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਇਸ ਪ੍ਰੋਗਰਾਮ ਅਧੀਨ ਸਰਕਾਰ ਵਲੋਂ ਲੋਕਾਂ ਦੀ ਸਮਰੱਥਾ ਦਾ ਵਿਕਾਸ ਕਰਕੇ ਉਹਨਾਂ ਦੀ ਮਦਦ ਅਤੇ ਸਹਿਯੋਗ ਨਾਲ ਉਨ੍ਹਾਂ ਦਾ ਵਿਕਾਸ ਕਰਨ ਦਾ ਯਤਨ ਕੀਤਾ ਗਿਆ।

**11.3.7 ਪਿੰਡਾਂ ਦੀ ਸਫਾਈ (Sanitation in the Villages) :** ਸਫਾਈ ਦੇ ਪੱਖੋਂ ਸਾਡੇ ਪਿੰਡਾਂ ਦੀ ਹਾਲਤ ਬੜੀ ਮਾੜੀ ਸੀ। ਇਸ ਪ੍ਰੋਗਰਾਮ ਅਧੀਨ ਪਿੰਡਾਂ ਦੀ ਸਫਾਈ ਨੂੰ ਪ੍ਰਾਥਮਿਕਤਾ ਦਿੱਤੀ ਗਈ। ਪਿੰਡ ਵਾਲਿਆਂ ਨੂੰ ਇਹ ਦੱਸਿਆ ਗਿਆ ਕਿ ਜੇਕਰ ਤੁਹਾਡੇ ਆਲੇ ਦੁਆਲੇ ਦੇ ਖੇਤਰਾਂ ਵਿਚ ਸਫਾਈ ਨਹੀਂ ਹੋਵੇਗੀ ਤਾਂ ਗੰਦਗੀ ਦੇ ਕਾਰਨ ਕਈ ਭਿਆਨਕ ਬਿਮਾਰੀਆਂ ਪੈਦਾ ਹੋ ਕੇ ਤੁਹਾਨੂੰ ਆਪਣੀ ਲਪੇਟ ਵਿਚ ਲੈ ਲੈਣਗੀਆਂ। ਇਸ ਗੱਲ ਨੂੰ ਧਿਆਨ ਵਿਚ ਰੱਖਦੇ ਹੋਏ ਤੁਹਾਨੂੰ ਸਰਕਾਰ ਦੀਆਂ ਕੋਸ਼ਿਸ਼ਾਂ ਦੇ ਨਾਲ ਆਪ ਵੀ ਯਤਨ ਕਰਨੇ ਚਾਹੀਦੇ ਹਨ। ਸਰਕਾਰ ਵਲੋਂ ਪੇਂਡੂ ਖੇਤਰ ਵਿਚ ਨਾਲੀਆਂ ਅਤੇ ਗਲੀਆਂ ਪੱਕੀਆਂ ਕੀਤੀਆਂ ਗਈਆਂ। ਇਨ੍ਹਾਂ ਸਾਰੇ ਕੰਮਾਂ ਦੇ ਨਾਲ ਨਾਲ ਪ੍ਰੋਗਰਾਮ ਦੇ ਅਧੀਨ ਪੇਂਡੂ ਲੋਕਾਂ ਨੂੰ ਘਰ-ਨਿਰਮਾਣ ਸੰਬੰਧੀ ਵੀ ਜ਼ਰੂਰੀ ਸਲਾਹ ਦਿੱਤੀ ਗਈ। ਉਨ੍ਹਾਂ ਨੂੰ ਇਹ ਦੱਸਿਆ ਗਿਆ ਕਿ ਘਰ ਨਿਰਮਾਣ ਵੇਲੇ, ਹਵਾ ਅਤੇ ਰੋਸ਼ਨੀ ਵਗੈਰਾ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ। ਜੇਕਰ ਤੁਹਾਡੇ ਘਰ ਸਾਫ ਸੁਥਰੇ, ਖੁੱਲੇ ਅਤੇ ਹਵਾਦਾਰ ਹੋਣਗੇ ਤਾਂ ਹੀ ਤੁਸੀਂ ਸਰੀਰਕ ਤੌਰ ਤੇ ਰਿਸ਼ਟ-ਪੁਸ਼ਟ ਰਹਿ ਸਕੋਗੇ।

**11.3.8 ਪੇਂਡੂ ਖੇਤਰਾਂ ਵਿਚ ਸੜਕਾਂ ਦਾ ਨਿਰਮਾਣ (Construction of Roads in the Rural Sectors) :**

ਸਮੂਹਿਕ ਵਿਕਾਸ ਪ੍ਰੋਗਰਾਮ ਦੇ ਤਹਿਤ ਪਿੰਡ ਦੀਆਂ ਸੜਕਾਂ ਦਾ ਨਿਰਮਾਣ ਪਹਿਲ ਦੇ ਆਧਾਰ ਤੇ ਕੀਤਾ ਗਿਆ ਤਾਂ ਜੋ ਪੇਂਡੂ ਲੋਕਾਂ ਨੂੰ ਸ਼ਹਿਰਾਂ ਨਾਲ ਜੋੜਿਆ ਜਾ ਸਕੇ। ਸੜਕਾਂ ਦੀ ਅਣਹੋਂਦ ਕਰਕੇ ਆਉਣ ਜਾਣ ਦੇ ਸਾਧਨਾਂ ਦੀ ਘਾਟ ਸੀ ਅਤੇ ਪੇਂਡੂ ਲੋਕ ਇਕ ਤਰ੍ਹਾਂ ਨਾਲ ਸ਼ਹਿਰਾਂ ਨਾਲੋਂ ਪੂਰੀ ਤਰ੍ਹਾਂ ਟੁੱਟ ਗਏ ਸਨ। ਸੋ ਇਸ ਪ੍ਰੋਗਰਾਮ ਅਧੀਨ ਸੜਕਾਂ ਦਾ ਨਿਰਮਾਣ ਕਰਕੇ ਪੇਂਡੂ ਖੇਤਰਾਂ ਨੂੰ ਸ਼ਹਿਰਾਂ ਨਾਲ ਜੋੜ ਦਿੱਤਾ ਗਿਆ। ਇਸ ਪ੍ਰੋਗਰਾਮ ਨੂੰ ਸ਼ੁਰੂ ਕਰਨ ਵਾਲਿਆਂ ਦਾ ਇਹ ਵਿਚਾਰ ਸੀ ਕਿ ਜੇਕਰ ਪੇਂਡੂ ਖੇਤਰਾਂ ਵਿਚ ਸੜਕਾਂ ਦਾ ਨਿਰਮਾਣ ਕੀਤਾ ਜਾਏ ਤਾਂ ਆਵਜਾਈ ਦੇ ਸਾਧਨਾਂ ਦੀ ਵਰਤੋਂ ਕਰਕੇ ਪੇਂਡੂ ਲੋਕ ਸ਼ਹਿਰਾਂ ਵਿਚ ਆ ਕੇ ਉੱਚ ਵਿਦਿਆ ਪ੍ਰਾਪਤ ਕਰ ਸਕਦੇ ਹਨ ਅਤੇ ਕਿਸਾਨ ਵੀ ਆਪਣਾ ਖੇਤੀਬਾੜੀ ਉਤਪਾਦਨ ਨੇੜਲੇ ਖਰੀਦ ਕੇਂਦਰਾਂ ਤੱਕ ਆਸਾਨੀ ਨਾਲ ਲਿਜਾ ਸਕਦੇ ਹਨ। ਸੋ ਸੜਕਾਂ ਦਾ ਨਿਰਮਾਣ ਕਰਕੇ, ਪੇਂਡੂ ਖੇਤਰਾਂ ਨੂੰ ਸ਼ਹਿਰਾਂ ਨਾਲ ਜੋੜਨਾ ਵੀ ਇਸ ਪ੍ਰੋਗਰਾਮ ਦਾ ਮਹੱਤਵਪੂਰਨ ਉਦੇਸ਼ ਸੀ।

ਇਨ੍ਹਾਂ ਸਾਰੇ ਉਦੇਸ਼ਾਂ ਤੋਂ ਇਲਾਵਾ ਪ੍ਰੋਗਰਾਮ ਮੁਲਾਂਕਣ ਸੰਸਥਾ (The Programme Evaluation Organisation) ਵਲੋਂ ਵਿਕਾਸ ਦੇ ਮੁੱਖ ਤੌਰ ਤੇ ਚਾਰ ਉਦੇਸ਼ ਦੱਸੇ ਗਏ :

(i) ਪੇਂਡੂ ਵਸੋਂ ਵਿਚ ਵਿਕਾਸ ਦੀ ਭਾਵਨਾ

(ii) ਸਹਿਕਾਰੀ ਲਹਿਰ ਨੂੰ ਪੈਦਾ ਕਰਨਾ,

(iii) ਵਾਧੂ ਉਤਪਾਦਨ ਅਤੇ

(iv) ਰੋਜ਼ਗਾਰ ਦੇ ਸਾਧਨਾਂ ਦੀ ਪ੍ਰਾਪਤੀ

**ਡਾ. ਡੋਗਲਸ ਅਨਸਮਿੰਗਰ (Dr. Douglas Ensminger)** ਸਮੂਹਿਕ ਵਿਕਾਸ ਪ੍ਰੋਗਰਾਮ ਦੇ

ਉਦੇਸ਼ਾਂ ਦੀ ਵਿਆਖਿਆ ਕਰਦਾ ਹੋਇਆ ਕਹਿੰਦਾ ਹੈ ਕਿ, ''ਖੇਤੀਬਾੜੀ ਉਤਪਾਦਨ ਵਿਚ ਵਾਧਾ ਕਰਨਾ, ਚਲ ਰਹੇ ਉਦਯੋਗਾਂ ਅਤੇ ਹੁਨਰਾਂ (Crafts) ਨੂੰ ਸੁਧਾਰਨਾ ਅਤੇ ਨਵੇਂ ਸਥਾਪਿਤ ਕਰਨਾ, ਪ੍ਰਾਇਮਰੀ ਅਤੇ ਬਾਲਗ ਸਿੱਖਿਆ ਸਹੂਲਤਾਂ ਪ੍ਰਦਾਨ ਕਰਨਾ, ਮਨੋਰੰਜਨ ਸਹੂਲਤਾਂ ਪ੍ਰਦਾਨ ਕਰਨਾ ਅਤੇ ਪੇਂਡੂ ਲੋਕਾਂ ਦੇ ਰਹਿਣ ਸਹਿਣ ਦੇ ਜੀਵਨ ਨੂੰ ਉੱਚਾ ਚੁੱਕਣਾ ਆਦਿ ਸਮੂਹਿਕ ਵਿਕਾਸ ਪ੍ਰੋਗਰਾਮ ਦੇ ਵਿਸ਼ਾਲ ਅਤੇ ਖਾਸ (Broad and Specific) ਉਦੇਸ਼ ਸਨ।

ਮੋਟੇ ਤੌਰ ਤੇ ਇਹ ਪ੍ਰੋਗਰਾਮ ਪੇਂਡੂ ਲੋਕਾਂ ਦੇ ਸਮਾਜਿਕ ਅਤੇ ਆਰਥਿਕ ਜੀਵਨ ਵਿਚ ਤਬਦੀਲੀ ਲਿਆਉਣ ਵਾਲਾ ਇਕ ਅੰਦੋਲਨ ਸੀ। ਇਸ ਪ੍ਰੋਗਰਾਮ ਦਾ ਕੇਂਦਰੀ ਉਦੇਸ਼ ਸੀ, ਪੇਂਡੂ ਜੀਵਨ ਵਿਚ ਕ੍ਰਾਂਤੀ ਲਿਆਉਣਾ ਤਾਂ ਕਿ ਉਹ ਵੀ ਸਿਹਤਮੰਦ ਵਾਤਾਵਰਣ (Healthy atmosphere) ਵਿਚ ਰਹਿ ਕੇ ਚੰਗੇਰਾ ਅਤੇ ਖੁਸ਼ਹਾਲ ਜੀਵਨ ਬਤੀਤ ਕਰ ਸਕਣ।

**ਆਪਣਾ ਗਿਆਨ ਪਰਖੋ :**

ਸਮੁਦਾਇਕ ਵਿਕਾਸ ਯੋਜਨਾ ਕੀ ਹੈ? ਕਦੋਂ ਸ਼ੁਰੂ ਹੋਈ?

..........................................................................................

..........................................................................................

..........................................................................................

ਪ੍ਰੋਗਰਾਮ ਮੁਲਾਂਕਣ ਸੰਸਥਾ ਵਲੋਂ ਵਿਕਾਸ ਦੇ ਕਿਹੜੇ ਉਦੇਸ਼ ਦੱਸੇ ਗਏ?

..........................................................................................

..........................................................................................

..........................................................................................

ਪੇਂਡੂ ਲੋਕਾਂ ਨੂੰ ਕਿਹੋ ਜਿਹ ਰੋਜ਼ਗਾਰ ਮੁਹੱਈਆਂ ਕਰਵਾਏ ਗਏ?

..........................................................................................

..........................................................................................

..........................................................................................

## 11.4 ਸਮੂਹਿਕ ਵਿਕਾਸ ਯੋਜਨਾ ਦਾ ਆਲੋਚਨਾਤਮਕ ਅਧਿਐਨ (Critical Study of Community Development) :

ਜੇ ਸਮੂਹਿਕ ਵਿਕਾਸ ਦਾ ਆਲੋਚਨਾਤਮਕ ਅਧਿਐਨ ਕੀਤਾ ਜਾਵੇ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਹ ਪ੍ਰੋਗਰਾਮ ਸਿਰਫ ਭਾਰਤ ਵਿਚ ਨਹੀਂ, ਪਰ ਜਿਥੇ ਵੀ ਰਾਸ਼ਟਰੀ ਨਿਰਮਾਣ ਦੇ ਲਈ ਇਸ ਦਾ ਪ੍ਰਯੋਗ ਕੀਤਾ ਗਿਆ ਇਹ ਇਕ ਮਹੱਤਵਪੂਰਨ ਸਾਧਨ ਸਾਬਿਤ ਹੋਇਆ ਹੈ। **ਪ੍ਰੋ. ਟੋਇਨਬੀ (Prof. Toynbee)** ਦੇ ਸ਼ਬਦਾਂ ਵਿਚ, ''ਸਮੂਹਿਕ ਵਿਕਾਸ ਯੋਜਨਾ ਕਿਸਾਨ ਵਰਗ ਦੇ ਜੀਵਨ ਵਿਚ ਅਜੇ ਤੱਕ ਹੋਣ ਵਾਲੀਆਂ ਇਤਿਹਾਸਿਕ ਕ੍ਰਾਂਤੀਆਂ ਵਿਚੋਂ ਸਭ ਤੋਂ ਜ਼ਿਆਦਾ ਲਾਹੇਵੰਦ ਹੈ। **ਸ਼੍ਰੀ. ਐਮ.ਜੇ. ਕੋਲਡਵੈਲ (M.J. Coldwell)** ਨੇ ਇਸ ਦੀ ਪ੍ਰਸੰਸਾ ਵਿਚ ਕਿਹਾ ਹੈ ਕਿ, ''ਸਮੂਹਿਕ ਵਿਕਾਸ ਭਾਰਤ ਵਿਚ ਵੀਹਵੀਂ ਸਦੀ ਦ ਵੱਡੇ ਤਜ਼ਰਬਿਆਂ ਵਿਚੋਂ ਇਕ ਹੈ। **ਸ਼੍ਰੀ ਐਸ.ਕੇ.ਡੇ. (S.K. Dey)** ਨੇ ਇਸ ਨੂੰ ਤੀਰਥ ਯਾਤਰਾ (Pilgrimage) ਦਾ ਰੂਪ ਮੰਨਿਆ ਹੈ। **ਪੰਡਤ ਜਵਾਹਰ ਲਾਲ ਨਹਿਰੂ** ਜੀ ਨੇ ਇਸ ਪ੍ਰੋਗਰਾਮ ਦਾ ਮਹੱਤਵ ਦੱਸਦੇ ਹੋਏ ਕਿਹਾ ਕਿ ਸਮੂਹਿਕ ਵਿਕਾਸ ਯੋਜਨਾਵਾਂ ਮੈਨੂੰ ਕੁਝ ਵਿਸ਼ੇਸ਼ ਮਹੱਤਵ ਵਾਲੀਆਂ ਮਾਲੂਮ ਹੁੰਦੀਆਂ ਹਨ। ਇਸ ਲਈ ਨਹੀਂ ਕਿ ਉਹਨਾਂ ਵਿਚ ਕੋਈ ਭੌਤਿਕ ਲਾਭ ਹੋਵੇਗਾ, ਪਰ ਇਸ ਤੋਂ ਜ਼ਿਆਦਾ ਉਹ ਸਮਾਜ ਅਤੇ ਵਿਅਕਤੀ ਦਾ ਨਿਰਮਾਣ ਕਰਦੀਆਂ ਹਨ ਅਤੇ ਇਸ ਦੇ ਰਾਹੀਂ ਉਹ ਵਿਅਕਤੀ ਨੂੰ ਆਪਣੇ ਦਿਹਾਤੀ ਕੇਂਦਰ ਅਤੇ ਭਾਰਤ ਦੇ ਨਿਰਮਾਤਾ ਬਣਾਉਣ ਦਾ ਯਤਨ ਕਰਦੀਆਂ ਹਨ।

ਇੰਝ ਇਸ ਪ੍ਰੋਗਰਾਮ ਦੇ ਸਮਰਥਕਾਂ ਨੇ ਇਸ ਨੂੰ ਗਰਾਮ ਵਿਕਾਸ ਅਤੇ ਰਾਸ਼ਟਰੀ ਨਿਰਮਾਣ ਦਾ ਇਕ ਸਾਧਨ ਮੰਨਿਆ ਹੈ ਅਤੇ ਇਸੇ ਉਮੀਦ ਨਾਲ ਭਾਰਤ ਵਿਚ 1952 ਵਿਚ ਇਸ ਯੋਜਨਾ ਦਾ ਆਰੰਭ ਕੀਤਾ ਗਿਆ ਸੀ, ਪਰ ਲਗਭਗ 44 ਸਾਲ ਦੇ ਸਮੇਂ ਵਿਚ ਇਹ ਵੇਖਿਆ ਗਿਆ ਕਿ ਜਿਸ ਉਮੀਦ ਨਾਲ ਇਸ ਪ੍ਰੋਗਰਾਮ ਨੂੰ ਅਪਨਾਇਆ ਗਿਆ ਸੀ, ਇਸ

ਨਾਲ ਓਨੀ ਸਫਲਤਾ ਪ੍ਰਾਪਤ ਨਹੀਂ ਹੋਈ। ਇਸ ਪ੍ਰੋਗਰਾਮ ਦਾ ਮੁਲਅੰਕਣ ਕਰਨ ਲਈ ਸਰਕਾਰ ਨੇ ਇਕ ਪ੍ਰੋਗਰਾਮ ਮੁਲ-ਅੰਕਣ ਕਮੇਟੀ (Programme Evaluation Committee) ਦੀ ਸਥਾਪਨਾ ਕੀਤੀ ਹੈ, ਜੋ ਹਰ ਸਾਲ ਇਸ ਦੇ ਬਾਰੇ ਵਿਚ ਰਿਪੋਰਟ ਦੇਂਦੀ ਹੈ। ਇਸ ਕਮੇਟੀ ਦੀ ਰਿਪੋਰਟ ਦੇ ਆਧਾਰ ਤੇ ਇਹ ਪਤਾ ਚੱਲਦਾ ਹੈ ਕਿ ਇਹ ਪ੍ਰੋਗਰਾਮ ਆਪਣੇ ਉਦੇਸ਼ਾਂ ਦੀ ਪੂਰਤੀ ਵਿਚ ਸਫਲ ਨਹੀਂ ਹੋ ਰਿਹਾ ਅਤੇ ਇਸ ਵਿਚ ਹੇਠ ਲਿਖੀਆਂ ਤੁਰੱਟੀਆਂ ਮੌਜੂਦ ਹਨ :

11.4.1 **ਜਨਤਾ ਦੇ ਸਹਿਯੋਗ ਦੀ ਘਾਟ (Lack of Public Support) :** ਸਮੂਹਿਕ ਵਿਕਾਸ ਯੋਜਨਾ ਦਾ ਮੁੱਖ ਉਦੇਸ਼ ਲੋਕ-ਕਲਿਆਣ ਹੈ ਅਤੇ ਇਹ ਇਕ ਅਜਿਹੀ ਯੋਜਨਾ ਹੈ ਜਿਸ ਦੀ ਸਫਲਤਾ ਜਨਤਾ ਦੀਆਂ ਆਪਣੀਆਂ ਕੋਸ਼ਿਸ਼ਾਂ ਤੇ ਆਧਾਰਿਤ ਹੈ। ਲੋਕ-ਕਲਿਆਣ ਦੀ ਪੂਰਤੀ ਸਰਕਾਰ ਦਆਰਾ ਨਹੀਂ ਬਲਕਿ ਜਨਤਾ ਦੇ ਆਪਣੇ ਯਤਨਾਂ ਤੇ ਆਧਾਰਿਤ ਹੈ, ਪਰ ਅਮਲੀ ਰੂਪ ਵਿਚ ਇਸ ਪ੍ਰੋਗਰਾਮ ਨੂੰ ਜਨਤਾ ਦਾ ਸਹਿਯੋਗ ਪ੍ਰਾਪਤ ਨਹੀਂ ਹੋਇਆ। ਲੋਕ ਇਸ ਨੂੰ ਸਰਕਾਰੀ ਪ੍ਰੋਗਰਾਮ ਸਮਝਦੇ ਹਨ। **ਸ੍ਰੀ ਰਾਮੇਸ਼ਵਰ ਦਿਆਲ** ਦੇ ਸ਼ਬਦਾਂ ਵਿਚ, "ਇਸ ਪ੍ਰੋਗਰਾਮ ਨੂੰ ਸਰਕਾਰੀ ਸਹਾਇਤਾ ਤੇ ਆਧਾਰਿਤ ਜਨਤਾ ਦੀ ਯੋਜਨਾ ਬਣਾਉਣ ਦੀ ਭਾਵਨਾ ਸਦਾ ਹੀ ਬਣੀ ਰਹੀ ਹੈ ਪਰ ਇਹ ਲਗਭਗ ਸਪਸ਼ਟ ਰੂਪ ਵਿਚ ਸਵੀਕਾਰ ਕੀਤਾ ਜਾ ਚੁਕਿਆ ਹੈ ਕਿ ਭਾਵੇਂ ਲੋਕ ਇਸ ਵਿਚ ਭਾਗ ਲੈਂਦੇ ਹਨ ਫਿਰ ਵੀ ਇਹ ਅਸਲੀਅਤ ਵਿਚ ਇਕ ਸਰਕਾਰੀ ਪ੍ਰੋਗਰਾਮ ਹੈ। ਇਸ ਅਸਲੀਅਤ ਨੂੰ ਪ੍ਰੋਗਰਾਮ ਮੁਲ-ਅੰਕਣ ਕਮੇਟੀ ਨੇ ਵੀ ਸਵੀਕਾਰ ਕੀਤਾ ਹੈ। ਪਿੰਡ, ਬਲਾਕ ਅਤੇ ਜ਼ਿਲ੍ਹੇ ਦੇ ਪੱਧਰ ਤੇ ਲੋਕਾਂ ਨੂੰ ਕਾਨੂੰਨੀ ਤੌਰ ਤੇ ਵਿਕਾਸ ਸੰਬੰਧੀ ਕਾਰਜਾਂ ਵਿਚ ਉਸੇ ਤਰ੍ਹਾਂ ਭਾਗ ਲੈਣਾ ਚਾਹੀਦਾ ਹੈ ਜਿਵੇਂ ਰਾਜ ਵਿਧਾਨ ਮੰਡਲ ਅਤੇ ਸੰਸਦ ਦੇ ਮੈਂਬਰ ਰਾਸ਼ਟਰੀ ਅਤੇ ਉਨ੍ਹਾਂ ਸੰਸਥਾਵਾਂ ਵਿਚ, ਜਿਨ੍ਹਾਂ ਵਿਚ ਉਹ ਕਾਰਜ ਕਰਦੇ ਹਨ, ਆਪਣੇ ਕਰਤੱਵ ਨੂੰ ਸਮਝਦੇ ਹਨ। **ਬਲਵੰਤ ਰਾਏ ਮਹਿਤਾ (Balwant Roy Mehta)** ਕਮੇਟੀ ਨੇ ਵੀ ਲੋਕਾਂ ਦੇ ਸਹਿਯੋਗ ਦੀ ਘਾਟ ਨੂੰ ਹੀ ਪ੍ਰੋਗਰਾਮ ਦੀ ਅਸਫਲਤਾ ਦਾ ਇਕ ਵਿਸ਼ੇਸ਼ ਕਾਰਣ ਕਿਹਾ ਹੈ।

11.4.2 **ਆਰਥਕ ਕਾਰਜਾਂ ਦੀ ਬਜਾਏ ਕਲਿਆਣਕਾਰੀ ਕਾਰਜਾਂ ਨੂੰ ਜ਼ਿਆਦਾ ਮਹੱਤਵ ਦਿੱਤਾ ਗਿਆ (More Importance to Welfare activities than Economic activities) :** ਇਸ ਪ੍ਰੋਗਰਾਮ ਵਿਚ ਜ਼ਿਆਦਾ ਮਹੱਤਵ ਕਲਿਆਣਕਾਰੀ ਕਾਰਜਾਂ ਨੂੰ ਦਿੱਤਾ ਗਿਆ ਹੈ। ਇਸ ਨੂੰ ਲਾਗੂ ਕਰਨ ਵਾਲੇ ਕਰਮਚਾਰੀਆਂ ਅਤੇ ਜਨਤਾ ਨੂੰ ਇਸ ਯੋਜਨਾ ਦੇ ਅੰਤਰਗਤ ਜ਼ਿਆਦਾ ਧਿਆਨ ਸੜਕਾ ਹਸਪਤਾਲਾਂ, ਸਕੂਲਾਂ ਆਦਿ ਕਲਿਆਣ-ਸੰਬੰਧੀ ਕਾਰਜਾਂ ਦੇ ਨਿਰਮਾਣ ਵੱਲ ਦਿੱਤਾ ਹੈ ਅਤੇ ਆਰਥਕ ਕਾਰਜਾਂ ਵੱਲ ਘੱਟ ਧਿਆਨ ਦਿੱਤਾ। ਇਸ ਯੋਜਨਾ ਵਿਚ ਪ੍ਰਤੀ ਏਕੜ ਖੇਤੀ ਵਿਕਾਸ, ਖਾਦ ਅਤੇ ਚੰਗੇ ਬੀਜ਼ਾਂ ਦੀ ਵੰਡ ਆਦਿ ਕਾਰਜਾਂ ਨੂੰ ਜ਼ਰੂਰੀ ਮਾਨਤਾ ਨਹੀਂ ਦਿੱਤੀ ਗਈ, ਜਿਸ ਦੇ ਸਿੱਟੇ ਵਜੋਂ ਸਾਡਾ ਆਰਥਿਕ ਵਿਕਾਸ ਨਹੀਂ ਹੋ ਸਕਿਆ ਅਤੇ ਸਾਨੂੰ ਆਪਣੀਆਂ ਲੋੜਾਂ ਦੀ ਪੂਰਤੀ ਲਈ ਦੂਜੇ ਦੇਸ਼ਾਂ ਤੇ ਨਿਰਭਰ ਹੋਣਾ ਪਿਆ।

11.4.3 **ਅਮੀਰ ਵਰਗ ਦੇ ਲੋਕਾਂ ਨੂੰ ਜ਼ਿਆਦਾ ਲਾਭ (More Benefit of the Priviledge Classes):** ਇਸ ਪ੍ਰੋਗਰਾਮ ਦੇ ਵਿਰੁੱਧ ਅਕਸਰ ਇਹ ਕਿਹਾ ਜਾਂਦਾ ਹੈ ਕਿ ਇਸ ਪ੍ਰੋਗਰਾਮ ਦੁਆਰਾ ਆਮ ਜਨਤਾ ਦੀ ਬਜਾਇ ਕੁਝ ਅਮੀਰ ਵਰਗ ਦੇ ਲੋਕਾਂ ਨੂੰ ਹੀ ਲਾਭ ਪ੍ਰਾਪਤ ਹੁੰਦਾ ਹੈ। ਇਸ ਗੱਲ ਦਾ ਸਮਰਥਨ ਕਈ ਅਧਿਐਨ ਕਮੇਟੀਆਂ ਨੇ ਕੀਤਾ ਹੈ। **ਗੋਬਿੰਦ ਸਹਾਏ ਕਮੇਟੀ** (ਉੱਤਰੀ ਪ੍ਰਦੇਸ਼) ਦੇ ਅਨੁਸਾਰ ਸਾਰੇ ਪ੍ਰੋਗਰਾਮ ਵਿਚ ਆਮ ਜੀਵਨ ਦੀ ਨੇੜ ਦੀ ਘਾਟ ਰਹੀ ਹੈ ਅਤੇ ਇਹ ਕੁਝ ਲੋਕਾਂ ਦੇ ਭੌਤਿਕ ਲਾਭ ਲਈ ਪਤਿਤ ਹੁੰਦਾ ਜਾ ਰਿਹਾ ਹੈ। ਸਾਬਕਾ ਸਮੂਹਿਕ ਵਿਕਾਰ ਮੰਤਰੀ **ਸ੍ਰੀ ਐਸ. ਕੇ. ਡੇ. (S.K. Dey)** ਨੇ ਵੀ ਇਸ ਘਾਟ ਨੂੰ ਸਵੀਕਾਰ ਕਰਦੇ ਹੋਏ ਕਿਹਾ ਸੀ, "ਇਸ ਯੋਜਨਾ ਦੀਆਂ ਅਯੋਗਤਾਵਾਂ ਵਿਚੋਂ ਇਕ ਅਯੋਗਤਾ ਜਿਸ ਨਾਲ ਹੁਣ ਤੱਕ ਇਸ ਨੂੰ ਨੁਕਸਾਨ ਹੁੰਦਾ ਰਿਹਾ ਹੈ, ਉਹ ਇਹ ਹੈ ਕਿ ਇਸ ਪ੍ਰੋਗਰਾਮ ਨਾਲ ਕੁਝ ਵਿਅਕਤੀਆਂ ਨੂੰ ਹੀ ਲਾਭ ਹੋਇਆ ਹੈ। ਉੱਤਰ ਪ੍ਰਦੇਸ਼ ਵਿਚ ਕੀਤੇ ਗਏ ਇਕ ਅਧਿਐਨ ਵਿਚ ਇਹ ਵੀ ਕਿਹਾ ਗਿਆ ਹੈ, "ਖੇਤੀ ਵਿਕਾਸ ਕਾਰਜ ਦੇ ਵਿਸ਼ਲੇਸ਼ਣ ਨਾਲ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਪ੍ਰੋਗਰਾਮ ਦੇ ਅਧੀਨ 70 ਪ੍ਰਤੀਸ਼ਤ ਲਾਭ ਖਾਸ ਵਰਗ ਜਾਂ ਜ਼ਿਆਦਾ ਪ੍ਰਭਾਵਸ਼ਾਲੀ ਅਤੇ ਅਮੀਰ ਕਿਸਾਨ ਨੂੰ ਹੋਇਆ ਹੈ। ਇਹ ਹੁਣ ਇਕ ਮੰਨੀ ਹੋਈ ਗੱਲ ਹੈ ਕਿ ਪਿੰਡ ਦੇ ਸਿਰਫ ਉਨ੍ਹਾਂ ਲੋਕਾਂ ਨੂੰ ਹੀ ਸਰਕਾਰੀ ਸਹਾਇਤਾ ਮਿਲਦੀ ਹੈ ਜਿਨ੍ਹਾਂ ਦੀ ਬਲਾਕ ਅਧਿਕਾਰੀ (Block

Officer) ਤੱਕ ਪਹੁੰਚ ਹੁੰਦੀ ਹੈ। ਦਸਤਕਾਰਾਂ, ਭੂਮੀਹੀਨ ਮਜ਼ਦੂਰਾਂ ਅਤੇ ਛੋਟੇ ਕਿਸਾਨਾਂ ਨੂੰ ਜਿਨ੍ਹਾਂ ਲਈ ਇਹ ਪ੍ਰੋਗਰਾਮ ਬਣਾਇਆ ਗਿਆ ਹੈ, ਬਹੁਤ ਘੱਟ ਗਰਾਂਟਾ (Grants) ਅਤੇ ਸਹਾਇਤਾ ਮਿਲਦੀ ਹੈ।

**11.4.4 ਪ੍ਰੋਗਰਾਮ ਦੇ ਵਿਕਾਸ ਅਤੇ ਰਾਸ਼ਟਰੀ ਸਾਧਨਾਂ ਵਿਚ ਤਾਲਮੇਲ ਦੀ ਘਾਟ (Lack of Coordination between the extention of the programme and sources of the country) :** ਇਸ ਪ੍ਰੋਗਰਾਮ ਵਿਚ ਇਹ ਵੀ ਵਿਸ਼ੇਸ਼ ਘਾਟ ਹੈ ਕਿ ਇਸ ਦਾ ਵਿਕਾਸ ਰਾਸ਼ਟਰੀ ਸਾਧਨਾਂ ਨੂੰ ਸਾਹਮਣੇ ਰੱਖ ਕੇ ਨਹੀਂ ਕੀਤਾ ਗਿਆ ਅਤੇ ਨਾ ਹੀ ਇਸ ਦਾ ਨਿਯੋਜਨ ਰਾਸ਼ਟਰੀ ਸਾਧਨਾ ਅਨੁਸਾਰ ਕੀਤਾ ਗਿਆ ਹੈ। ਜਿਸ ਰਫਤਾਰ ਨਾਲ ਬਲਾਕ ਦੀ ਸਥਾਪਨਾ ਕੀਤੀ ਗਈ ਹੈ ਉਸ ਰਫਤਾਰ ਨਾਲ ਉਨ੍ਹਾਂ ਨੂੰ ਚਲਾਉਣ ਦਾ ਯਤਨ ਨਹੀਂ ਕੀਤਾ ਗਿਆ। ਅਸਲ ਵਿਚ ਬਲਾਕਾਂ ਦਾ ਵਿਕਾਸ ਰਾਜਨੀਤਿਕ ਪਰਿਸਥਿਤੀਆਂ ਦੇ ਆਧਾਰ ਤੇ ਕੀਤਾ ਗਿਆ ਹੈ ਅਤੇ ਇਸ ਯੋਜਨਾ ਵਿਚ ਦੇਸ਼ ਦੀਆਂ ਆਰਥਿਕ ਅਤੇ ਸਮਾਜਿਕ ਲੋੜਾਂ ਅਤੇ ਸਾਧਨਾਂ ਨੂੰ ਕੋਈ ਮਹੱਤਵ ਨਹੀਂ ਦਿੱਤਾ ਗਿਆ। ਇਸ ਦਾ ਮੁੱਖ ਕਾਰਣ ਇਹ ਹੈ ਕਿ ਰਾਸ਼ਟਰੀ ਸਾਧਨ ਸੀਮਤ ਹਨ ਅਤੇ ਦੂਜੇ, ਇਸ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਯੋਗ ਤੇ ਸਿਖਲਾਈ ਪ੍ਰਾਪਤ ਕਰਮਚਾਰੀਆਂ ਦੀ ਬਹੁਤ ਲੋੜ ਹੈ। ਲੱਗਭਗ ਸਾਰੇ ਦੇਸ਼ ਨੂੰ ਬਲਾਕਾਂ ਦੇ ਅੰਤਰਗਤ ਵੰਡ ਦਿੱਤਾ ਗਿਆ ਹੈ, ਪਰ ਉਨ੍ਹਾਂ ਨੂੰ ਅਮਲੀ ਰੂਪ ਦੇਣ ਲਈ ਸਾਧਨਾਂ ਅਤੇ ਕਰਮਚਾਰੀਆਂ ਦੀ ਘਾਟ ਹੈ। **ਸ੍ਰੀ ਰਾਜੇਸ਼ਵਰ ਦਿਆਲ (Rajeshwar Dayal)** ਦੇ ਸ਼ਬਦਾਂ ਵਿਚ, ''ਜ਼ਿਆਦਾ ਤੋਂ ਜ਼ਿਆਦਾ ਬਲਾਕਾਂ ਦੀ ਸਥਾਪਨਾ ਕਰਨ ਦੀ ਮੰਗ ਕੀਤੀ ਗਈ ਅਤੇ ਹੁਣ ਤੱਕ ਲੱਗਭਗ ਸਾਰਾ ਦੇਸ਼ ਇਸ ਪ੍ਰੋਗਰਾਮ ਦੇ ਘੇਰੇ ਵਿਚ ਲਿਆਇਆ ਜਾ ਚੁੱਕਿਆ ਹੈ। ਇਸ ਤਰ੍ਹਾਂ ਅਸੀਂ ਵਰਤਮਾਨ ਲਾਭ ਲਈ ਭਵਿੱਖ ਤੇ ਭਾਰ ਪਾਇਆ ਹੈ, ਅਸੀਂ ਭੌਤਿਕ ਅਤੇ ਝੂਠੇ ਲਾਭਾਂ ਲਈ ਆਦਰਸ਼ ਅਤੇ ਅਸਲੀ ਲਾਭਾਂ ਤੇ ਜ਼ੋਰ ਪਾਇਆ ਹੈ। ਇਹ ਆਤਮ ਹੱਤਿਆ ਹੈ ਕਿਉਂਕਿ ਬਲਾਕ ਤਸੱਲੀਬਖਸ਼ ਢੰਗ ਨਾਲ ਕੰਮ ਨਹੀਂ ਕਰਦੇ ਰਹੇ ਹਨ ਅਤੇ ਰਾਸ਼ਟਰ ਨੂੰ ਆਪਣੇ ਧਨ ਦਾ, ਜੋ ਉਸ ਨੇ ਇਸ ਕੰਮ ਤੇ ਖਰਚ ਕੀਤਾ ਹੈ, ਚੰਗਾ ਲਾਭ-ਅੰਸ਼ ਨਹੀਂ ਮਿਲਿਆ।'

**11.4.5 ਭਿੰਨ ਭਿੰਨ ਸੰਸਥਾਵਾਂ ਵਿਚ ਤਾਲਮੇਲ ਦੀ ਘਾਟ (Lack of Co-ordination) :** ਸਮੂਹਿਕ ਵਿਕਾਸ ਯੋਜਨਾ ਦੀ ਅਸਫਲਤਾ ਦਾ ਇਕ ਕਾਰਣ ਇਹ ਵੀ ਹੈ ਕਿ ਇਸ ਨੂੰ ਲਾਗੂ ਕਰਨ ਵਾਲੀਆਂ ਭਿੰਨ-ਭਿੰਨ ਸੰਸਥਾਵਾਂ ਵਿਚ ਤਾਲਮੇਲ ਨਹੀਂ ਹੈ ਕਿਉਂਕਿ ਇਹ ਇਕ ਬਹੁਪੱਖੀ ਯੋਜਨਾ ਹੈ, ਇਸ ਲਈ ਇਸ ਨੂੰ ਸਰਕਾਰ ਦੇ ਕਈ ਵਿਭਾਗਾਂ ਤੇ ਨਿਰਭਰ ਰਹਿਣਾ ਪੈਂਦਾ ਹੈ। ਇਸ ਦੇ ਨਾਲ ਹੀ ਸਰਕਾਰ ਅਤੇ ਜਨਤਾ ਵਿਚ ਸਹਿਯੋਗ ਦੀ ਘਾਟ ਰਹੀ ਹੈ। ਨੌਕਰਸ਼ਾਹੀ (Bureaucracy) ਦੇ ਸਿੱਟੇ ਵਜੋਂ ਸਰਕਾਰੀ ਕਰਮਚਾਰੀਆਂ ਨੇ ਲੋਕਾਂ ਤੋਂ ਸਹਿਯੋਗ ਪ੍ਰਾਪਤ ਕਰਨ ਦੀ ਥਾਂ ਤੇ ਇਸ ਯੋਜਨਾਂ ਨੂੰ ਸ਼ਕਤੀ ਦੁਆਰਾ ਲਾਗੂ ਕਰਨ ਦਾ ਯਤਨ ਕੀਤਾ ਹੈ। ਇਸ ਨੀਤੀ ਦੇ ਸਿੱਟੇ ਵਜੋਂ ਜਨਤਾ ਦਾ ਸਮਰਥਨ ਪ੍ਰਾਪਤ ਨਹੀਂ ਹੋ ਸਕਿਆ ਅਤ ਪ੍ਰਸ਼ਾਸ਼ਨ ਦੇ ਭਿੰਨ ਭਿੰਨ ਅੰਗਾਂ ਦੇ ਅਲੱਗ ਹੋਣ ਕਰਕੇ ਉਨ੍ਹਾਂ ਦੇ ਕਾਰਜਾਂ ਵਿਚ ਤਾਲਮੇਲ ਕਰਨਾ ਅਸੰਭਵ ਹੈ। ਇਨ੍ਹਾਂ ਸਭ ਗੱਲਾਂ ਦਾ ਪ੍ਰਭਾਵ ਪ੍ਰੋਗਰਾਮ ਦੀ ਨਿਪੁੰਨਤਾ ਤੇ ਪੈਂਦਾ ਹੈ।

**11.4.6 ਨਿਸ਼ਚਿਤ ਪਹਿਲਾਂ ਦੀ ਅਣਹੋਂਦ (Absence of defined Priorities) :** ਇਸ ਯੋਜਨਾ ਦੇ ਬਹੁਪੱਖੀ ਹੋਣ ਦੇ ਕਾਰਨ ਇਸ ਦਾ ਖੇਤਰ ਬਹੁਤ ਹੀ ਵਿਸਤ੍ਰਿਤ ਹੈ ਅਤੇ ਇਹ ਮਨੁੱਖੀ ਜੀਵਨ ਦੇ ਹਰ ਇਕ ਪਹਿਲੂ ਨਾਲ ਸੰਬੰਧਤ ਹੈ। ਇਹ ਇਕ ਆਦਰਸ਼ਵਾਦੀ ਯੋਜਨਾ ਹੈ ਜਿਸ ਦਾ ਸੰਪਰਕ ਖੇਤੀਬਾੜੀ, ਉਦਯੋਗ, ਸਿੱਖਿਆ, ਆਵਜਾਈ, ਲੋਕ-ਕਲਿਆਣ, ਰੁਜ਼ਗਾਰ ਆਦਿ ਨਾਲ ਹੈ। ਕਿਉਂਕਿ ਇਨ੍ਹਾਂ ਵਿਚ ਕਿਸੇ ਵੀ ਕੰਮ ਨੂੰ ਪਹਿਲ ਪ੍ਰਦਾਨ ਨਹੀਂ ਕੀਤੀ ਗਈ, ਇਸ ਲਈ ਸਭ ਖੇਤਰਾਂ ਵਿਚ ਇਕੋ ਜਿਹੀ ਸਫਲਤਾ ਪ੍ਰਾਪਤ ਕਰਨ ਦਾ ਯਤਨ ਕੀਤਾ ਜਾਂਦਾ ਹੈ, ਜੋ ਅਮਲੀ ਰੂਪ ਵਿਚ ਅਸੰਭਵ ਹੈ। ਇਸ ਲਈ ਜੇਕਰ ਸਾਰੇ ਖੇਤਰਾਂ ਦੀ ਬਜਾਏ ਖੇਤੀਬਾੜੀ, ਉਦਯੋਗ, ਰੁਜ਼ਗਾਰ ਆਦਿ ਦੇ ਖੇਤਰਾਂ ਨੂੰ ਪਹਿਲ ਦਿੱਤੀ ਜਾਵੇ ਤਾਂ ਦੇਸ਼ ਦੀਆਂ ਮੁੱਖ ਸਮੱਸਿਆਵਾਂ ਨੂੰ ਸੁਲਝਾਇਆ ਜਾ ਸਕਦਾ ਹੈ।

**11.4.7 ਸਿਖਲਾਈ-ਹੀਣ ਕਰਮਚਾਰੀ (Untrained Personnel) :** ਇਸ ਪ੍ਰੋਗਰਾਮ ਦੇ ਅਸਫਲ ਰਹਿਣ ਦਾ ਇਕ ਹੋਰ ਮਹੱਤਵਪੂਰਨ ਕਾਰਣ ਸਿਖਲਾਈ ਪ੍ਰਾਪਤ ਅਤੇ ਲਗਨ ਨਾਲ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਘਾਟ ਹੈ। ਇਸ ਪ੍ਰੋਗਰਾਮ ਦੇ ਅਧੀਨ ਕੰਮ ਕਰਨ ਵਾਲੇ ਸਰਕਾਰੀ ਕਰਮਚਾਰੀਆਂ ਨੂੰ ਦਿਹਾਤੀ ਜੀਵਨ ਦੀਆਂ ਸੱਮਸਿਆਵਾਂ ਦਾ ਨਾ ਹੀ ਗਿਆਨ ਹੁੰਦਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਇਸ ਸੰਬੰਧ ਵਿਚ ਪੂਰੀ ਸਿਖਲਾਈ ਦਿੱਤੀ

ਜਾਂਦੀ ਹੈ। ਉਨ੍ਹਾਂ ਕੋਲ ਸਿਰਫ ਕਿਤਾਬੀ ਗਿਆਨ ਹੁੰਦਾ ਹੈ। ਉਹ ਪ੍ਰਯੋਗਾਤਮਕ ਵਿਵਸਥਾ ਤੋਂ ਜਾਣੂ ਨਹੀਂ ਹੁੰਦੇ। ਜ਼ਿਆਦਾਤਰ ਕਰਮਚਾਰੀ ਅਜਿਹੇ ਹਨ, ਜਿਨ੍ਹਾਂ ਨੇ ਪਹਿਲਾਂ ਕਦੇ ਵੀ ਦਿਹਾਤੀ ਜੀਵਨ ਬਤੀਤ ਨਹੀਂ ਕੀਤਾ ਹੁੰਦਾ। ਅਜਿਹੇ ਕਰਮਚਾਰੀਆਂ ਦੁਆਰਾ ਬਣਾਈਆਂ ਗਈਆਂ ਯੋਜਨਾਵਾਂ ਕਿਵੇਂ ਲਾਹੇਵੰਦ ਹੋ ਸਕਦੀਆਂ ਹਨ। ਸੱਚ ਤਾਂ ਇਹ ਹੈ ਕਿ ਜ਼ਿਆਦਾਤਰ ਕਰਮਚਾਰੀ ਸਮੂਹਿਕ ਵਿਕਾਸ ਪ੍ਰੋਗਰਾਮ ਦੇ ਸਿਧਾਂਤਾਂ ਵਿਚ ਵਿਸ਼ਵਾਸ ਨਹੀਂ ਰੱਖਦੇ ਅਤ ਇਸ ਨੂੰ ਰੋਜ਼ਾਨਾ ਨਿਯਮਤ ਪ੍ਰੋਗਰਾਮ **(daily routine)** ਦੇ ਰੂਪ ਵਿਚ ਲੈਂਦੇ ਹਨ। ਉਹ ਸੱਚੀ ਲਗਨ ਨਾਲ ਆਪਣੇ ਆਪ ਨੂੰ ਇਸ ਦੇ ਲਈ ਸਮਰਪਿਤ ਨਹੀਂ ਕਰਦੇ।

**11.4.8 ਭ੍ਰਿਸ਼ਟਾਚਾਰ (Corruption) :** ਭ੍ਰਿਸ਼ਟਾਚਾਰ ਇਸ ਪ੍ਰੋਗਰਾਮ ਦੇ ਰਾਹ ਵਿਚ ਇਕ ਰੁਕਾਵਟ ਹੈ। ਭ੍ਰਿਸ਼ਟਾਚਾਰ ਦਾ ਬੋਲਬਾਲਾ ਹੋਣ ਕਾਰਣ ਸਰਕਾਰੀ ਕਰਮਚਾਰੀ ਨਿਰਪੱਖ ਹੋ ਕੇ ਆਪਣੇ ਕਰਤੱਵ ਦੀ ਪਾਲਣਾ ਨਹੀਂ ਕਰਦੇ, ਬਲਕਿ ਉਹ ਕੰਮ ਕਰਦੇ ਹਨ ਜਿਨ੍ਹਾਂ ਵਿਚ ਉਨ੍ਹਾਂ ਨੂੰ ਖੁਦ ਵੀ ਲਾਭ ਹੁੰਦਾ ਹੋਵੇ। ਇਹ ਅਕਸਰ ਵੇਖਿਆ ਗਿਆ ਹੈ ਕਿ ਖਾਦ, ਬੀਜ, ਕਰਜ਼ੇ ਆਦਿ ਦੀ ਵੰਡ ਦੇ ਸਮੇਂ ਪੱਖ-ਪਾਤ ਕੀਤਾ ਜਾਂਦਾ ਹੈ ਅਤੇ ਕਈ ਵਾਰ ਉਨ੍ਹਾਂ ਲੋਕਾਂ ਨੂੰ ਉਹ ਸਹਾਇਤਾ ਨਹੀਂ ਮਿਲਦੀ, ਜਿਨ੍ਹਾਂ ਨੂੰ ਇਸ ਦੀ ਬਹੁਤ ਜ਼ਿਆਦਾ ਲੋੜ ਹੁੰਦੀ ਹੈ, ਬਲਕਿ ਉਨ੍ਹਾਂ ਲੋਕਾਂ ਨੂੰ ਮਿਲਦੀ ਹੈ ਜਿਨ੍ਹਾਂ ਦਾ ਕੋਈ ਪ੍ਰਭਾਵ ਹੁੰਦਾ ਹੈ ਜਾਂ ਜੋ ਸਰਕਾਰੀ ਕਰਮਚਾਰੀਆਂ ਨੂੰ ਪ੍ਰਤੱਖ ਜਾਂ ਅਪ੍ਰਤੱਖ ਢੰਗ ਨਾਲ ਪ੍ਰਭਾਵਿਤ ਕਰ ਸਕਦੇ ਹਨ।

**11.4.9 ਰਾਜਨੀਤਿਕ ਦਖਲ-ਅੰਦਾਜ਼ੀ (Political Interference) :** ਰਾਜਨੀਤਿਕ ਦਖਲ-ਅੰਦਾਜ਼ੀ ਦਾ ਇਸ ਪ੍ਰੋਗਰਾਮ ਤੇ ਉਲਟ ਪ੍ਰਭਾਵ ਪੈਂਦਾ ਹੈ। ਇਸ ਪ੍ਰੋਗਰਾਮ ਨੂੰ ਲਾਗੂ ਕਰਦੇ ਸਮੇਂ ਸਥਾਨਕ ਲੋੜਾਂ ਨੂੰ ਅਖੋਂ ਓਹਲੇ ਰਖਿਆ ਜਾਂਦਾ ਹੈ ਅਤੇ ਰਾਜਨੀਤਿਕ ਦਬਾਅ ਨੂੰ ਸਾਹਮਣੇ ਰੱਖਿਆ ਜਾਂਦਾ ਹੈ, ਜਿਸਦੇ ਸਿੱਟੇ ਵਜੋਂ ਉਹ ਆਪਣੇ ਕਰਤੱਵਾਂ ਦੀ ਪਾਲਣਾ ਨਹੀਂ ਕਰ ਪਾਉਂਦੇ। ਰਾਜਨੀਤਿਕ ਦਖਲ-ਅੰਦਾਜੀ ਦੇ ਕਾਰਣ ਬਹੁਤ ਸਾਰੇ ਕਾਰਜ ਪੂਰੇ ਨਹੀਂ ਹੋ ਸਕਦੇ ਅਤੇ ਲੋੜਵੰਦ ਲੋਕਾਂ ਨੂੰ ਸਹਾਇਤਾ ਨਹੀਂ ਮਿਲਦੀ।

**11.4.10 ਪੰਚਾਇਤੀ ਰਾਜ ਦੀਆਂ ਸੰਸਥਾਵਾਂ ਦਾ ਨਿਪੁੰਨ ਨਾ ਹੋਣਾ (Inefficient Panchayati Raj Institutions) :** ਸਮੂਹਿਕ ਵਿਕਾਸ ਪ੍ਰੋਗਰਾਮ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਪੰਚਾਇਤੀ ਰਾਜ ਸੰਸਥਾਵਾਂ ਖਾਸ ਕਰਕੇ ਪੰਚਾਇਤ ਸੰਮਤੀ ਅਤੇ ਪੰਚਾਇਤ ਉਤੇ ਹੁੰਦੀ ਹੈ। ਪਰ ਸਥਾਨਕ ਗੁਟਬੰਦੀ, ਆਮਦਨ ਦੇ ਸਾਧਨਾਂ ਦੀ ਘਾਟ, ਸਰਕਾਰੀ ਕਰਮਚਾਰੀਆਂ ਅਤੇ ਜਨਤਾ ਦੇ ਪ੍ਰਤੀਨਿਧਾਂ ਵਿਚਕਾਰ ਚੰਗੇ ਸੰਬੰਧਾਂ ਦੇ ਨਾ ਹੋਣ ਦੇ ਸਿੱਟੇ ਵਜੋਂ ਪੰਚਾਇਤ ਸੰਮਤੀ ਅਤੇ ਪੰਚਾਇਤਾਂ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਵਿਚ ਅਸਫਲ ਰਹੀਆਂ ਹਨ, ਜਿਸ ਦਾ ਪ੍ਰਭਾਵ ਸਮੂਹਿਕ ਵਿਕਾਸ ਪ੍ਰੋਗਰਾਮ ਦੀ ਅਸਫਲਤਾ ਤੇ ਵੀ ਪਿਆ ਹੈ।

**11.4.11 ਵਿਕਾਸ ਅਧਿਕਾਰੀਆਂ ਦੇ ਦ੍ਰਿਸ਼ਟੀਕੋਣ ਦਾ ਅਸਲੀਅਤ ਤੋਂ ਦੂਰ ਹੋਣਾ (Unrealistic Attitude of Development Officers) :** ਵਿਕਾਸ ਅਧਿਕਾਰੀਆਂ ਨੇ ਇਸ ਪ੍ਰੋਗਰਾਮ ਦੇ ਪ੍ਰਤੀ ਜੋ ਦ੍ਰਿਸ਼ਟੀਕੋਣ ਅਪਨਾਇਆ ਹੋਇਆ ਹੈ, ਉਹ ਅਸਲੀਅਤ ਤੋਂ ਬਹੁਤ ਦੂਰ ਹੈ। ਉਨ੍ਹਾਂ ਦਾ ਇਹ ਦ੍ਰਿਸ਼ਟੀਕੋਣ ਇਸ ਪ੍ਰੋਗਰਾਮ ਦੀ ਸਫਲਤਾ ਦੇ ਰਾਹ ਵਿਚ ਇਕ ਵੱਡੀ ਰੁਕਾਵਟ ਹੈ। ਵਿਕਾਸ ਅਧਿਕਾਰੀ ਨਾ ਤੇ ਕਿਸਾਨਾਂ ਅਤੇ ਦਿਹਾਤੀ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਦੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਆਪਣੇ ਵਿਚਾਰ ਸਮਝਾ ਸਕਦੇ ਹਨ। ਉਨ੍ਹਾਂ ਦਾ ਦ੍ਰਿਸ਼ਟੀਕੋਣ ਕਿਤਾਬੀ ਹੁੰਦਾ ਹੈ ਜੋ ਅਸਲੀਅਤ ਤੋਂ ਕਿਤੇ ਦੂਰ ਹੁੰਦਾ ਹੈ। ਉਹ ਦਿਹਾਤੀ ਲੋਕਾਂ ਨੂੰ ਰੂੜ੍ਹੀਵਾਦੀ ਕਹਿ ਕੇ ਆਪਣੀ ਕਮਜ਼ੋਰੀ ਲੁਕਾਉਣ ਦਾ ਯਤਨ ਕਰਦੇ ਹਨ।

## 11.5 ਸੁਧਾਰ ਦੇ ਉਪਾਅ

ਸਮੂਹਿਕ ਵਿਕਾਸ ਪ੍ਰੋਗਰਾਮ ਵਿਚ ਮੌਜੂਦ ਉਪਰੋਕਤ ਦੋਸ਼ਾਂ ਅਤੇ ਤਰੁਟੀਆਂ ਨੂੰ ਦੂਰ ਕਰਨ ਲਈ ਹੇਠ ਲਿਖੇ ਸੁਝਾਅ ਦਿੱਤੇ ਜਾ ਸਕਦੇ ਹਨ :

**11.5.1 ਖੇਤੀ ਨੂੰ ਮਹੱਤਵ (Emphasis on Agriculture) :** ਇਸ ਪ੍ਰੋਗਰਾਮ ਵਿਚ ਦਿਹਾਤੀ ਸਹੂਲਤਾਂ ਦੀ ਬਜਾਏ ਖੇਤੀ ਉਤਪਾਦਨ ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ। ਇਨ੍ਹਾਂ ਯੋਜਨਾਵਾਂ ਦੇ ਆਧਾਰ ਤੇ ਖੇਤੀ ਸੁਧਾਰ, ਸਹਿਕਾਰਤਾ, ਦਿਹਾਤੀ ਉਦਯੋਗ, ਪਸ਼ੂ ਪਾਲਣ ਅਤੇ ਸਿਹਤ ਵਰਗੇ ਕਾਰਜਾਂ ਨੂੰ ਪਹਿਲ ਦੇਣੀ ਚਾਹੀਦੀ ਹੈ ਕਿਉਂਕਿ ਦਿਹਾਤੀ ਜਨਤਾ ਦਾ

ਸੰਪੂਰਣ ਜੀਵਨ ਇਕ-ਮਾਤਰ ਇਸੇ ਤੇ ਨਿਰਭਰ ਹੈ।

**11.5.2 ਵਿਅਕਤੀਗਤ ਹਿੱਤਾਂ ਦੀ ਬਜਾਏ ਸਰਵਜਨਕ ਹਿੱਤਾਂ ਤੇ ਜ਼ੋਰ ਦੇਣਾ (Emphasis on Public Interests instead of individual interests) :** ਇਸ ਪ੍ਰੋਗਰਾਮ ਦੇ ਅਧੀਨ ਭਿੰਨ-ਭਿੰਨ ਪ੍ਰਕਾਰ ਦੀਆਂ ਯੋਜਨਾਵਾਂ ਵਿਚ ਸਿਰਫ ਉਨ੍ਹਾਂ ਕਾਰਜਾਂ ਵਲ ਧਿਆਨ ਦੇਣਾ ਚਾਹੀਦਾ ਹੈ ਜਿਸ ਨਾਲ ਵਿਅਕਤੀਗਤ ਲਾਭ ਦੀ ਬਜਾਏ ਸੰਪੂਰਣ ਸਮਾਜ ਨੂੰ ਲਾਭ ਹੋਵੇ। ਇਸ ਪ੍ਰੋਗਰਾਮ ਦੀ ਵਰਤੋਂ ਕਿਸੇ ਇਕ ਵਿਅਕਤੀ ਜਾਂ ਗੁੱਟ ਦੇ ਲਾਭ ਨਾਲ ਨਹੀਂ ਕਰਨੀ ਚਾਹੀਦੀ, ਇਸ ਨਾਲ ਦਿਹਾਤੀ ਜਨਤਾ ਦੇ ਇਸ ਪ੍ਰੋਗਰਾਮ ਦੇ ਪ੍ਰਤੀ ਵਿਸ਼ਵਾਸ ਮਜ਼ਬੂਤ ਹੋਵੇ ਗਾ ਜੋ ਕਿ ਉਨ੍ਹਾ ਦੀ ਸਫਲਤਾ ਲਈ ਬਹੁਤ ਜ਼ਰੂਰੀ ਹੈ।

**11.5.3 ਸਹਿਕਾਰੀ ਸਮਿਤੀਆਂ ਦਾ ਵਿਕਾਸ (Development of Co-operatives) :** ਕਿਉਂਕਿ ਸਮੂਹਿਕ ਵਿਕਾਸ ਪ੍ਰੋਗਰਾਮ ਇਕ ਸਮੂਹਿਕ (collective) ਪ੍ਰੋਗਰਾਮ ਹੈ, ਇਸ ਲਈ ਇਸ ਨੂੰ ਸਫਲ ਬਣਾਉਣ ਲਈ ਇਸ ਦੀਆਂ ਭਿੰਨ ਭਿੰਨ ਯੋਜਨਾਵਾਂ ਨੂੰ ਸਹਿਕਾਰੀ ਸਮਿਤੀਆਂ ਦੁਆਰਾ ਲਾਗੂ ਕਰਨਾ ਜ਼ਿਆਦਾ ਲਾਹੇਵੰਦ ਹੋਵੇਗਾ। ਇਸ ਉਦੇਸ਼ ਨਾਲ ਸਹਿਕਾਰੀ ਸਮਿਤੀਆਂ ਦੇ ਵਿਕਾਸ ਲਈ ਢੁੱਕਵੇਂ ਕਦਮ ਚੁੱਕੇ ਜਾਣੇ ਚਾਹੀਦੇ ਹਨ। ਸਹਿਕਾਰਤਾ ਨੂੰ ਇਸ ਪ੍ਰੋਗਰਾਮ ਦਾ ਇਕ ਮਹੱਤਵਪੂਰਨ ਅੰਗ ਬਣਾ ਦੇਣਾ ਚਾਹੀਦਾ ਹੈ। ਖੇਤੀਬਾੜੀ ਦੇ ਵਿਕਾਸ ਨਾਲ ਸੰਬੰਧਤ ਸਾਰੇ ਕਾਰਜ ਜਿਵੇਂ ਚੰਗੇ ਬੀਜ, ਫਸਲ ਦੀ ਵਿਕਰੀ ਆਦਿ ਸਹਿਕਾਰੀ ਸਮਿਤੀਆਂ ਦੁਆਰਾ ਹੋਣੇ ਚਾਹੀਦੇ ਹਨ।

**11.5.4 ਪੰਚਾਇਤੀ ਰਾਜ ਨੂੰ ਉਤਸ਼ਾਹ ਦੇਣਾ (Encourages Panchayati Raj) :** ਸਰਕਾਰ ਤੇ ਨਿਰਭਰਤਾ ਨੂੰ ਘੱਟ ਕਰਨ ਲਈ ਅਤੇ ਲੋਕਾਂ ਵਿਚ ਆਤਮ-ਨਿਰਭਰਤਾ ਦੀ ਭਾਵਨਾ ਨੂੰ ਵਿਕਸਤ ਕਰਨ ਲਈ, ਲੋਕਤੰਤਰੀ ਵਿਕੇਂਦਰੀਕਰਣ ਦੀ ਬਹੁਤ ਲੋੜ ਹੈ। ਇਸ ਲਈ ਪੰਚਾਇਤੀ ਰਾਜ ਦੀਆਂ ਸੰਸਥਾਵਾਂ, ਜ਼ਿਲ੍ਹਾ ਪਰਿਸ਼ਦ, ਪੰਚਾਇਤ ਸੰਮਤੀ ਅਤੇ ਪੰਚਾਇਤ ਨੂੰ ਜ਼ਿਆਦਾ ਪ੍ਰਭਾਵਸ਼ਾਲੀ ਬਣਾਉਣਾ ਚਾਹੀਦਾ ਹੈ, ਇਨ੍ਹਾਂ ਸੰਸਥਾਵਾਂ ਦੀ ਆਮਦਨ ਵਿਚ ਵਾਧਾ ਕਰਨਾ ਚਾਹੀਦਾ ਹੈ ਅਤੇ ਸਮੂਹਿਕ ਵਿਕਾਸ ਦੀਆਂ ਸਭ ਯੋਜਨਾਵਾਂ ਨੂੰ ਇਨ੍ਹਾਂ ਦੇ ਦੁਆਰਾ ਹੀ ਲਾਗੂ ਕਰਨਾ ਚਾਹੀਦਾ ਹੈ। ਬਲਾਕ ਵਿਕਾਸ ਦੀਆਂ ਸਭ ਯੋਜਨਾਵਾਂ ਨੂੰ ਪੰਚਾਇਤ ਸੰਮਤੀ ਦੁਆਰਾ ਹੀ ਤਿਆਰ ਕੀਤਾ ਜਾਣਾ ਚਾਹੀਦਾ ਹੈ। ਪਿੰਡਾਂ ਦੇ ਵਿਕਾਸ ਲਈ ਪੰਚਾਇਤ ਨੂੰ ਜ਼ਿਆਦਾਤਰ ਨਿਜੀ ਸਾਧਨਾਂ ਤੇ ਨਿਰਭਰ ਹੋਣਾ ਚਾਹੀਦਾ ਹੈ, ਇਸ ਉਦੇਸ਼ ਨੂੰ ਪ੍ਰਾਪਤ ਕਰਨ ਲਈ ਭੂਮੀ ਤੋਂ ਇਕਠੇ ਕੀਤੇ ਗਏ ਮਾਲੀਏ ਦਾ ਇਸ ਵੱਡਾ ਹਿੱਸਾ ਪੰਚਾਇਤਾਂ ਨੂੰ ਮਿਲਣਾ ਚਾਹੀਦਾ ਹੈ, ਤਾਂ ਕਿ ਗਰਾਮ ਪੰਚਾਇਤਾਂ ਵਿਕਾਸ ਯੋਜਨਾ ਨੂੰ ਸਫਲ ਬਣਾ ਸਕਣ।

**11.5.5 ਗਰਾਮ ਉਦਯੋਗ ਦਾ ਵਿਕਾਸ (Development of village Industries) :** ਗਰਾਮ ਉਦਯੋਗ ਦਾ ਵਿਕਾਸ ਕਰਨਾ ਵੀ ਸਮੂਹਿਕ ਵਿਕਾਸ ਦੀ ਸਫਲਤਾ ਲਈ ਜ਼ਰੂਰੀ ਹੈ। ਗਰਾਮ ਉਦਯੋਗ ਦੀ ਉੱਨਤੀ ਲਈ ਹੱਥਾਂ ਦੇ ਨਾਲ ਨਾਲ ਮਸ਼ੀਨਾਂ ਦੀ ਵਰਤੋਂ ਵੀ ਹੋਣੀ ਚਾਹੀਦੀ ਹੈ ਅਤੇ ਘਰੇਲੂ ਉਦਯੋਗਾਂ ਦੀ ਸਥਾਪਨਾ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਪਿੰਡਾਂ ਵਿਚ ਲਗਾਏ ਜਾਣ ਵਾਲੇ ਉਦਯੋਗਾਂ ਲਈ ਸਿਖਲਾਈ ਦਾ ਵੀ ਪ੍ਰਬੰਧ ਹੋਣਾ ਚਾਹੀਦਾ ਹੈ, ਤਾਂ ਕਿ ਪਿੰਡਾਂ ਦੇ ਵਸਨੀਕ ਇਨ੍ਹਾਂ ਉਦਯੋਗਾਂ ਨੂੰ ਪਿੰਡਾਂ ਵਿਚ ਲਗਾ ਸਕਣ ਅਤੇ ਉਨ੍ਹਾਂ ਨੂੰ ਵਿਕਸਿਤ ਕਰ ਸਕਣ। ਇਨ੍ਹਾਂ ਉਦਯੋਗਾਂ ਦੁਆਰਾ ਤਿਆਰ ਕੀਤੇ ਗਏ ਮਾਲ ਦੀ ਵਿਕਰੀ ਵਲ ਵਿਸ਼ੇ ਸ਼ ਧਿਆਨ ਦੇਣਾ ਚਾਹੀਦਾ ਹੈ। ਕਿਉਂਕਿ ਉਦਯੋਗਾਂ ਦੀ ਸਫਲਤਾ ਅਤੇ ਇਨ੍ਹਾਂ ਵਿਚ ਲਗੇ ਹੋਏ ਲੋਕਾਂ ਦੀ ਆਰਥਿਕ ਖੁਸ਼ਹਾਲੀ, ਇਨ੍ਹਾਂ ਦੁਆਰਾ ਤਿਆਰ ਕੀਤੇ ਗਏ ਸਮਾਨ ਦੀ ਵਿਕਰੀ ਤੇ ਹੀ ਨਿਰਭਰ ਕਰਦੀ ਹੈ।

**11.5.6 ਤਾਲ-ਮੇਲ (Co-ordination) :** ਸਮੂਹਿਕ ਵਿਕਾਸ ਪ੍ਰੋਗਰਾਮ ਦੇ ਵਿਚ ਕੰਮ ਕਰਨ ਵਾਲੀਆਂ ਸਭ ਇਕਾਈਆਂ ਅਤੇ ਸੰਗਠਨਾਂ ਅਤੇ ਲੋਕਾਂ ਅਤੇ ਸਰਕਾਰੀ ਕਰਮਚਾਰੀਆਂ ਵਿਚਕਾਰ ਤਾਲ-ਮੇਲ ਹੋਣਾ ਚਾਹੀਦਾ ਹੈ। ਇਸ ਦੇ ਸਿੱਟੇ ਵਜੋਂ ਸਭ ਸਾਧਨਾਂ ਦੀ ਵਰਤੋਂ ਪੂਰੀ ਤਰ੍ਹਾਂ ਅਤੇ ਨਿਪੁੰਨਤਾ ਪੂਰਣ ਹੋਵੇਗੀ, ਜਿਸ ਨਾਲ ਗਰਾਮ ਵਿਕਾਸ ਦੇ ਹਰ ਇਕ ਖੇਤਰ ਵਿਚ ਪ੍ਰਗਤੀ ਨਿਸ਼ਚਿਤ ਰੂਪ ਨਾਲ ਹੋਵੇਗੀ।

**11.5.7 ਸਿਖਲਾਈ ਪ੍ਰਾਪਤ ਕਰਮਚਾਰੀ (Tranied Personnel) :** ਇਸ ਪ੍ਰੋਗਰਾਮ ਵਿਚ ਕੰਮ ਕਰਨ ਵਾਲੇ ਕਰਮਚਾਰੀ ਦੀ ਸਿਖਲਾਈ ਲਈ ਵਿਸ਼ੇਸ਼ ਪ੍ਰਬੰਧ ਹੋਣਾ ਚਾਹੀਦਾ ਹੈ। ਸਿਰਫ ਉਨ੍ਹਾਂ ਲੋਕਾਂ ਨੂੰ ਇਸ ਕੰਮ

ਲਈ ਚੁਣਿਆ ਜਾਣਾ ਚਾਹੀਦਾ ਹੈ, ਜੋ ਦਿਹਾਤੀ ਜੀਵਨ ਤੋਂ ਜਾਣੂ ਹੋਣ ਅਤੇ ਜਿਨ੍ਹਾਂ ਨੂੰ ਦਿਹਾਤੀ ਜੀਵਨ ਦੀਆਂ ਸਮੱਸਿਆਵਾਂ ਦਾ ਗਿਆਨ ਹੋਵੇ ਅਤੇ ਜੋ ਗਰਾਮ ਵਿਕਾਸ ਦੇ ਪ੍ਰੋਗਰਾਮ ਨੂੰ ਸਮਰਪਿਤ ਹੋਣ।

ਇਨ੍ਹਾਂ ਸਭ ਗੱਲਾਂ ਦੇ ਇਲਾਵਾ ਸਮੂਹਿਕ ਵਿਕਾਸ ਯੋਜਨਾਵਾਂ ਦੀ ਸਫਲਤਾ ਦੇ ਲਈ ਆਵਜਾਈ ਅਤੇ ਸੰਚਾਰ ਸਾਧਨਾਂ ਦਾ ਪੂਰੀ ਤਰ੍ਹਾਂ ਵਿਕਾਸ ਕੀਤਾ ਜਾਣਾ ਚਾਹੀਦਾ ਹੈ, ਤਾਂ ਕਿ ਦਿਹਾਤੀ ਜਨਤਾ ਦਾ ਸੰਬੰਧ ਸ਼ਹਿਰੀ ਜਨਤਾ ਨਾਲ ਬਣਿਆ ਰਹੇ। ਨਾਲ ਹੀ ਗਰਾਮ ਪੰਚਾਇਤ ਨੂੰ ਵਿਕਾਸਸ਼ੀਲ ਯੋਜਨਾ ਬਣਾਉਂਦੇ ਸਮੇਂ ਅਜਿਹੀਆਂ ਯੋਜਨਾਵਾਂ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ, ਜਿਨ੍ਹਾਂ ਨਾਲ ਸਿਰਫ ਬੇਰੁਜ਼ਗਾਰੀ ਦੀ ਸਮੱਸਿਆ ਹੀ ਨਾ ਹੱਲ ਹੋ ਸਕੇ ਬਲਕਿ ਦਿਹਾਤੀ ਆਰਥਿਕ ਜੀਵਨ ਵਿਚ ਉੱਨਤੀ ਵੀ ਹੋਵੇ।

## 11.6 ਸਾਰ

ਉਪਰੋਕਤ ਵਰਣਨ ਤੋਂ ਇਹ ਸਾਬਿਤ ਹੁੰਦਾ ਹੈ ਕਿ ਸਮੁਦਾਇਕ ਵਿਕਾਸ ਦਾ ਮੰਤਵ ਜਨਤਾ ਵਿਚ ਸਮੁੱਚੇ ਜੀਵਨ ਲਈ ਲਗਨ ਪੈਦਾ ਕਰਨਾ ਅਤੇ ਲੋਕਾਂ ਨੂੰ ਆਤਮ-ਨਿਰਭਰ ਬਣਾਉਣਾ ਅਤੇ ਆਤਮ-ਸਹਾਇਤਾ ਦੀ ਪੂਰਤੀ ਲਈ ਮਾਰਗ ਦਰਸਾਉਣਾ ਹੈ। ਇਸ ਦਾ ਉਦੇਸ਼ ਹੈ ਕਿ ਅਜਿਹੇ ਤੀਬਰ ਅਤੇ ਸਰਬ ਭਲਾਈ ਦਾ ਪ੍ਰੋਗਰਾਮ ਚਲਾਏ ਜਾਣ ਜਿਨ੍ਹਾਂ ਰਾਹੀਂ ਦਿਹਾਤੀ ਜੀਵਨ ਦੇ ਵੱਖ ਵੱਖ ਪਹਿਲੂਆਂ ਜਿਵੇਂ ਖੇਤੀ, ਪੇਂਡੂ ਉਦਯੋਗ, ਵਿਦਿਆ, ਮਕਾਨ ਅਤੇ ਸਿਹਤ ਆਦਿ ਦਾ ਵਿਕਾਸ ਹੋ ਸਕੇ ਅਤੇ ਲੋਕਾਂ ਦੇ ਜੀਵਨ ਪੱਧਰ ਵਿਚ ਪਰਿਵਰਤਨ ਆ ਸਕੇ। ਸਮੁਦਾਇਕ ਵਿਕਾਸ ਦੀ ਯੋਜਨਾ ਅਸਲ ਵਿਚ ਇਕ ਮਹਾਨ ਕ੍ਰਾਂਤੀ ਹੈ, ਜਿਸਨੂੰ ਜੇਕਰ ਠੀਕ ਢੰਗ ਨਾਲ ਵਰਤੋਂ ਵਿਚ ਲਿਆਂਦਾ ਜਾਵੇ ਤਾਂ ਦੇਸ਼ ਵਿਚ ਮਹਾਨ ਆਰਥਕ ਅਤੇ ਸਮਾਜਿਕ ਪਰਿਵਰਤਨ ਲਿਆਂਦਾ ਜਾ ਸਕਦਾ ਹੈ। ਇਹ ਇਕ ਮਹਾਨ ਯੋਜਨਾ ਹੈ। ਜਿਸ ਦਾ ਨਿਰਮਾਣ ਇਕ ਮਹਾਨ ਟੀਚੇ ਅਤੇ ਆਦਰਸ਼ ਦੀ ਪੂਰਤੀ ਲਈ ਕੀਤਾ ਗਿਆ ਹੈ। ਇਸ ਦਾ ਮੰਤਵ ਪੇਂਡੂ ਜੀਵਨ ਦੇ ਸਾਰੇ ਪੱਖਾਂ ਦਾ ਸੰਤੁਲਿਤ ਵਿਕਾਸ ਹੈ। ਲੋਕਾਂ ਨੂੰ ਆਪਣੀਆਂ ਸਮੱਸਿਆਵਾਂ ਦੇ ਪ੍ਰਤੀ ਸੁਚੇਤ ਕਰਨਾ ਅਤੇ ਸਾਧਨਾਂ ਦੀ ਠੀਕ ਵਰਤੋਂ ਰਾਹੀਂ ਉਨ੍ਹਾਂ ਦਾ ਹੱਲ ਲੱਭਣਾ ਹੈ। ਇਸ ਤੋਂ ਇਲਾਵਾ ਲੋਕਾਂ ਦੇ ਦ੍ਰਿਸ਼ਟੀਕੋਣ ਵਿਚ ਮੂਲ ਪਰਿਵਰਤਨ ਲਿਆਉਣਾ ਤਾਂ ਕਿ ਉਹ ਪੇਂਡੂ ਸਮਾਜ ਦੇ ਸਾਰੇ ਪੱਖਾਂ ਦੇ ਵਿਕਾਸ ਵਿਚ ਕ੍ਰਿਆਸ਼ੀਲ ਭਾਗ ਲੈਣ। ਪਿੰਡਾਂ ਵਿਚ ਇਕ ਨਿਯਮਾਵਲੀ ਅਤੇ ਸਭਿਆਚਾਰਕ ਪਰਿਵਰਤਨ ਦੀ ਪ੍ਰਕਿਆ ਨੂੰ ਸ਼ੁਰੂ ਕਰਨ ਅਤੇ ਸਹੀ ਦਿਸ਼ਾ ਦੇਣ, ਜਿਸ ਨਾਲ ਸਮਾਜਿਕ ਜੀਵਨ ਦਾ ਸਰਵ-ਪੱਖੀ ਵਿਕਾਸ ਹੋ ਸਕੇ। ਇਸ ਪ੍ਰੋਗਰਾਮ ਰਾਹੀਂ ਜਿਥੇ ਭੌਤਿਕ ਵਿਕਾਸ ਦੀ ਕੋਸ਼ਿਸ਼ ਕੀਤੀ ਗਈ ਹੈ ਉਥੇ ਲੋਕਾਂ ਦੇ ਵਿਚਾਰਾਂ ਤੇ ਮਨੋਵਿਰਤੀਆਂ ਵਿਚ ਵੀ ਪਰਿਵਰਤਨ ਲਿਆਉਣ ਦੀ ਕੋਸ਼ਿਸ਼ ਕਰਨ, ਤਾਂ ਹੀ ਸਮਾਜ ਵਿਚ ਪਰਿਵਰਤਨ ਸੰਭਵ ਹੈ।

## 11.7 ਅਭਿਆਸ ਲਈ ਪ੍ਰਸ਼ਨ

(ੳ) ਸਮੁਦਾਇਕ ਵਿਕਾਸ ਯੋਜਨਾ ਦਾ ਸਮਾਜਿਕ ਪਰਿਵਰਤਨ ਲਿਆਉਣ ਵਿਚ ਕੀ ਸਹਿਯੋਗ ਹੈ? ਵਿਆਖਿਆ ਕਰੋ।

(ਅ) ਸਮੁਦਾਇਕ ਵਿਕਾਸ ਯੋਜਨਾ ਦੇ ਉਦੇਸ਼ਾਂ ਤੇ ਚਾਨਣਾ ਪਾਉ।

(ੲ) ਸਮੁਦਾਇਕ ਵਿਕਾਸ ਯੋਜਨਾ ਦੇ ਕਾਮਯਾਬ ਨਾ ਹੋਣ ਦੇ ਕਾਰਨਾਂ ਦੀ ਚਰਚਾ ਕਰਦੇ ਹੋਏ ਮੁਲਅੰਕਣ ਕਰੋ।

### ਸੰਖੇਪ ਸਵਾਲ (ਬਿਆਨ ਕਰੋ)

(ੳ) ਸਮੁਦਾਇਕ ਵਿਕਾਸ

(ਅ) ਵਿਕਾਸ

(ੲ) ਯੋਜਨਾਬੱਧ ਵਿਕਾਸ

(ਸ) ਸਮੁਦਾਇਕ ਵਿਕਾਸ ਦੇ ਟੀਚੇ

(ਹ) ਸੁਮਦਾਇਕ ਵਿਕਾਸ ਦੀਆਂ ਤਰੁਟੀਆਂ

## 11.8 ਉਪਯੋਗੀ ਪੁਸਤਕਾਂ


ਸੁਖਦੇਵ ਸਿੰਘ : ਪੇਂਡੂ ਸਮਾਜ ਅਤੇ ਪੇਂਡੂ ਵਿਕਾਸ

ਸਵਿੰਦਰਜੀਤ ਕੌਰ : ਜਨਰਲ ਸਮਾਜ ਵਿਗਿਆਨ II

ਪ੍ਰੋ. ਏ. ਆਰ. ਦਿਸਾਈ : ਰੂਰਲ ਸ਼ੋਸ਼ਿਆਲੋਜੀ ਇੰਨ ਇੰਡੀਆ

**ਪਾਠ ਨੰਬਰ : 2.8** **ਲੇਖਕ ਡਾ. ਹਰਿੰਦਰ ਕੌਰ**

# ਪੰਚਾਇਤੀ ਰਾਜ
## (Panchayti Raj)

**ਰੂਪ ਰੇਖਾ**


12.0 ਉਦੇਸ਼

12.1 ਜਾਣ-ਪਛਾਣ

12.2 ਪੰਚਾਇਤੀ ਰਾਜ ਅਤੇ ਇਸ ਦੀਆਂ ਪ੍ਰਣਾਲੀਆਂ

12.2.1 ਗ੍ਰਾਮ ਪੰਚਾਇਤ

12.2.2 ਪੰਚਾਇਤ ਸੰਮਤੀ

12.2.3 ਜ਼ਿਲ੍ਹਾ ਪ੍ਰੀਸ਼ਦ

12.3 ਪੰਚਾਇਤੀ ਰਾਜ ਦੀਆਂ ਸਮੱਸਿਆਵਾਂ

12.4 ਸਮੱਸਿਆਵਾਂ ਨੂੰ ਦੂਰ ਕਰਨ ਲਈ ਸੁਝਾਅ

12.5 ਸਾਰ

12.6 ਅਭਿਆਸ ਲਈ ਪ੍ਰਸ਼ਨ

12.7 ਸਹਿਯੋਗੀ ਪੁਸਤਕਾਂ


### 12.0 ਉਦੇਸ਼

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਹਾਨੂੰ ਪੰਚਾਇਤੀ ਰਾਜ ਬਾਰੇ ਹੇਠ ਲਿਖੀਆਂ ਗੱਲਾਂ ਦਾ ਪਤਾ ਚਲੇਗਾ।

- ਤੁਸੀਂ ਪੰਚਾਇਤੀ ਰਾਜ ਅਤੇ ਇਸਦੀਆਂ ਪ੍ਰਣਾਲੀਆਂ ਨੂੰ ਬਿਆਨ ਕਰਨ ਦੇ ਸਮਰੱਥ ਹੋਵੋ ਗੇ।
- ਤੁਹਾਨੂੰ ਪੰਚਾਇਤੀ ਰਾਜ ਦੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਹਾਸਿਲ ਹੋਵੇਗੀ।
- ਤੁਸੀਂ ਇਨ੍ਹਾਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਸੁਝਾਅ ਦੇਣ ਦੇ ਯੋਗ ਹੋਵੋਗੇ।

### 12.1 ਜਾਣ-ਪਛਾਣ

ਪੰਚਾਇਤ ਰਾਜ ਨੇ ਭਾਰਤ ਦੇ ਵਿਕਾਸ ਵਿਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਆਜ਼ਾਦੀ ਤੋਂ ਪਹਿਲਾਂ ਬਰਤਾਨਵੀ ਸਰਕਾਰ ਨੇ ਪਿੰਡਾਂ ਦੇ ਵਿਕਾਸ ਵੱਲ ਧਿਆਨ ਨਹੀਂ ਸੀ ਦਿੱਤਾ ਜਿਸ ਕਾਰਨ ਪੇਂਡੂ ਸਮਾਜ ਅਤੇ ਪ੍ਰਸ਼ਾਸਨ ਦਿਨੋ ਦਿਨ ਨਿਘਰਦਾ ਗਿਆ। ਪਰ ਭਾਰਤੀ ਵਸੋਂ ਤਾਂ 80% ਪਿੰਡਾਂ ਵਿਚ ਰਹਿੰਦੀ ਸੀ ਜਿਸ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਪਛੜੇਵੇਂ ਕਰਕੇ ਦੇਸ਼ ਦਾ ਵਿਕਾਸ ਮੁਮਕਿਨ ਨਹੀਂ ਸੀ। ਆਜ਼ਾਦੀ ਤੋਂ ਬਾਅਦ ਸਾਡੀ ਸਰਕਾਰ ਨੂੰ ਇਸ ਗੱਲ ਦਾ ਅਹਿਸਾਸ ਹੋਇਆ। ਇਸੇ ਕਰਕੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ **ਪੰਡਿਤ ਜਵਾਹਰ ਲਾਲ ਨਹਿਰੂ** ਨੇ ਕਿਹਾ ਸੀ ਕਿ ਜੇ ਸਾਡੇ ਪਿੰਡ ਖੁਸ਼ਹਾਲ ਹਨ ਤਦ ਅਸੀਂ ਖੁਸ਼ਹਾਲ ਹਾਂ ਅਤੇ ਸਾਡਾ ਦੇਸ਼ ਖੁਸ਼ਹਾਲ ਹੋਵੇਗਾ ਇਸ ਕਰਕੇ ਪੇਂਡੂ ਵਿਕਾਸ ਵੱਲ ਵਧੇਰੇ ਮਹੱਤਵ ਦਿੱਤਾ ਗਿਆ ਤਾਂ ਕਿ ਉਨ੍ਹਾਂ ਨੂੰ ਹਰ ਪਛੜੇਵੇਂ ਵਿਚੋਂ ਕੱਢ ਕੇ ਆਧੁਨਿਕ ਜੀਵਨ ਧਾਰਾ ਨਾਲ ਜੋੜਿਆ ਜਾ ਸਕੇ। ਪਿੰਡਾਂ ਵਿਚ ਪੰਚਾਇਤ ਰਾਜ ਨੂੰ ਮਜ਼ਬੂਤ ਬਣਾਉਣ ਲਈ ਸਰਕਾਰ ਨੇ ਵਿਸ਼ੇਸ਼ ਧਿਆਨ ਦਿੱਤਾ। ਪਿੰਡਾਂ ਦੀਆਂ ਪੰਚਾਇਤਾਂ ਨੂੰ ਮਜ਼ਬੂਤ ਕਰਕੇ ਦੇਸ਼ ਦੇ ਪਿੰਡਾਂ ਵਿਚ ਰਹਿੰਦੇ ਲੋਕਾਂ ਦੁਆਰਾ ਆਪਣਾ ਪ੍ਰਸ਼ਾਸਨ ਆਪ ਚਲਾਉਣ ਦੀ ਗੱਲ ਨੂੰ ਮਹੱਤਵ ਦਿੱਤਾ ਜਾ ਰਿਹਾ ਹੈ ਕਿਉਂਕਿ ਅਜਿਹਾ ਕਰਨ ਨਾਲ ਹੀ ਦੇਸ਼ ਦੀ ਸਮੁੱਚੀ ਉੱਨਤੀ ਹੋ ਸਕਦੀ ਹੈ। **ਮਹਾਤਮਾ ਗਾਂਧੀ** ਦਾ ਕਹਿਣਾ ਸੀ ਕਿ ਪੰਚਾਇਤਾਂ ਪ੍ਰਜਾਤੰਤਰਕ ਸ਼ਾਸ਼ਨ ਦੀ ਨੀਂਹ ਹੁੰਦੀਆਂ ਹਨ।

## 12.2 ਪੰਚਾਇਤੀ ਰਾਜ ਅਤੇ ਇਸ ਦੀਆਂ ਪ੍ਰਣਾਲੀਆਂ

ਆਜ਼ਾਦੀ ਮਗਰੋਂ ਪੰਚਾਇਤ ਵਿਵਸਥਾ ਨੂੰ ਫਿਰ ਤੋਂ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਗਈ। ਗਾਂਧੀ ਜੀ ਦਾ ਕਹਿਣਾ ਸੀ ਕਿ ਸਿਰਫ ਪੰਚਾਇਤਾਂ ਰਾਹੀਂ ਹੀ ਲੋਕ ਰਾਜ ਨੂੰ ਪਿੰਡਾਂ ਤੱਕ ਪਹੁੰਚਾਇਆ ਜਾ ਸਕਦਾ ਹੈ। ਭਾਰਤੀ ਪਰਜਾਤੰਤਰ ਦੀਆਂ ਜੜ੍ਹਾਂ ਪੰਚਾਇਤੀ ਰਾਜ ਵਿਚ ਲੁਪਤ ਹਨ। ਰਾਸ਼ਟਰਪਤੀ **ਰਾਜਿੰਦਰ ਪ੍ਰਸ਼ਾਦ** ਨੇ ਪੰਚਾਇਤਾਂ ਨੂੰ ਪ੍ਰਸ਼ਾਸਨ ਦੀ ਮੂਲ ਇਕਾਈ ਮੰਨਿਆ ਹੈ। ਸੰਨ 1908 ਦੇ ਵਿਕੇਂਦਰੀਕਰਣ ਕਮਿਸ਼ਨ ਨੇ ਪਿੰਡਾਂ ਵਿਚ ਪੰਚਾਇਤਾਂ ਨੂੰ ਪੁਨਰਜੀਵਤ ਕਰਨ ਦੀ ਸਿਫਾਰਿਸ਼ ਕੀਤੀ, ਇਸ ਸਿਫਾਰਿਸ਼ ਉਪਰ ਚਲਦਿਆਂ ਹੋਇਆਂ ਸੰਨ 1912 ਵਿਚ ਐਕਟ ਪਾਸ ਹੋਇਆ। ਭਾਰਤੀ ਸੰਵਿਧਾਨ ਦੇ ਭਾਗ 40 ਦੀ 40ਵੀਂ ਧਾਰਾ ਵਿਚ ਲਿਖਿਆ ਹੈ, ''ਸਰਕਾਰ ਗ੍ਰਾਮ ਪੰਚਾਇਤਾਂ ਨੂੰ ਸੰਗਠਿਤ ਕਰਨ ਲਈ ਕਦਮ ਉਠਾਵੇਗੀ ਅਤੇ ਉਨ੍ਹਾਂ ਨੂੰ ਇੰਨੀਆਂ ਸ਼ਕਤੀਆਂ ਅਤੇ ਸੱਤਾ ਸੌਂਪੇ ਗੀ ਜੋ ਕਿ ਉਨ੍ਹਾਂ ਨੂੰ ਸਵੈ-ਸ਼ਾਸਨ ਸਰਕਾਰ ਦੀਆਂ ਇਕਾਈਆਂ ਦੇ ਰੂਪ ਵਿਚ ਕੰਮ ਕਰਨ ਦੇ ਯੋਗ ਬਣਾ ਸਕੇ ।" ਆਜ਼ਾਦੀ ਤੋਂ ਬਾਅਦ **ਮਹਾਤਮਾ ਗਾਂਧੀ** ਜੀ ਦੇ ਸੁਝਾਓ ਕਾਰਨ ਹੀ ਸੰਵਿਧਾਨ ਦੇ ਨੀਤੀ ਨਿਰਦੇਸ਼ਨ ਸਿਧਾਂਤਾਂ ਅਧੀਨ ਰਾਜ ਸਰਕਾਰ ਨੂੰ ਇਹ ਸੁਝਾਓ ਦਿੱਤਾ ਕਿ ਉਹ ਪੰਚਾਇਤ ਦੇ ਗਠਨ ਲਈ ਜ਼ਰੂਰੀ ਨੀਤੀਆਂ ਬਣਾਉਣ। ਸੰਨ 1957 ਤੱਕ ਸਾਰੇ ਰਾਜਾਂ ਵਿਚ ਪੰਚਾਇਤ ਕਾਨੂੰਨ ਪਾਸ ਹੋ ਗਏ ਅਤੇ **ਬਲਵੰਤ ਰਾਏ ਮਹਿਤਾ** ਸਮਿਤੀ ਦੀਆਂ ਸਿਫਾਰਿਸ਼ਾਂ ਦੇ ਆਧਾਰ ਤੇ ਪੰਚਾਇਤੀ ਰਾਜ ਨੂੰ ਲਗਭਗ ਸਾਰੇ ਭਾਰਤ ਵਿਚ ਲਾਗੂ ਕੀਤਾ ਗਿਆ। 12 ਜਨਵਰੀ, 1958 ਨੂੰ ਰਾਸ਼ਟਰੀ ਵਿਕਾਸ ਪ੍ਰਸ਼ੀਦ ਨੂੰ ਲੋਕਤੰਤਤਰਿਕ ਵਿਕੇਂਦਰੀਕਰਣ ਸੰਬੰਧੀ ਸਿਫਾਰਸ਼ਾਂ ਦਾ ਸਮਰਥਨ ਕੀਤਾ। ਇਸ ਪਰਿਸ਼ਦ ਨੇ ਪੰਚਾਇਤੀ ਰਾਜ ਦੀ ਸਥਾਪਨਾ ਲਈ ਕੁਝ ਸਿਧਾਂਤ ਨਿਸ਼ਚਿਤ ਕੀਤੇ। ਵਿਕਾਸ ਅਤੇ ਸਥਾਨਕ ਪ੍ਰਸ਼ਾਸਨ ਸੰਬੰਧੀ ਅਧਿਕਾਰ ਪੰਚਾਇਤੀ ਰਾਜ ਸੰਸਥਾਵਾਂ ਨੂੰ ਦਿੱਤੇ ਜਾ ਚੁੱਕੇ ਹਨ। ਇਸ ਸਮੇਂ ਪੰਚਾਇਤਾਂ ਲਗਭਗ ਸਾਰੇ ਰਾਜਾਂ ਅਤੇ ਸੰਘ-ਖੇਤਰਾਂ ਵਿਚ ਸਥਾਪਿਤ ਕੀਤੀਆਂ ਜਾ ਚੁੱਕੀਆਂ ਹਨ। ਪੰਚਾਇਤੀ ਰਾਜ ਦਾ ਮੁੱਖ ਉਦੇਸ਼ ਲੋਕਤੰਤਰ ਨੂੰ ਵਾਸਤਵਿਕ ਬਨਾਉਣਾ ਹੈ। ਇਸ ਲਈ ਇਹ ਵੱਧ ਤੋਂ ਵੱਧ ਸ਼ਕਤੀਆਂ ਜਨਤਾ ਨੂੰ ਪ੍ਰਦਾਨ ਕਰਨੀਆਂ ਚਾਹੁੰਦਾ ਹੈ। ਮਹਿਤਾ ਸੰਮਤੀ ਨੇ ਆਪਣੀ ਰਿਪੋਰਟ ਵਿਚ ਪੰਚਾਇਤੀ ਰਾਜ ਨੂੰ ਲੋਕਤੰਤਰੀ ਵਿਕੇ ੰਦਰੀਕਰਣ ਦਾ ਨਾਂ ਦਿੱਤਾ। ਭਾਵੇਂ ਪੰਚਾਇਤੀ ਰਾਜ ਤਿੰਨ ਪ੍ਰਣਾਲੀ ਦਾ ਸੂਚਕ ਹੈ, ਗ੍ਰਾਮ ਪੱਧਰ ਉਪਰ ਗ੍ਰਾਮ ਸਭਾ ਜਿਸ ਦੀ ਗ੍ਰਾਮ ਪੰਚਾਇਤ ਕਾਰਜਕਾਰੀ ਸੰਸਥਾ ਹੋਵੇਗੀ, ਬਲਾਕ ਜਾਂ ਤਹਿਸੀਲ ਪੱਧਰ ਉਪਰ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪੱਧਰ ਉਪਰ ਜ਼ਿਲ੍ਹਾ ਪਰੀਸ਼ਦਾਂ, ਪਰੰਤੂ ਸਾਡੇ ਦੇਸ਼ ਵਿਚ ਇਨ੍ਹਾਂ ਸੰਸਥਾਵਾਂ ਦੇ ਨਾਂ ਅਤੇ ਖੇਤਰ ਵਿਚ ਕਾਫੀ ਭਿੰਨਤਾ ਪਾਈ ਜਾਂਦੀ ਹੈ।

### 12.2.1 ਗ੍ਰਾਮ ਪੰਚਾਇਤ

ਗ੍ਰਾਮ ਪੰਚਾਇਤ ਬਹੁਤ ਪ੍ਰਾਚੀਨ ਪੇਂਡੂ ਸੰਸਥਾ ਹੈ। ਭਾਰਤ ਦੇ ਵੈਦਿਕ ਯੁਗ ਵਿਚ ਹਰੇਕ ਪਿੰਡ ਵਿਚ ਪੰਚਾਇਤ ਸੀ। **ਕੇ. ਐਮ. ਪਾਨੀਕਰ** ਦੇ ਅਨੁਸਾਰ ਪੁਰਾਣੇ ਇਤਿਹਾਸ ਦਾ ਇਹੋ ਇਕ ਸਥਿਰ ਆਧਾਰ ਹੈ ਜਿਸ ਨਾਲ ਭਾਰਤ ਦਾ ਹਰੇਕ ਰਾਜ ਵਧਿਆ ਫੂਲਿਆ ਹੈ। ਪੰਚਾਇਤਾਂ ਨੂੰ ਯੁੱਧ ਸ਼ੁਰੂ ਕਰਨ ਅਤੇ ਮੇਲ ਕਰਨ ਤੋਂ ਇਲਾਵਾ ਰਾਜ ਦੇ ਸਾਰੇ ਅਧਿਕਾਰ ਪ੍ਰਾਪਤ ਸੀ। ਪਿੰਡ ਦੀਆਂ ਪੰਚਾਇਤਾਂ ਪਿੰਡ ਵਿਚ ਨਵੇਂ ਜੁਰਮਾਨੇ ਲਗਾਉਂਦੀਆਂ, ਰਖਿਆ ਕਰਦੀਆਂ, ਪੇਂਡੂ ਝਗੜਿਆਂ ਦਾ ਨਿਪਟਾਰਾ ਕਰਦੀਆਂ ਅਤੇ ਸਿੱਖਿਆ ਦਾ ਠੀਕ ਪ੍ਰਬੰਧ ਕਰਦੀਆਂ ਸਨ, ਗ੍ਰਾਮ ਪੰਚਾਇਤ ਦੀ ਚੋਣ ਜਨਤਾ ਦੁਆਰਾ ਹੁੰਦੀ ਸੀ। ਦਸਵੀਂ ਸਦੀ ਦੇ ਇਕ ਗ੍ਰੰਥ ਸੁਕਰਨੀਤੀ ਅਨੁਸਾਰ ਦੇ ਸ਼ ਵਿਚ ਪੰਚਾਇਤ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਮਿਲਦਾ ਹੈ।

(i) ਪਿੰਡ ਵਿਚ ਸ਼ਾਂਤੀ ਬਣਾਈ ਰੱਖਣਾ ਅਤੇ ਪੇਂਡੂਆਂ ਨੂੰ ਸੁਰੱਖਿਅਤ ਦੇਣਾ ਪੰਚਾਇਤ ਦਾ ਕੰਮ ਸੀ।

(ii) ਪੇਂਡੂਆਂ ਦੇ ਆਪਸੀ ਝਗੜਿਆਂ ਦਾ ਨਿਪਟਾਰਾ ਕਰਨਾ ਵੀ ਪੰਚਾਇਤ ਦੇ ਕਾਰਜ ਵਿਚ ਸ਼ਾਮਲ ਸੀ।

(iii) ਜੁਰਮਾਨਾ ਲਗਾਉਣ ਅਤੇ ਜੁਰਮਰਾਨਾ ਪ੍ਰਾਪਤ ਕਰਨ ਦਾ ਕੰਮ ਵੀ ਪੰਚਾਇਤਾਂ ਕਰਦੀਆਂ ਹਨ।

(iv) ਪੰਚਾਇਤ ਨੂੰ ਕਾਰਜ ਪਾਲਿਕਾ ਅਤੇ ਨਿਆਂ ਪਾਲਿਕਾ ਦੋਵਾਂ ਦੇ ਅਧਿਕਾਰ ਮਿਲੇ ਹੋਏ ਹਨ।

ਨਵਾਂ ਪੰਚਾਇਤੀ ਰਾਜ ਬਿਲ 72ਵੀਂ ਸੋਧ ਰਾਹੀਂ 1991 ਵਿਚ ਲੋਕ ਸਭਾ ਵਿਚ ਪੇਸ਼ ਕੀਤਾ ਗਿਆ ਅਤੇ ਨਵੀਂ ਪੰਚਾਇਤੀ ਰਾਜ ਪ੍ਰਣਾਲੀ ਭਾਰਤੀ ਸੰਵਿਧਾਨ ਦੀ 73ਵੀਂ ਸੋਧ ਰਾਹੀਂ 1992 ਵਿਚ ਦਾਖਲ ਕੀਤੀ ਗਈ। ਇਸ ਬਿਲ ਰਾਹੀਂ ਗ੍ਰਾਮ ਸਭਾ, ਪੰਚਾਇਤੀ ਸੰਵਿਧਾਨ, ਪੰਚਾਇਤਾਂ ਦੀ ਬਣਤਰ, ਰਾਖਵਾਂਕਰਣ, ਪੰਚਾਇਤਾਂ ਦਾ ਸਮਾਂ, ਮੈਂਬਰਾਂ ਦੀ ਯੋਗਤਾ, ਤਾਕਤਾਂ, ਅਧਿਕਾਰ ਅਤੇ ਪੰਚਾਇਤ ਦੀਆਂ ਜ਼ਿੰਮੇਵਾਰੀਆਂ ਅਤੇ ਟੈਕਸ ਲਗਾਉਣਾ, ਪੰਚਾਇਤੀ ਫੰਡਜ਼, ਵਿੱਤ ਕਮਿਸ਼ਨ ਦੀ ਸੰਵਿਧਾਨਿਕ ਥਾਂ ਅਤੇ ਰਾਜ ਵਿਚ ਪੰਚਾਇਤਾਂ ਦੀ ਚੋਣ ਸੰਬੰਧੀ ਇਕ ਵਿਧਾਨਕਾਰ ਦੀ ਤਾਕਤ, ਚਲ ਰਹੇ ਕਾਨੂੰਨ ਅਤੇ ਪੰਚਾਇਤਾਂ ਅਤੇ ਅਦਾਲਤਾਂ ਦੁਆਰਾ ਕਿਸੇ ਕਾਨੂੰਨ ਨੂੰ ਨਜਾਇਜ਼ ਕਰਾਰ ਦੇਣਾ ਆਉਂਦਾ ਹੈ। ਪੰਚਾਇਤੀ ਰਾਜ ਐਕਟ 1994 ਦੇ ਅਧੀਨ 200 ਤੋਂ 1000 ਦੀ ਆਬਾਦੀ ਵਾਲੇ ਪਿੰਡਾਂ ਲਈ ਪੰਚਾਇਤ ਵਿਚ 5 ਮੈਂਬਰ, 1000 ਤੋਂ 2000 ਆਬਾਦੀ ਲਈ 7, 2000 ਤੋਂ 5000 ਲਈ 9, 5000 ਤੋਂ 10,000 ਲਈ 11 ਅਤੇ 10,000 ਤੋਂ ਵੱਧ ਆਬਾਦੀ ਵਾਲੇ ਪਿੰਡਾਂ ਲਈ 13 ਮੈਂਬਰ ਚੁਣੇ ਜਾਣਗੇ। ਇਕ ਪੰਚਾਇਤੀ ਸੰਮਤੀ ਵਿਚ ਸਿੱਧੇ ਚੁਣੇ ਮੈਂਬਰਾਂ ਦੀ ਗਿਣਤੀ 10 ਹੋਇਆ ਕਰੇਗੀ। ਇਸ ਐਕਟ ਅਨੁਸਾਰ ਵਿਭਾਗ ਜਿਨ੍ਹਾਂ ਵਿਚ ਸਿੱਖਿਆ, ਖੇਤੀਬਾੜੀ, ਬਾਗਬਾਨੀ, ਭੂਮੀ ਰੱਖਿਆ, ਪਸ਼ੂ ਪਾਲਣ, ਡੇਅਰੀ ਅਤੇ ਪੋਲਟਰੀ, ਸਿੰਚਾਈ, ਪੇਂਡੂ ਬਿਜਲੀ, ਪੇਂਡੂ ਹਾਊਸਿੰਗ, ਸਿਹਤ ਅਤੇ ਪਰਿਵਾਰ ਭਲਾਈ, ਸਮਾਜ ਭਲਾਈ, ਪਛੜੀਆਂ ਸ਼੍ਰੇਣੀਆਂ ਅਤੇ ਅਨੁਸੂਚਿਤ ਜਾਤੀਆਂ, ਲੋਕ ਨਿਰਮਾਣ, ਹਾਊਸ ਹੋਲਡ ਤੇ ਸਮਾਲ ਸਕੇਲ ਇੰਡਸਟਰੀਜ਼, ਖੁਰਾਕ ਅਤੇ ਸਪਲਾਈ ਵਿਭਾਗ ਆਦਿ ਸ਼ਾਮਿਲ ਹਨ ਜ਼ਿਲ੍ਹਾ ਪਰਿਸ਼ਦਾਂ, ਪੰਚਾਇਤ ਸੰਮਤੀ ਅਤੇ ਗਰਾਮ ਪੰਚਾਇਤਾਂ ਅਧੀਨ ਚਲੇ ਜਾਣਗੇ। ਜ਼ਿਲ੍ਹਾ ਪਰਿਸ਼ਦ ਇਨ੍ਹਾਂ ਕਰਮਚਾਰੀਆਂ ਦੀ ਤਨਖਾਹ ਤੇ ਭੱਤੇ ਨਿਸ਼ਚਿਤ ਕਰੇਗੀ। ਪੰਚਾਇਤ ਨੂੰ 500 ਰੁਪਏ ਤੱਕ ਜੁਰਮਾਨਾ, ਕਰਨ ਦਾ ਜੁਡੀਸ਼ਲ ਅਧਿਕਾਰ ਦਿੱਤਾ ਗਿਆ ਹੈ। ਮੇਲਿਆਂ, ਦੁਕਾਨਾਂ, ਬਿਲਡਿੰਗਾਂ, ਜ਼ਮੀਨ ਆਦਿ ਉਤੇ ਟੈਕਸ ਲਗਾਉਣ ਦਾ ਅਧਿਕਾਰ ਦਿੱਤਾ ਗਿਆ। ਜਨਤਕ ਇਮਾਰਤਾਂ ਜਿਵੇਂ ਸਕੂਲਾਂ, ਹਸਪਤਾਲਾਂ ਦੀ ਉਸਾਰੀ ਲਈ ਪੰਚਾਇਤ ਪਿੰਡ ਦੇ ਵਾਸੀਆਂ ਨੂੰ ਵਲੰਟੀਅਰ ਦੇ ਤੌਰ ਤੇ ਕੰਮ ਕਰਨ ਲਈ ਆਦੇਸ਼ ਦੇ ਸਕੇਗੀ ਅਤੇ ਜਿਹੜਾ ਇਹ ਕੰਮ ਨਹੀਂ ਕਰੇਗਾ ਉਸ ਨੂੰ 50 ਰੁਪਏ ਤੱਕ ਜੁਰਮਾਨਾ ਕੀਤਾ ਜਾ ਸਕਦਾ ਹੈ। ਪੰਚਾਇਤ ਸੰਮਤੀਆਂ ਨੂੰ ਕਰਮਚਾਰੀ ਭਰਤੀ ਕਰਨ, ਉਨ੍ਹਾਂ ਦੇ ਤਨਖਾਹ ਸਕੇਲ ਨਿਰਧਾਰਿਤ ਕਰਨ, ਉਨ੍ਹਾਂ ਨੂੰ ਮੁਅਤਲ ਕਰਨ ਅਤੇ ਬਰਖਾਸਤ ਕਰਨ ਦੇ ਅਧਿਕਾਰ ਹੋਣਗੇ। ਪਿੰਡ ਦੀ ਕੁਲ ਆਮਦਨ ਦਾ 40 ਪ੍ਰਤੀਸ਼ਤ ਪਿੰਡ ਦੀ ਪੰਚਾਇਤ ਨੂੰ ਦਿੱਤਾ ਜਾਵੇਗਾ।

### 12.2.2 ਪੰਚਾਇਤ ਸੰਮਤੀ

ਪੰਚਾਇਤ ਸੰਮਤੀ ਦਾ ਗਠਨ ਕਾਫੀ ਪੇਚੀਦਾ ਅਤੇ ਮੁਸ਼ਕਲ ਹੈ। ਇਸ ਵਿਚ ਚਾਰ ਤਰ੍ਹਾਂ ਦੇ ਮੈਂਬਰ ਹੁੰਦੇ ਹਨ। ਪੰਜਾਬ ਵਿਚ ਦੋ ਅਕਤੂਬਰ 1961 ਤੋਂ ਹਰ ਬਲਾਕ ਦੇ ਲਈ ਇਕ ਪੰਚਾਇਤ ਸੰਮਤੀ ਦਾ ਗਠਨ ਕੀਤਾ ਗਿਆ ਹੈ।

**(i) ਸੰਮਤੀ ਦੇ ਮੁੱਢਲੇ ਮੈਂਬਰ (Primary Members) :** ਹਰੇਕ ਪੰਚਾਇਤ ਸੰਮਤੀ ਵਿਚ 19 ਮੁੱਢਲੇ ਮੈਂਬਰ ਹੋਣਗੇ। ਜਿਨ੍ਹਾਂ ਵਿਚੋ 16 ਮੈਂਬਰ ਤਹਿਸੀਲ ਦੇ ਹਰ ਬਲਾਕ ਵਿਚੋਂ ਜਿਨ੍ਹਾਂ ਨੂੰ ਪੰਚਾਂ ਅਤੇ ਸਰਪੰਚਾਂ ਵਿਚੋਂ ਲਿਆ ਜਾਂਦਾ ਹੈ ਦੋ ਮੈਂਬਰ ਸਹਿਕਾਰੀ ਸੰਸਥਾਵਾਂ ਵਿਚੋਂ ਜਿਹੜੇ ਪੰਚਾਇਤ ਸੰਮਤੀ ਖੇਤਰ ਵਿਚ ਆਉਂਦੇ ਹਨ ਅਤੇ 1 ਮੈਂਬਰ ਜਿਹੜਾ ਮੰਡੀ ਸੰਮਤੀਆਂ ਦੀ ਪ੍ਰਤੀਨਿਧਤਾ ਕਰਦਾ ਹੋਵੇ।

**(ii) ਸਹਿਯੋਗੀ ਮੈਂਬਰ (Associate Members) :** ਪੰਜਾਬ ਵਿਧਾਨ ਸਭਾ ਦਾ ਹਰ ਮੈਂਬਰ ਜਿਹੜਾ ਉਸ ਚੋਣ ਖੇਤਰ ਦੀ ਪ੍ਰਤੀਨਿਧਤਾ ਕਰਦਾ ਹੋਵੇ ਉਹ ਮੈਂਬਰ ਹੁੰਦਾ ਹੈ। ਜੇਕਰ ਉਹ ਪ੍ਰਾਇਮਰੀ ਮੈਂਬਰ ਨਾ ਹੋਵੇ ਤ ਾਂ ਅਜਿਹੇ ਮੈਂਬਰ ਮੀਟਿੰਗਾਂ ਵਿਚ ਹਿੱਸਾ ਲੈ ਸਕਦੇ ਹਨ, ਵਿਚਾਰ ਹੀ ਕਰ ਸਕਦੇ ਹਨ ਪਰ ਉਨ੍ਹਾਂ ਨੂੰ ਵੋਟ ਪਾਉਣ ਦਾ ਕੋਈ ਅਧਿਕਾਰ ਨਹੀਂ ਹੁੰਦਾ।

**(iii) ਸਹਿਯੋਜਨ (Cooption) :** ਪੰਚਾਇਤ ਸੰਮਤੀ ਲਈ ਚੁਣਕੇ ਨਾਲ ਚਲਾਉਣ ਵਾਲੇ ਮੈਂਬਰਾਂ ਲਈ ਵੀ ਪ੍ਰਬੰਧ ਕੀਤਾ ਗਿਆ ਹੈ। ਦੋ ਔਰਤ ਮੈਂਬਰ ਜਿਨ੍ਹਾਂ ਦਾ ਸਮਾਜਿਕ ਕੰਮਾਂ ਵਿਚ ਵਿਸ਼ਵਾਸ ਹੋਵੇ। ਚਾਰ ਮੈਂਬਰੀ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਵਿਚੋਂ ਲਏ ਜਾ ਸਕਦੇ ਹਨ। ਅਜਿਹਾ ਉਸ ਸਥਿਤੀ ਵਿਚ

ਕੀਤਾ ਜਾ ਸਕਦਾ ਹੈ ਜੇਕਰ ਵਰਗ ਦੇ ਮੈਂਬਰ ਚੁਣੇ ਨਾ ਗਏ ਹੋਣ।

**(iv) ਔਹਦੇ ਦੇ ਮੈਂਬਰ (Ex-officio) :** ਪੰਚਾਇਤ ਸੰਮਤੀ ਦੇ ਕੁਝ ਮੈਂਬਰ ਔਹਦੇ ਕਰਕੇ ਵੀ ਸ਼ਾਮਿਲ ਹੁੰਦੇ ਹਨ ਜਿਨ੍ਹਾਂ ਵਿਚ ਪ੍ਰਮੁੱਖ ਹਨ ਉਪ ਮੰਡਲ ਅਫਸਰ (ਸਿਵਲ) ਅਤੇ ਵਿਕਾਸ ਅਧਿਕਾਰੀ।

**(v) ਪੰਚਾਇਤ ਸੰਮਤੀ ਦਾ ਪ੍ਰਧਾਨ ਅਤੇ ਉਪ ਪ੍ਰਧਾਨ** : ਹਰੇਕ ਪੰਚਾਇਤ ਸੰਮਤੀ ਨੂੰ ਆਪਣੇ ਮੈਂਬਰਾਂ ਵਿਚੋਂ ਇਕ ਪ੍ਰਧਾਨ ਅਤੇ ਇਕ ਉਪ ਪ੍ਰਧਾਨ ਨੂੰ ਚੁਣਨਾ ਪੈਂਦਾ ਹੈ। ਸੰਮਤੀ ਦੀ ਮੀਟਿੰਗ ਬੁਲਾਉਣਾ ਪ੍ਰਧਾਨ ਦਾ ਕੰਮ ਹੈ ਅਤੇ ਇਹ ਮੀਟਿੰਗਾਂ ਸਾਲ ਵਿਚ ਘੱਟੋ ਘੱਟ ਛੇ ਵਾਰ ਬੁਲਾਈਆਂ ਜਾਣੀਆਂ ਚਾਹੀਦੀਆਂ ਹਨ। ਜੇ ਕਰ ਪੰਚਾਇਤ ਸੰਮਤੀ ਦੇ 1/3 ਮੈਂਬਰ ਪ੍ਰਧਾਨ ਨੂੰ ਲਿਖ ਕੇ ਦੇਣ ਤਾਂ ਵੀ ਪ੍ਰਧਾਨ ਨੂੰ ਮੀਟਿੰਗ ਬੁਲਾਉਣੀ ਪੈਂਦੀ ਹੈ।

ਪੰਚਾਇਤੀ ਸੰਮਤੀ ਵਿਚ ਸਮੇਂ ਸਮੇਂ ਸਿਰ ਆਸਾਮੀਆਂ ਖਾਲੀ ਹੁੰਦੀਆਂ ਰਹਿੰਦੀਆਂ ਹਨ ਕਿਉਂਕਿ ਕਦੇ ਕਿਸੇ ਮੈਂਬਰ ਦੀ ਮੌਤ ਹੋ ਜਾਂਦੀ ਹੈ ਜਾਂ ਕੋਈ ਮੈਂਬਰ ਅਸਤੀਫਾ ਦੇ ਦਿੰਦਾ ਹੈ। ਜੇਕਰ ਕੋਈ ਮੈਂਬਰ ਲਗਾਤਾਰ ਤਿੰਨ ਵਾਰ ਪ੍ਰਧਾਨ ਦੀ ਆਗਿਆ ਤੋਂ ਬਿਨਾਂ ਮੀਟਿੰਗ ਵਿਚ ਗੈਰ ਹਾਜ਼ਰ ਹੋਵੇ ਤਾਂ ਵੀ ਉਸ ਦੀ ਆਸਾਮੀ ਖਾਲੀ ਘੋਸ਼ਿਤ ਕੀਤੀ ਜਾਂਦੀ ਹੈ। ਬੇਈਮਾਨੀ ਜਾਂ ਕੰਮ ਨਾ ਕਰਨ ਵਾਲੇ ਮੈਂਬਰ ਨੂੰ ਸਰਕਾਰ ਬਿਨ੍ਹਾਂ ਕਿਸੇ ਨੋਟਿਸ ਦੇ ਹਟਾ ਸਕਦੀ ਹੈ। ਇਸ ਦੇ ਨਾਲ ਨਾਲ ਜੇਕਰ ਕਿਸੇ ਮੈਂਬਰ ਵਿਰੁੱਧ ਕੋਈ ਜੁਡਿਸ਼ਲ ਜਾਂ ਦਫਤਰੀ ਜਾਂਚ ਚਲ ਰਹੀ ਹੋਵੇ ਤਾਂ ਉਸ ਨੂੰ ਮੁਅੱਤਲ ਕੀਤਾ ਜਾ ਸਕਦਾ ਹੈ। ਜੇਕਰ ਕੋਈਆਸਾਮੀ ਖਾਲੀ ਹੋ ਜਾਵੇ ਤਾਂ ਉਸ ਨੂੰ 60 ਦਿਨਾਂ ਦੇ ਅੰਦਰ ਅੰਦਰ ਕਰਨਾ ਜ਼ਰੂਰੀ ਹੁੰਦਾ ਹੈ। ਇਸ ਚੋਣ ਨੂੰ ਸੰਮਤੀ ਦੀ ਉਪ ਚੋਣ ਕਿਹਾ ਜਾਂਦਾ ਹੈ।

**ਪੰਚਾਇਤ ਸੰਮਤੀ ਦੇ ਮੈਂਬਰਾਂ ਦੀ ਚੋਣ**

ਪ੍ਰਾਇਮਰੀ ਜਾਂ ਮੁਢਲੇ ਮੈਂਬਰਾਂ ਦੀ ਚੋਣ ਲਈ ਡਿਪਟੀ ਕਮਿਸ਼ਨਰ ਵਲੋਂ ਇਕ ਰਿਟਰਨਿੰਗ ਅਫਸਰ (Returning Officer) ਦੀ ਨਿਯੁਕਤੀ ਕੀਤੀ ਜਾਂਦੀ ਹੈ ਜੋ ਚੋਣ ਲਈ ਪੂਰਾ ਪ੍ਰੋਗਰਾਮ ਤਿਆਰ ਕਰਦਾ ਹੈ। ਚੋਣ ਗੁਪਤ ਮਤਦਾਨ ਨਾਲ ਹੁੰਦੀ ਹੈ। ਜੇਕਰ ਕਿਸੇ ਵਿਅਕਤੀ ਨੂੰ ਵੋਟ ਪ੍ਰਾਪਤ ਨਹੀਂ ਹੁੰਦਾ ਤਾਂ ਉਸ ਦੀ ਜ਼ਮਾਨਤ ਜ਼ਬਤ ਹੋ ਜਾਂਦੀ ਹੈ। ਜੇਕਰ ਦੋ ਵਿਅਕਤੀ ਇਕੋ ਜਿਹੀਆਂ ਵੋਟਾਂ ਹਾਸਿਲ ਕਰਦੇ ਹਨ ਤਾਂ ਰਿਟਰਨਿੰਗ ਅਫਸਰ ਪਰਚੀ ਕੱਢ ਕੇ ਉਨ੍ਹਾਂ ਦਾ ਫੈਸਲਾ ਕਰ ਸਕਦਾ ਹੈ। ਚੋਣਾਂ ਡਿਪਟੀ ਕਮਿਸ਼ਨਰ ਦੀ ਨਿਗਰਾਨੀ ਹੇਠ ਹੁੰਦੀਆਂ ਹਨ।

ਪ੍ਰਾਇਮਰੀ ਮੈਂਬਰਾਂ ਦੀ ਚੋਣ ਤੋਂ ਬਾਅਦ ਡਿਪਟੀ ਕਮਿਸ਼ਨਰ ਇਕ ਸਭਾ ਬੁਲਾਉਂਦਾ ਹੈ। ਜਿਸ ਦੀ ਪ੍ਰਧਾਨਗੀ ਉਹ ਖੁਦ ਕਰਦਾ ਹੈ। ਇਸ ਸਭਾ ਵਿਚ ਸਹਿਯੋਜਤ ਮੈਂਬਰਾਂ ਦੀ ਚੋਣ ਕੀਤੀ ਜਾਂਦੀ ਹੈ। ਦੋ ਇਸਤਰੀ ਮੈਂਬਰ ਅਤੇ 4 ਅਨੁਸੂਚਿਤ ਜਾਤੀਆਂ ਦੇ ਮੈਂਬਰ co-option ਕਰਨ ਦੀ ਜ਼ਰੂਰਤ ਘੱਟ ਗਿਣਤੀ ਦੇ ਲੋਕਾਂ ਨੂੰ ਪੂਰੀ ਪ੍ਰਤੀਨਿਧਤਾ ਦੇਣ ਲਈ ਕੀਤੀ ਜਾਂਦੀ ਹੈ।

1961 ਵਿਚ ਸੈਂਟਰਲ ਕੌਂਸਲ ਆਫ ਗੋਰਮਿੰਟ ਦੀ ਤੀਜੀ ਮੀਟਿੰਗ ਵਿਚ ਇਹ ਸੁਝਾਅ ਦਿੱਤਾ ਗਿਆ ਕਿ ਜਿਹੜੇ ਪੰਚਾਇਤ ਸੰਮਤੀ ਦੇ ਮੈਂਬਰ ਸੰਸਦ ਜਾਂ ਵਿਧਾਨ ਸਭਾ ਦੇ ਮੈਂਬਰ ਚੁਣੇ ਜਾਂਦੇ ਹਨ ਉਨ੍ਹਾਂ ਨੂੰ ਪੰਚਾਇਤ ਸਭਾ ਦੀ ਮੈਂਬਰੀ ਤੋਂ ਅਸਤੀਫਾ ਦੇਣਾ ਪਵੇਗਾ। ਉਹ ਕੇਵਲ ਸਹਿ-ਮੈਂਬਰ (Associalte Member) ਦੇ ਤੌਰ ਤੇ ਹੀ ਰਹਿ ਸਕਦੇ ਹਨ।

ਪੰਚਾਇਤ ਸੰਮਤੀ ਵਿਚ S.D.O. (Civil) ਅਤੇ B.D.P.O. ਆਉਂਦੇ ਹਨ। ਇਨ੍ਹਾਂ ਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਹੁੰਦਾ। ਇਹ ਸਰਕਾਰੀ ਕਰਮਚਾਰੀ ਹੋਣ ਦੇ ਨਾਤੇ ਕੇਵਲ ਸਲਾਹਕਾਰ ਦੇ ਤੌਰ ਤੇ ਕੰਮ ਕਰ ਸਕਦੇ ਹਨ।

ਪ੍ਰਧਾਨ ਅਤੇ ਉਪ ਪ੍ਰਧਾਨ ਦੀ ਚੋਣ ਵੀ ਗੁਪਤ ਮਤਦਾਨ ਨਾਲ ਹੁੰਦੀ ਹੈ। ਦੋ ਉਮੀਦਵਾਰਾਂ ਦੇ ਬਰਾਬਰ ਵੋਟਾਂ ਹੋਣ ਦੀ ਸਥਿਤੀ ਵਿਚ Presiding Officer ਵਲੋਂ ਪਰਚੀਆਂ ਕੱਢ ਕੇ ਫੈਸਲਾ ਕੀਤਾ ਜਾਂਦਾ ਹੈ। ਪ੍ਰਧਾਨ ਤੇ ਉਪ ਪ੍ਰਧਾਨ ਆਪਣੇ ਪਦ ਤੋਂ ਅਸਤੀਫਾ ਦੇ ਸਕਦੇ ਹਨ। ਜੇਕਰ ਇਹ ਤਿੰਨ ਮੀਟਿੰਗਾਂ ਵਿਚ ਲਗਾਤਾਰ ਗੈਰ ਹਾਜ਼ਰ ਰਹਿਣ ਤਾਂ ਇਨ੍ਹਾਂ ਨੂੰ ਬਰਖਾਸਤ ਵੀ ਕੀਤਾ ਜਾ ਸਕਦਾ ਹੈ। ਇਹ ਲੋਕਤੰਤਰੀ ਢੰਗ ਨਾਲ ਕੰਮ ਕਰਦੇ ਹਨ। ਜੇਕਰ ਸੰਮਤੀ ਦੇ 2/3 ਮੈਂਬਰ ਪ੍ਰਧਾਨ ਜਾਂ ਉਪ ਪ੍ਰਧਾਨ ਵਿਰੁੱਧ ਬੇ-ਵਿਸ਼ਵਾਸੀ ਦਾ ਮਤਾ ਪਾਸ ਕਰ ਦੇਣ ਤਾਂ

ਉਨ੍ਹਾਂ ਦਾ ਉਤਰਾਧਿਕਾਰੀ ਚੁਣਿਆ ਜਾਂਦਾ ਹੈ।

ਪੰਚਾਇਤੀ ਸੰਮਤੀ ਦੇ ਮੈਂਬਰ ਅਤੇ ਪ੍ਰਧਾਨ ਸੇਵਾ ਕਾਲ 5 ਸਾਲ ਲਈ ਹੁੰਦਾ ਹੈ। ਅਜਿਹਾ ਇਸ ਲਈ ਕੀਤਾ ਗਿਆ ਹੈ ਤਾਂ ਕਿ ਯੋਜਨਾ ਦੇ ਕੰਮਾਂ ਨੂੰ ਪੂਰਾ ਕਰਨ ਵਿਚ ਕਿਸੇ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

**12.2.3ਜ਼ਿਲ੍ਹਾ ਪ੍ਰੀਸ਼ਦ ਦਾ ਸੰਗਠਨ** : ਪੰਚਾਇਤੀ ਰਾਜ ਦੀ ਤੀਸਰੀ ਪ੍ਰਣਾਲੀ ਹੈ ਜ਼ਿਲ੍ਹਾ ਪ੍ਰੀਸ਼ਦ। ਇਸ ਦਾ ਗਠਨ ਅਕਤੂਬਰ 1961 ਵਿਚ ਕੀਤਾ ਗਿਆ ਜਿਹੜਾ ਕਿ ਮਹਿਤਾ ਕਮੇਟੀ ਦੀ ਰਿਪੋਰਟ ਤੇ ਆਧਾਰਿਤ ਸੀ। ਇਸ ਦੇ ਗਠਨ ਵਿਚ :

(i) ਦੋ ਮੈਂਬਰ ਜ਼ਿਲ੍ਹੇ ਦੀਆਂ ਪੰਚਾਇਤ ਸੰਮਤੀਆਂ ਵਿਚੋਂ ਲਏ ਜਾਂਦੇ ਹਨ।

(ii) ਜ਼ਿਲ੍ਹੇ ਦੀ ਹਰ ਪੰਚਾਇਤ ਸੰਮਤੀ ਦਾ ਪ੍ਰਧਾਨ-ਮੈਂਬਰ ਸਹਿਯੋਗੀ ਵਜੋਂ ਹੁੰਦਾ ਹੈ।

(iii) ਹਰ ਇਕ ਸੰਸਦ ਦਾ ਮੈਂਬਰ ਅਤੇ ਵਿਧਾਨ ਸਭਾ ਦਾ ਮੈਂਬਰ ਜਿਹੜਾ ਜ਼ਿਲ੍ਹੇ ਨਾਲ ਸੰਬੰਧ ਰਖਦਾ ਹੈ ਉਹ ਜ਼ਿਲ੍ਹਾ ਪ੍ਰੀਸ਼ਦ ਦਾ ਮੈਂਬਰ ਹੁੰਦਾ ਹੈ।

(iv) ਡਿਪਟੀ ਕਮਿਸ਼ਨਰ ਸਹਿਯੋਜਤ ਵਜੋਂ ਹੁੰਦਾ ਹੈ।

(v) ਦੋ ਇਸਤਰੀਆਂ ਮੈਂਬਰ ਵਜੋਂ ਲਈਆਂ ਜਾਂਦੀਆਂ ਹਨ ਜੇਕਰ ਪਹਿਲਾਂ ਨਾ ਚੁਣੀਆਂ ਗਈਆਂ ਹੋਣ। ਜੇਕਰ ਪਹਿਲਾਂ ਇਕ ਇਸਤਰੀ ਚੁਣੀ ਗਈ ਹੋਵੇ ਤਾਂ ਦੂਸਰੀ ਨੂੰ ਕੋ-ਆਪਟ ਕੀਤਾ ਜਾਂਦਾ ਹੈ।

(vi) ਪੰਜ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਜਾਤੀਆਂ ਦੇ ਮੈਂਬਰ ਸ਼ਾਮਿਲ ਹੁੰਦੇ ਹਨ। ਜੇਕਰ ਇਹ ਮੈਂਬਰ ਪਹਿਲਾਂ ਘੱਟ ਚੁਣੇ ਹੋਣ ਤਾਂ ਬਾਕੀ ਮੈਂਬਰ ਕੋ-ਆਪਟ ਕੀਤੇ ਜਾ ਸਕਦੇ ਹਨ।

ਇਨ੍ਹਾਂ ਮੈਂਬਰਾਂ ਦੇ ਇਲਾਵਾ ਪਰਿਸ਼ਦ ਆਪਣੀਆਂ ਮੀਟਿੰਗਾਂ ਜਾਂ ਬੈਠਕਾਂ ਵਿਚਆਮ ਜਨਤਾ ਵਿਚੋਂ ਜੋ ਲੋਕ ਦਿਲਚਸਪੀ ਰਖਦੇ ਹੋਣ, ਉਨ੍ਹਾਂ ਨੂੰ ਹਿੱਸਾ ਲੈਣ ਲਈ ਬੁਲਾ ਸਕਦਾ ਹੈ।

ਜ਼ਿਲ੍ਹਾਂ ਪਰਿਸ਼ਦ ਦੇ ਪ੍ਰਧਾਨ ਤੇ ਉਪ ਪ੍ਰਧਾਨ ਦੀ ਚੋਣ ਗੁਪਤ ਮਤਦਾਨ ਦੁਆਰਾ ਹੁੰਦੀ ਹੈ। ਇਹ ਚੋਣ ਡਿਪਟੀ ਕਮਿਸ਼ਨਰ ਦੀ ਨਿਗਰਾਨੀ ਹੇਠ ਹੁੰਦੀ ਹੈ। ਜੋ ਕਿ Presiding Officer ਦਾ ਕੰਮ ਕਰਦਾ ਹੈ। ਜੇਕਰ ਦੋ ਵਿਅਕਤੀਆਂ ਨੂੰ ਵੋਟਾਂ ਇਕੋ ਜਿਹੀਆਂ ਮਿਲਣ ਤਾਂ ਇਸ ਦਾ ਫੈਸਲਾ Presiding Officer ਦੁਆਰਾ ਪਰਚੀ ਕੱਢ ਕੇ ਕੀਤਾ ਜਾਂਦਾ ਹੈ। ਜ਼ਿਲ੍ਹਾ ਪਰਿਸ਼ਦ ਦੀ ਚੋਣ ਦਾ ਤਰੀਕਾ ਵੀ ਪੰਚਾਇਤ ਸੰਮਤੀ ਦੀ ਚੋਣ ਦੀ ਤਰ੍ਹਾਂ ਹੀ ਹੁੰਦਾ ਹੈ ਪਰ ਇਸ ਨੂੰ ਡਿਪਟੀ ਕਮਿਸ਼ਨਰ Presiding Officer ਦੇ ਤੌਰ ਤੇ ਕਰਵਾਉਂਦਾ ਹੈ। ਜ਼ਿਲ੍ਹਾ ਪਰਿਸ਼ਦ ਦਾ ਸੇਵਾਕਾਲ ਵੀ 1 ਸਾਲ ਲਈ ਹੁੰਦਾ ਹੈ। ਕੋਈ ਵੀ ਵਿਅਕਤੀ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦ ਦੋਹਾਂ ਦਾ ਪ੍ਰਧਾਨ ਨਹੀਂ ਹੋ ਸਕਦਾ। ਜ਼ਿਲ੍ਹਾ ਪਰਿਸ਼ਦ ਸਰਕਾਰੀ ਕਰਮਚਾਰੀਆਂ ਨੂੰ ਸਲਾਹਕਾਰ ਦੇ ਰੂਪ ਵਿਚ ਬੁਲਾ ਸਕਦਾ ਹੈ। ਜ਼ਿਲ੍ਹਾ ਪਰਿਸ਼ਦ ਦੀਆਂ ਸਾਲ ਵਿਚ ਘੱਟ ਤੋਂ ਘੱਟ ਚਾਰ ਮੀਟਿੰਗਾਂ ਜ਼ਰੂਰੀ ਹਨ, ਪਹਿਲੀ ਅਤੇ ਦੂਜੀ ਮੀਟਿੰਗ ਵਿਚ ਤਿੰਨ ਮਹੀਨੇ ਤੋਂ ਵੱਧ ਦਾ ਵਕਫਾ ਨਹੀਂ ਹੋਣਾ ਚਾਹੀਦਾ। ਸਾਰੀਆਂ ਮੀਟਿੰਗਾਂ ਵਿਚ ਕੋਰਮ 1/2 ਮੈਂਬਰ ਹੁੰਦਾ ਹੈ। ਜ਼ਿਲ੍ਹਾ ਪਰਿਸ਼ਦ standing ਕਮੇਟੀਆਂ ਬਣਾ ਸਕਦੀ ਹੈ। ਕਿਸੇ ਮੈਂਬਰ ਨੂੰ ਹੁਕਮਾਂ ਦੀ ਉਲੰਘਣਾ ਦੇ ਵਿਰੁੱਧ ਚਾਰ ਮਹੀਨੇ ਦੇ ਲਈ ਮੈਂਬਰੀ ਤੋਂ ਵੱਖਰਾ ਰਹਿਣ ਦਾ ਆਦੇਸ਼ ਦਿੱਤਾ ਜਾ ਸਕਦਾ ਹੈ। ਜ਼ਿਲ੍ਹਾ ਪਰਿਸ਼ਦ ਦੇ ਸਕੱਤਰ ਦੀ ਨਿਯੁਕਤੀ ਰਾਜ ਸਰਕਾਰ ਵਲੋਂ ਕੀਤੀ ਜਾਂਦੀ ਹੈ। ਉਹ ਪਰਿਸ਼ਦ ਦੀਆਂ ਮੀਟਿੰਗਾਂ ਵਿਚ ਤਾਂ ਹਿੱਸਾ ਲੈਂਦਾ ਹੈ ਪਰ ਉਸ ਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਹੁੰਦਾ। ਪਰਿਸ਼ਦ ਦੇ ਥਾਪੇ ਮੈਂਬਰ ਪ੍ਰਸ਼ਾਸਨਿਕ ਕੰਮਾਂ ਲਈ ਡਿਪਟੀ ਕਮਿਸ਼ਨਰ ਦੇ ਅਧੀਨ ਹੁੰਦੇ ਹਨ। ਜ਼ਿਲ੍ਹਾ ਪਰਿਸ਼ਦ ਆਪਣੇ ਖੇਤਰ ਵਿਚ ਸੜਕਾਂ ਦੀ ਮੁਰੰਮਤ, ਪੁਲੀਆਂ ਦੇ ਨਿਰਮਾਣ ਰੁੱਖ ਲਗਾਉਣਾ, ਹਸਪਤਾਲ ਅਤੇ ਪਸ਼ੂ ਦੀ ਵਿਵਸਥਾ ਅਤੇ ਦੇਖ ਰੇਖ ਕਰਦੀ ਹੈ। ਜ਼ਿਲ੍ਹਾ ਪਰਿਸ਼ਦ ਨੂੰ ਕੁਝ ਜੁਰਮਾਨਾ ਲਗਵਾਉਣ ਦਾ ਅਧਿਕਾਰ ਹੈ, ਜੂਨੀਅਰ ਅਤੇ ਹਾਈ ਸਕੂਲ ਸਿੱਖਿਆ ਸੰਸਥਾਵਾਂ ਦੀ ਦੇਖਭਾਲ ਕਰਨਾ ਵੀ ਇਸ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ।

## 12.3 ਪੰਚਾਇਤੀ ਰਾਜ ਦੀਆਂ ਸਮੱਸਿਆਵਾਂ

ਪੰਚਾਇਤੀ ਰਾਜ ਦੇ ਉਪਰੋਕਤ ਮਹਿਕਮੇ ਭਾਵ ਗ੍ਰਾਮ ਪੰਚਾਇਤ, ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਵਿਕਾਸ ਕਾਰਜਾਂ ਵਿਚ

ਰੁੱਝੇ ਤਾਂ ਹੋਏ ਹਨ ਪਰ ਇਨ੍ਹਾਂ ਦੀ ਆਮਦਨ ਨਾਲੋਂ ਖਰਚੇ ਬਹੁਤ ਜ਼ਿਆਦਾ ਹਨ। ਨਵੇਂ ਐਕਟ ਦੇ ਮੁਤਾਬਿਕ ਪੇਂਡੂ ਵਿਕਾਸ ਦੇ ਕਾਰਜ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀਆਂ ਨੂੰ ਸੌਂਪ ਕੇ ਸਰਕਾਰ ਜ਼ਿੰਮੇਵਾਰੀ ਤੋਂ ਮੁਕਤ ਹੋ ਜਾਵੇਗੀ ਅਤੇ ਇਸ ਦੇ ਨਾਲ ਨਾਲ ਟੈਕਸਾਂ ਦੇ ਵਾਧੇ ਦੀ ਨਿੰਦਿਆ ਤੋਂ ਵੀ ਉਸ ਨੂੰ ਨਿਜਾਤ ਮਿਲ ਜਾਵੇਗੀ। ਭਾਵੇਂ ਜ਼ਿਲ੍ਹਾ ਪਰਿਸ਼ਦਾਂ ਨੂੰ ਆਪਣੀ ਆਮਦਨ ਦੇ ਵਸੀਲੇ ਆਪ ਪੈਦਾ ਕਰਨੇ ਪੈਣਗੇ। ਸੜਕਾਂ ਦੀ ਮੁਰੰਮਤ, ਸਕੂਲਾਂ, ਹਸਪਤਾਲਾਂ ਦੀਆਂ ਇਮਾਰਤਾਂ ਦੀ ਮੁਰੰਮਤ ਆਦਿ ਉਤੇ ਭਾਰੀ ਖਰਚ ਕਰਨ ਲਈ ਪੰਚਾਇਤਾਂ ਨੂੰ ਟੈਕਸ ਲਗਾਉਣੇ ਪੈਣਗੇ। ਇਸੇ ਤਰ੍ਹਾਂ ਜ਼ਿਲ੍ਹਾ ਪਰਿਸ਼ਦਾਂ ਨੂੰ ਵਸੀਲੇ ਪੈਦਾ ਕਰਨ ਲਈ ਸਕੂਲਾਂ ਦੀਆਂ ਫੀਸਾਂ, ਹਸਪਤਾਲਾਂ ਵਿਚ ਪਰਚੀ ਫੀਸ ਆਦਿ ਵਿਚ ਵਾਧਾ ਕਰਨਾ ਪਵੇਗਾ। ਇਨ੍ਹਾਂ ਸਿੱਧੇ ਅਤੇ ਅਸਿੱਧੇ ਟੈਕਸਾਂ ਰਾਹੀਂ ਲੋਕਾਂ ਤੇ ਭਾਰੀ ਬੋਝ ਪਵੇਗਾ।

ਸਰਕਾਰ ਨੇ ਆਬਾਕਾਰੀ ਅਤੇ ਟੈਕਸ ਵਰਗੇ ਆਮਦਨ ਵਾਲੇ ਮਹਿਕਮੇ ਆਪਣੇ ਪਾਸ ਰੱਖ ਲਏ ਹਨ ਅਤੇ ਖਰਚੀਲੇ ਵਿਭਾਗ ਪੰਚਾਇਤਾਂ ਨੂੰ ਸੌਂਪ ਦਿੱਤੇ ਹਨ। ਸਰਕਾਰ ਪਾਸੋਂ ਪੰਚਾਇਤਾਂ ਨੂੰ ਕਾਫੀ ਮਾਤਰਾ ਵਿਚ ਧੰਨ ਨਹੀਂ ਮਿਲਦਾ ਜਿਸ ਨਾਲ ਉਹ ਵਿਕਾਸ ਦੇ ਕਾਰਜ ਕਰਨ। ਬੇਸ਼ੱਕ ਸਰਕਾਰ ਨੇ ਪੰਚਾਇਤਾਂ ਨੂੰ ਚੁੰਗੀ ਲਗਾ ਕੇ ਧਨ ਇਕੱਠਾ ਕਰਨ ਦੀ ਸਹੂਲਤ ਦਿੱਤੀ ਹੈ ਪਰ ਪੰਚਾਇਤਾਂ ਜ਼ਿਆਦਾ ਚੁੰਗੀ ਲਗਾਉਣ ਤੋਂ ਸੰਕੋਚ ਕਰਦੀਆਂ ਹਨ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਲੋਕਾਂ ਦਾ ਉਤਸ਼ਾਹ ਘੱਟ ਜਾਵੇ ਗਾ। ਪਰ ਅਜਿਹੇ ਸਾਧਨਾਂ ਤੋਂ ਹੋਣ ਵਾਲੀ ਆਮਦਨ ਵੀ ਰਾਜ ਦੇ ਕੰਮਾਂ ਨੂੰ ਪੂਰਾ ਕਰਨ ਲਈ ਉਚਿਤ ਨਹੀਂ। ਸੋ ਇਹ ਸਪੱਸ਼ਟ ਹੈ ਕਿ ਪੰਚਾਇਤਾਂ ਦੀ ਆਮਦਨ ਦੇ ਸਾਧਨ ਬਹੁਤ ਘੱਟ ਹਨ ਅਤੇ ਉਨ੍ਹਾਂ ਦੀ ਵਿੱਤੀ ਸਥਿਤੀ ਬਹੁਤ ਹੀ ਅਸੰਤੋਸ਼ਜਨਕ ਹੈ। ਜਿਸ ਦੇ ਹੇਠ ਲਿਖੇ ਕਾਰਨ ਹੋ ਸਕਦੇ ਹਨ ਕਿ ਪਿੰਡਾਂ ਦੇ ਲੋਕ ਗਰੀਬ ਹਨ ਉਹ ਬਹੁਤੇ ਟੈਕਸ ਨਹੀਂ ਦੇ ਸਕਦੇ। ਜੋ ਟੈਕਸ ਲਗਾਏ ਜਾ ਸਕਦੇ ਹਨ ਉਨ੍ਹਾਂ ਦੀ ਵਸੂਲੀ ਠੀਕ ਢੰਗ ਨਾਲ ਨਹੀਂ ਹੋ ਪਾਉਂਦੀ। ਪੰਚਾਇਤਾਂ ਵਲੋਂ ਲੱਗਦੇ ਟੈਕਸਾਂ ਤੋਂ ਇਲਾਵਾ ਰਾਜ ਸਰਕਾਰਾਂ ਤੋਂ ਕੇਂਦਰੀ ਸਰਕਾਰ ਵਲੋਂ ਵੀ ਭਾਰੀ ਟੈਕਸ ਲਗਾਏ ਜਾਂਦੇ ਹਨ। ਜਨਤਾ ਇਨ੍ਹਾਂ ਸਾਰੇ ਟੈਕਸਾਂ ਦਾ ਭੁਗਤਾਨ ਨਹੀਂ ਕਰ ਸਕਦੀ। ਭਾਵੇਂ ਪੰਚਾਇਤ ਨੂੰ ਟੋਲ ਟੈਕਸ ਲਗਾਉਣ ਦੀ ਸੁਵਿਧਾ ਹੈ ਪਰ ਇਹ ਉਸ ਦੀ ਇੱਛਾ ਤੇ ਨਿਰਭਰ ਹੈ। ਉਹ ਲੋਕਾਂ ਦਾ ਵਿਸ਼ਵਾਸ ਜਿੱਤਣ ਖਾਤਰ ਭਾਰੀ ਟੋਲ ਟੈਕਸ ਲਗਾਉਣ ਤੋਂ ਘਬਰਾਉਂਦੀ ਹੈ। ਸਰਕਾਰ ਦੁਆਰਾ ਦਿੱਤੀ ਮਾਲੀ ਸਹਾਇਤਾ ਵੀ ਉਚਿਤ ਨਹੀਂ ਹੁੰਦੀ। ਪੰਚਾਇਤਾਂ ਦੁਆਰਾ ਕਰਜ਼ੇ ਲੈਣ ਦੀਆਂ ਸਹੂਲਤਾਂ ਵੀ ਸੰਤੋਸ਼ਜਨਕ ਨਹੀਂ ਹਨ ਕਿਉਂਕਿ ਕਰਜ਼ਿਆਂ ਦੀਆਂ ਸ਼ਰਤਾਂ ਆਸਾਨ ਨਹੀਂ ਹੁੰਦੀਆਂ। ਬੇਈਮਾਨ ਕਰਮਚਾਰੀ ਵੀ ਅਸੰਤੋਸ਼ਜਨਕ ਵਿਤੀ ਸਥਿਤੀ ਲਈ ਜ਼ਿੰਮੇ ਵਾਰ ਹੁੰਦੇ ਹਨ। ਪਿੰਡਾਂ ਦੇ ਜ਼ਿਆਦਾ ਲੋਕ ਅਨਪੜ੍ਹ ਹੁੰਦੇ ਹਨ ਉਹ ਆਪਣੇ ਕਰਤੱਵਾਂ ਨੂੰ ਨਹੀਂ ਸਮਝ ਸਕਦੇ ਜਿਸ ਨਾਲ ਪੰਚਾਇਤਾਂ ਨੂੰ ਕਾਫੀ ਮੁਸ਼ਕਿਲ ਆਉਂਦੀ ਹੈ। ਅਨੁਭਵ ਦੀ ਕਮੀ ਦੇ ਕਾਰਨ ਕੁਝ ਪਿੰਡ ਪੰਚਾਇਤਾਂ ਘਾਟੇ ਦੀਆਂ ਯੋਜਨਾਵਾਂ ਚਲਾਉਂਦੀਆਂ ਰਹਿੰਦੀਆਂ ਹਨ ਜਿਨ੍ਹਾਂ ਨਾਲ ਇਨ੍ਹਾਂ ਦੀ ਵਿੱਤੀ ਸਥਿਤੀ ਕਮਜ਼ੋਰ ਹੋ ਜਾਂਦੀ ਹੈ।

ਕਮਜ਼ੋਰ ਵਿੱਤੀ ਸਥਿਤੀ ਤੋਂ ਇਲਾਵਾ ਆਧੁਨਿਕ ਪੰਚਾਇਤੀ ਰਾਜ ਵਿਵਸਥਾ ਵਿਚ ਗੈਰ ਸਰਕਾਰੀ ਕਰਮਚਾਰੀਆਂ ਨੂੰ ਬਹੁਤ ਸਾਰੇ ਅਧਿਕਾਰ ਪ੍ਰਾਪਤ ਹੋ ਗਏ ਜਿਸ ਨਾਲ ਸਰਕਾਰੀ ਕਰਮਚਾਰੀਆਂ ਦੀ ਹੋਂਦ ਨੂੰ ਹਾਨੀ ਪਹੁੰਚੀ ਹੈ। ਸਰਕਾਰੀ ਕਰਮਚਾਰੀ ਆਪਣੀ ਮਹੱਤਤਾ ਨੂੰ ਦਰਸਾਉਣ ਲਈ ਗੈਰ-ਸਰਕਾਰੀ ਕਰਮਚਾਰੀਆਂ ਦੀ ਸਹਾਇਤਾ ਕਰਨ ਦੀ ਬਜਾਇ ਉਨ੍ਹਾਂ ਦੇ ਕੰਮਾਂ ਵਿਚ ਰੁਕਾਵਟ ਪੈਦਾ ਕਰਦੇ ਹਨ ਜਿਸ ਨਾਲ ਦੋਵੇਂ ਪੱਖਾਂ ਨੂੰ ਹੀ ਕਾਰਜ ਕਰਨਾ ਔਖਾ ਹੋ ਰਿਹਾ ਹੈ।

ਨਵੇਂ ਪੰਚਾਇਤੀ ਰਾਜ ਐਕਟ ਦਾ ਮੁਲਾਜ਼ਮਾਂ ਲਈ ਸਭ ਤੋਂ ਮਾੜਾ ਪੱਖ ਇਹ ਹੈ ਕਿ ਮੁਲਾਜ਼ਮਾਂ ਦੇ ਨਿਰਧਾਰਤ ਤਨਖਾਹ ਸਕੇਲ ਨਹੀ ਹੋਣਗੇ। ਸਗੋਂ ਉਨ੍ਹਾਂ ਦੀਆਂ ਤਨਖਾਹਾਂ ਆਮਦਨ ਅਨੁਸਾਰ ਹੋਣਗੀਆਂ, ਇਸ ਐਕਟ ਵਿਚ ਕਰਮਚਾਰੀਆਂ ਦੀ ਤਨਖਾਹ ਉਤੇ ਆਮਦਨ ਦਾ ਵੱਧ ਤੋਂ ਵੱਧ 33 ਪ੍ਰਤੀਸ਼ਤ ਖਰਚ ਕਰਨ ਦੀ ਪਾਬੰਦੀ ਲਗਾਈ ਹੈ। ਇਸ ਤਰ੍ਹਾਂ ਕਰਨ ਨਾਲ ਜਿਥੇ ਕਰਮਚਾਰੀਆਂ ਦੀ ਇਸ ਨਵੇਂ ਐਕਟ ਰਾਹੀਂ ਤਨਖਾਹਾਂ ਘਟਣਗੀਆਂ ਉਥੇ ਵੱਖ ਵੱਖ ਜ਼ਿਲ੍ਹਿਆਂ ਵਿਚ ਇਕੋ ਸੇਵਾ ਲਈ ਵੱਖ ਵੱਖ ਤਨਖਾਹਾਂ ਹੋਣਗੀਆਂ। ਇਕ ਜ਼ਿਲ੍ਹੇ ਦਾ ਵਿਅਕਤੀ ਆਪਣੇ ਹੀ ਜ਼ਿਲ੍ਹੇ ਵਿਚ ਨੌਕਰੀ ਕਰ ਸਕੇਗਾ। ਉਸ ਨੂੰ ਦੂਸਰੇ ਜ਼ਿਲ੍ਹੇ ਵਿਚ ਨੌਕਰੀ ਨਹੀਂ ਮਿਲ ਸਕੇਗੀ। ਵੱਖ ਵੱਖ ਵਿਭਾਗਾਂ ਵਿਚ ਸਿਆਸੀ ਦਖਲ ਅੰਦਾਜ਼ੀ ਵੱਧ ਜਾਵੇਗੀ। ਨੌਕਰੀਆਂ ਲਈ ਭਾਈ ਭਤੀਜਾਵਾਦ ਅਤੇ ਕਰੱਪਸ਼ਨ ਫੈਲੇਗੀ ਅਤੇ ਆਮ ਆਦਮੀ ਲਈ ਨੌਕਰੀ ਮਿਲਣੀ ਕਠਿਨ ਹੋ ਜਾਵੇਗੀ। ਕਰਮਚਾਰੀ ਆਪਣੇ ਅਫਸਰਾਂ ਦੇ ਹੁਕਮਾਂ ਦੀ ਪਾਲਣਾ ਕਰਨ ਦੀ ਥਾਂ ਰਾਜਨੀਤਿਕ ਵਿਅਕਤੀਆਂ ਦੀ ਹਾਜ਼ਰੀ ਭਰਨ ਨੂੰ ਤਰਜੀਹ ਦੇਣਗੇ। ਇਸ ਐਕਟ ਦੇ ਆਉਣ ਨਾਲ ਸਿਆਸਤਦਾਨਾਂ, ਅਫਸਰਸ਼ਾਹੀ ਅਤੇ ਆਮ ਲੋਕਾਂ ਵਿਚ ਭਾਰੀ ਖਿਚਤਾਣ ਵੱਧ ਜਾਵੇਗੀ, ਅਜਿਹੇ ਨਤੀਜੇ ਮਹਾਂਰਾਸ਼ਟਰ ਵਿਚ ਲਾਗੂ ਇਸ ਐਕਟ ਤੋਂ ਪੇਸ਼ ਆ ਰਹੇ ਹਨ। ਉਹ ਲੋਕ ਇਸ ਐਕਟ ਨੂੰ ਖਤਮ ਕਰਨ ਦੀ ਮੰਗ ਕਰ ਰਹੇ

ਹਨ। ਆਧੁਨਿਕ ਰਾਜ ਵਿਚ ਪਿੰਡਾਂ ਵਿਚ ਵੰਖ ਵੱਖ ਸਿਆਸੀ ਧੜਿਆਂ ਦਾ ਵਿਕਾਸ ਹੋ ਰਿਹਾ ਹੈ। ਇਨ੍ਹਾਂ ਰਾਨੀਤਿਕ ਧੜਿਆਂ ਵਿਚ ਮੇਲ ਜੋਲ ਨਹੀਂ ਹੁੰਦਾ ਇਥੋ ਤੱਕ ਕਿ ਹਰੇਕ ਧੜਾ ਦੂਜੇ ਧੜੇ ਦੇ ਵਿਰੁੱਧ ਕਾਰਜ ਕਰਦਾ ਹੈ ਜਿਸ ਨਾਲ ਸਮਾਜ ਵਿਚ ਤਨਾਓ ਪੂਰਨ ਵਾਤਾਵਰਣ ਉਤਪੰਨ ਹੁੰਦਾ ਹੈ। ਜਿਸ ਦੇ ਸਿੱਟੇ ਵਜੋਂ ਹਰੇਕ ਮੈਂਬਰ ਆਪਣੇ ਧੜੇ ਦੇ ਕਾਰਜਾਂ ਵਿਚ ਹੀ ਲਗਿਆ ਰਹਿੰਦਾ ਹੈ। ਅਤੇ ਪਿੰਡਾਂ ਦੇ ਸਰਵਪੱਖੀ ਵਿਕਾਸ ਨੂੰ ਮਹੱਤਤਾ ਨਹੀਂ ਦਿੱਤੀ ਜਾਂਦੀ। ਇਸ ਗੁੱਟਬੰਦੀ ਅਤੇ ਰਾਜਨੀਤਿਕ ਦਲਾਂ ਦੀ ਦਖਲ ਅੰਦਾਜ਼ੀ ਕਾਰਨ ਅਤੇ ਧੜੇ ਬੰਦੀ ਕਾਰਨ ਪੰਚਾਇਤੀ ਚੋਣਾਂ ਵਿਚ ਨਿਰਪੱਖ ਅਤੇ ਇਮਾਨਦਾਰ ਵਿਅਕਤੀ ਹਿੱਸਾ ਨਹੀਂ ਲੈਂਦੇ, ਜਿਸ ਦੇ ਸਿੱਟੇ ਵਜੋਂ ਇਹ ਵਿਵਸਥਾ ਉਨ੍ਹਾਂ ਵਿਅਕਤੀਆਂ ਦੇ ਹੱਥ ਵਿਚ ਚਲੀ ਜਾਂਦੀ ਹੈ ਜਿਨ੍ਹਾਂ ਨੂੰ ਸਾਰੇ ਲੋਕਾਂ ਦੀ ਹਮਾਇਤ ਪ੍ਰਾਪਤ ਨਹੀਂ ਹੁੰਦੀ ਅਤੇ ਇਹ ਵਿਅਕਤੀ ਸਿਰਫ ਆਪਣੇ ਅਤੇ ਆਪਣੇ ਸਮੂਹ ਦੇ ਹਿੱਤਾਂ ਬਾਰੇ ਹੀ ਸੋਚਦੇ ਅਤੇ ਕਾਰਜ ਕਰਦੇ ਹਨ, ਇਸ ਨਾਲ ਪ੍ਰਸ਼ਾਸ਼ਨ ਵਿਚ ਯੋਗ ਨੇਤਾਂਵਾਂ ਦੀ ਘਾਟ ਪਾਈ ਜਾਂਦੀ ਹੈ।

ਇਨ੍ਹਾਂ ਸਮੱਸਿਆਵਾਂ ਤੋਂ ਇਲਾਵਾ ਪੰਚਾਇਤੀ ਰਾਜ ਵਿਚ ਵੱਖ ਵੱਖ ਪੱਧਰਾਂ ਦੇ ਕਰਮਚਾਰੀਆਂ ਵਿਚ ਮੇਲ ਜੋਲ ਦੀ ਘਾਟ ਵੀ ਪਾਈ ਜਾਂਦੀ ਹੈ। ਜਿਵੇਂ ਪੰਚਾਇਤੀ ਰਾਜ ਦੀਆਂ ਇਨ੍ਹਾਂ ਪ੍ਰਣਾਲੀਆਂ ਦੀਆਂ ਮੀਟਿੰਗਾਂ ਜਾਂ ਬੈਠਕਾਂ ਬਹੁਤ ਘੱਟ ਹੁੰਦੀਆਂ ਹਨ ਜਿਸ ਕਰਕੇ ਆਪਸੀ ਵਿਚਾਰ ਵਟਾਂਦਾ ਘੱਟ ਹੁੰਦਾ ਹੈ।

## 12.4 ਸਮੱਸਿਆਵਾਂ ਨੂੰ ਦੂਰ ਕਰਨ ਲਈ ਸੁਝਾਅ

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਪੰਚਾਇਤੀ ਰਾਜ ਦੀਆਂ ਇਨ੍ਹਾਂ ਸਮੱਸਿਆਵਾਂ ਤੇ ਕਿਵੇਂ ਕਾਬੂ ਪਾਇਆ ਜਾ ਸਕਦਾ ਹੈ। ਸਭ ਤੋਂ ਮਹੱਤਵਪੂਰਨ ਗੱਲ ਹੈ ਕਿ ਪੰਚਾਇਤਾਂ ਦੀ ਵਿੱਤੀ ਸਥਿਤੀ ਨੂੰ ਸੁਧਾਰਣ ਦੇ ਯਤਨ ਕੀਤੇ ਜਾਣ। ਪਿੰਡਾਂ ਦੇ ਵਿਕਾਸ ਅਤੇ ਲੋਕਾਂ ਦੀ ਗਰੀਬੀ ਨੂੰ ਦੂਰ ਕਰਨ ਦੇ ਯਤਨ ਕੀਤੇ ਜਾਣ। ਪਿੰਡਾਂ ਦੀ ਜਨਤਾ ਨੂੰ ਇਹ ਮਹਿਸੂਸ ਕਰਵਾਇਆ ਜਾਵੇ ਕਿ ਜੋ ਟੈਕਸ ਉਨ੍ਹਾਂ ਤੇ ਲਗਾਏ ਜਾਂਦੇ ਹਨ ਉਨ੍ਹਾਂ ਦੀ ਭਲਾਈ ਲਈ ਹੀ ਹਨ ਅਤੇ ਉਨ੍ਹਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਹਨ ਤਾਂ ਲੋਕ ਇਸਦਾ ਵਿਰੋਧ ਨਹੀਂ ਕਰਨਗੇ। ਸਰਕਾਰ ਦੁਆਰਾ ਕੁਝ ਟੈਕਸ ਜ਼ਰੂਰੀ ਕਰ ਦਿੱਤੇ ਜਾਣ ਜਿਸ ਨਾਲ ਪੰਚਾਇਤ ਦੀ ਆਮਦਨ ਵਧੇ। ਲੋਕਾਂ ਨੂੰ ਚਾਹੀਦਾ ਹੈ ਕਿ ਉਥਹ ਇਨ੍ਹਾਂ ਟੈਕਸਾਂ, ਫੀਸਾਂ, ਜੁਰਮਾਨਿਆਂ, ਦਾ ਠੀਕ ਭੁਗਤਾਨ ਕਰਦੇ ਰਹਿਣ ਤਾਂ ਕਿ ਸਹੂਲਤ ਨੂੰ ਅਸਾਨ ਬਣਾਇਆ ਜਾਵੇ ਅਤੇ ਘੱਟ ਵਿਆਜ ਅਤੇ ਆਸਾਨ ਕਿਸ਼ਤਾਂ ਤੇ ਇਹ ਕਰਜ਼ੇ ਦਿੱਤੇ ਜਾਣ ਜਿਸ ਕਰਕੇ ਪੰਚਾਇਤਾਂ ਆਪਣੀਆਂ ਵਿਕਾਸ ਸਕੀਮਾਂ ਚੰਗੀ ਤਰ੍ਹਾਂ ਲਾਗੂ ਕਰ ਸਕਣ। ਸਰਕਾਰ ਨੂੰ ਚਾਹੀਦਾ ਹੈ ਕਿ ਬੇਈਮਾਨ ਕਰਮਚਾਰੀਆਂ ਨੂੰ ਧਨ ਦਾ ਗਲਤ ਇਸਤੇਮਾਲ ਕਰਨ ਤੋਂ ਰੋਕਿਆ ਜਾਵੇ ਅਤੇ ਆਰਥਿਕ ਹਾਲਤ ਨੂੰ ਖਰਾਬ ਕਰਨ ਲਈ ਜ਼ਿੰਮੇਵਾਰ ਕਰਮਚਾਰੀਆਂ ਨੂੰ ਲੋੜੀਂਦੀ ਸਜ਼ਾ ਦਿੱਤੀ ਜਾਵੇ। ਇਨ੍ਹਾਂ ਸਭ ਤੋ ਇਲਵ ਪਿੰਡਾਂ ਦੀਆਂ ਪੰਚਾਇਤਾਂ ਨੂੰ ਵਿੱਤੀ ਸਥਿਤੀ ਸਧਾਰਣ ਲਈ ਕੁਝ ਲਾਭਕਾਰੀ ਯੋਜਨਾਵਾਂ ਸ਼ੁਰੂ ਕਰਨੀਆਂ ਚਾਹੀਦੀਆਂ ਹਨ।ਛੋਟੇ ਉਦਯੋਗ ਚਲਾਉਣਾ, ਮੁਰਗੀ ਪਾਲਣਾ, ਖੇਤੀ ਦੀ ਪੈਦਾਵਾਰ ਵਧਾਉਣਾ, ਬੰਜਰ ਭੂਮੀ ਨੂੰ ਖੇਤੀ ਦੇ ਯੋਗ ਬਣਾਉਣਾ ਆਦਿ। ਅਜਿਹਾ ਕਰਨ ਨਾਲ ਉਨ੍ਹਾਂ ਦੀ ਆਰਥਿਕ ਸਥਿਤੀ ਵਿਚ ਸੁਧਾਰ ਆਵੇਗਾ।

ਆਰਥਿਕ ਸਥਿਤੀ ਦੇ ਸੁਧਾਰ ਦੇ ਨਾਲ ਨਾਲ ਪੰਚਾਇਤਾਂ ਵਿਚ ਰਾਜਨੀਤਿਕ ਦਖਲ ਅੰਦਾਜ਼ੀ ਨਹੀਂ ਹੋਣੀ ਚਾਹੀਦੀ ਜਿਸ ਨਾਲ ਪੰਚਾਇਤਾਂ ਵਿਚ ਧੜੇਬੰਦੀ ਤੇ ਗੁਟਬੰਦੀ ਦਾ ਖਾਤਮਾ ਹੋ ਜਾਣ ਤੇ ਉਹ ਸਰਬਪੱਖੀ ਹੋ ਕੇ ਸੇਵਾ ਕਰ ਸਕਣ।

ਇਸ ਤੋਂ ਇਲਾਵਾ ਪੰਚਾਇਤ ਦੇ ਅਧਿਕਾਰਮਾਂ ਵਿਚ ਵਾਧਾ ਹੋਣਾ ਚਾਹੀਦਾ ਹੈ। ਇਨ੍ਹਾਂ ਨੂੰ ਵੱਧ ਤੋਂ ਵੱਧ ਅਧਿਕਾਰ ਮਿਲਣੇ ਚਾਹੀਦੇ ਹਨ ਤਾਂ ਹੀ ਇਹ ਲੋਕਰਾਜ ਦੇ ਰੂਪ ਵਿਚ ਕੰਮ ਕਰ ਸਕਦੀਆਂ ਹਨ।

## 12.5 ਸਾਰ

ਉਪਰੋਕਤ ਚਰਚਾ ਤੋਂ ਅਸੀਂ ਇਹ ਕਹਿ ਸਕਦੇ ਹਾਂ ਕਿ ਸਾਡੇ ਸਮਾਜ ਵਿਚ ਪੰਚਾਇਤਾਂ ਦਾ ਇਕ ਮਹੱਤਵਪੂਰਨ ਸਥਾਨ ਹੈ। ਹਰੇਕ ਪਿੰਡ ਦੀਆਂ ਆਪਣੀਆਂ ਜ਼ਰੂਰਤਾਂ ਅਤੇ ਉਨ੍ਹਾ ਨੂੰ ਪੂਰਾ ਕਰਨ ਦੇ ਆਪਣੇ ਸਾਧਨ ਹਨ। ਪੰਚਾਇਤਾਂ ਕੇਂਦਰ ਦੁਆਰਾ ਬਣਾਈਆਂ ਨੀਤੀਆਂ ਵਿਚ ਸਥਾਨਿਕ ਜ਼ਰੂਰਤਾਂ ਅਨੁਸਾਰ ਪਰਿਵਰਤਨ ਕਰਕੇ ਉਨ੍ਹਾਂ ਨੂੰ ਸਫਲ ਤਰੀਕੇ ਨਾਲ ਲਾਗੂ ਕਰਦੀਆਂ ਹਨ ਤਾਂ ਕਿ ਸਹੀ ਉਦੇਸ਼ਾਂ ਨੂੰ ਪੂਰਾ ਕੀਤਾ ਜਾ ਸਕੇ। ਇਨ੍ਹਾਂ ਦਾ ਕੰਮ ਲੋਕ ਰਾਜ ਵਿਵਸਥਾ ਨੂੰ ਸੰਭਵ ਬਣਾਉਣਾ ਹੈ। ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਪੰਚਾਇਤਾਂ ਲੋਕਤੰਤਰ ਦਾ ਆਧਾਰ ਹਨ ਅਤੇ ਇਨ੍ਹਾਂ ਦੀ ਸਾਡੇ ਸਮਾਜ ਵਿਚ ਬਹੁਤ ਹੀ ਮਹੱਤਵਪੂਰਨ ਭੂਮਿਕਾ ਹੈ। ਪਿੰਡ ਪੰਚਾਇਤਾਂ ਉਪਰ ਨਿਰਭਰ ਕਰਦੇ ਹਨ ਅਤੇ ਇਹ ਪੰਚਾਇਤੀ ਰਾਜ ਦਾ ਆਧਾਰ ਹਨ।

## 12.6 ਅਭਿਆਸ ਲਈ ਪ੍ਰਸ਼ਨ

(ੳ) ਪੰਚਾਇਤੀ ਰਾਜ ਪ੍ਰਣਾਲੀ ਤੇ ਵਿਸਥਾਰ ਪੂਰਵਕ ਨੋਟ ਲਿਖੋ।

(ਅ) ਕੀ ਪੰਚਾਇਤੀ ਰਾਜ ਪ੍ਰਣਾਲੀ ਭਾਰਤ ਵਿਚ ਸਫਲਤਾਪੂਰਵਕ ਕੰਮ ਕਰ ਰਹੀ ਹੈ ? ਬਿਆਨ ਕਰੋ।

(ੲ) ਪੰਚਾਇਤੀ ਰਾਜ ਪ੍ਰਣਾਲੀ ਦੇ ਕਿਹੜੇ ਕਿਹੜੇ ਅੰਗ ਹਨ ਅਤੇ ਉਨ੍ਹਾਂ ਦੇ ਮੈਂਬਰਾਂ ਦੀ ਚੋਣ ਕਿਵੇਂ ਹੁੰਦੀ ਹੈ?

(ਸ) ਪੰਚਾਇਤਾਂ ਦਾ ਸਮਾਜਿਕ ਪਰਿਵਰਤਨ ਲਿਆਉਣ ਵਿੱਚ ਕੀ ਰੋਲ ਹੈ ?

### ਸੰਖੇਪ ਸਵਾਲ (ਬਿਆਨ ਕਰੋ)

(ੳ) ਪੰਚਾਇਤੀ ਰਾਜ

(ਅ) ਗ੍ਰਾਮ ਪੰਚਾਇਤ

(ੲ) ਪੰਚਾਇਤ ਸੰਮਤੀ

(ਸ) ਜ਼ਿਲ੍ਹਾ ਪਰਿਸ਼ਦ

## 12.7 ਸਹਿਯੋਗੀ ਪੁਸਤਕਾਂ

Savinderjeet Kaur : General Samaj Vigyan II, New Academic Publishing Company, Jalandhar.

Sukhdev Singh : Pendu Samaj Ate Pendu Vikas, Punjabi University, Patiala

**ਪਾਠ ਨੰ : 2.9** ਅਨੁਵਾਦਕ: ਡਾ ਐਚ ਕੇ ਡੌਲੀ

ਮਨਰੇਗਾ (ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ)

ਬਣਤਰ

13.0 ਉਦੇਸ਼
13.1 ਜਾਣ-ਪਛਾਣ
13.2 ਪੰਜਾਬ ਵਿਚ ਮਨਰੇਗਾ
13.3 ਮਨਰੇਗਾ ਅਤੇ ਔਰਤਾਂ
13.4 ਮਨਰੇਗਾ ਅਤੇ ਉਸਦਾ ਕਾਰਜ
13.5 ਯੋਜਨਾ
13.6 ਮਨਰੇਗਾ ਅਧੀਨ ਸਹੂਲਤਾਂ
13.7 ਮਨਰੇਗਾ ਦੇ ਉਦੇਸ਼
13.8 ਫੰਡ ਅਤੇ ਕਾਰਜ
13.9 ਗਿਣਤੀ ਕ੍ਰਮ ਦੀ ਸਾਂਭ ਸੰਭਾਲ
13.10 ਕੰਮਾਂ ਦਾ ਮਾਪਣ
13.11 ਦੇਖ-ਰੇਖ ਅਤੇ ਮੁਲਾਂਕਣ
13.12 ਸਾਰਾਂਸ਼
13.13 ਸੰਕਲਪ/ ਸ਼ਬਦ
13.14 ਅਭਿਆਸੀ ਪ੍ਰਸ਼ਨ
13.15 ਛੋਟੇ ਉੱਤਰਾਂ ਵਾਲੇ ਪ੍ਰਸ਼ਨ
13.16 ਪੁਸਤਕ ਸੂਚੀ

13.0 ਉਦੇਸ(**Objectives**)

ਇਸ ਪਾਠ ਦੇ ਅੰਤ ਵਿਚ ਵਿਦਿਆਰਥੀ ਯੋਗ ਹੋ ਜਾਵੇਗਾ:

-ਮਨਰੇਗਾ ਸਕੀਮ ਅਤੇ ਕੰਮਾਂ ਨੂੰ ਸਮਝਣਾ
-ਮਨਰੇਗਾ ਸਕੀਮ ਦੀ ਸੰਗਠਨਾਤਮਕ ਬਣਤਰ ਨੂੰ ਸਮਝਣਾ
-ਪੰਜਾਬ ਵਿਚ ਮਨਰੇਗਾ ਸਕੀਮ ਬਾਰੇ ਜਾਣਨਾ
-ਨਰੇਗਾ ਅਤੇ ਔਰਤਾਂ ਵਿਚਕਾਰ ਸੰਬੰਧਾਂ ਨੂੰ ਸਮਝਣਾ
-ਮਨਰੇਗਾ ਸਕੀਮ ਅਧੀਨ ਉਦੇਸ਼ਾਂ ਅਤੇ ਸਹੂਲਤਾਂ ਨੂੰ ਜਾਣਨਾ
-ਮਨਰੇਗਾ ਸਕੀਮ ਅਧੀਨ ਉਪਲਬਧ ਫੰਡਾਂ ਬਾਰੇ ਜਾਣਣਾ

13.1 ਜਾਣ-ਪਛਾਣ (**Introduction**)

ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ (ਮਨਰੇਗਾ) ਸਕੀਮ, ਕੰਮ ਲਈ ਵੱਧ ਤੋਂ ਵੱਧ ਮੌਕੇ ਪੈਦਾ ਕਰਕੇ ਪੇਂਡੂ ਗਰੀਬੀ ਨੂੰ ਘੱਟ ਕਰਨ ਦੇ ਅੰਤਿਮ ਲਕਸ਼ ਨਾਲ ਸੰਪੂਰਨ ਗ੍ਰਾਮੀਣ ਰੁਜ਼ਗਾਰ ਯੋਜਨਾ (Sampooran Grameen Rozgar Yozna (SGRY)) ਅਤੇ ਰਾਸ਼ਟਰੀ ਖੁਰਾਕ ਕਾਰਜ ਪ੍ਰੋਗਰਾਮ ਵਰਗੀਆਂ ਹੋਰ ਪੇਂਡੂ ਰੁਜ਼ਗਾਰ ਸਕੀਮਾਂ ਦੀ ਪੈਰਵੀ ਕਰਦੇ ਹੋਏ ਭਾਰਤ ਵਿਚ ਬਣਾਇਆ ਗਿਆ ਸਭ ਤੋਂ ਵੱਡਾ ਪੇਂਡੂ ਰੁਜ਼ਗਾਰ ਪ੍ਰੋਗਰਾਮ ਹੈ। ਇਹ ਸਾਰੇ ਪਰਿਵਾਰਾਂ, ਚਾਹੇ ਉਹ

ਗਰੀਬੀ ਰੇਖਾ ਤੋਂ ਹੇਠਾਂ ਹਨ ਜਾਂ ਨਹੀਂ ਨੂੰ, ਘੱਟ ਤੋਂ ਘੱਟ 100 ਦਿਨਾਂ ਲਈ ਗਰੰਟੀ ਵੇਤਨ ਰੁਜ਼ਗਾਰ ਦੇਣ ਲਈ ਬਣਾਇਆ ਗਿਆ। ਇਹ ਐਕਟ ਦੇ ਨੋਟੀਫਿਕੇਸ਼ਨ ਦੁਆਰਾ ਪਹਿਲਾਂ ਦੇਸ਼ ਦੇ 200 ਜਿਲ੍ਹਿਆਂ ਵਿਚ ਲਾਗੂ ਕੀਤਾ ਗਿਆ ਅਤੇ ਫਿਰ ਦੂਸਰੇ 130 ਜ਼ਿਲ੍ਹਿਆਂ ਵਧਾ ਦਿੱਤਾ ਗਿਆ। ਹੁਣ ਇਹ ਐਕਟ ਸਮੁੱਚੇ ਦੇਸ਼ ਵਿਚ ਲਾਗੂ ਕੀਤਾ ਜਾਂਦਾ ਹੈ।

ਕੇਂਦਰ ਸਰਕਾਰ ਨੇ 2005 ਵਿਚ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ-ਨਰੇਗਾ (national rural employment guarantee act (NGREGA)) ਪਾਸ ਕੀਤਾ ਅਤੇ 10ਵੀਂ ਪੰਜ ਸਾਲਾਂ ਯੋਜਨਾ ਤਹਿਤ 2 ਫਰਵਰੀ 2006 ਨੂੰ ਲਾਗੂ ਕੀਤਾ। ਨਰੇਗਾ ਦਾ ਉਦੇਸ਼ ਉਸ ਕੰਮ ਦੁਆਰਾ ਵੇਤਨ ਰੁਜ਼ਗਾਰ ਚਾਲੂ ਕਰਕੇ ਪੇਂਡੂ ਖੇਤਰਾਂ ਦੇ ਲੋਕਾਂ ਦੀ ਉਪਜੀਵੀਕਾ ਸੁਰੱਖਿਆ ਵਿਚ ਵਾਧਾ ਕਰਨਾ ਹੈ ਜਿਸ ਕੰਮ ਨਾਲ ਉਸ ਖੇਤਰ ਦੇ ਆਧਾਰਭੂਤ ਸਾਜੋ-ਸਮਾਨ ਦਾ ਵਿਕਾਸ ਹੋਵੇ।

2 ਅਕਤੂਬਰ 2009 ਨੂੰ ਇਸ ਨੂੰ ਨਵਾਂ ਨਾਮ ਦਿੱਤਾ ਗਿਆ ਜਿਸ ਵਿਚ ਇਸ ਦੇ ਅੱਗੇ ਮਹਾਤਮਾ ਗਾਂਧੀ ਲਗਾ ਦਿੱਤਾ ਗਿਆ ਅਤੇ ਹੁਣ ਇਸ ਨੂੰ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ (ਮਨਰੇਗਾ) ਕਿਹਾ ਜਾਂਦਾ ਹੈ।

ਪਹਿਲਾਂ, ਅਜਿਹਾ ਪ੍ਰੋਗਰਾਮ ਰੁਜ਼ਗਾਰ ਗਰੰਟੀ ਸਕੀਮ-ਈ ਜੀ ਐਸ (Employment Guarantee Scheme (EGS))1972-73 ਵਿਚ ਮਹਾਂਰਾਸ਼ਟਰ ਵਿਚ ਸ਼ੁਰੂ ਕੀਤਾ ਗਿਆ ਸੀ। ਮਨਰੇਗਾ ਹਰ ਪੇਂਡੂ ਪਰਿਵਾਰ, ਜਿਸ ਦੇ ਬਾਲਗ ਮੈਂਬਰ ਅਕੁਸ਼ਲ ਹੱਥੀਂ ਕੰਮ ਕਰਨ ਦੇ ਇਛੁੱਕ ਹੋਣ, ਨੂੰ ਹਰ ਸਾਲ 100 ਦਿਨਾਂ ਦਾ ਵੇਤਨ ਰੁਜ਼ਗਾਰ ਪ੍ਰਦਾਨ ਕਰਦਾ ਹੈ। ਇਕ ਪਰਿਵਾਰ ਇਕ ਸਾਲ ਵਿਚ 100 ਦਿਨਾਂ ਲਈ ਅਕੁਸ਼ਲ ਹੱਥੀਂ ਕੰਮ ਕਰੇਗਾ। ਪਰਿਵਾਰ, ਦੇ ਅੰਦਰ ਪੇਂਡੂ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਰੁਜ਼ਗਾਰ ਦੀ ਮੰਗ ਦਾ ਅਧਿਕਾਰ ਹੈ। ਇਹ ਐਕਟ ਉਸ ਕੰਮ ਦੁਆਰਾ ਵੇਤਨ ਰੁਜ਼ਗਾਰ ਚਾਲੂ ਕਰਕੇ ਪੇਂਡੂ ਖੇਤਰਾਂ ਦੇ ਲੋਕਾਂ ਦੀ ਉਪਜੀਵੀਕਾ ਸੁਰੱਖਿਆ ਵਿਚ ਵਾਧਾ ਕਰਨਾ ਲੋਚਦਾ ਹੈ ਜਿਸ ਨਾਲ ਉਸ ਖੇਤਰ ਦੇ ਆਧਾਰਭੂਤ ਸਾਜੋ-ਸਮਾਨ ਦਾ ਵਿਕਾਸ ਹੋਵੇ। ਐਕਟ ਵਿਚਲੇ ਕੰਮਾਂ ਦੇ ਵਿਕਲਪਾਂ ਵਿਚ ਭੂਮੀ ਅਤੇ ਪਾਣੀ ਸਰੋਤ ਵਿਕਾਸ ਦੇ ਸਾਰੇ ਅੰਸ਼ ਸ਼ਾਮਿਲ ਹਨ ਜੋ, ਗਰੀਬੀ ਲਈ ਜਿਵੇਂ ਸੋਕਾ, ਜੰਗਲਾਂ ਦੀ ਕਟਾਈ ਅਤੇ ਭੌਂ-ਖੋਰ ਦੇ ਕਾਰਨਾਂ ਬਾਰੇ ਪਤਾ ਲਗਾਉਣ ਵਿਚ ਮਦਦ ਕਰਦੇ ਹਨ। ਐਕਟ ਦੇ ਛੇਵੇਂ ਭਾਗ ਵਿਚ ਕੀਤੇ ਜ਼ਿਕਰ ਅਨੁਸਾਰ ਕਾਮਿਆਂ ਨੂੰ ਵੇਤਨ ਦਿੱਤਾ ਜਾਂਦਾ ਹੈ। ਜਿਹਨਾਂ ਨੂੰ ਦਰਖਾਸਤ ਦੇਣ ਤੋਂ ਬਾਅਦ 15 ਦਿਨਾਂ ਦੇ ਅੰਦਰ-ਅੰਦਰ ਵੇਤਨ-ਰੁਜ਼ਗਾਰ ਨਹੀਂ ਦਿੱਤਾ ਜਾਂਦਾ, ਨੂੰ ਬੇਰੁਜ਼ਗਾਰੀ ਭੱਤਾ ਮਿਲੇਗਾ। ਜਿਸ ਵਿਚ ਪਹਿਲੇ 30 ਦਿਨਾਂ ਲਈ ਬੇਰੁਜ਼ਗਾਰੀ ਭੱਤਾ, ਵੇਤਨ ਦਾ ਇਕ ਚੌਥਾਈ ਅਤੇ ਬਾਕੀ ਵਿੱਤੀ ਵਰ੍ਹੇ ਦੇ ਰਹਿੰਦੇ ਸਮੇਂ ਲਈ ਵੇਤਨ ਦਾ ਅੱਧ ਹੋਵੇਗਾ। ਬੇਰੁਜ਼ਗਾਰੀ ਭੱਤਾ ਸੰਬੰਧਤ ਰਾਜ ਸਰਕਾਰ ਆਪਣੇ ਬਜਟ ਵਿਚੋਂ ਦੇਵੇਗੀ। ਰੁਜ਼ਗਾਰ ਵੇਤਨ ਹਫ਼ਤਾਵਾਰੀ ਆਧਾਰ 'ਤੇ ਅਤੇ ਕਿਸੇ ਕੇਸ ਵਿਚ ਕੀਤੇ ਗਏ ਕੰਮ ਦੀ ਤਾਰੀਖ ਤੋਂ ਪੰਦਰਾਂ ਦਿਨਾਂ ਦੇ ਅੰਦਰ-ਅੰਦਰ ਅਦਾ ਕੀਤਾ ਜਾਵੇਗਾ। ਨਰੇਗਾ ਕਾਮਿਆਂ ਦੇ ਵੇਤਨ ਦੀ ਅਦਇਗੀ ਡਾਕਖਾਨੇ /ਬੈਂਕਾਂ ਵਿਚ ਉਹਨਾਂ ਦੇ ਖਾਤੇ ਵਿਚ ਕਰਨਾ ਲਾਜ਼ਮੀ ਹੈ। ਵੇਤਨ ਦੀ ਅਦਾਇਗੀ ਵਿਚ ਕਿਸੇ ਕਿਸਮ ਦੀ ਦੇਰੀ ਹੋਣ 'ਤੇ ਵੇਤਨ ਦੇ ਅਦਾਇਗੀ ਐਕਟ 1936 ਦੇ ਨਿਯਮਾਂ ਅਨੁਸਾਰ ਕਾਮੇ ਮੁਆਵਜ਼ਾ ਲੈਣ ਦੇ ਅਧਿਕਾਰੀ ਹੋਣਗੇ। ਮੁਆਵਜ਼ੇ ਦੀ ਰਾਸ਼ੀ ਰਾਜ ਸਰਕਾਰ ਵਲੋਂ ਦਿੱਤੀ ਜਾਵੇਗੀ। ਜੇ ਕੋਈ ਕਰਮਚਾਰੀ ਮਰ ਜਾਂਦਾ ਹੈ ਜਾਂ ਰੁਜ਼ਗਾਰ ਸਮੇਂ ਦੌਰਾਨ ਕੋਈ ਘਟਨਾਗ੍ਰਸਤ ਹੋ ਜਾਂਦਾ ਹੈ ਤਾਂ ਇਸ ਕਰਮਚਾਰੀ ਦੇ ਪਰਿਵਾਰ ਨੂੰ 25,000 ਰੁਪਏ ਦੀ ਰਾਸ਼ੀ ਦਿੱਤੀ ਜਾਵੇਗੀ। ਮਨਰੇਗਾ ਮਰਦਾਂ ਅਤੇ ਔਰਤਾਂ ਨੂੰ ਇਕੋ ਜਿਹਾ ਕੰਮ ਅਤੇ ਵੇਤਨ ਦਿੰਦੀ ਹੈ।

ਇਹ ਕੇਂਦਰ ਨਾਲ ਲਾਗਤ ਭਾਈਵਾਲ ਵਾਲੀ ਸਕੀਮ ਹੈ ਜਿਸ ਵਿਚ ਪ੍ਰਸ਼ਾਸ਼ਨਿਕ ਖਰਚਿਆਂ ਤੋਂ ਇਲਾਵਾ ਕੇਂਦਰ ਵਲੋਂ ਅਕੁਸ਼ਲ ਮਜ਼ਦੂਰਾਂ ਦਾ ਸਾਰਾ ਵੇਤਨ, ਕੁਸ਼ਲ ਅਤੇ ਅਰਧ-ਕੁਸ਼ਲ ਮਜਦੂਰਾਂ ਦਾ ਵੇਤਨ ਅਤੇ ਸਮੱਗਰੀ ਦੀ ਲਾਗਤ ਦਾ 75 ਪ੍ਰਤੀਸ਼ਤ ਦਿੱਤਾ ਜਾਂਦਾ ਹੈ। ਸਮਾਨ ਦੇ ਖਰਚੇ ਅਤੇ ਵੇਤਨ ਦੀ ਬਾਕੀ ਲਾਗਤ ਅਤੇ ਪ੍ਰਸ਼ਾਸ਼ਨਿਕ ਲਾਗਤ ਦੇ ਨਾਲ-ਨਾਲ ਬੇਰੁਜ਼ਗਾਰੀ ਭੱਤੇ ਰਾਜ ਸਰਕਾਰ ਵਲੋਂ ਦਿੱਤੇ ਜਾਂਦੇ ਹਨ। ਇਹ ਮੌਕੇ ਨਾਲ ਸੰਬੰਧਿਤ ਪ੍ਰੋਗਰਾਮ ਹੋਣ ਕਰਕੇ ਰਾਸ਼ਟਰ ਜਾਂ ਰਾਜ ਵਲੋਂ ਖਰਚੇ ਦੀ ਕੋਈ ਪੂਰਵ-ਨਿਰਧਾਰਿਤ ਰਕਮ ਨਹੀਂ ਹੈ। ਇਹ ਸਕੀਮ ਵਿੱਤੀ ਪ੍ਰਣਾਲੀ ਵਿਚ ਲੋਚਸ਼ੀਲਤਾ ਦੀ ਮੰਗ ਕਰਦੀ ਹੈ।

ਇਹ ਪ੍ਰਕਿਰਿਆ ਹਰ ਸਾਲ 2 ਅਕਤੂਬਰ ਤੋਂ ਆਰੰਭ ਹੁੰਦੀ ਹੈ ਅਤੇ ਹਰ ਰਾਜ ਨੇ ਜਨਵਰੀ ਦੇ ਅੰਤ ਵਿਚ ਮਜ਼ਦਰੀ ਦਾ ਵਿਸਤ੍ਰਿਤ ਬਜਟ ਦੇਣਾ ਹੁੰਦਾ ਹੈ। ਇਸ ਪ੍ਰੋਗਰਾਮ ਦੀ ਵਿਕੇਂਦਰੀਕ੍ਰਿਤ ਪ੍ਰਕਿਰਤੀ ਦੀਆਂ ਲਾਜ਼ਮੀ ਵਿਸ਼ੇਸ਼ਤਾਵਾਂ ਦਿੱਤੀਆਂ ਹੋਣ ਕਰਕੇ ਮਜ਼ਦੂਰੀ ਬਜਟ ਤਿਆਰ ਕਰਨ ਦੀ ਪ੍ਰਕਿਰਿਆ ਭਾਵੇਂ ਆਦਰਸ਼ਕ ਹੈ; ਫਿਰ ਵੀ ਪੰਚਾਇਤੀ ਰਾਜ

ਸੰਸਥਾਵਾਂ ਦੀ ਅਸਮਾਨ ਪ੍ਰਸ਼ਾਸ਼ਨਿਕ ਸਮਰੱਥਾ (ਵਿਸ਼ੇਸ਼ ਕਰਕੇ ਬਲਾਕ ਅਤੇ ਪਿੰਡ ਪੱਧਰ 'ਤੇ) ਸਮੇਂ ਸਿਰ ਅਦਾਇਗੀ ਅਤੇ ਬਜਟ ਦੀ ਗੁਣਵੱਤਾ ਵਿਚਕਾਰ ਅਦਲਾ ਬਦਲੀ ਦੇ ਸੁਭਾਅ ਵਿਚ ਸਮੱਸਿਆਵਾਂ ਪੈਦਾ ਕਰ ਸਕਦੀ ਹੈ।

### 13.2 ਪੰਜਾਬ ਵਿਚ ਮਨਰੇਗਾ (**MGNREGA in Punjab**)

ਇਸ ਸਕੀਮ ਦਾ ਉਦੇਸ਼ ਪੇਂਡੂ ਬੇਰੁਜ਼ਗਾਰਾਂ ਨੂੰ 100 ਦਿਨਾਂ ਦਾ ਹੱਥੀਂ ਕੰਮ ਦੇਣਾ ਹੈ। ਇਹ ਸਕੀਮ ਭਾਰਤ ਅਤੇ ਰਾਜ ਸਰਕਾਰ ਵਿਚਕਾਰ 90:10 ਦੇ ਆਧਾਰ 'ਤੇ ਲਾਗੂ ਕੀਤੀ ਗਈ ਹੈ। ਇਹ ਪੰਜਾਬ ਵਿਚ 2 ਫਰਵਰੀ, 2006 ਵਿਚ ਸ਼ੁਰੂ ਕੀਤੀ ਗਈ ਸੀ ਅਤੇ ਆਰੰਭ ਵਿਚ ਹੁਸ਼ਿਆਰਪੁਰ ਜਿਲ੍ਹਾ ਚੁਣਿਆ ਗਿਆ ਤੇ ਫਿਰ 2007-08 ਦੌਰਾਨ ਇਹ ਸਕੀਮ ਅੰਮ੍ਰਿਤਸਰ, ਨਵਾਂ-ਸ਼ਹਿਰ ਅਤੇ ਜਲੰਧਰ ਤਿੰਨ ਹੋਰ ਜਿਲ੍ਹਿਆਂ ਵਿਚ ਲਾਗੂ ਕੀਤੀ ਗਈ। 1ਅਪ੍ਰੈਲ, 2008 ਵਿਚ ਰਾਜ ਦੇ ਸਾਰੇ ਜਿਲ੍ਹੇ ਇਸ ਸਕੀਮ ਅਧੀਨ ਲਿਆਂਦੇ ਗਏ। ਇਹਨਾਂ ਸਾਰੇ ਕਾਮਿਆਂ ਨੂੰ ਡਾਕਘਰ/ਬੈਂਕਾਂ ਵਿਚ ਖਾਤਿਆਂ ਰਾਹੀਂ ਵੇਤਨ ਦੀ ਅਦਾਇਗੀ ਕੀਤੀ ਜਾਂਦੀ ਹੈ। ਪੰਜਾਬ ਵਿਚ ਮਨਰੇਗਾ ਕਾਮਿਆਂ ਨੂੰ 2009 ਵਿਚ 120 ਰੁਪਏ, 2010-11 ਵਿਚ 153 ਰੁਪਏ ਅਤੇ 2011-12 ਵਿਚ 166 ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਵੇਤਨ ਦਿੱਤਾ ਜਾਂਦਾ ਸੀ।

### 13.3 ਮਨਰੇਗਾ ਅਤੇ ਔਰਤਾਂ (**MGNREGA and Women**)

ਮਨਰੇਗਾ ਸਕੀਮ ਗਰੀਬ ਔਰਤਾਂ ਵਿਚੋਂ ਨਕਦ ਵੇਤਨ ਅਦਾਇਗੀ ਦੁਆਰਾ ਗਰੀਬੀ ਹਟਾਉਣ ਅਤੇ ਆਰਥਿਕ ਆਤਮ-ਨਿਰਭਰਤਾ ਲਈ ਇਕ ਸ਼ਕਤੀਸ਼ਾਲੀ ਸਾਧਨ ਵਜੋਂ ਉੱਭਰ ਕੇ ਸਾਹਮਣੇ ਆਈ। ਮਨਰੇਗਾ ਦੁਆਰਾ ਪੇਂਡੂ ਵਿਕਾਸ ਅਤੇ ਰੁਜ਼ਗਾਰ, ਵਿਸ਼ੇਸ਼ ਕਰਕੇ ਔਰਤਾਂ ਦੇ ਰੁਜ਼ਗਾਰ ਦੇ ਦੋ ਇਕੱਠੇ ਉਦੇਸ਼ਾਂ ਦੀ ਪੂਰਤੀ ਹੁੰਦੀ ਹੈ। ਇਸ ਐਕਟ ਦਾ ਸ਼ਡਿਊਲ II ਪੈਰ੍ਹਾ 6 ਰੁਜ਼ਗਾਰ ਵਿਚ ਔਰਤਾਂ ਦੀ ਭਾਗੀਦਾਰੀ ਅਤੇ ਖਾਸ ਕਰਕੇ ਕੁੱਲ ਕਾਮਿਆਂ ਵਿਚੋਂ ਘੱਟ ਤੋਂ ਘੱਟ 33 ਪ੍ਰਤੀਸ਼ਤ ਸ਼ਮੂਲੀਅਤ ਦੀ ਗੱਲ ਕਰਦਾ ਹੈ। ਜਿਸ ਵਿਚ ਸਥਾਨਕ ਪੱਧਰ 'ਤੇ ਉਪਲਬਧ ਰੁਜ਼ਗਾਰ ਨੂੰ ਯਕੀਨੀ ਬਨਾਉਣ ਦੇ ਨਾਲ-ਨਾਲ ਮਰਦਾਂ ਅਤੇ ਔਰਤਾਂ ਦੀ ਇਕਸਾਰ ਤਨਖਾਹ, ਕੰਮ ਵਾਲੀ ਜਗ੍ਹਾ 'ਤੇ ਸੰਭਾਲ ਅਤੇ ਬੱਚਿਆਂ ਦੀ ਦੇਖ-ਰੇਖ ਜਿਹੀਆਂ ਸਹੂਲਤਾਂ ਵੀ ਉਪਲਬਧ ਹਨ। ਇਸ ਤੋਂ ਇਲਾਵਾ, ਸਰਕਾਰੀ ਪ੍ਰੋਗਰਾਮਾਂ ਦੀ ਸੰਮਿਲਤ ਵਰਤੋਂ ਲਈ ਹੋਰ ਮੰਤਰਾਲਿਆਂ ਜਿਵੇਂ ਔਰਤ ਅਤੇ ਬੱਚਾ ਵਿਕਾਸ ਮੰਤਰਾਲੇ ਦੇ ਆਈ ਸੀ ਡੀ ਐਸ (ICDS) ਨਾਲ ਮਿਲ ਕੇ ਕੰਮ ਕਰਨ ਨੂੰ ਉਤਸ਼ਹਿਤ ਕੀਤਾ ਜਾਂਦਾ ਹੈ। ਰਾਸ਼ਟਰੀ ਪੱਧਰ 'ਤੇ 51 ਫੀਸਦੀ ਔਰਤਾਂ ਦੀ ਭਾਗੀਦਾਰੀ ਨਾਲ ਦੱਖਣੀ ਸੂਬੇ ਕੇਰਲਾ ਅਤੇ ਤਾਮਿਲਨਾਡੂ ਸਭ ਤੋਂ ਉੱਪਰ ਹਨ। ਪੇਂਡੂ ਵਿਕਾਸ ਮੰਤਰਾਲੇ ਦੁਆਰਾ ਕੀਤਾ ਗਿਆ ਮਹੱਤਵਪੂਰਨ ਅਧਿਐਨ ਮਨਰੇਗਾ ਦੁਆਰਾ ਪ੍ਰਦਾਨ ਕੀਤੇ ਗਏ ਮੌਕਿਆਂ ਨਾਲ ਔਰਤ ਦੀ ਪਛਾਣ ਅਤੇ ਉਹਨਾਂ ਦੇ ਸੁਸ਼ਕਤੀਕਰਨ ਦੇ ਬਾਰੇ ਦਸਦਾ ਹੈ। ਉਹ ਹੁਣ ਪਰਿਵਾਰ ਦੀ ਉਪਜੀਵਿਕਾ ਵਿਚ ਹਿੱਸਾ ਪਾਉਣ ਨੂੰ ਅਤੇ ਬੱਚਿਆਂ ਦੀ ਪੜ੍ਹਾਈ, ਸਿਹਤ ਸੰਭਾਲ ਅਤੇ ਖਾਣਾ ਅਤੇ ਘਰੇਲੂ ਵਸਤਾਂ ਲਈ ਵਰਤਣ ਦੇ ਯੋਗ ਹੋ ਗਈਆਂ ਹਨ। ਮਨਰੇਗਾ ਲਈ ਪੇਂਡੂ ਇਲਾਕਿਆਂ ਵਿਚ ਸ਼ਕਤੀਸ਼ਾਲੀ ਔਰਤਾਂ ਨੂੰ ਗਤੀਸ਼ੀਲ ਬਨਾਉਣਾ ਗਰੀਬੀ ਹਟਾਉਣ ਵਿਚ ਔਰਤਾਂ ਦੀ ਸ਼ਮੂਲੀਅਤ ਲਈ ਇਕ ਕੋਸ਼ਿਸ਼ ਹੈ ਜੋ ਉਹਨਾਂ ਦੀਆਂ ਵਿਭਿੰਨ ਸਮਾਜਿਕ ਸਮੱਸਿਆਵਾਂ ਪ੍ਰਤੀ ਚੇਤਨਾ ਵਧਾਉਦੀਂ ਹੈ। ਆਪਣੀ ਹੋਂਦ, ਸੁਰੱਖਿਆ ਅਤੇ ਆਤਮ-ਸਨਮਾਨ ਲਈ ਲੋੜੀਂਦੇ ਸੰਘਰਸ਼ ਵਿਚਲੀਆਂ ਜੋ ਔਕੜਾਂ ਔਰਤਾਂ ਇਕੱਲੇ ਨਜਿੱਠ ਨਹੀਂ ਸਕਦੀਆਂ ਉਹਨਾਂ ਨੂੰ ਮਨਰੇਗਾ ਦੁਆਰਾ ਪ੍ਰਦਾਨ ਕੀਤੇ ਜਾਣ ਵਾਲੇ ਰੁਜ਼ਗਾਰ ਦੇ ਮੌਕਿਆਂ ਦੁਆਰਾ ਦੂਰ ਕੀਤਾ ਜਾ ਸਕਦਾ ਹੈ। ਕੇਂਦਰ ਅਤੇ ਰਾਜ ਸਰਕਾਰਾਂ ਦੀ ਮਦਦ ਨਾਲ ਮਨਰੇਗਾ ਅਧੀਨ ਰੁਜ਼ਗਾਰ ਹਾਸਲ ਕਰਕੇ ਗਰੀਬ ਔਰਤਾਂ ਆਪਣੀ ਸ਼ਮੂਲੀਅਤ ਕਰਦੀਆਂ ਹਨ। ਹੁਣ ਗਰੀਬ ਔਰਤਾਂ ਆਤਮ-ਵਿਸ਼ਵਾਸ ਹਾਸਲ ਕਰਨ ਲਈ ਰੁਜ਼ਗਾਰ ਪ੍ਰਾਪਤ ਕਰ ਸਕਦੀਆਂ ਹਨ ਅਤੇ ਆਪਣੀ ਮੌਜੂਦਾ ਪਰਿਵਾਰਿਕ ਅਮਦਨ ਵਿਚ ਯੋਗਦਾਨ ਪਾ ਸਕਦੀਆਂ ਹਨ।

### 13.4 ਮਨਰੇਗਾ ਅਤੇ ਉਸਦਾ ਕਾਰਜ (**MGNREGA Scheme and its Working** )

ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ (ਮਨਰੇਗਾ) ਇਕ ਭਾਰਤੀ ਕੰਮ ਗਰੰਟੀ ਸਕੀਮ ਹੈ ਜੋ 7 ਸਤੰਬਰ, 2005 ਨੂੰ ਕਾਨੂੰਨੀ ਤੌਰ 'ਤੇ ਸ਼ੁਰੂ ਕੀਤੀ ਗਈ। ਇਹ ਸਕੀਮ ਘੱਟ ਤੋਂ ਘੱਟ ਵੇਤਨ ਨਾਲ ਅਕੁਸ਼ਲ ਹੱਥੀਂ ਕੰਮ ਕਰਕੇ ਜਨਤਕ ਕਾਰਜ ਕਰਨ ਲਈ ਇੱਛੁਕ ਕਿਸੇ ਪੇਂਡੂ ਪਰਿਵਾਰ ਦੇ ਬਾਲਗ ਮੈਂਬਰ ਨੂੰ ਹਰ ਵਿੱਤੀ ਸਾਲ ਵਿਚ ਸੌ ਦਿਨਾਂ ਦੇ

ਰੁਜ਼ਗਾਰ ਲਈ ਕਾਨੂੰਨੀ ਤੌਰ 'ਤੇ ਗਰੰਟੀ ਦਿੰਦੀ ਹੈ। ਇਹ ਐਕਟ ਪੇਂਡੂ ਲੋਕ, ਖਾਸ ਕਰਕੇ ਭਾਰਤ 'ਚ ਰਹਿਣ ਵਾਲੇ ਅਰਧ-ਕੁਸ਼ਲ ਜਾਂ ਅਕੁਸ਼ਲ ਕੰਮ ਕਰਨ ਵਾਲੇ ਲੋਕਾਂ, ਭਾਵੇਂ ਉਹ ਗਰੀਬੀ ਦੀ ਰੇਖਾ ਤੋਂ ਹੇਠਾਂ ਹਨ ਜਾਂ ਨਹੀਂ, ਦੀ ਖਰੀਦ ਸ਼ਕਤੀ ਵਿਚ ਸੁਧਾਰ ਲਿਆਉਣ ਦੇ ਉਦੇਸ਼ ਨਾਲ ਆਰੰਭ ਕੀਤਾ ਗਿਆ ਸੀ। ਇਹ ਐਕਟ ਪੇਂਡੂ ਗਰੀਬ ਲੋਕਾਂ ਲਈ ਸੁਰੱਖਿਆ ਜਾਲ ਦੇ ਤੌਰ 'ਤੇ ਵੀ ਬਣਾਇਆ ਗਿਆ ਸੀ। ਇਸ ਕੰਮ ਕਰਨ ਵਾਲੀ ਤਾਕਤ ਦਾ ਲਗਭਗ ਇਕ ਤਿਹਾਈ ਭਾਗ ਔਰਤਾਂ ਹਨ। ਇਹ ਕਾਨੂੰਨ ਆਰੰਭ ਵਿਚ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ-ਨਰੇਗਾ (NREGA) ਕਰਕੇ ਜਾਣਿਆ ਜਾਂਦਾ ਸੀ। ਪਰ ਅਕਤੂਬਰ, 2009 ਨੂੰ ਇਸ ਨੂੰ ਇਕ ਨਵਾਂ ਨਾਮ ਦਿੱਤਾ ਗਿਆ ਅਤੇ ਹੁਣ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ-ਮਨਰੇਗਾ (MGNREGA) ਕਿਹਾ ਜਾਂਦਾ ਹੈ। ਮਨਰੇਗਾ ਸਿੱਧੇ ਤੌਰ 'ਤੇ ਗਰੀਬ ਜਨਤਾ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਉਹਨਾਂ ਦੇ ਸੰਮਿਲਤ ਵਾਧੇ ਨੂੰ ਪ੍ਰੋਤਸ਼ਾਹਿਤ ਕਰਦਾ ਹੈ। ਇਸ ਐਕਟ ਦਾ ਉਦੇਸ਼ ਹਰ ਪਰਿਵਾਰ ਲਈ ਇਕ ਵਿੱਤੀ ਸਾਲ ਵਿਚ ਘੱਟੋ-ਘੱਟ 100 ਦਿਨਾਂ ਦਾ ਗਰੰਟੀਪੂਰਨ ਵੇਤਨ ਰੁਜ਼ਗਾਰ ਪ੍ਰਦਾਨ ਕਰਕੇ ਦੇਸ਼ ਦੇ ਉਹਨਾਂ ਪੇਂਡੂ ਇਲਾਕਿਆਂ ਵਿਚ ਪਰਿਵਾਰ ਦੀ ਰੁਜ਼ਗਾਰ ਸੁਰੱਖਿਆ ਨੂੰ ਵਧਾਉਣਾ ਹੈ, ਜਿਸ ਦੇ ਬਾਲਗ ਮੈਂਬਰ ਅਕੁਸ਼ਲ ਹੱਥੀਂ ਕੰਮ ਕਰਨ ਲਈ ਇੱਛੁਕ ਹਨ। ਸੰਪੂਰਨ ਗ੍ਰਾਮੀਣ ਰੁਜ਼ਗਾਰ ਯੋਜਨਾ (Sampoorn Grameen Rozgar Yojna) ਅਤੇ ਰਾਸ਼ਟਰੀ ਫੂਡ ਫਾਰ ਵਰਕ ਪ੍ਰੋਗਰਾਮ (National Food for Work programme) ਵੀ ਇਸ ਪ੍ਰੋਗਰਾਮ ਦੇ ਵਿਚ ਸੰਮਿਲਤ ਕਰ ਦਿੱਤੇ ਗਏ। 2 ਫਰਵਰੀ, 2006 ਨੂੰ ਆਂਧਰਾ ਪ੍ਰਦੇਸ਼ ਦੇ ਅਨੰਤਪੁਰ (Anantapur) ਜਿਲ੍ਹੇ ਵਿਚ ਨਰੇਗਾ ਸ਼ੁਰੂ ਹੋਇਆ ਅਤੇ ਆਰੰਭ ਵਿਚ 2006 ਦੇ ਪਹਿਲੇ ਫੇਜ਼ ਵਿਚ ਦੇਸ਼ ਭਰ ਦੇ 200 ਸਭ ਤੋਂ ਗਰੀਬ ਜਿਲ੍ਹੇ ਇਸ ਦੇ ਘੇਰੇ ਵਿਚ ਲਏ ਗਏ। ਤੀਜੇ ਫੇਜ਼ ਵਿਚ 1 ਅਪ੍ਰੈਲ,2008 ਤੋਂ ਭਾਰਤ ਦੇ ਬਾਕੀ ਰਹਿੰਦੇ ਪੇਂਡੂ ਜਿਲ੍ਹਿਆਂ ਵਿਚ ਵੀ ਇਹ ਐਕਟ ਘੋਸ਼ਿਤ ਕੀਤਾ ਗਿਆ। ਦਿੱਲੀ ਸਕੂਲ ਆਫ ਇਕੋਨੋਮਿਕਸ ਦਾ ਬੈਲਜੀਅਮ ਵਿਚ ਜਨਮਿਆ ਅਰਥਸਾਸ਼ਤਰੀ Dr. Jean Dreze ਇਸ ਪ੍ਰੋਜੈਕਟ ਦਾ ਮੁੱਖ ਪ੍ਰਭਾਵ ਰਿਹਾ।

28 ਸਤੰਬਰ, 2009 ਨੂੰ ਦੇਸ਼ ਭਰ ਦੇ ਲਗਭਗ 625 ਜਿਲ੍ਹਿਆਂ ਵਿਚ ਇਸ ਪ੍ਰੋਗਰਾਮ ਦੇ ਫੈਲਣ ਨਾਲ, ਪੈਦਾਵਰ ਵਧੀ, ਪੇਂਡੂ ਗਰੀਬਾਂ ਦੀ ਖ੍ਰੀਦ ਸ਼ਕਤੀ ਵਧੀ, ਪ੍ਰਵਾਸ ਸੰਕਟ ਘਟਿਆ ਅਤੇ ਪੇਂਡੂ ਭਾਰਤ ਵਿਚ ਟਿਕਾਊ ਵਸਤਾਂ ਦੇ ਨਿਰਮਾਣ ਵਿਚ ਸਹਾਇਤਾ ਮਿਲੀ। ਸਾਲ 2011-12 ਵਿਚ 41 ਮਿਲੀਅਨ ਲੋਕਾਂ ਨੂੰ ਰੁਜ਼ਗਾਰ ਪ੍ਰਦਾਨ ਕਰਕੇ ਇਸ ਪ੍ਰੋਜੈਕਟ ਦਾ ਪੇਂਡੂ ਭਾਰਤ ਉੱਤੇ ਮਜ਼ਬੂਤ ਪ੍ਰਭਾਵ ਪਿਆ। ਇਸ ਨੇ ਸਮਾਜਿਕ ਅਤੇ ਲਿੰਗ ਸਮਾਨਤਾ ਅਯਾਮ ਨੂੰ ਵੀ ਮਜ਼ਬੂਤ ਕੀਤਾ ਕਿਉਂਕਿ ਇਸ ਸਕੀਮ ਦੇ ਅਧੀਨ 27.40% ਕਾਮੇ ਅਨੁਸੂਚਿਤ ਜਾਤੀ, 20.69% ਅਨੁਸੂਚਿਤ ਕਬੀਲੇ, 59.82% ਔਰਤਾਂ ਅਤੇ 72.78% ਹੋਰ ਵਿਅਕਤੀ ਹਨ ।

ਪੰਜਾਬ ਵਿਚ ਇਹ 2 ਫਰਵਰੀ, 2006 ਨੂੰ ਆਰੰਭ ਕੀਤਾ ਗਿਆ ਅਤੇ ਸ਼ੁਰੂ ਵਿਚ ਹੁਸ਼ਿਆਰਪੁਰ ਜਿਲ੍ਹਾ ਚੁਣਿਆ ਗਿਆ ਤੇ ਫਿਰ 2007-08 ਦੌਰਾਨ ਇਹ ਸਕੀਮ ਅੰਮ੍ਰਿਤਸਰ, ਨਵਾਂ-ਸ਼ਹਿਰ ਅਤੇ ਜਲੰਧਰ ਤਿੰਨ ਹੋਰ ਜਿਲ੍ਹਿਆਂ ਵਿਚ ਲਾਗੂ ਕੀਤੀ ਗਈ। 1ਅਪ੍ਰੈਲ, 2008 ਵਿਚ ਰਾਜ ਦੇ ਸਾਰੇ ਜਿਲ੍ਹੇ ਇਸ ਸਕੀਮ ਅਧੀਨ ਲਿਆਂਦੇ ਗਏ। ਇਹਨਾਂ ਸਾਰੇ ਕਾਮਿਆਂ ਨੂੰ ਡਾਕਘਰ/ਬੈਂਕਾਂ ਵਿਚ ਖਾਤਿਆਂ ਰਾਹੀਂ ਵੇਤਨ ਦੀ ਅਦਾਇਗੀ ਕੀਤੀ ਜਾਂਦੀ ਹੈ। ਪੰਜਾਬ ਵਿਚ ਮਗਨਰੇਗਾ ਕਾਮਿਆਂ ਨੂੰ 2009 ਵਿਚ 120 ਰੁਪਏ, 2010-11 ਵਿਚ 153 ਰੁਪਏ ਅਤੇ 2011-12 ਵਿਚ 166 ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਦਿੱਤਾ ਜਾਂਦਾ ਸੀ। ਪਾਣੀ ਅਤੇ ਮਿੱਟੀ ਦੀ ਸੰਭਾਲ, ਜੰਗਲ ਲਗਾਉਣਾ ਅਤੇ ਭੌਂ ਵਿਕਾਸ ਦੇ ਕੰਮ ਵਿਸ਼ੇਸ਼ ਕਰਕੇ ਇਸ ਵਿਚ ਸ਼ਾਮਿਲ ਹਨ।

60:40 ਵੇਤਨ ਅਤੇ ਸਮੱਗਰੀ ਅਨੁਪਾਤ ਰੱਖਿਆ ਗਿਆ। ਕੋਈ ਠੇਕੇਦਾਰ ਅਤੇ ਮਸ਼ੀਨਰੀ ਦੀ ਵਰਤੋਂ ਕਰਨ ਦੀ ਇਜਾਜਤ ਨਹੀਂ ਹੈ। ਭਾਰਤ ਸਰਕਾਰ ਦੁਆਰਾ ਇਕ ਵਿਸ਼ੇਸ਼ ਫੰਡ ਰੱਖਿਆ ਗਿਆ ਜਿਸ ਨੂੰ ਰਾਸ਼ਟਰੀ ਰੁਜ਼ਗਾਰ ਗਰੰਟੀ ਫੰਡ (National Employment Guarantee Fund) ਕਿਹਾ ਜਾਂਦਾ ਹੈ ਜਿਸ ਵਿਚੋਂ ਜਿਲ੍ਹਿਆਂ ਨੂੰ ਸਿੱਧੇ ਗਰਾਂਟ ਭੇਜੀ ਜਾਂਦੀ ਹੈ। ਜਿਲ੍ਹਾ, ਬਲਾਕ ਅਤੇ ਗਰਾਮ ਪੰਚਾਇਤ ਪੱਧਰ 'ਤੇ REGS ਦੇ ਅਧੀਨ ਪਰਿਕਰਮੀ ਫੰਡ ਰੱਖੇ ਗਏ ਅਤੇ ਅਜਿਹੇ ਫੰਡਾਂ ਲਈ ਹਰ ਪੱਧਰ 'ਤੇ ਵੱਖਰੇ ਬੈਂਕ ਖਾਤੇ ਖੋਲ੍ਹੇ ਗਏ।

13.5 ਯੋਜਨਾ (**The Plan**)

ਇਹ ਐਕਟ ਰਾਜ ਸਰਕਾਰ ਨੂੰ ਮਨਰੇਗਾ (MGNREGA) "ਸਕੀਮ" ਲਾਗੂ ਕਰਨ ਦਾ ਨਿਰਦੇਸ਼ ਦਿੰਦਾ ਹੈ। ਮਨਰੇਗਾ (MGNREGA) ਅਧੀਨ ਕੇਂਦਰ ਸਰਕਾਰ ਵੇਤਨ ਦੀ ਅਦਾਇਗੀ ਦੀ ਕੀਮਤ, ਸਮੱਗਰੀ ਕੀਮਤ ਦਾ ਤਿੰਨ ਚੌਥਾਈ, ਅਤੇ ਪ੍ਰਸ਼ਾਸ਼ਨਿਕ ਕੀਮਤ ਦਾ ਕੁੱਝ ਪ੍ਰਤੀਸ਼ਤ ਹਿੱਸਾ ਪੂਰਾ ਕਰਦੀ ਹੈ। ਰਾਜ ਸਰਕਾਰ ਬੇਰੁਜ਼ਗਾਰੀ ਭੱਤਾ ਦੀ ਕੀਮਤ, ਸਮੱਗਰੀ ਕੀਮਤ ਦਾ ਇਕ ਚੌਥਾਈ ਅਤੇ ਰਾਜ ਕੌਂਸਲ ਦੀ ਪ੍ਰਸ਼ਾਸ਼ਨਿਕ ਕੀਮਤ ਪੂਰਾ ਕਰਦੀ ਹੈ। ਜਦੋਂ ਤੋਂ ਰਾਜ ਸਰਕਾਰਾਂ ਬੇਰੁਜ਼ਗਾਰੀ ਭੱਤੇ ਦੀ ਅਦਾਇਗੀ ਕਰਨ ਲੱਗੀਆਂ ਹਨ, ਉਹ ਕਾਮਿਆਂ ਨੂੰ ਰੁਜ਼ਗਾਰ ਦੇਣ ਵਿਚ ਵੱਧ ਤੋਂ ਵੱਧ ਪ੍ਰੋਤਸਾਹਨ ਵਿਖਾਉਂਦੀਆਂ ਹਨ। ਬੇਰੁਜ਼ਗਾਰੀ ਭੱਤੇ ਦੀ ਰਕਮ ਰਾਜ ਸਰਕਾਰ ਨੇ ਨਿਰਧਾਰਿਤ ਕਰਨੀ ਹੁੰਦੀ ਹੈ, ਸ਼ਰਤ ਇਹ ਕਿ ਪਹਿਲੇ 30 ਦਿਨਾਂ ਦਾ ਵੇਤਨ ਘੱਟ ਤੋਂ ਘੱਟ ਵੇਤਨ ਦੇ ਇਕ ਚੌਥਾਈ ਵੇਤਨ ਤੋਂ ਘੱਟ ਨ ਹੋਵੇ ਅਤੇ ਬਾਅਦ ਵਿਚ ਘੱਟ ਤੋਂ ਘੱਟ ਵੇਤਨ ਦਾ ਅੱਧ ਹੋਣਾ ਲਾਜ਼ਮੀ ਹੈ। ਹਰ ਵਿੱਤੀ ਸਾਲ ਵਿਚ ਯੋਗ ਅਤੇ ਇੱਛੁਕ ਕਾਮਿਆਂ ਲਈ ਪ੍ਰਤੀ ਗ੍ਰਹਿਸਥੀ 100 ਦਿਨਾਂ ਦਾ ਕੁੱਲ ਰੁਜ਼ਗਾਰ ਅਤੇ ਬੇਰੁਜ਼ਗਾਰੀ ਭੱਤਾ ਦੇਣਾ ਲਾਜ਼ਮੀ ਹੈ।

ਸੰਗਠਨਾਤਮਕ ਬਣਤਰ (**Organisational Structure**)

*ਮਨਰੇਗਾ ਨੂੰ ਲਾਗੂ ਕਰਨ ਲਈ ਪੇਂਡੂ ਵਿਕਾਸ ਮੰਤਰਾਲਾ ਇਕ ਨੋਡਲ ਮੰਤਰਾਲਾ (The Ministry of Rural Development -MORD) ਹੈ। ਇਹ ਕੇਂਦਰੀ ਰੁਜ਼ਗਾਰ ਗਰੰਟੀ ਕੌਂਸਲ (Central Employment Guarantee Council -CEGC) ਨੂੰ ਬਨਾਉਣ ਦਾ ਜ਼ਿੰਮੇਵਾਰ ਹੈ। ਇਸ ਨੇ ਸਾਰੀਆਂ ਪ੍ਰਕਿਰਿਆਵਾਂ ਅਤੇ ਨਤੀਜਿਆਂ ਦੀ ਨਿਰੰਤਰ ਸਮੀਖਿਆ, ਦੇਖ-ਰੇਖ ਅਤੇ ਮੁਲਾਂਕਣ ਕਰਨਾ ਹੈ। ਇਸ ਨੇ ਪ੍ਰਬੰਧ ਸੂਚਨਾ ਪ੍ਰਣਾਲੀ ਦੀ ਸਥਾਪਨਾ ਕਰਨੀ ਹੈ ਜਿਸ ਨੇ ਮਨਰੇਗਾ ਦੀ ਵਰਤੋਂ ਦੇ ਹਰ ਆਲੋਚਨਾਤਮਕ ਪੱਖ ਨੂੰ ਪਕੜਨਾ ਅਤੇ ਉਸ ਸੰਬੰਧੀ ਅੰਕੜੇ ਇਕੱਠੇ ਕਰਨੇ ਹਨ ਅਤੇ ਕਾਰਗੁਜ਼ਾਰੀ ਸੰਕੇਤਕਾਂ ਦੁਆਰਾ ਸੰਸਾਧਨਾਂ ਦੀ ਵਰਤੋਂ ਬਾਰੇ ਅੰਦਾਜ਼ਾ ਲਗਾਉਣਾ ਹੈ।

* ਕੇਂਦਰੀ ਰੁਜ਼ਗਾਰ ਗਰੰਟੀ ਕੌਂਸਲ (Central Employment Guarantee Council -CEGC) ਨਰੇਗਾ ਸੰਬੰਧੀ ਮਾਮਲੇ ਅਤੇ ਐਕਟ ਦੀ ਵਰਤੋਂ ਦੀ ਦੇਖ-ਰੇਖ ਅਤੇ ਮੁਲਾਂਕਣ ਲਈ ਕੇਂਦਰੀ ਸਰਕਾਰ ਨੂੰ ਸਲਾਹ ਦੇਣ ਲਈ ਜ਼ਿੰਮੇਵਾਰ ਹੋਵੇਗੀ। ਇਹ ਨਰੇਗਾ ਦੀ ਵਰਤੋਂ ਬਾਰੇ ਸਲਾਨਾ ਰਿਪੋਰਟ ਤਿਆਰ ਕਰੇਗੀ ਅਤੇ ਇਸ ਨੂੰ ਪਾਰਲੀਮੈਂਟ ਵਿਚ ਪੇਸ਼ ਕਰੇਗੀ।

* ਸੂਬਾ ਸਰਕਾਰ ਨੇ ਐਕਟ ਨਾਲ ਤਾਲਮੇਲ ਕਰਕੇ ਪੇਂਡੂ ਰੁਜ਼ਗਾਰ ਗਰੰਟੀ ਸਕੀਮ (Rural Employment Guarantee Scheme -REGS) ਅਤੇ ਇਸ ਦੀ ਵਰਤੋਂ ਸੰਬੰਧੀ ਨਿਯਮ ਤਿਆਰ ਕਰਨੇ ਹਨ। ਇਹ ਰਾਜ ਰੁਜ਼ਗਾਰ ਗਰੰਟੀ ਕੌਂਸਲ (SEGC -State Employment Guarantee Council) ਬਣਾਏਗੀ ਅਤੇ ਇਕ ਰਾਜ ਪੇਂਡੂ ਰੁਜ਼ਗਾਰ ਗਰੰਟੀ ਕਮਿਸ਼ਨਰ ਨਿਯੁਕਤ ਕਰੇਗੀ ਜੋ ਇਹ ਯਕੀਨੀ ਬਨਾਉਣ ਲਈ ਜ਼ਿੰਮੇਵਾਰ ਹੋਵੇਗਾ ਕਿ ਐਕਟ ਦੇ ਸਾਰੇ ਉਦੇਸ਼ਾਂ ਦੀ ਪੂਰਤੀ ਲਈ ਉਚਿਤ ਕਿਰਿਆਵਾਂ ਹੋ ਰਹੀਆਂ ਹਨ। ਇਹ ਵੀ ਯਕੀਨੀ ਬਣਾਏਗੀ ਕਿ ਸੂਬਾ ਆਰ ਈ ਜੀ ਐਸ (REGS) ਬਜਟ ਵਿਚ ਆਪਣਾ ਹਿੱਸਾ ਸਹੀ ਸਮੇਂ 'ਤੇ ਦਿੰਦਾ ਹੈ। ਇਹ ਸਕੀਮ ਦੀ ਵਿਸਤ੍ਰਿਤ ਸੰਚਾਰ ਅਤੇ ਇਸ ਦੀ ਵਰਤੋਂ ਸੰਬੰਧੀ ਸੂਚਨਾ ਦੇ ਪ੍ਰਸਾਰ ਨੂੰ ਯਕੀਨੀ ਬਣਾਏਗਾ। ਇਹ ਜਿਲ੍ਹਾ ਪ੍ਰੋਗਰਾਮ ਕੁਆਰਡੀਨੇਟਰ, ਪ੍ਰੋਗਰਾਮ ਅਫ਼ਸਰ, ਪੀ ਆਰ ਆਈ (PRI)ਅਤੇ ਸੰਬੰਧਤ ਹੋਰ ਏਜੰਸੀਆਂ ਦੀ ਸਾਰੀ ਪ੍ਰਸ਼ਾਸ਼ਨਿਕ, ਵਿੱਤੀ ਅਤੇ ਤਕਨੀਕੀ ਸਹਾਇਤਾ ਨੂੰ ਵੀ ਯਕੀਨੀ ਬਣਾਏਗਾ।

* ਰਾਜ ਰੁਜ਼ਗਾਰ ਗਰੰਟੀ ਕੌਂਸਲ (SEGC -State Employment Guarantee Council) ਰਾਜ ਸਰਕਾਰ ਨੂੰ ਇਸ ਸਕੀਮ ਦੀ ਵਰਤੋਂ, ਮੁਲਾਂਕਣ ਅਤੇ ਦੇਖ-ਰੇਖ ਸੰਬੰਧੀ ਸਲਾਹ ਦੇਵੇਗੀ। ਇਹ ਪਹਿਲ ਦੇ ਆਧਾਰ 'ਤੇ ਆਰ ਈ ਜੀ ਐਸ ਅਧੀਨ ਚਲਾਏ ਜਾ ਸਕਣ ਵਾਲੇ ਕੰਮਾਂ ਬਾਰੇ ਅਤੇ ਰਾਜ ਸਭਾ ਵਿਚ ਜਮ੍ਹਾ ਕਰਵਾਉਣ ਲਈ ਸਾਲਾਨਾ ਰਿਪੋਰਟਾਂ ਤਿਆਰ ਕਰਨ ਲਈ ਵੀ ਫੈਸਲਾ ਲਵੇਗੀ ।

*ਜਿਲ੍ਹਾ ਪੰਚਾਇਤ ਜਿਲ੍ਹਾ ਯੋਜਨਾਵਾਂ ਨੂੰ ਅੰਤਿਮ ਛੂਹ ਦੇਣ ਅਤੇ ਜਿਲ੍ਹੇ ਵਿਚ ਆਰ ਈ ਜੀ ਐਸ ਦੀ ਦੇਖ-ਰੇਖ ਅਤੇ ਨਿਗਰਾਨੀ ਲਈ ਜ਼ਿੰਮੇਵਾਰ ਹੋਵੇਗੀ। ਇਹ ਗਰਾਮ ਪੰਚਾਇਤਾਂ ਦੁਆਰਾ ਨ ਕੀਤੇ ਜਾਣ ਵਾਲੇ 50 ਪ੍ਰਤੀਸ਼ਤ ਕੰਮਾਂ ਵਿਚੋਂ ਕੁੱਝ ਖੁਦ ਕੰਮ ਕਰ ਸਕਦੀ ਹੈ।

* ਸੂਬਾ ਸਰਕਾਰ ਜਿਲ੍ਹਾ ਪ੍ਰੋਗਰਾਮ ਕੁਆਰਡੀਨੇਟਰ ਨਿਯੁਕਤ ਕਰੇਗੀ, ਜੋ ਜਿਲ੍ਹੇ ਵਿਚ ਸਕੀਮ ਦੇ ਸਮੁੱਚੇ ਤਾਲਮੇਲ ਅਤੇ ਵਰਤੋਂ ਲਈ ਜ਼ਿੰਮੇਵਾਰ ਹੋਵੇਗਾ।

* ਮੱਧਵਰਤੀ ਪੰਚਾਇਤ ਬਲਾਕ ਪੱਧਰ 'ਤੇ ਯੋਜਨਾ ਬਨਾਉਣ ਅਤੇ ਦੇਖ-ਰੇਖ ਅਤੇ ਨਿਗਰਾਨੀ ਲਈ ਜ਼ਿੰਮੇਵਾਰ ਹੋਵੇਗੀ। ਇਸ ਨੂੰ ਗਰਾਮ ਪੰਚਾਇਤ ਦੁਆਰਾ ਕੀਤੇ ਜਾਂਦੇ ਕੰਮਾ ਵਿਚੋਂ 50 ਫੀਸਦੀ ਕੰਮ ਕਰਨ ਦੀ ਜ਼ਿੰਮੇਵਾਰੀ ਦਿੱਤੀ ਜਾ ਸਕਦੀ ਹੈ।
* ਬਲਾਕ ਪੱਧਰ 'ਤੇ ਪੂਰੇ ਸਮੇਂ ਲਈ ਪ੍ਰੋਗਰਾਮ ਅਫ਼ਸਰ ਨਿਯੁਕਤ ਕੀਤਾ ਜਾਵੇਗਾ ਜੋ ਗਰਾਮ ਪੰਚਾਇਤ ਅਤੇ ਬਲਾਕ ਪੱਧਰ 'ਤੇ ਲਾਗੂ ਕਰਨ ਵਾਲੀਆਂ ਏਜੰਸੀਆਂ ਦੁਆਰਾ ਕੀਤੇ ਜਾਣ ਵਾਲੇ ਕੰਮਾਂ ਵਿਚ ਤਾਲਮੇਲ ਰੱਕਣ ਲਈ ਜ਼ਿੰਮੇਵਾਰ ਹੋਵੇਗਾ।
* ਮਗਨਰੇਗਾ ਨੂੰ ਲਾਗੂ ਕਰਨ ਲਈ ਗਰਾਮ ਪੰਚਾਇਤ ਦੀ ਮੁੱਖ ਭੂਮਿਕਾ ਹੈ। ਇਹ ਕੰਮਾਂ ਦੀ ਯੋਜਨਾ ਬਨਾਉਣ, ਵਿਅਕਤੀਆਂ ਦੇ ਨਾਮ ਰਜਿਸਟਰ ਕਰਨ, ਕੰਮ ਲਈ ਕਾਰਡ ਜਾਰੀ ਕਰਨ, ਰੁਜ਼ਗਾਰ ਦੇਣ, 50 ਫੀਸਦੀ ਕੰਮ ਕਰਨ ਅਤੇ ਪਿੰਡ ਪੱਧਰ 'ਤੇ ਸਕੀਮ ਦੇ ਲਾਗੂ ਹੋਣ ਦੀ ਦੇਖ-ਰੇਖ ਕਰਨ ਲਈ ਜ਼ਿੰਮੇਵਾਰ ਹੋਵੇਗਾ।
* ਨਰੇਗਾ ਗਰਾਮ ਸਭਾ ਨੂੰ ਕੰਮ ਸ਼ੁਰੂ ਕਰਨ ਦੀ ਸਿਫ਼ਾਰਿਸ਼ ਕਰਨ, ਇਹਨਾਂ ਕੰਮਾਂ ਦੀ ਦੇਖ-ਰੇਖ ਕਰਨ ਅਤੇ ਨਿਗਰਾਨੀ ਕਰਨ ਅਤੇ ਸਕੀਮ ਨੂੰ ਲਾਗੂ ਕਰਨ ਦੇ ਸਮਾਜਿਕ ਆਡਿਟ ਸੰਚਾਲਣ ਦੇ ਅਧਿਕਾਰ ਦਿੰਦੀ ਹੈ। ਇਸ ਤੋਂ ਇਲਾਵਾ ਗਰਾਮ ਸਭਾ, ਸਕੀਮ ਨੂੰ ਲਾਗੂ ਕਰਨ ਵਿਚ ਸਕੀਮ ਸੰਬੰਧੀ ਸੂਚਨਾ ਦੇਣ ਲਈ ਸਹਾਇਕ ਵਜੋਂ ਅਤੇ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਨਾਉਣ ਲਈ ਕੰਮ ਕਰ ਸਕਦੀ ਹੈ।

13.6 ਮਨਰੇਗਾ ਅਧੀਨ ਸਹੂਲਤਾਂ (**Provisions under MGNREGA**)

-ਪੇਂਡੂ ਪਰਿਵਾਰਾਂ ਦੇ ਅਕੁਸ਼ਲ ਹੱਥੀਂ ਕੰਮ ਕਰਨ ਦੇ ਇੱਛੁਕ ਬਾਲਗ ਮੈਂਬਰ, ਸਥਾਨਕ ਗਰਾਮ ਪੰਚਾਇਤ ਕੋਲ ਪੰਜੀਕਰਨ ਲਈ ਲਿਖਤੀ ਜਾਂ ਜ਼ੁਬਾਨੀ ਬੇਨਤੀ ਕਰ ਸਕਦੇ ਹਨ।
-ਗਰਾਮ ਪੰਚਾਇਤ ਉਚਿਤ ਪੁਸ਼ਟੀ ਕਰਨ ਤੋਂ ਬਾਅਦ ਕੰਮ ਲਈ ਕਾਰਡ ਜਾਰੀ ਕਰ ਸਕਦੀ ਹੈ ਜਿਸ ਉੱਪਰ ਪਰਿਵਾਰ ਦੇ ਕੰਮ ਕਰਨ ਲਈ ਇੱਛੁਕ ਸਾਰੇ ਬਾਲਗ ਮੈਂਬਰਾਂ ਦੀ ਫੋਟੋ ਲੱਗੀ ਹੋਵੇਗੀ ਅਤੇ ਇਹ ਕਾਰਡ ਦੀ ਕੋਈ ਕੀਮਤ ਵਸੂਲ ਨਹੀਂ ਕੀਤੀ ਜਾਵੇਗੀ।
_ਦਰਖਾਸਤ ਦੇਣ ਤੋਂ ਬਾਅਦ ਪੰਦਰਾਂ ਦਿਨਾਂ ਦੇ ਅੰਦਰ-ਅੰਦਰ ਇਹ ਕਾਰਡ ਜਾਰੀ ਕੀਤਾ ਜਾਣਾ ਚਾਹੀਦਾ ਹੈ।
_ਕਾਰਡ ਪ੍ਰਾਪਤ ਕਰਤਾ ਗਰਾਮ ਪੰਚਾਇਤ ਕੋਲ ਰੁਜ਼ਗਾਰ ਲਈ ਲਿਖਤੀ ਦਰਖਾਸਤ ਵੀ ਦੇ ਸਕਦਾ ਹੈ ਜਿਸ ਉੱਪਰ ਕੀਤੇ ਜਾਣ ਵਾਲੇ ਕੰਮ ਦੇ ਸਮੇਂ ਅਤੇ ਅੰਤਰਾਲ ਦਾ ਜ਼ਿਕਰ ਹੋਵੇਗਾ। ਰੁਜ਼ਗਾਰ ਘੱਟ ਤੋਂ ਘੱਟ 14 ਦਿਨਾਂ ਲਈ ਦਿੱਤਾ ਜਾਂਦਾ ਹੈ।
_ਕੰਮ ਲਈ ਦਿੱਤੇ ਜਾਣ ਵਾਲੀ ਦਰਖਾਸਤ ਦੇ ਪੰਦਰਾਂ ਦਿਨਾਂ ਦੇ ਅੰਦਰ-ਅੰਦਰ ਰੁਜ਼ਗਾਰ ਦਿੱਤਾ ਜਾਵੇਗਾ। ਜੇ ਅਜਿਹਾ ਨ ਹੋਵੇ ਤਾਂ ਐਕਟ ਦੇ ਅਨੁਸਾਰ ਹਰ ਰੋਜ਼ ਦਾ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇਗਾ। ਇਹ ਬੇਰੁਜ਼ਗਾਰੀ ਭੱਤੇ ਦੀ ਅਦਾਇਗੀ ਦੀ ਜ਼ਿੰਮੇਵਾਰੀ ਰਾਜ ਦੀ ਹੋਵੇਗੀ।
_ਆਮ ਕਰਕੇ ਕੰਮ ਪਿੰਡ ਦੇ ਪੰਜ ਕਿਲੋਮੀਟਰ ਦੇ ਘੇਰੇ ਦੇ ਅੰਦਰ-ਅੰਦਰ ਦਿੱਤਾ ਜਾਵੇਗਾ। ਜੇ ਕਿਸੇ ਕਾਰਨ ਕੰਮ ਪੰਜ ਕਿਲੋਮੀਟਰ ਤੋਂ ਪਰ੍ਹੇ ਹੋਵੇ ਤਾਂ ਆਉਣ ਜਾਣ ਅਤੇ ਹੋਰ ਖਰਚਿਆਂ ਨੂੰ ਪੂਰਾ ਕਰਨ ਲਈ 10 ਫੀਸਦੀ ਵਾਧੂ ਵੇਤਨ ਦਿੱਤਾ ਜਾਵੇਗਾ।
-ਰਾਜ ਵਿਚ ਖੇਤੀ ਮਜ਼ਦੂਰਾਂ ਲਈ ਘੱਟੋ-ਘੱਟ ਵੇਤਨ ਐਕਟ 1948 ਦੇ ਅਨੁਸਾਰ ਵੇਤਨ ਦਿੱਤਾ ਜਾਂਦਾ ਰਿਹਾ ਜਦ ਤੱਕ ਕੇਂਦਰ ਨੇ ਇਹ ਨੋਟਿਸ ਨਹੀਂ ਦਿੱਤਾ ਕਿ ਵੇਤਨ 60 ਰੁਪਏ ਪ੍ਰਤੀ ਦਿਨ ਤੋਂ ਘੱਟ ਨਹੀਂ ਹੋਵੇਗਾ।
-ਮਨਰੇਗਾ ਦੇ ਅਧੀਨ ਆਦਮੀਆਂ ਅਤੇ ਔਰਤਾਂ ਨੂੰ ਬਰਾਬਰ ਵੇਤਨ ਦਿੱਤਾ ਜਾਵੇਗਾ। ਭਾਵੇਂ ਭਾਰਤ ਦੇ ਬਹੁਤੇ ਸੂਬਿਆਂ ਨੇ ਪਹਿਲਾਂ ਹੀ ਆਪਣੇ ਵੇਤਨ ਨਿਯਮ 100 ਰੁਪਏ ਪ੍ਰਤੀ ਦਿਨ ਤੋਂ ਵੱਧ ਰੱਖੇ ਹੋਏ ਹਨ।
-ਵੇਤਨ ਕੰਮ ਜਾਂ ਦਿਨਾਂ ਦੇ ਆਧਾਰ 'ਤੇ ਦਿੱਤਾ ਜਾਂਦਾ ਹੈ। ਵੇਤਨ ਦੀ ਵੰਡ ਹਫਤੇ ਪਿਛੋਂ ਜਾਂ ਕਿਸੇ ਹਾਲਤ ਵਿਚ ਪੰਦਰਾਂ ਦਿਨਾਂ ਪਿਛੋਂ ਕੀਤੀ ਜਾਦੀ ਹੈ।
-ਲਾਭ ਪਾਤਰੀਆਂ ਦਾ ਘੱਟੋ-ਘੱਟ ਇਕ ਤਿਹਾਈ ਹਿੱਸਾ ਔਰਤਾਂ ਹੋਣਗੀਆਂ ਜਿਹੜੀਆਂ ਇਸ ਸਕੀਮ ਦੇ ਅਧੀਨ ਰਜਿਸਟਰ ਹਨ ਅਤੇ ਕੰਮ ਦੀ ਮੰਗ ਕਰਦੀਆਂ ਹਨ।
-ਕੰਮ ਵਾਲੀ ਜਗ੍ਹਾ 'ਤੇ ਕਰੇੱਚ, ਪੀਣ ਵਾਲਾ ਪਾਣੀ, ਅਤੇ ਸ਼ੈੱਡ ਆਦਿ ਮੁਹੱਈਆ ਕੀਤੇ ਜਾਣਗੇ।
-ਪਿੰਡਾਂ ਦੇ ਪ੍ਰੋਜੈਕਟਾਂ ਦੀ ਸਿਫਾਰਿਸ਼ ਗਰਾਮ ਸਭਾ ਵਲੋਂ ਕੀਤੀ ਜਾਵੇਗੀ ਅਤੇ ਜਿਲ੍ਹਾ ਪ੍ਰੀਸ਼ਦ ਵਲੋਂ ਇਹਨਾਂ ਨੂੰ ਮਾਨਤਾ ਦਿੱਤੀ ਜਾਵੇਗੀ।
-ਗਰਾਮ ਪੰਚਾਇਤ ਨੂੰ ਘੱਟੋ-ਘੱਟ 50 ਫੀਸਦੀ ਕੰਮ ਅਲਾਟ ਕੀਤੇ ਜਾਣਗੇ।

-ਇਸ ਵਿਚ ਵਧੇਰੇ ਕਰਕੇ ਪਾਣੀ ਅਤੇ ਭੂਮੀ ਦੀ ਸੰਭਾਲ, ਜੰਗਲਾਂ ਦੀ ਸੰਭਾਲ ਅਤੇ ਭੂਮੀ ਵਿਕਾਸ ਆਦਿ ਕੰਮ ਸ਼ਾਮਿਲ ਕੀਤੇ ਜਾਂਦੇ ਹਨ।
-ਵੇਤਨ ਅਤੇ ਸਮਗਰੀ 60:40 ਰੱਖੀ ਜਾਂਦੀ ਹੈ। ਕੋਈ ਠੇਕੇਦਾਰ ਅਤੇ ਮਸ਼ੀਨਰੀ ਵਰਤਣ ਦੀ ਆਗਿਆ ਨਹੀਂ ਹੈ।
-ਕੇਂਦਰ ਸਰਕਾਰ 100% ਅਕੁਸ਼ਲ ਹੱਥੀਂ ਕੰਮ ਕਰਨ ਵਾਲੇ ਮਜ਼ਦੂਰਾਂ ਦਾ ਖਰਚਾ ਅਤੇ 75% ਕੁਸ਼ਲ ਅਤੇ ਅਰਧ-ਕੁਸ਼ਲ ਮਜ਼ਦੂਰਾਂ ਦੇ ਵੇਤਨ ਅਤੇ ਸਮਗਰੀ ਦਾ ਖਰਚਾ ਚੁੱਕੇਗੀ।
-ਸਮਾਜਿਕ ਆਡਿਟ ਦਾ ਕੰਮ ਗਰਾਮ ਸਭਾ ਦੁਆਰਾ ਕੀਤਾ ਜਾਵੇਗਾ।
-ਜ਼ਿੰਮੇਵਾਰ ਪ੍ਰਕਿਰਿਆ ਯਕੀਨੀ ਬਨਾਉਣ ਲਈ ਗਿਲੇ-ਸ਼ਿਕਵੇ ਵੀ ਦੂਰ ਕੀਤੇ ਜਾਣਗੇ।
-ਜਨਤਕ ਨਿਰੀਖਣ ਲਈ ਸਕੀਮ ਨਾਲ ਸੰਬੰਧਤ ਸਾਰੇ ਖਾਤੇ ਅਤੇ ਰਿਕਾਰਡ ਉਪਲਬਧ ਹੋਣੇ ਲਾਜ਼ਮੀ ਹਨ।

13.7 ਮਨਰੇਗਾ ਦੇ ਉਦੇਸ਼ (**Objectives of MGNREGA**)

-ਹਰ ਪਰਿਵਾਰ, ਜਿਸ ਦੇ ਬਾਲਗ ਮੈਂਬਰ ਅਕੁਸ਼ਲ ਹੱਥੀਂ ਕੰਮ ਕਰਨ ਦੇ ਇਛੁੱਕ ਹਨ, ਨੂੰ ਘੱਟੋ ਘੱਟ 100 ਦਿਨਾਂ ਦੇ ਗਰੰਟੀ ਵੇਤਨ ਰੁਜ਼ਗਾਰ ਦੇ ਕੇ ਪੇਂਡੂ ਖੇਤਰਾਂ ਵਿਚ ਉਪਜੀਵਿਕਾ ਸੁਰੱਖਿਆ ਵਿਚ ਵਾਧਾ ਕਰਨਾ ਮਨਰੇਗਾ ਦਾ ਉਦੇਸ਼ ਸੀ।
-ਸੰਬੰਧਿਤ ਗਰੁੱਪਾਂ ਨੂੰ ਦੁਰਲੱਭ ਜਾਂ ਅਨੁਚਿਤ ਵਿਕਲਪ ਹੋਣ 'ਤੇ, ਵਾਪਸ ਹਾਸਲ ਹੋਣ ਵਾਲੇ ਰੁਜ਼ਗਾਰ ਦੇ ਸਾਧਨ ਪ੍ਰਦਾਨ ਕਰਕੇ ਇਕ ਮਜ਼ਬੂਤ ਸੁਰੱਖਿਆ ਜਾਲ ਬਨਾਉਣਾ।
-ਗਰੀਬੀ ਦਾ ਕਾਰਨ ਬਣਦੇ ਕਾਰਕਾਂ ਜਿਵੇਂ ਸੋਕਾ, ਜੰਗਲਾਂ ਦੀ ਕਟਾਈ ਅਤੇ ਭੋਂ-ਖੋਰ ਆਦਿ ਨਾਲ ਜਾਣੂ ਕਰਵਾ ਕੇ, ਖੇਤੀਬਾੜੀ ਆਰਥਿਕਤਾ ਦੇ ਨਿਰੰਤਰ ਵਿਕਾਸ ਲਈ ਇਕ ਇੰਜਣ ਤਿਆਰ ਕਰਨਾ ਹੈ।
-ਗਰੀਬੀ ਦੇ ਨਕਸ਼ੇ ਨੂੰ ਬਦਲਣ ਲਈ ਪ੍ਰਭਾਵਸ਼ਾਲੀ ਤਾਕਤ ਦੀ ਵਰਤੋਂ ਕਰਨਾ ਅਤੇ 100 ਦਿਨਾਂ ਦਾ ਰੁਜ਼ਗਾਰ ਪ੍ਰਦਾਨ ਕਰਨ ਦੀ ਪ੍ਰਕਿਰਿਆ ਦੁਆਰਾ ਪੇਂਡੂ ਗਰੀਬਾਂ ਦਾ ਸੁਸ਼ਕਤੀਕਰਨ ਕਰਨਾ ।

13.8 ਫੰਡ ਅਤੇ ਕਾਰਜ (**Funds and Activities**)

ਮਨਰੇਗਾ ਦੇ ਅਧੀਨ 2006-07 ਵਿਚ 12073.55 ਕਰੋੜ ਰੁਪਏ, 2007-08 ਵਿਚ 19305.81 ਕਰੋੜ ਰੁਪਏ, 2008-09 ਵਿਚ 37397.06 ਕਰੋੜ ਰੁਪਏ, 2009-2010 ਵਿਚ 49579.19 ਕਰੋੜ ਰੁਪਏ 2010-2011 ਵਿਚ 54172.14 ਕਰੋੜ ਰੁਪਏ ਅਤੇ 2011-12 ਵਿਚ 38836.22 ਕਰੋੜ ਰੁਪਏ ਫੰਡ ਦੇ ਤੌਰ 'ਤੇ ਉਪਲਬਧ ਹੋਏ। ਇਸ ਪ੍ਰਕਾਰ ਮਨਰੇਗਾ ਅਧੀਨ ਉਪਲਬਧ ਫੰਡ 2010-11 ਤੱਕ ਲਗਾਤਾਰ ਵੱਧਦੇ ਗਏ ਪਰ 2011-12 ਦੇ ਵਰ੍ਹੇ ਵਿਚ ਇਹ ਫੰਡ ਘੱਟ ਗਏ।
ਮਨਰੇਗਾ ਦੇ ਦੋ ਮੁੱਖ ਉਦੇਸ਼ ਪੇਂਡੂ ਵਿਕਾਸ ਅਤੇ ਰੁਜ਼ਗਾਰ ਹੈ। ਮਨਰੇਗਾ ਦੀ ਮੰਗ ਹੈ ਕਿ ਇਹ ਕੰਮ ਵਿਸ਼ੇਸ਼ ਪੇਂਡੂ ਵਿਕਾਸ ਕਿਰਿਆਵਾਂ ਜਿਵੇਂ ਪਾਣੀ ਦੀ ਸੰਭਾਲ, ਪਾਣੀ ਇਕੱਠਾ ਕਰਨਾ, ਰੁੱਖ ਲਗਾਉਣਾ, ਪਿੰਡਾਂ ਦਾ ਆਪਸੀ ਤਾਲਮੇਲ, ਹੜ੍ਹਾਂ ਨੂੰ ਰੋਕਣਾ ਅਤੇ ਨਿਯੰਤ੍ਰਣ ਕਰਨਾ ਜਿਵੇਂ ਬੰਨ੍ਹਾਂ ਦਾ ਨਿਰਮਾਣ ਅਤੇ ਮੁਰੰਮਤ ਆਦਿ ਦਾ ਇਕ ਸਮੂਹ ਹੋਣਾ ਚਾਹੀਦਾ ਹੈ। ਨਵੇਂ ਟੈਂਕ/ਤਲਾਅ ਖੋਦਣੇ, ਟੈਂਕਾਂ ਦੀ ਸਫ਼ਾਈ ਅਤੇ ਛੋਟੇ ਛੋਟੇ ਬੰਨ੍ਹਾਂ ਦੇ ਨਿਰਮਾਣ ਨੂੰ ਵੀ ਮਹੱਤਤਾ ਦਿੱਤਾ ਜਾਵੇ। ਕੰਮ ਕਰਨ ਵਾਲਿਆਂ ਨੂੰ ਭੂਮੀ ਨੂੰ ਪੱਧਰਾ ਕਰਨਾ, ਰੁੱਖ ਲਗਾਉਣਾ ਆਦਿ ਜਿਹੇ ਕੰਮ ਦਿੱਤੇ ਜਾਣ। ਸਭ ਤੋਂ ਪਹਿਲਾਂ ਪੰਚਾਇਤ ਦੁਆਰਾ ਬਲਾਕ ਅਫ਼ਸਰ ਨੂੰ ਪ੍ਰਸਤਾਵ ਦਿੱਤਾ ਜਾਵੇ ਅਤੇ ਫਿਰ ਬਲਾਕ ਅਫ਼ਸਰ ਫੈਸਲਾ ਕਰੇਗਾ ਕਿ ਕੀ ਕੰਮ ਨੂੰ ਮਨਜ਼ੂਰੀ ਦਿੱਤੀ ਜਾਣੀ ਚਾਹੀਦੀ ਹੈ।
ਮਨਰੇਗਾ ਦੁਆਰਾ 2006-07 ਵਿਚ ਕਰੋੜ, 2007-08 ਵਿਚ ਕਰੋੜ ਅਤੇ 2008-09 ਨੂੰ ਕਰੋੜ ਲੋਕਾਂ ਨੂੰ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਵਾਏ ਗਏ ਸੀ। 2009-10 ਵਿਚ ਕਰੋੜ, 2010-11 ਵਿਚ ਕਰੋੜ ਅਤੇ 2011-12 ਵਿਚ ਕਰੋੜ ਲੋਕਾਂ ਨੂੰ ਮਨਰੇਗਾ ਦੇ ਅਧੀਨ ਰੁਜ਼ਗਾਰ ਦਿੱਤਾ ਗਿਆ ਸੀ।
ਮਨਰੇਗਾ ਦੇ ਅਧੀਨ 2006-07 ਵਿਚ 40 ਫੀਸਦੀ, 2007-08 ਵਿਚ 48 ਫੀਸਦੀ 2009-10 ਵਿਚ 48 ਫੀਸਦੀ ਅਤੇ 2011-12 ਵਿਚ 49 ਫੀਸਦੀ ਔਰਤਾਂ ਨੂੰ ਰੁਜ਼ਗਾਰ ਮਿਲਿਆ। ਇਸ ਪ੍ਰਕਾਰ ਇਸ ਸਕੀਮ ਦੇ ਅਧੀਨ ਔਰਤਾਂ ਨੂੰ ਰੁਜ਼ਗਾਰ ਮਿਲਣ ਵਿਚ ਲਗਾਤਾਰ ਵਾਧਾ ਹੋਇਆ। ਇਹ ਅੰਕੜੇ ਮਨਰੇਗਾ ਅਧੀਨ ਲੋੜੀਂਦੇ ਅੰਕੜੇ ਭਾਵ 33 ਪ੍ਰਤੀਸ਼ਤ ਤੋਂ ਜ਼ਿਆਦਾ ਹਨ।

ਮਨਰੇਗਾ ਅਧੀਨ 2006-07 ਵਿਚ 43 ਦਿਨ, 2007-08 ਵਿਚ 42 ਦਿਨ, 2008-09 ਵਿਚ 48 ਦਿਨ, 2009-10 ਵਿਚ 54 ਦਿਨ, 2010-11 ਵਿਚ 47 ਦਿਨ ਅਤੇ 2011-12 ਵਿਚ 32 ਦਿਨ ਪ੍ਰਤੀ ਪਰਿਵਾਰ ਰੁਜ਼ਗਾਰ ਦਿੱਤਾ ਗਿਆ ਸੀ ਜੋ 2009-10 ਤੱਕ ਲਗਾਤਾਰ ਵੱਧਦਾ ਗਿਆ ਅਤੇ ਬਾਅਦ ਵਿਚ ਦਿਨਾਂ ਦੀ ਘੱਟਦੀ ਜਾ ਰਹੀ ਹੈ। ਇਹਨਾਂ ਸਾਰੀਆਂ ਮਨਰੇਗਾ ਕਿਰਿਆਵਾਂ ਦਾ ਨਿਰੀਖਣ ਦੱਸਦਾ ਹੈ ਕਿ ਇਹਨਾਂ ਸਾਰੇ ਸਾਲਾਂ ਵਿਚ ਪੇਂਡੂ ਖੇਤਰਾਂ ਵਿਚ ਪਾਣੀ ਦੀ ਸੰਭਾਲ ਉੱਤੇ ਵੱਧ ਤੋਂ ਵੱਧ ਖਰਚ ਕੀਤਾ ਗਿਆ। ਇਸ ਤੋਂ ਇਲਾਵਾ ਹੋਰ ਕਿਰਿਆਵਾਂ ਜਿਵੇਂ ਐਸ ਸੀ/ਐਸ ਟੀ/ਬੀ ਪੀ ਐਲ ਅਤੇ ਆਈ ਏ ਵਾਈ ਲਾਭ-ਪਾਤਰੀਆਂ ਨੂੰ ਭੂਮੀ ਸਿੰਜਾਈ ਦੀ ਸਹੂਲਤ ਅਤੇ ਭੂਮੀ ਵਿਕਾਸ ਕਿਰਿਆ ਉੱਤੇ ਉਚਿਤ ਖਰਚ ਹੋਇਆ ।

13.9 ਗਿਣਤੀ ਕ੍ਰਮ ਦੀ ਸਾਂਭ ਸੰਭਾਲ (**Maintenance of Muster Roll**)

-ਆਪਣੀ ਭੂਮੀ 'ਤੇ ਕੰਮ ਕਰਨ ਲਈ ਗਿਣਤੀ ਕ੍ਰਮ ਪ੍ਰੋਗਰਾਮ ਲਾਗੂ ਕਰਨ ਵਾਲੀ ਏਜੰਸੀ (Programme Implementation Agency -PIA) ਨੂੰ ਜਾਰੀ ਕਰਨਾ ਹੋਵੇਗਾ। ਇਹ ਏਜੰਸੀ ਗਰਾਮ ਰੁਜ਼ਗਾਰ ਸਹਾਇਕ/ ਗਰਾਮ ਸੇਵਕ ਨੂੰ ਕ੍ਰਮ ਜਾਰੀ ਕਰੇਗੀ।

-ਨਰੇਗਾ ਨਿਰਦੇਸ਼ਾਂ ਦੇ ਅਨੁਸਾਰ ਕੰਮ ਕਰਨ ਵਾਲੀ ਜਗ੍ਹਾ 'ਤੇ ਗਿਣਤੀ ਕ੍ਰਮ ਸਾਥੀਆਂ ਦੁਆਰਾ ਕੀਤੀ ਜਾਵੇਗੀ।

-ਮਨਰੇਗਾ ਮਿਆਰਾਂ ਦੇ ਅਨੁਸਾਰ ਅਫ਼ਸਰ ਗਿਣਤੀ ਕ੍ਰਮ ਦੀ ਪੁਸ਼ਟੀ ਕਰਨਗੇ।

-ਕੰਮ ਵਾਲੀ ਜਗ੍ਹਾ 'ਤੇ ਪ੍ਰਦਰਸ਼ਨ ਬੋਰਡ ਲਗਾਇਆ ਜਾਵੇਗਾ ਜਿਸ ਉੱਪਰ ਲਾਭ-ਪਾਤਰੀ ਕਿਸਾਨ/ਵਰਤਣ ਵਾਲੇ ਗਰੁੱਪ, ਕੰਮ ਦਾ ਨਾਮ, ਆਕਾਰ ਅਤੇ ਲਾਗਤ, ਕੰਮ ਦੇ ਆਰੰਭ ਅਤੇ ਸੰਪੂਰਨ ਹੋਣ ਦਾ ਸਮਾਂ ਦੱਸਿਆ ਜਾਵੇਗਾ।

13.10 ਕੰਮਾਂ ਦਾ ਮਾਪਣ (**Measurement of Works**)

ਕੰਮ ਦਾ ਮਾਪਣ ਪ੍ਰੋਗਰਾਮ ਲਾਗੂ ਕਰਨ ਵਾਲੀ ਏਜੰਸੀ ਦੇ ਜੂਨੀਅਰ-ਇੰਜੀਨੀਅਰ/ਟੈਕਨੀਕਲ-ਅਸਿਸਟੈਂਟ ਦੁਆਰਾ ਲਾਭ-ਪਾਤਰੀ ਜਾਂ ਉਸ ਦੇ ਪ੍ਰਤੀਨਿਧ ਦੀ ਹਾਜ਼ਰੀ ਵਿਚ ਕੀਤਾ ਜਾਵੇਗਾ ਅਤੇ ਮਾਪਣ-ਕਿਤਾਬ ਵਿਚ ਰਿਕਾਰਡ ਹੋਵੇਗਾ। ਵਿਸ਼ੇਸ਼ ਕੰਮ ਉੱਤੇ ਹਰ ਖਰਚਾ ਸੰਬੰਧਿਤ ਜੂਨੀਅਰ ਇੰਜੀਨੀਅਰ/ਟੈਕਨੀਕਲ ਅਸਿਸਟੈਂਟ ਦਆਰਾ ਮਾਪਣ ਕਿਤਾਬ ਵਿਚ ਰਿਕਾਰਡ ਹੋਵੇਗਾ।

13.11 ਦੇਖ-ਰੇਖ ਅਤੇ ਮੁਲਾਂਕਣ ( **Monitoring and Evaluation**)

ਮੰਤਰਾਲੇ ਨੇ ਇਕ ਵਿਆਪਕ ਦੇਖ-ਭਾਲ ਪ੍ਰਣਾਲੀ ਦਾ ਗਠਨ ਕੀਤਾ ਹੋਇਆ ਹੈ ਤਾਂ ਜੋ ਪ੍ਰੋਜੈਕਟ ਦੀ ਪ੍ਰਭਾਵਸ਼ਾਲੀ ਦੇਖ-ਭਾਲ ਲਈ ਬਲਾਕ ਪੱਧਰ 'ਤੇ ਸੌ ਫੀਸਦੀ, ਜਿਲ੍ਹਾ ਪੱਧਰ 'ਤੇ ਦਸ ਫੀਸਦੀ ਅਤੇ ਸੂਬਾ ਪੱਧਰ 'ਤੇ ਦੋ ਫੀਸਦੀ ਕੰਮਾਂ ਦੀ ਪੁਸ਼ਟੀ ਲਈ ਨਿਗਰਾਨੀ ਦੀ ਲੋੜ ਨੂੰ ਯਕੀਨੀ ਬਣਾਇਆ ਜਾਵੇ। ਮਨਰੇਗਾ ਦੇ ਗੁਣਕ ਪ੍ਰਭਾਵਾਂ ਨੂੰ ਵੱਧ ਤੋਂ ਵੱਧ ਕਰਨ ਲਈ, ਮੰਤਰਾਲੇ ਨੇ ਇਕ ਕਾਰਜ ਦਲ ਦਾ ਨਿਰਮਾਣ ਕੀਤਾ ਹੋਇਆ ਹੈ ਜੋ National Horticulture Mission, Rashtriya Krishi Vikas Yojana, Bharat Nirman and Watershed Development ਦੀ ਮਨਰੇਗਾ ਪ੍ਰੋਗਰਾਮ ਵਿਚ ਪਰਿਵਰਤਨ ਦੀ ਸੰਭਾਵਨਾ ਨੂੰ ਜਾਂਚੇਗਾ। ਇਹ ਪਰਿਵਰਤਨ ਦੇ ਯਤਨ ਮਨਰੇਗਾ ਦੇ ਕੰਮਾਂ ਦੀ ਕੀਮਤ ਨੂੰ ਵਧਉਣਗੇ ਅਤੇ ਮਜ਼ਬੂਤ ਯਤਨ ਕਰਨ ਵਿਚ ਸਹਾਈ ਹੋਣਗੇ ਅਤੇ ਨਾਲ ਹੀ ਪੇਂਡੂ ਖੇਤਰਾਂ ਵਿਚ ਯੋਜਨਾਬੱਧ ਅਤੇ ਇਕੱਠੇ ਜਨਤਕ ਨਿਵੇਸ਼ ਨੂੰ ਯੋਗ ਬਨਾਉਣਗੇ।

13.12 ਸਾਰਾਂਸ਼ (**Summary**)

ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ (ਮਨਰੇਗਾ) ਸਕੀਮ ਕੰਮ ਲਈ ਵੱਧ ਤੋਂ ਵੱਧ ਮੌਕੇ ਪੈਦਾ ਕਰਕੇ ਪੇਂਡੂ ਗਰੀਬੀ ਨੂੰ ਘੱਟ ਕਰਨ ਦੇ ਅੰਤਿਮ ਲਕਸ਼ ਨਾਲ ਸੰਪੂਰਨ ਗ੍ਰਾਮੀਣ ਰੁਜ਼ਗਾਰ ਯੋਜਨਾ (Sampooran Grameen Rozgar Yozna (SGRY)) ਅਤੇ ਰਾਸ਼ਟਰੀ ਖੁਰਾਕ ਕਾਰਜ ਪ੍ਰੋਗਰਾਮ ਵਰਗੀਆਂ ਹੋਰ ਪੇਂਡੂ ਰੁਜ਼ਗਾਰ ਸਕੀਮਾਂ ਦੀ ਪੈਰਵੀ ਕਰਦੇ ਹੋਏ ਭਾਰਤ ਵਿਚ ਬਣਾਈ ਗਈ ਸਭ ਤੋਂ ਵੱਡੀ ਪੇਂਡੂ ਰੁਜ਼ਗਾਰ ਪ੍ਰੋਗਰਾਮ ਹੈ। ਇਹ ਸਾਰੇ ਪਰਿਵਾਰਾਂ, ਚਾਹੇ ਉਹ ਗਰੀਬੀ ਰੇਖਾ ਤੋਂ ਹੇਠਾਂ ਹਨ ਜਾਂ ਨਹੀਂ ਨੂੰ, ਘੱਟ ਤੋਂ ਘੱਟ 100 ਦਿਨਾਂ ਲਈ ਗਰੰਟੀ ਵੇਤਨ ਰੁਜ਼ਗਾਰ ਦੇਣ ਲਈ ਬਣਾਇਆ ਗਿਆ। ਇਹ, ਐਕਟ ਦੇ ਨੋਟੀਫਿਕੇਸ਼ਨ ਦੁਆਰਾ ਪਹਿਲਾਂ ਦੇਸ਼ ਦੇ 200 ਜਿਲ੍ਹਿਆਂ ਵਿਚ ਲਾਗੂ ਕੀਤਾ ਗਿਆ ਅਤੇ ਫਿਰ ਦੂਸਰੇ 130 ਜਿਲ੍ਹਿਆਂ ਵਧਾ ਦਿੱਤਾ ਗਿਆ। ਹੁਣ ਇਹ ਐਕਟ ਸਮੁੱਚੇ ਦੇਸ਼ ਵਿਚ ਲਾਗੂ ਕੀਤਾ ਜਾਂਦਾ ਹੈ।

2 ਅਕਤੂਬਰ 2009 ਨੂੰ ਇਸ ਨੂੰ ਨਵਾਂ ਨਾਮ ਦਿੱਤਾ ਗਿਆ ਜਿਸ ਵਿਚ ਇਸ ਦੇ ਅੱਗੇ ਮਹਾਤਮਾ ਗਾਂਧੀ ਲਗਾ ਦਿੱਤਾ ਗਿਆ ਅਤੇ ਹੁਣ ਇਸ ਨੂੰ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ (ਮਨਰੇਗਾ) ਕਿਹਾ ਜਾਂਦਾ ਹੈ। ਮਨਰੇਗਾ ਹਰ ਪੇਂਡੂ ਪਰਿਵਾਰ, ਜਿਸ ਦੇ ਬਾਲਗ ਮੈਂਬਰ ਅਕੁਸ਼ਲ ਹੱਥੀਂ ਕੰਮ ਕਰਨ ਦੇ ਇਛੁੱਕ ਹੋਣ, ਨੂੰ ਹਰ ਸਾਲ 100 ਦਿਨਾਂ ਦਾ ਵੇਤਨ ਰੁਜ਼ਗਾਰ ਪ੍ਰਦਾਨ ਕਰਦਾ ਹੈ। ਇਕ ਪਰਿਵਾਰ ਇਕ ਸਾਲ ਵਿਚ 100 ਦਿਨਾਂ ਲਈ ਅਕੁਸ਼ਲ ਹੱਥੀਂ ਕੰਮ ਕਰੇਗਾ। ਪਰਿਵਾਰ, ਦੇ ਅੰਦਰ ਪੇਂਡੂ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਰੁਜ਼ਗਾਰ ਦੀ ਮੰਗ ਦਾ ਅਧਿਕਾਰ ਹੈ। ਇਹ ਐਕਟ ਉਸ ਕੰਮ ਦੁਆਰਾ ਵੇਤਨ ਰੁਜ਼ਗਾਰ ਚਾਲੂ ਕਰਕੇ ਪੇਂਡੂ ਖੇਤਰਾਂ ਦੇ ਲੋਕਾਂ ਦੀ ਉਪਜੀਵੀਕਾ ਸੁਰੱਖਿਆ ਵਿਚ ਵਾਧਾ ਕਰਨਾ ਲੋਚਦਾ ਹੈ ਜਿਸ ਨਾਲ ਉਸ ਖੇਤਰ ਦੇ ਆਧਾਰਭੂਤ ਸਾਜੋ-ਸਮਾਨ ਦਾ ਵਿਕਾਸ ਹੋਵੇ।

ਮਨਰੇਗਾ ਸਕੀਮ ਗਰੀਬ ਔਰਤਾਂ ਵਿਚੋਂ ਨਕਦ ਵੇਤਨ ਅਦਾਇਗੀ ਦੁਆਰਾ ਗਰੀਬੀ ਹਟਾਉਣ ਅਤੇ ਆਰਥਿਕ ਆਤਮ-ਨਿਰਭਰਤਾ ਲਈ ਇਕ ਸ਼ਕਤੀਸ਼ਾਲੀ ਸਾਧਨ ਵਜੋਂ ਉੱਭਰ ਕੇ ਸਾਹਮਣੇ ਆਈ। ਮਨਰੇਗਾ ਦੁਆਰਾ ਪੇਂਡੂ ਵਿਕਾਸ ਅਤੇ ਰੁਜ਼ਗਾਰ, ਵਿਸ਼ੇਸ਼ ਕਰਕੇ ਔਰਤਾਂ ਦੇ ਰੁਜ਼ਗਾਰ ਦੇ ਦੋ ਇਕੱਠੇ ਉਦੇਸ਼ਾਂ ਦੀ ਪੂਰਤੀ ਹੁੰਦੀ ਹੈ। ਇਸ ਐਕਟ ਦਾ ਸ਼ਡਿਊਲ II ਪੈਰ੍ਹਾ 6 ਰੁਜ਼ਗਾਰ ਵਿਚ ਔਰਤਾਂ ਦੀ ਭਾਗੀਦਾਰੀ ਅਤੇ ਖਾਸ ਕਰਕੇ ਕੁੱਲ ਕਾਮਿਆਂ ਵਿਚੋਂ ਘੱਟ ਤੋਂ ਘੱਟ 33 ਪ੍ਰਤੀਸ਼ਤ ਸ਼ਮੂਲੀਅਤ ਦੀ ਗੱਲ ਕਰਦਾ ਹੈ। ਜਿਸ ਵਿਚ ਸਥਾਨਕ ਪੱਧਰ 'ਤੇ ਉਪਲਬਧ ਰੁਜ਼ਗਾਰ ਨੂੰ ਯਕੀਨੀ ਬਨਾਉਣ ਦੇ ਨਾਲ-ਨਾਲ ਮਰਦਾਂ ਅਤੇ ਔਰਤਾਂ ਦੀ ਇਕਸਾਰ ਤਨਖਾਹ, ਕੰਮ ਵਾਲੀ ਜਗ੍ਹਾ 'ਤੇ ਸੰਭਾਲ ਅਤੇ ਬੱਚਿਆਂ ਦੀ ਦੇਖ-ਰੇਖ ਜਿਹੀਆਂ ਸਹੂਲਤਾਂ ਵੀ ਉਪਲਬਧ ਹਨ। ਇਸ ਤੋਂ ਇਲਾਵਾ, ਸਰਕਾਰੀ ਪ੍ਰੋਗਰਾਮਾਂ ਦੀ ਸੰਮਿਲਤ ਵਰਤੋਂ ਲਈ ਹੋਰ ਮੰਤਰਾਲਿਆਂ ਜਿਵੇਂ ਔਰਤ ਅਤੇ ਬੱਚਾ ਵਿਕਾਸ ਮੰਤਰਾਲੇ ਦੇ ਆਈ ਸੀ ਡੀ ਐਸ (ICDS) ਨਾਲ ਮਿਲ ਕੇ ਕੰਮ ਕਰਨ ਨੂੰ ਉਤਸ਼ਹਿਤ ਕੀਤਾ ਜਾਂਦਾ ਹੈ। ਰਾਸ਼ਟਰੀ ਪੱਧਰ 'ਤੇ 51 ਫੀਸਦੀ ਔਰਤਾਂ ਦੀ ਭਾਗੀਦਾਰੀ ਨਾਲ ਦੱਖਣੀ ਸੂਬੇ ਕੇਰਲਾ ਅਤੇ ਤਾਮਿਲਨਾਡੂ ਸਭ ਤੋਂ ਉੱਪਰ ਹਨ। ਪੇਂਡੂ ਵਿਕਾਸ ਮੰਤਰਾਲੇ ਦੁਆਰਾ ਕੀਤਾ ਗਿਆ ਮਹੱਤਵਪੂਰਨ ਅਧਿਐਨ ਮਨਰੇਗਾ ਦੁਆਰਾ ਪ੍ਰਦਾਨ ਕੀਤੇ ਗਏ ਮੌਕਿਆਂ ਨਾਲ ਔਰਤ ਦੀ ਪਛਾਣ ਅਤੇ ਉਹਨਾਂ ਦੇ ਸੁਸ਼ਕਤੀਕਰਨ ਦੇ ਬਾਰੇ ਦਸਦਾ ਹੈ। ਉਹ ਹੁਣ ਪਰਿਵਾਰ ਦੀ ਉਪਜੀਵਿਕਾ ਵਿਚ ਹਿੱਸਾ ਪਾਉਣ ਅਤੇ ਬੱਚਿਆਂ ਦੀ ਪੜ੍ਹਾਈ, ਸਿਹਤ ਸੰਭਾਲ ਅਤੇ ਖਾਣਾ ਅਤੇ ਘਰੇਲੂ ਵਸਤਾਂ ਲਈ ਵਰਤਣ ਦੇ ਯੋਗ ਹੋ ਗਈਆਂ ਹਨ। ਮਨਰੇਗਾ ਲਈ ਪੇਂਡੂ ਇਲਾਕਿਆਂ ਵਿਚ ਸ਼ਕਤੀਸ਼ਾਲੀ ਔਰਤਾਂ ਨੂੰ ਗਤੀਸ਼ੀਲ ਬਨਾਉਣਾ ਗਰੀਬੀ ਹਟਾਉਣ ਵਿਚ ਔਰਤਾਂ ਦੀ ਸ਼ਮੂਲੀਅਤ ਲਈ ਇਕ ਕੋਸ਼ਿਸ਼ ਹੈ ਜੋ ਉਹਨਾਂ ਦੀ ਵਿਭਿੰਨ ਸਮਾਜਿਕ ਸਮੱਸਿਆਵਾਂ ਪ੍ਰਤੀ ਚੇਤਨਾ ਵਧਾਉਂਦੀਂ ਹੈ। ਆਪਣੀ ਹੋਂਦ, ਸੁਰੱਖਿਆ ਅਤੇ ਆਤਮ-ਸਨਮਾਨ ਲਈ ਲੋੜੀਂਦੇ ਸੰਘਰਸ਼ ਵਿਚਲੀਆਂ ਜੋ ਔਕੜਾਂ ਔਰਤਾਂ ਇਕੱਲੇ ਨਜਿੱਠ ਨਹੀਂ ਸਕਦੀਆਂ ਉਹਨਾਂ ਨੂੰ ਮਨਰੇਗਾ ਦੁਆਰਾ ਪ੍ਰਦਾਨ ਕੀਤੇ ਜਾਣ ਵਾਲੇ ਰੁਜ਼ਗਾਰ ਦੇ ਮੌਕਿਆਂ ਦੁਆਰਾ ਦੂਰ ਕੀਤਾ ਜਾ ਸਕਦਾ ਹੈ। ਕੇਂਦਰ ਅਤੇ ਰਾਜ ਸਰਕਾਰਾਂ ਦੀ ਮਦਦ ਨਾਲ ਮਨਰੇਗਾ ਅਧੀਨ ਰੁਜ਼ਗਾਰ ਹਾਸਲ ਕਰਕੇ ਗਰੀਬ ਔਰਤਾਂ ਆਪਣੀ ਸ਼ਮੂਲੀਅਤ ਕਰਦੀਆਂ ਹਨ। ਹੁਣ ਗਰੀਬ ਔਰਤਾਂ ਆਤਮ-ਵਿਸ਼ਵਾਸ ਹਾਸਲ ਕਰਨ ਲਈ ਰੁਜ਼ਗਾਰ ਪ੍ਰਾਪਤ ਕਰ ਸਕਦੀਆਂ ਹਨ ਅਤੇ ਆਪਣੀ ਮੌਜੂਦਾ ਪਰਿਵਾਰਿਕ ਅਮਦਨ ਵਿਚ ਯੋਗਦਾਨ ਪਾ ਸਕਦੀਆਂ ਹਨ।

ਪੰਜਾਬ ਵਿਚ ਇਹ 2 ਫਰਵਰੀ, 2006 ਨੂੰ ਆਰੰਭ ਕੀਤਾ ਗਿਆ ਅਤੇ ਸ਼ੁਰੂ ਵਿਚ ਹੁਸ਼ਿਆਰਪੁਰ ਜਿਲ੍ਹਾ ਚੁਣਿਆ ਗਿਆ ਤੇ ਫਿਰ 2007-08 ਦੌਰਾਨ ਇਹ ਸਕੀਮ ਅੰਮ੍ਰਿਤਸਰ, ਨਵਾਂ-ਸ਼ਹਿਰ ਅਤੇ ਜਲੰਧਰ ਤਿੰਨ ਹੋਰ ਜਿਲ੍ਹਿਆਂ ਵਿਚ ਲਾਗੂ ਕੀਤੀ ਗਈ। 1ਅਪ੍ਰੈਲ, 2008 ਵਿਚ ਰਾਜ ਦੇ ਸਾਰੇ ਜਿਲ੍ਹੇ ਇਸ ਸਕੀਮ ਅਧੀਨ ਲਿਆਂਦੇ ਗਏ। ਇਹਨਾਂ ਸਾਰੇ ਕਾਮਿਆਂ ਨੂੰ ਡਾਕਘਰ/ਬੈਂਕਾਂ ਵਿਚ ਖਾਤਿਆਂ ਰਾਹੀਂ ਵੇਤਨ ਦੀ ਅਦਾਇਗੀ ਕੀਤੀ ਜਾਂਦੀ ਹੈ। ਪੰਜਾਬ ਵਿਚ ਮਨਰੇਗਾ ਕਾਮਿਆਂ

ਨੂੰ 2009 ਵਿਚ 120 ਰੁਪਏ, 2010-11 ਵਿਚ 153 ਰੁਪਏ ਅਤੇ 2011-12 ਵਿਚ 166 ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਦਿੱਤਾ ਜਾਂਦਾ ਸੀ। ਪਾਣੀ ਅਤੇ ਮਿੱਟੀ ਦੀ ਸੰਭਾਲ, ਜੰਗਲ ਲਗਾਉਣਾ ਅਤੇ ਭੌਂ ਵਿਕਾਸ ਦੇ ਕੰਮ ਵਿਸ਼ੇਸ਼ ਕਰਕੇ ਇਸ ਵਿਚ ਸ਼ਾਮਿਲ ਹਨ।

60:40 ਵੇਤਨ ਅਤੇ ਸਮੱਗਰੀ ਅਨੁਪਾਤ ਰੱਖਿਆ ਗਿਆ। ਕੋਈ ਠੇਕੇਦਾਰ ਅਤੇ ਮਸ਼ੀਨਰੀ ਦੀ ਵਰਤੋਂ ਕਰਨ ਦੀ ਇਜਾਜਤ ਨਹੀਂ ਹੈ। ਭਾਰਤ ਸਰਕਾਰ ਦੁਆਰਾ ਇਕ ਵਿਸ਼ੇਸ਼ ਫੰਡ ਰੱਖਿਆ ਗਿਆ ਜਿਸ ਨੂੰ ਰਾਸ਼ਟਰੀ ਰੁਜ਼ਗਾਰ ਗਰੰਟੀ ਫੰਡ (National Employment Guarantee Fund) ਕਿਹਾ ਜਾਂਦਾ ਹੈ ਜਿਸ ਵਿਚੋਂ ਜਿਲ੍ਹਿਆਂ ਨੂੰ ਸਿੱਧੇ ਗਰਾਂਟ ਭੇਜੀ ਜਾਂਦੀ ਹੈ। ਜਿਲ੍ਹਾ, ਬਲਾਕ ਅਤੇ ਗਰਾਮ ਪੰਚਾਇਤ ਪੱਧਰ 'ਤੇ REGS ਦੇ ਅਧੀਨ ਪਰਿਕਰਮੀ ਫੰਡ ਰੱਖੇ ਗਏ ਅਤੇ ਅਜਿਹੇ ਫੰਡਾਂ ਲਈ ਹਰ ਪੱਧਰ 'ਤੇ ਵੱਖਰੇ ਬੈਂਕ ਖਾਤੇ ਖੋਲ੍ਹੇ ਗਏ।

ਹਰ ਪਰਿਵਾਰ, ਜਿਸ ਦੇ ਬਾਲਗ ਮੈਂਬਰ ਅਕੁਸ਼ਲ ਹੱਥੀਂ ਕੰਮ ਕਰਨ ਦੇ ਇਛੁੱਕ ਹਨ, ਨੂੰ ਘੱਟੋ ਘੱਟ 100 ਦਿਨਾਂ ਦੇ ਗਰੰਟੀ ਵੇਤਨ ਰੁਜ਼ਗਾਰ ਦੇ ਕੇ ਪੇਂਡੂ ਖੇਤਰਾਂ ਵਿਚ ਉਪਜੀਵਿਕਾ ਸੁਰੱਖਿਆ ਵਿਚ ਵਾਧਾ ਕਰਨਾ ਮਨਰੇਗਾ ਦਾ ਉਦੇਸ਼ ਸੀ। ਮਨਰੇਗਾ ਦੇ ਦੋ ਮੁੱਖ ਉਦੇਸ਼ ਪੇਂਡੂ ਵਿਕਾਸ ਅਤੇ ਰੁਜ਼ਗਾਰ ਹੈ। ਮਨਰੇਗਾ ਦੀ ਮੰਗ ਹੈ ਕਿ ਇਹ ਕੰਮ ਵਿਸ਼ੇਸ਼ ਪੇਂਡੂ ਵਿਕਾਸ ਕਿਰਿਆਵਾਂ ਜਿਵੇਂ ਪਾਣੀ ਦੀ ਸੰਭਾਲ, ਪਾਣੀ ਇਕੱਠਾ ਕਰਨਾ, ਰੁੱਖ ਲਗਾਉਣਾ, ਪਿੰਡਾਂ ਦਾ ਆਪਸੀ ਤਾਲਮੇਲ, ਹੜ੍ਹਾਂ ਨੂੰ ਰੋਕਣਾ ਅਤੇ ਨਿਯੰਤ੍ਰਣ ਕਰਨਾ ਜਿਵੇਂ ਬੰਨ੍ਹਾਂ ਦਾ ਨਿਰਮਾਣ ਅਤੇ ਮੁਰੰਮਤ ਆਦਿ ਦਾ ਇਕ ਸਮੂਹ ਹੋਣਾ ਚਾਹੀਦਾ ਹੈ। ਨਵੇਂ ਟੈਂਕ/ਤਲਾਅ ਖੋਦਣੇ, ਟੈਂਕਾਂ ਦੀ ਸਫ਼ਾਈ ਅਤੇ ਛੋਟੇ ਛੋਟੇ ਬੰਨ੍ਹਾਂ ਦੇ ਨਿਰਮਾਣ ਨੂੰ ਵੀ ਮਹੱਤਤਾ ਦਿੱਤਾ ਜਾਵੇ। ਕੰਮ ਕਰਨ ਵਾਲਿਆਂ ਨੂੰ ਭੂਮੀ ਨੂੰ ਪੱਧਰਾ ਕਰਨਾ, ਰੁੱਖ ਲਗਾਉਣਾ ਆਦਿ ਜਿਹੇ ਕੰਮ ਦਿੱਤੇ ਜਾਣ। ਸਭ ਤੋਂ ਪਹਿਲਾਂ ਪੰਚਾਇਤ ਦੁਆਰਾ ਬਲਾਕ ਅਫ਼ਸਰ ਨੂੰ ਪ੍ਰਸਤਾਵ ਦਿੱਤਾ ਜਾਵੇ ਅਤੇ ਫਿਰ ਬਲਾਕ ਅਫ਼ਸਰ ਫੈਸਲਾ ਕਰੇਗਾ ਕਿ ਕੀ ਕੰਮ ਨੂੰ ਮਨਜ਼ੂਰੀ ਦਿੱਤੀ ਜਾਣੀ ਚਾਹੀਦੀ ਹੈ।

### 13.13 ਮੁੱਖ ਸੰਕਲਪ/ ਸ਼ਬਦ (**Key Concepts/Words**)

ਮਨਰੇਗਾ ਅਤੇ ਔਰਤਾਂ (**MGNREGA and Women**)

ਮਨਰੇਗਾ ਸਕੀਮ ਗਰੀਬ ਔਰਤਾਂ ਵਿਚੋਂ ਨਕਦ ਵੇਤਨ ਅਦਾਇਗੀ ਦੁਆਰਾ ਗਰੀਬੀ ਹਟਾਉਣ ਅਤੇ ਆਰਥਿਕ ਆਤਮ-ਨਿਰਭਰਤਾ ਲਈ ਇਕ ਸ਼ਕਤੀਸ਼ਾਲੀ ਸਾਧਨ ਵਜੋਂ ਉੱਭਰ ਕੇ ਸਾਹਮਣੇ ਆਈ। ਮਨਰੇਗਾ ਦੁਆਰਾ ਪੇਂਡੂ ਵਿਕਾਸ ਅਤੇ ਰੁਜ਼ਗਾਰ, ਵਿਸ਼ੇਸ਼ ਕਰਕੇ ਔਰਤਾਂ ਦੇ ਰੁਜ਼ਗਾਰ ਦੇ ਦੋ ਇਕੱਠੇ ਉਦੇਸ਼ਾਂ ਦੀ ਪੂਰਤੀ ਹੁੰਦੀ ਹੈ। ਇਸ ਐਕਟ ਦਾ ਸ਼ਡਿਊਲ II ਪੈਰ੍ਹਾ 6 ਰੁਜ਼ਗਾਰ ਵਿਚ ਔਰਤਾਂ ਦੀ ਭਾਗੀਦਾਰੀ ਅਤੇ ਖਾਸ ਕਰਕੇ ਕੁੱਲ ਕਾਮਿਆਂ ਵਿਚੋਂ ਘੱਟ ਤੋਂ ਘੱਟ 33 ਪ੍ਰਤੀਸ਼ਤ ਸ਼ਮੂਲੀਅਤ ਦੀ ਗੱਲ ਕਰਦਾ ਹੈ। ਜਿਸ ਵਿਚ ਸਥਾਨਕ ਪੱਧਰ 'ਤੇ ਉਪਲਬਧ ਰੁਜ਼ਗਾਰ ਨੂੰ ਯਕੀਨੀ ਬਨਾਉਣ ਦੇ ਨਾਲ-ਨਾਲ ਮਰਦਾਂ ਅਤੇ ਔਰਤਾਂ ਦੀ ਇਕਸਾਰ ਤਨਖਾਹ, ਕੰਮ ਵਾਲੀ ਜਗ੍ਹਾ 'ਤੇ ਸੰਭਾਲ ਅਤੇ ਬੱਚਿਆਂ ਦੀ ਦੇਖ-ਰੇਖ ਜਿਹੀਆਂ ਸਹੂਲਤਾਂ ਵੀ ਉਪਲਬਧ ਹਨ। ਇਸ ਤੋਂ ਇਲਾਵਾ, ਸਰਕਾਰੀ ਪ੍ਰੋਗਰਾਮਾਂ ਦੀ ਸੰਮਿਲਤ ਵਰਤੋਂ ਲਈ ਹੋਰ ਮੰਤਰਾਲਿਆਂ ਜਿਵੇਂ ਔਰਤ ਅਤੇ ਬੱਚਾ ਵਿਕਾਸ ਮੰਤਰਾਲੇ ਦੇ ਆਈ ਸੀ ਡੀ ਐਸ (ICDS) ਨਾਲ ਮਿਲ ਕੇ ਕੰਮ ਕਰਨ ਨੂੰ ਉਤਸ਼ਹਿਤ ਕੀਤਾ ਜਾਂਦਾ ਹੈ। ਰਾਸ਼ਟਰੀ ਪੱਧਰ 'ਤੇ 51 ਫੀਸਦੀ ਔਰਤਾਂ ਦੀ ਭਾਗੀਦਾਰੀ ਨਾਲ ਦੱਖਣੀ ਸੂਬੇ ਕੇਰਲਾ ਅਤੇ ਤਾਮਿਲਨਾਡੂ ਸਭ ਤੋਂ ਉੱਪਰ ਹਨ। ਪੇਂਡੂ ਵਿਕਾਸ ਮੰਤਰਾਲੇ ਦੁਆਰਾ ਕੀਤਾ ਗਿਆ ਮਹੱਤਵਪੂਰਨ ਅਧਿਐਨ ਮਨਰੇਗਾ ਦੁਆਰਾ ਪ੍ਰਦਾਨ ਕੀਤੇ ਗਏ ਮੌਕਿਆਂ ਨਾਲ ਔਰਤ ਦੀ ਪਛਾਣ ਅਤੇ ਉਹਨਾਂ ਦੇ ਸੁਸ਼ਕਤੀਕਰਨ ਦੇ ਬਾਰੇ ਦਸਦਾ ਹੈ। ਉਹ ਹੁਣ ਪਰਿਵਾਰ ਦੀ ਉਪਜੀਵਿਕਾ ਵਿਚ ਹਿੱਸਾ ਪਾਉਣ ਉਸ ਨੂੰ ਅਤੇ ਬੱਚਿਆਂ ਦੀ ਪੜ੍ਹਾਈ, ਸਿਹਤ ਸੰਭਾਲ ਅਤੇ ਖਾਣਾ ਅਤੇ ਘਰੇਲੂ ਵਸਤਾਂ ਲਈ ਵਰਤਣ ਦੇ ਯੋਗ ਹੋ ਗਈਆਂ ਹਨ। ਮਨਰੇਗਾ ਲਈ ਪੇਂਡੂ ਇਲਾਕਿਆਂ ਵਿਚ ਸ਼ਕਤੀਸ਼ਾਲੀ ਔਰਤਾਂ ਨੂੰ ਗਤੀਸ਼ੀਲ ਬਨਾਉਣਾ ਗਰੀਬੀ ਹਟਾਉਣ ਵਿਚ ਔਰਤਾਂ ਦੀ ਸ਼ਮੂਲੀਅਤ ਲਈ ਇਕ ਕੋਸ਼ਿਸ਼ ਹੈ ਜੋ ਉਹਨਾਂ ਦੀ ਵਿਭਿੰਨ ਸਮਾਜਿਕ ਸਮੱਸਿਆਵਾਂ ਪ੍ਰਤੀ ਚੇਤਨਾ ਵਧਾਉਂਦੀ ਹੈ। ਆਪਣੀ ਹੋਂਦ, ਸੁਰੱਖਿਆ ਅਤੇ ਆਤਮ-ਸਨਮਾਨ ਲਈ ਲੋੜੀਂਦੇ ਸੰਘਰਸ਼ ਵਿਚਲੀਆਂ ਜੋ ਔਕੜਾਂ ਔਰਤਾਂ ਇਕੱਲੇ ਨਜਿੱਠ ਨਹੀਂ ਸਕਦੀਆਂ ਉਹਨਾਂ ਨੂੰ ਮਨਰੇਗਾ ਦੁਆਰਾ ਪ੍ਰਦਾਨ ਕੀਤੇ ਜਾਣ ਵਾਲੇ ਰੁਜ਼ਗਾਰ ਦੇ ਮੌਕਿਆਂ ਦੁਆਰਾ ਦੂਰ ਕੀਤਾ ਜਾ ਸਕਦਾ ਹੈ। ਕੇਂਦਰ ਅਤੇ ਰਾਜ ਸਰਕਾਰਾਂ ਦੀ ਮਦਦ ਨਾਲ ਮਨਰੇਗਾ ਅਧੀਨ ਰੁਜ਼ਗਾਰ ਹਾਸਲ ਕਰਕੇ ਗਰੀਬ ਔਰਤਾਂ ਆਪਣੀ ਸ਼ਮੂਲੀਅਤ ਕਰਦੀਆਂ ਹਨ। ਹੁਣ ਗਰੀਬ ਔਰਤਾਂ ਆਤਮ-

ਵਿਸ਼ਵਾਸ ਹਾਸਲ ਕਰਨ ਲਈ ਰੁਜ਼ਗਾਰ ਪ੍ਰਾਪਤ ਕਰ ਸਕਦੀਆਂ ਹਨ ਅਤੇ ਆਪਣੀ ਮੌਜੂਦਾ ਪਰਿਵਾਰਿਕ ਆਮਦਨ ਵਿਚ ਯੋਗਦਾਨ ਪਾ ਸਕਦੀਆਂ ਹਨ।

ਮਨਰੇਗਾ ਅਤੇ ਉਸਦਾ ਕਾਰਜ (**MGNREGA Scheme and its Working** )

ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ (ਮਨਰੇਗਾ) ਇਕ ਭਾਰਤੀ ਕੰਮ ਗਰੰਟੀ ਸਕੀਮ ਹੈ ਜੋ 7 ਸਤੰਬਰ, 2005 ਨੂੰ ਕਾਨੂੰਨੀ ਤੌਰ 'ਤੇ ਸ਼ੁਰੂ ਕੀਤੀ ਗਈ। ਇਹ ਸਕੀਮ ਘੱਟ ਤੋਂ ਘੱਟ ਵੇਤਨ ਨਾਲ ਅਕੁਸ਼ਲ ਹੱਥੀਂ ਕੰਮ ਕਰਕੇ ਜਨਤਕ ਕਾਰਜ ਕਰਨ ਲਈ ਇੱਛੁਕ ਕਿਸੇ ਪੇਂਡੂ ਪਰਿਵਾਰ ਦੇ ਬਾਲਗ ਮੈਂਬਰ ਨੂੰ ਹਰ ਵਿੱਤੀ ਸਾਲ ਵਿਚ ਸੌ ਦਿਨਾਂ ਦੇ ਰੁਜ਼ਗਾਰ ਲਈ ਕਾਨੂੰਨੀ ਤੌਰ 'ਤੇ ਗਰੰਟੀ ਦਿੰਦੀ ਹੈ। ਇਹ ਐਕਟ ਪੇਂਡੂ ਲੋਕ, ਖਾਸ ਕਰਕੇ ਭਾਰਤ 'ਚ ਰਹਿਣ ਵਾਲੇ ਅਰਧ-ਕੁਸ਼ਲ ਜਾਂ ਅਕੁਸ਼ਲ ਕੰਮ ਕਰਨ ਵਾਲੇ ਲੋਕਾਂ, ਭਾਵੇਂ ਉਹ ਗਰੀਬੀ ਦੀ ਰੇਖਾ ਤੋਂ ਹੇਠਾਂ ਹਨ ਜਾਂ ਨਹੀਂ, ਦੀ ਖਰੀਦ ਸ਼ਕਤੀ ਵਿਚ ਸੁਧਾਰ ਲਿਆਉਣ ਦੇ ਉਦੇਸ਼ ਨਾਲ ਆਰੰਭ ਕੀਤਾ ਗਿਆ ਸੀ। ਇਹ ਐਕਟ ਪੇਂਡੂ ਗਰੀਬ ਲੋਕਾਂ ਲਈ ਸੁਰੱਖਿਆ ਜਾਲ ਦੇ ਤੌਰ 'ਤੇ ਵੀ ਬਣਾਇਆ ਗਿਆ ਸੀ। ਇਸ ਕੰਮ ਕਰਨ ਵਾਲੀ ਤਾਕਤ ਦਾ ਲਗਭਗ ਇਕ ਤਿਹਾਈ ਭਾਗ ਔਰਤਾਂ ਹਨ। ਇਹ ਕਾਨੂੰਨ ਆਰੰਭ ਵਿਚ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ-ਨਰੇਗਾ (NREGA) ਕਰਕੇ ਜਾਣਿਆ ਜਾਂਦਾ ਸੀ। ਪਰ ਅਕਤੂਬਰ, 2009 ਨੂੰ ਇਸ ਨੂੰ ਇਕ ਨਵਾਂ ਨਾਮ ਦਿੱਤਾ ਗਿਆ ਅਤੇ ਹੁਣ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ-ਮਨਰੇਗਾ (MGNREGA) ਕਿਹਾ ਜਾਂਦਾ ਹੈ। ਮਗਨਰੇਗਾ ਸਿੱਧੇ ਤੌਰ 'ਤੇ ਗਰੀਬ ਜਨਤਾ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਉਹਨਾਂ ਦੇ ਸੰਮਿਲਤ ਵਾਧੇ ਨੂੰ ਪ੍ਰੋਤਸ਼ਾਹਿਤ ਕਰਦਾ ਹੈ। ਇਸ ਐਕਟ ਦਾ ਉਦੇਸ਼ ਹਰ ਪਰਿਵਾਰ ਲਈ ਇਕ ਵਿੱਤੀ ਸਾਲ ਵਿਚ ਘੱਟੋ-ਘੱਟ 100 ਦਿਨਾਂ ਦਾ ਗਰੰਟੀਪੂਰਨ ਵੇਤਨ ਰੁਜ਼ਗਾਰ ਪ੍ਰਦਾਨ ਕਰਕੇ ਦੇਸ਼ ਦੇ ਉਹਨਾਂ ਪੇਂਡੂ ਇਲਾਕਿਆਂ ਵਿਚ ਪਰਿਵਾਰ ਦੀ ਰੁਜ਼ਗਾਰ ਸੁਰੱਖਿਆ ਨੂੰ ਵਧਾਉਣਾ ਹੈ, ਜਿਸ ਦੇ ਬਾਲਗ ਮੈਂਬਰ ਅਕੁਸ਼ਲ ਹੱਥੀਂ ਕੰਮ ਕਰਨ ਲਈ ਇੱਛੁਕ ਹਨ। ਸੰਪੂਰਨ ਗ੍ਰਾਮੀਣ ਰੁਜ਼ਗਾਰ ਯੋਜਨਾ (Sampoorn Grameen Rozgar Yojna) ਅਤੇ ਰਾਸ਼ਟਰੀ ਫੂਡ ਫਾਰ ਵਰਕ ਪ੍ਰੋਗਰਾਮ (National Food for Work programme) ਵੀ ਇਸ ਪ੍ਰੋਗਰਾਮ ਦੇ ਵਿਚ ਸੰਮਿਲਤ ਕਰ ਦਿੱਤੇ ਗਏ। 2 ਫਰਵਰੀ, 2006 ਨੂੰ ਆਂਧਰਾ ਪ੍ਰਦੇਸ਼ ਦੇ ਅਨੰਤਪੁਰ (Anantapur) ਜਿਲ੍ਹੇ ਵਿਚ ਨਰੇਗਾ ਸ਼ੁਰੂ ਹੋਇਆ ਅਤੇ ਆਰੰਭ ਵਿਚ 2006 ਦੇ ਪਹਿਲੇ ਫੇਜ਼ ਵਿਚ ਦੇਸ਼ ਭਰ ਦੇ 200 ਸਭ ਤੋਂ ਗਰੀਬ ਜਿਲ੍ਹੇ ਇਸ ਦੇ ਘੇਰੇ ਵਿਚ ਲਏ ਗਏ। ਤੀਜੇ ਫੇਜ਼ ਵਿਚ 1 ਅਪ੍ਰੈਲ,2008 ਤੋਂ ਭਾਰਤ ਦੇ ਬਾਕੀ ਰਹਿੰਦੇ ਪੇਂਡੂ ਜਿਲ੍ਹਿਆਂ ਵਿਚ ਇਹ ਐਕਟ ਘੋਸ਼ਿਤ ਕੀਤਾ ਗਿਆ। ਦਿੱਲੀ ਸਕੂਲ ਆਫ ਇਕੋਨੋਮਿਕਸ ਦਾ ਬੈਲਜ਼ੀਅਮ ਵਿਚ ਜਨਮਿਆ ਅਰਥਸਾਸ਼ਤਰੀ Dr. Jean Dreze ਇਸ ਪ੍ਰੋਜੈਕਟ ਦਾ ਮੁੱਖ ਪ੍ਰਭਾਵ ਰਿਹਾ।

ਸੰਗਠਨਾਤਮਕ ਬਣਤਰ (**Organisational Structure**)

*ਮਨਰੇਗਾ ਨੂੰ ਲਾਗੂ ਕਰਨ ਲਈ ਪੇਂਡੂ ਵਿਕਾਸ ਮੰਤਰਾਲਾ ਇਕ ਨੋਡਲ ਮੰਤਰਾਲਾ (The Ministry of Rural Development -MORD) ਹੈ। ਇਹ ਕੇਂਦਰੀ ਰੁਜ਼ਗਾਰ ਗਰੰਟੀ ਕੌਂਸਲ (Central Employment Guarantee Council -CEGC) ਨੂੰ ਬਨਾਉਣ ਦਾ ਜ਼ਿੰਮੇਵਾਰ ਹੈ। ਇਸ ਨੇ ਸਾਰੀਆਂ ਪ੍ਰਕਿਰਿਆਵਾਂ ਅਤੇ ਨਤੀਜਿਆਂ ਦੀ ਨਿਰੰਤਰ ਸਮੀਖਿਆ, ਦੇਖ ਰੇਖ ਅਤੇ ਮੁਲਾਂਕਣ ਕਰਨਾ ਹੈ। ਇਸ ਨੇ ਪ੍ਰਬੰਧ ਸੂਚਨਾ ਪ੍ਰਣਾਲੀ ਦੀ ਸਥਾਪਨਾ ਕਰਨੀ ਹੈ ਜਿਸ ਨੇ ਮਨਰੇਗਾ ਦੀ ਵਰਤੋਂ ਦੇ ਹਰ ਆਲੋਚਨਾਤਮਕ ਪੱਖ ਨੂੰ ਪਕੜਨਾ ਅਤੇ ਉਸ ਸੰਬੰਧੀ ਅੰਕੜੇ ਇਕੱਠੇ ਕਰਨੇ ਹਨ ਅਤੇ ਕਾਰਗੁਜ਼ਾਰੀ ਸੰਕੇਤਕਾਂ ਦੁਆਰਾ ਸੰਸਾਧਨਾਂ ਦੀ ਵਰਤੋਂ ਬਾਰੇ ਅੰਦਾਜ਼ਾ ਲਗਾਉਣਾ ਹੈ।

* ਕੇਂਦਰੀ ਰੁਜ਼ਗਾਰ ਗਰੰਟੀ ਕੌਂਸਲ (Central Employment Guarantee Council -CEGC) ਨਰੇਗਾ ਸੰਬੰਧੀ ਮਾਮਲੇ ਅਤੇ ਐਕਟ ਦੀ ਵਰਤੋਂ ਦੀ ਦੇਖ ਰੇਖ ਅਤੇ ਮੁਲਾਂਕਣ ਲਈ ਕੇਂਦਰੀ ਸਰਕਾਰ ਨੂੰ ਸਲਾਹ ਦੇਣ ਲਈ ਜ਼ਿੰਮੇਵਾਰ ਹੋਵੇਗੀ। ਇਹ ਨਰੇਗਾ ਦੀ ਵਰਤੋਂ ਬਾਰੇ ਸਲਾਨਾ ਰਿਪੋਰਟ ਤਿਆਰ ਕਰੇਗੀ ਅਤੇ ਇਸ ਨੂੰ ਪਾਰਲੀਮੈਂਟ ਵਿਚ ਪੇਸ਼ ਕਰੇਗੀ।

*ਸੂਬਾ ਸਰਕਾਰ ਨੇ ਐਕਟ ਨਾਲ ਤਾਲਮੇਲ ਕਰਕੇ ਪੇਂਡੂ ਰੁਜ਼ਗਾਰ ਗਰੰਟੀ ਸਕੀਮ (Rural Employment Guarantee Scheme -REGS) ਅਤੇ ਇਸ ਦੀ ਵਰਤੋਂ ਸੰਬੰਧੀ ਨਿਯਮ ਤਿਆਰ ਕਰਨੇ ਹਨ। ਇਹ ਰਾਜ ਰੁਜ਼ਗਾਰ ਗਰੰਟੀ ਕੌਂਸਲ (SEGC -State Employment Guarantee Council) ਬਣਾਏਗੀ ਅਤੇ ਇਕ ਰਾਜ ਪੇਂਡੂ ਰੁਜ਼ਗਾਰ ਗਰੰਟੀ ਕਮਿਸ਼ਨਰ

ਨਿਯੁਕਤ ਕਰੇਗੀ ਜੋ ਇਹ ਯਕੀਨੀ ਬਨਾਉਣ ਲਈ ਜ਼ਿੰਮੇਵਾਰ ਹੋਵੇਗਾ ਕਿ ਐਕਟ ਦੇ ਸਾਰੇ ਉਦੇਸ਼ਾਂ ਦੀ ਪੂਰਤੀ ਲਈ ਉਚਿਤ ਕਿਰਿਆਵਾਂ ਹੋ ਰਹੀਆਂ ਹਨ। ਇਹ ਵੀ ਯਕੀਨੀ ਬਣਾਏਗੀ ਕਿ ਸੂਬਾ ਆਰ ਈ ਜੀ ਐਸ (REGS) ਬਜਟ ਵਿਚ ਆਪਣਾ ਹਿੱਸਾ ਸਹੀ ਸਮੇਂ 'ਤੇ ਦਿੰਦਾ ਹੈ। ਇਹ ਸਕੀਮ ਦੀ ਵਿਸਤ੍ਰਿਤ ਸੰਚਾਰ ਅਤੇ ਇਸ ਦੀ ਵਰਤੋਂ ਸੰਬੰਧੀ ਸੂਚਨਾ ਦੇ ਪ੍ਰਸਾਰ ਨੂੰ ਯਕੀਨੀ ਬਣਾਏਗਾ। ਇਹ ਜਿਲ੍ਹਾ ਪ੍ਰੋਗਰਾਮ ਕੁਆਰਡੀਨੇਟਰ, ਪ੍ਰੋਗਰਾਮ ਅਫ਼ਸਰ, ਪੀ ਆਰ ਆਈ (PRI)ਅਤੇ ਸੰਬੰਧਤ ਹੋਰ ਏਜੰਸੀਆਂ ਦੀ ਸਾਰੀ ਪ੍ਰਸ਼ਾਸ਼ਨਿਕ, ਵਿੱਤੀ ਅਤੇ ਤਕਨੀਕੀ ਸਹਾਇਤਾ ਨੂੰ ਵੀ ਯਕੀਨੀ ਬਣਾਏਗਾ।

* ਰਾਜ ਰੁਜ਼ਗਾਰ ਗਰੰਟੀ ਕੌਂਸਲ (SEGC -State Employment Guarantee Council) ਰਾਜ ਸਰਕਾਰ ਨੂੰ ਇਸ ਸਕੀਮ ਦੀ ਵਰਤੋਂ, ਮੁਲਾਂਕਣ ਅਤੇ ਦੇਖ-ਰੇਖ ਸੰਬੰਧੀ ਸਲਾਹ ਦੇਵੇਗੀ। ਇਹ ਪਹਿਲ ਦੇ ਆਧਾਰ 'ਤੇ ਆਰ ਈ ਜੀ ਐਸ ਅਧੀਨ ਚਲਾਏ ਜਾ ਸਕਣ ਵਾਲੇ ਕੰਮਾਂ ਬਾਰੇ ਅਤੇ ਰਾਜ ਸਭਾ ਵਿਚ ਜਮ੍ਹਾ ਕਰਵਾਉਣ ਲਈ ਸਾਲਾਨਾ ਰਿਪੋਰਟਾਂ ਤਿਆਰ ਕਰਨ ਲਈ ਵੀ ਫੈਸਲਾ ਲਵੇਗੀ ।

*ਜਿਲ੍ਹਾ ਪੰਚਾਇਤ ਜਿਲ੍ਹਾ ਯੋਜਨਾਵਾਂ ਨੂੰ ਅੰਤਿਮ ਛੂਹ ਦੇਣ ਅਤੇ ਜਿਲ੍ਹੇ ਵਿਚ ਆਰ ਈ ਜੀ ਐਸ ਦੀ ਦੇਖ-ਰੇਖ ਅਤੇ ਨਿਗਰਾਨੀ ਲਈ ਜ਼ਿੰਮੇਵਾਰ ਹੋਵੇਗੀ। ਇਹ ਗਰਾਮ ਪੰਚਾਇਤਾਂ ਦੁਆਰਾ ਨ ਕੀਤੇ ਜਾਣ ਵਾਲੇ 50 ਪ੍ਰਤੀਸ਼ਤ ਕੰਮਾਂ ਵਿਚੋਂ ਕੁੱਝ ਖੁਦ ਕੰਮ ਕਰ ਸਕਦੀ ਹੈ।

* ਸੂਬਾ ਸਰਕਾਰ ਜਿਲ੍ਹਾ ਪ੍ਰੋਗਰਾਮ ਕੁਆਰਡੀਨੇਟਰ ਨਿਯੁਕਤ ਕਰੇਗੀ, ਜੋ ਜਿਲ੍ਹੇ ਵਿਚ ਸਕੀਮ ਦੇ ਸਮੁੱਚੇ ਤਾਲਮੇਲ ਅਤੇ ਵਰਤੋਂ ਲਈ ਜ਼ਿੰਮੇਵਾਰ ਹੋਵੇਗਾ।

* ਮੱਧਵਰਤੀ ਪੰਚਾਇਤ ਬਲਾਕ ਪੱਧਰ 'ਤੇ ਯੋਜਨਾ ਬਨਾਉਣ ਅਤੇ ਦੇਖ-ਰੇਖ ਅਤੇ ਨਿਗਰਾਨੀ ਲਈ ਜ਼ਿੰਮੇਵਾਰ ਹੋਵੇਗੀ। ਇਸ ਨੂੰ ਗਰਾਮ ਪੰਚਾਇਤ ਦੁਆਰਾ ਕੀਤੇ ਜਾਂਦੇ ਕੰਮਾ 50 ਫੀਸਦੀ ਕੰਮ ਕਰਨ ਦੀ ਜ਼ਿੰਮੇਵਾਰੀ ਦਿੱਤੀ ਜਾ ਸਕਦੀ ਹੈ।

* ਬਲਾਕ ਪੱਧਰ 'ਤੇ ਪੂਰੇ ਸਮੇਂ ਲਈ ਪ੍ਰੋਗਰਾਮ ਅਫ਼ਸਰ ਨਿਯੁਕਤ ਕੀਤਾ ਜਾਵੇਗਾ ਜੋ ਗਰਾਮ ਪੰਚਾਇਤ ਅਤੇ ਬਲਾਕ ਪੱਧਰ 'ਤੇ ਲਾਗੂ ਕਰਨ ਵਾਲਿਆਂ ਏਜੰਸੀਆਂ ਦੁਆਰਾ ਕੀਤੇ ਜਾਣ ਵਾਲੇ ਕੰਮਾਂ ਵਿਚ ਤਾਲਮੇਲ ਰੱਕਣ ਲਈ ਜ਼ਿੰਮੇਵਾਰ ਹੋਵੇਗਾ।

* ਮਨਰੇਗਾ ਨੂੰ ਲਾਗੂ ਕਰਨ ਲਈ ਗਰਾਮ ਪੰਚਾਇਤ ਦੀ ਮੁੱਖ ਭੂਮਿਕਾ ਹੈ। ਇਹ ਕੰਮਾਂ ਦੀ ਯੋਜਨਾ ਬਨਾਉਣ, ਵਿਅਕਤੀਆਂ ਦੇ ਨਾਮ ਰਜਿਸਟਰ ਕਰਨ, ਕੰਮ ਲਈ ਕਾਰਡ ਜਾਰੀ ਕਰਨ, ਰੁਜ਼ਗਾਰ ਦੇਣ, 50 ਫੀਸਦੀ ਕੰਮ ਕਰਨ ਅਤੇ ਪਿੰਡ ਪੱਧਰ 'ਤੇ ਸਕੀਮ ਦੇ ਲਾਗੂ ਹੋਣ ਦੀ ਦੇਖ-ਰੇਖ ਕਰਨ ਲਈ ਜ਼ਿੰਮੇਵਾਰ ਹੋਵੇਗਾ।

* ਨਰੇਗਾ ਗਰਾਮ ਸਭਾ ਨੂੰ ਕੰਮ ਸ਼ੁਰੂ ਕਰਨ ਦੀ ਸਿਫ਼ਾਰਿਸ਼ ਕਰਨ, ਇਹਨਾਂ ਕੰਮਾਂ ਦੀ ਦੇਖ-ਰੇਖ ਕਰਨ ਅਤੇ ਨਿਗਰਾਨੀ ਕਰਨ ਅਤੇ ਸਕੀਮ ਨੂੰ ਲਾਗੂ ਕਰਨ ਦੇ ਸਮਾਜਿਕ ਆਡਿਟ ਸੰਚਾਲਨ ਦੇ ਅਧਿਕਾਰ ਦਿੰਦੀ ਹੈ। ਇਸ ਤੋਂ ਇਲਾਵਾ ਗਰਾਮ ਸਭਾ, ਸਕੀਮ ਨੂੰ ਲਾਗੂ ਕਰਨ ਵਿਚ ਸਕੀਮ ਸੰਬੰਧੀ ਸੂਚਨਾ ਦੇਣ ਲਈ ਸਹਾਇਕ ਵਜੋਂ ਅਤੇ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਨਾਉਣ ਲਈ ਕੰਮ ਕਰ ਸਕਦੀ ਹੈ।

ਮਨਰੇਗਾ ਅਧੀਨ ਸਹੂਲਤਾਂ (**Provisions under MGNREGA**)

-ਪੇਂਡੂ ਪਰਿਵਾਰਾਂ ਦੇ ਅਕੁਸ਼ਲ ਹੱਥੀਂ ਕੰਮ ਕਰਨ ਦੇ ਇੱਛੁਕ ਬਾਲਗ ਮੈਂਬਰ, ਸਥਾਨਕ ਗਰਾਮ ਪੰਚਾਇਤ ਕੋਲ ਪੰਜੀਕਰਨ ਲਈ ਲਿਖਤੀ ਜਾਂ ਜ਼ੁਬਾਨੀ ਬੇਨਤੀ ਕਰ ਸਕਦੇ ਹਨ।

-ਗਰਾਮ ਪੰਚਾਇਤ ਉਚਿਤ ਪੁਸ਼ਟੀ ਕਰਨ ਤੋਂ ਬਾਅਦ ਕੰਮ ਲਈ ਕਾਰਡ ਜਾਰੀ ਕਰ ਸਕਦੀ ਹੈ ਜਿਸ ਉੱਪਰ ਪਰਿਵਾਰ ਦੇ ਕੰਮ ਕਰਨ ਲਈ ਇੱਛੁਕ ਸਾਰੇ ਬਾਲਗ ਮੈਂਬਰਾਂ ਦੀ ਫੋਟੋ ਲੱਗੀ ਹੋਵੇਗੀ ਅਤੇ ਇਹ ਕਾਰਡ ਦੀ ਕੋਈ ਕੀਮਤ ਵਸੂਲ ਨਹੀਂ ਕੀਤੀ ਜਾਵੇਗੀ।

_ਦਰਖਾਸਤ ਦੇਣ ਤੋਂ ਬਾਅਦ ਪੰਦਰਾਂ ਦਿਨਾਂ ਦੇ ਅੰਦਰ-ਅੰਦਰ ਇਹ ਕਾਰਡ ਜਾਰੀ ਕੀਤਾ ਜਾਣਾ ਚਾਹੀਦਾ ਹੈ।

_ਕਾਰਡ ਪ੍ਰਾਪਤ ਕਰਤਾ ਗਰਾਮ ਪੰਚਾਇਤ ਕੋਲ ਰੁਜ਼ਗਾਰ ਲਈ ਲਿਖਤੀ ਦਰਖਾਸਤ ਵੀ ਦੇ ਸਕਦਾ ਹੈ ਜਿਸ ਉੱਪਰ ਕੀਤੇ ਜਾਣ ਵਾਲੇ ਕੰਮ ਦੇ ਸਮੇਂ ਅਤੇ ਅੰਤਰਾਲ ਦਾ ਜ਼ਿਕਰ ਹੋਵੇਗਾ। ਰੁਜ਼ਗਾਰ ਘੱਟ ਤੋਂ ਘੱਟ 14 ਦਿਨਾਂ ਲਈ ਦਿੱਤਾ ਜਾਂਦਾ ਹੈ।

_ਕੰਮ ਲਈ ਦਿੱਤੇ ਜਾਣ ਵਾਲੀ ਦਰਖਾਸਤ ਦੇ ਪੰਦਰਾਂ ਦਿਨਾਂ ਦੇ ਅੰਦਰ-ਅੰਦਰ ਰੁਜ਼ਗਾਰ ਦਿੱਤਾ ਜਾਵੇਗਾ। ਜੇ ਅਜਿਹਾ ਨ ਹੋਵੇ ਤਾਂ ਐਕਟ ਦੇ ਅਨੁਸਾਰ ਹਰ ਰੋਜ਼ ਦਾ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇਗਾ। ਇਹ ਬੇਰੁਜ਼ਗਾਰੀ ਭੱਤੇ ਦੀ ਅਦਾਇਗੀ ਦੀ ਜ਼ਿੰਮੇਵਾਰੀ ਰਾਜ ਦੀ ਹੋਵੇਗੀ।

_ਆਮ ਕਰਕੇ ਕੰਮ ਪਿੰਡ ਦੇ ਪੰਜ ਕਿਲੋਮਟਿਰ ਦੇ ਘੇਰੇ ਦੇ ਅੰਦਰ-ਅੰਦਰ ਦਿੱਤਾ ਜਾਵੇਗਾ। ਜੇ ਕਿਸੇ ਕਾਰਨ ਕੰਮ ਪੰਜ ਕਿਲੋਮੀਟਰ ਤੋਂ ਪਰ੍ਹੇ ਹੋਵੇ ਤਾਂ ਆਉਣ ਜਾਣ ਅਤੇ ਹੋਰ ਖਰਚਿਆਂ ਨੂੰ ਪੂਰਾ ਕਰਨ ਲਈ 10 ਫੀਸਦੀ ਵਾਧੂ ਵੇਤਨ ਦਿੱਤਾ ਜਾਵੇਗਾ।
-ਰਾਜ ਵਿਚ ਖੇਤੀ ਮਜ਼ਦੂਰਾਂ ਲਈ ਘੱਟੋ-ਘੱਟ ਵੇਤਨ ਐਕਟ 1948 ਦੇ ਅਨੁਸਾਰ ਵੇਤਨ ਦਿੱਤਾ ਜਾਂਦਾ ਰਿਹਾ ਜਦ ਤੱਕ ਕੇਂਦਰ ਨੇ ਇਹ ਨੋਟਿਸ ਨਹੀਂ ਦਿੱਤਾ ਕਿ ਵੇਤਨ 60 ਰੁਪਏ ਪ੍ਰਤੀ ਦਿਨ ਤੋਂ ਘੱਟ ਨਹੀਂ ਹੋਵੇਗਾ।
-ਮਨਰੇਗਾ ਦੇ ਅਧੀਨ ਆਦਮੀਆਂ ਅਤੇ ਔਰਤਾਂ ਨੂੰ ਬਰਾਬਰ ਵੇਤਨ ਦਿੱਤਾ ਜਾਵੇਗਾ। ਭਾਵੇਂ ਭਾਰਤ ਦੇ ਬਹੁਤੇ ਸੂਬਿਆਂ ਨੇ ਪਹਿਲਾਂ ਹੀ ਆਪਣੇ ਵੇਤਨ ਨਿਯਮ 100 ਰੁਪਏ ਪ੍ਰਤੀ ਦਿਨ ਤੋਂ ਵੱਧ ਰੱਖੇ ਹੋਏ ਹਨ।
-ਵੇਤਨ ਕੰਮ ਜਾਂ ਦਿਨਾਂ ਦੇ ਆਧਾਰ 'ਤੇ ਦਿੱਤਾ ਜਾਂਦਾ ਹੈ। ਵੇਤਨ ਦੀ ਵੰਡ ਹਫ਼ਤੇ ਪਿਛੋਂ ਜਾਂ ਕਿਸੇ ਹਾਲਤ ਵਿਚ ਪੰਦਰਾਂ ਦਿਨਾਂ ਪਿਛੋਂ ਕੀਤੀ ਜਾਂਦੀ ਹੈ।
-ਲਾਭ-ਪਾਤਰੀਆਂ ਦਾ ਘੱਟੋ-ਘੱਟ ਇਕ ਤਿਹਾਈ ਹਿੱਸਾ ਔਰਤਾਂ ਹੋਣਗੀਆਂ ਜਿਹੜੀਆਂ ਇਸ ਸਕੀਮ ਦੇ ਅਧੀਨ ਰਜਿਸਟਰ ਹਨ ਅਤੇ ਕੰਮ ਦੀ ਮੰਗ ਕਰਦੀਆਂ ਹਨ।
-ਕੰਮ ਵਾਲੀ ਜਗ੍ਹਾ 'ਤੇ ਕਰੇਚ, ਪੀਣ ਵਾਲਾ ਪਾਣੀ, ਅਤੇ ਸ਼ੈੱਡ ਆਦਿ ਮੁਹੱਈਆ ਕੀਤੇ ਜਾਣਗੇ।
-ਪਿੰਡਾਂ ਦੇ ਪ੍ਰੋਜੈਕਟਾਂ ਦੀ ਸਿਫਾਰਿਸ਼ ਗਰਾਮ ਸਭਾ ਵਲੋਂ ਕੀਤੀ ਜਾਵੇਗੀ ਅਤੇ ਜਿਲ੍ਹਾ ਪ੍ਰੀਸ਼ਦ ਵਲੋਂ ਇਹਨਾਂ ਨੂੰ ਮਾਨਤਾ ਦਿੱਤੀ ਜਾਵੇਗੀ।
-ਗਰਾਮ ਪੰਚਾਇਤ ਨੂੰ ਘੱਟੋ-ਘੱਟ 50 ਫੀਸਦੀ ਕੰਮ ਅਲਾਟ ਕੀਤੇ ਜਾਣਗੇ।
-ਇਸ ਵਿਚ ਵਧੇਰੇ ਕਰਕੇ ਪਾਣੀ ਅਤੇ ਭੂਮੀ ਦੀ ਸੰਭਾਲ, ਜੰਗਲਾਂ ਦੀ ਸੰਭਾਲ ਅਤੇ ਭੂਮੀ ਵਿਕਾਸ ਆਦਿ ਕੰਮ ਸ਼ਾਮਿਲ ਕੀਤੇ ਜਾਂਦੇ ਹਨ।
-ਵੇਤਨ ਅਤੇ ਸਮਗਰੀ 60:40 ਰੱਖੀ ਜਾਂਦੀ ਹੈ। ਕੋਈ ਠੇਕੇਦਾਰ ਅਤੇ ਮਸ਼ੀਨਰੀ ਵਰਤਣ ਦੀ ਆਗਿਆ ਨਹੀਂ ਹੈ।
-ਕੇਂਦਰ ਸਰਕਾਰ 100% ਅਕੁਸ਼ਲ ਹੱਥੀਂ ਕੰਮ ਕਰਨ ਵਾਲੇ ਮਜ਼ਦੂਰਾਂ ਦਾ ਖਰਚਾ ਅਤੇ 75% ਕੁਸ਼ਲ ਅਤੇ ਅਰਧ-ਕੁਸ਼ਲ ਮਜ਼ਦੂਰਾਂ ਦੇ ਵੇਤਨ ਅਤੇ ਸਮਗਰੀ ਦਾ ਖਰਚਾ ਚੁੱਕੇਗੀ।
-ਸਮਾਜਿਕ ਆਡਿਟ ਦਾ ਕੰਮ ਗਰਾਮ ਸਭਾ ਦੁਆਰਾ ਕੀਤਾ ਜਾਵੇਗਾ।
-ਜ਼ਿੰਮੇਵਾਰ ਪ੍ਰਕਿਰਿਆ ਯਕੀਨੀ ਬਨਾਉਣ ਲਈ ਗਿਲੇ-ਸ਼ਿਕਵੇ ਵੀ ਦੂਰ ਕੀਤੇ ਜਾਣਗੇ।
-ਜਨਤਕ ਨਿਰੀਖਣ ਲਈ ਸਕੀਮ ਨਾਲ ਸੰਬੰਧਤ ਸਾਰੇ ਖਾਤੇ ਅਤੇ ਰਿਕਾਰਡ ਉਪਲਬਧ ਹੋਣੇ ਲਾਜ਼ਮੀ ਹਨ।

ਮਨਰੇਗਾ ਦੇ ਉਦੇਸ਼ (**Objectives of MGNREGA**)

-ਹਰ ਪਰਿਵਾਰ, ਜਿਸ ਦੇ ਬਾਲਗ ਮੈਂਬਰ ਅਕੁਸ਼ਲ ਹੱਥੀਂ ਕੰਮ ਕਰਨ ਦੇ ਇਛੁੱਕ ਹਨ, ਨੂੰ ਘੱਟੋ ਘੱਟ 100 ਦਿਨਾਂ ਦੇ ਗਰੰਟੀ ਵੇਤਨ ਰੁਜ਼ਗਾਰ ਦੇ ਕੇ ਪੇਂਡੂ ਖੇਤਰਾਂ ਵਿਚ ਉਪਜੀਵਿਕਾ ਸੁਰੱਖਿਆ ਵਿਚ ਵਾਧਾ ਕਰਨਾ ਮਨਰੇਗਾ ਦਾ ਉਦੇਸ਼ ਸੀ।
-ਸੰਬੰਧਿਤ ਗਰੁੱਪਾਂ ਨੂੰ ਦੁਰਲਭ ਜਾਂ ਅਨੁਚਿਤ ਵਿਕਲਪ ਹੋਣ 'ਤੇ, ਵਾਪਸ ਹਾਸਲ ਹੋਣ ਵਾਲੇ ਰੁਜ਼ਗਾਰ ਦੇ ਸਾਧਨ ਪ੍ਰਦਾਨ ਕਰਕੇ ਇਕ ਮਜ਼ਬੂਤ ਸੁਰੱਖਿਆ ਜਾਲ ਬਨਾਉਣਾ।
-ਗਰੀਬੀ ਦਾ ਕਾਰਨ ਬਣਦੇ ਕਾਰਕਾਂ ਜਿਵੇਂ ਸੋਕਾ, ਜੰਗਲਾਂ ਦੀ ਕਟਾਈ ਅਤੇ ਭੌਂ-ਖੋਰ ਆਦਿ ਨਾਲ ਜਾਣੂ ਕਰਵਾ ਕੇ, ਖੇਤੀਬਾੜੀ ਆਰਥਿਕਤਾ ਦੇ ਨਿਰੰਤਰ ਵਿਕਾਸ ਲਈ ਇਕ ਇੰਜਣ ਤਿਆਰ ਕਰਨਾ ਹੈ।
-ਗਰੀਬੀ ਦੇ ਨਕਸ਼ੇ ਨੂੰ ਬਦਲਣ ਲਈ ਪ੍ਰਭਾਵਸ਼ਾਲੀ ਤਾਕਤ ਦੀ ਵਰਤੋਂ ਕਰਨਾ ਅਤੇ 100 ਦਿਨਾਂ ਦਾ ਰੁਜ਼ਗਾਰ ਪ੍ਰਦਾਨ ਕਰਨ ਦੀ ਪ੍ਰਕਿਰਿਆ ਦੁਆਰਾ ਪੇਂਡੂ ਗਰੀਬਾਂ ਦਾ ਸੁਸ਼ਕਤੀਕਰਨ ਕਰਨਾ ।

13.14 ਅਭਿਆਸੀ ਪ੍ਰਸ਼ਨ (**Exercise Questions**)

1 ਮਨਰੇਗਾ ਸਕੀਮ ਅਤੇ ਉਸ ਦੇ ਕੰਮਾਂ ਬਾਰੇ ਵਿਸਥਾਰ ਸਹਿਤ ਵਰਣਨ ਕਰੋ।
2 ਮਨਰੇਗਾ ਸਕੀਮ ਦੀ ਸੰਗਠਨਾਤਮਕ ਬਣਤਰ ਬਾਰੇ ਸੰਖੇਪ ਵਿਚ ਚਰਚਾ ਕਰੋ।

3 ਮਨਰੇਗਾ ਸਕੀਮ ਦੇ ਕਿਹੜੇ-ਕਿਹੜੇ ਉਦੇਸ਼ ਅਤੇ ਸਹੂਲਤਾਂ ਹਨ?

## 13.15 ਛੋਟੇ ਉੱਤਰਾਂ ਵਾਲੇ ਪ੍ਰਸ਼ਨ (**Short Questions**)

1. ਮਨਰੇਗਾ (MGNREGA)
2. ਮਨਰੇਗਾ ਦੇ ਉਦੇਸ਼ (Objectives of MGNREGA)
3. ਮਨਰੇਗਾ ਸਕੀਮ ਦੀ ਸੰਗਠਨਾਮਕ ਬਣਤਰ (Organisational Structure of MGNREGA Scheme)
4. ਮਨਰੇਗਾ ਅਧੀਨ ਸਹੂਲਤਾਂ (Provisions under MGNREGA)

## 13.16 ਪੁਸਤਕ ਸੂਚੀ (**Reading List**)


- Desai, A.R. (1969), “Rural Sociology in India”, Popular Parkashan Private Limited, Mumbai.
- Doshi, S.L. and Jain, P.C. (2001), “Rural Sociology”, Rawat Publications, Jaipur.
- Jayapalan, N. (2002), “Rural Sociology”, Atlantic Publishers and Distributors, New Delhi.
- Sharma, Rajendra Kumar. (2004), “Rural Sociology”, Atlantic Publishers and Distributors, New Delhi.

**ਪਾਠ ਨੰ : 2.10** ਅਨੁਵਾਦਕ: ਡਾ ਐਚ ਕੇ ਡੌਲੀ

# ਸਵਰਨਜੈਯੰਤੀ ਗ੍ਰਾਮ ਸਵੈਰੁਜ਼ਗਾਰ ਯੋਜਨਾ
# (SWARANJAYANTI GRAM SWAROJGAR YOJANA)

ਬਣਤਰ (**Structure**):

14.1 ਉਦੇਸ਼ (Objectives)
14.2 ਭੂਮਿਕਾ (Introduction)
14.3 ਸਵਰਨ ਜੈਯੰਤੀ ਸਵੈ-ਰੁਜ਼ਗਾਰ ਯੋਜਨਾ (Swaranjayanti Gram Swarojgar Yojana -SGSY)
14.4 ਸਵਰਨ ਜੈਯੰਤੀ ਸਵੈ-ਰੁਜ਼ਗਾਰ ਯੋਜਨਾ ਦੇ ਉਦੇਸ਼ (Objectives of the Programme)
14.5 ਸਵਰਨ ਜੈਯੰਤੀ ਸਵੈ ਰੁਜ਼ਗਾਰ ਯੋਜਨਾ ਦੀਆਂ ਮੁੱਖ ਵਿਸ਼ੇਸ਼ਤਾਵਾਂ (Salient Features of the Programme)
14.6 ਫੰਡ ਦੇਣ ਦਾ ਢੰਗ ਅਤੇ ਵਿੱਤੀ ਸਹਾਇਤਾ (Funding Pattern and Financial Assistance)
14.7 ਵਿਅਕਤੀਗਤ ਸਵੈ-ਰੁਜ਼ਗਾਰੀ (Swarojgaris under SGSY)
14.8 ਸਵਰਨ ਜੈਯੰਤੀ ਸਵੈ ਰੁਜ਼ਗਾਰ ਯੋਜਨਾ ਨੂੰ ਲਾਗੂ ਕਰਨਾ (Implementation of the Programme)
14.9 ਸਾਰਾਂਸ਼ (Conclusion)
14.10 ਮੁੱਖ ਸੰਕਲਪ/ਸ਼ਬਦ (Key Words)
14.11 ਅਭਿਆਸੀ ਪ੍ਰਸ਼ਨ (Exercise Questions)

**14.1** ਉਦੇਸ਼ (**Objectives**):

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਯੋਗ ਹੋ ਜਾਵੋਗੇ:

- ਸਵੈ-ਰੁਜ਼ਗਾਰ ਯੋਜਨਾ ਪ੍ਰੋਗ੍ਰਾਮ ਦਾ ਗਰੀਬੀ ਨੂੰ ਜੜ੍ਹੋਂ ਪੁੱਟਣ ਨਾਲ ਸੰਬੰਧ ਬਿਆਨ ਕਰਨਾ।
- ਸਵਰਨਜੈਯੰਤੀ ਗ੍ਰਾਮ ਸਵੈ-ਰੁਜ਼ਗਾਰ ਯੋਜਨਾ ਦੀਆ ਮੁੱਖ ਵਿਸ਼ੇਸ਼ਤਾਵਾਂ ਬਾਰੇ ਚਰਚਾ ਕਰਨਾ।
- ਸਵੈ-ਸਹਾਇਤਾ ਸਮੂਹ ਅਤੇ ਸਵੈ-ਰੁਜ਼ਗਾਰੀ ਜਿਹੇ ਸੰਕਲਪਾਂ ਨੂੰ ਸਮਝਣਾ।

**14.2** ਭੂਮਿਕਾ (**Introduction**):

ਗਰੀਬੀ ਨੂੰ ਜੜ੍ਹੋਂ ਖਤਮ ਕਰਨਾ ਦੇਸ਼ ਦੇ ਸਾਹਮਣੇ ਇਕ ਵੱਡੀ ਚੁਨੌਤੀ ਰਹੀ ਹੈ। ਬੇਸ਼ੱਕ ਪਿਛਲੇ ਦੋ ਦਹਾਕਿਆਂ ਵਿਚ ਗਰੀਬੀ ਵਿਚ ਲਗਾਤਾਰ ਕਮੀ ਆਈ ਹੈ। ਪ੍ਰੰਤੂ ਜਨਸੰਖਿਆ ਦੇ ਵਾਧੇ ਦੇ ਕਾਰਨ ਗਰੀਬਾਂ ਦੀ ਸੰਖਿਆ ਸਥਿਰ ਰਹੀ ਹੈ। ਦੀਰਘ ਕਾਲ ਵਿਚ ਰੁਜ਼ਗਾਰ ਆਧਾਰਿਤ ਆਰਥਿਕ ਵਿਕਾਸ ਸਹੂਲਤਾਂ ਨਾਲ ਗਰੀਬੀ ਵਿਚ ਕਮੀ ਆਉਂਦੀ ਹੈ। ਭਾਰਤ ਦੇ ਪੇਂਡੂ ਖੇਤਰਾਂ ਵਿਚ ਸਰਕਾਰ ਵਲੋਂ ਗਰੀਬੀ ਵਿਰੋਧੀ ਪ੍ਰੋਗਰਾਮ ਲਾਗੂ ਕੀਤੇ ਗਏ ਹਨ ਜਿਹਨਾਂ ਦਾ ਮੁੱਖ ਤੱਤ ਸਵੈ-ਰੁਜ਼ਗਾਰ ਪ੍ਰੋਗਰਾਮ ਹਨ। ਸਭ ਤੋਂ ਪਹਿਲਾਂ ਏਕੀਕ੍ਰਿਤ ਪੇਂਡੂ ਵਿਕਾਸ ਪ੍ਰੋਗਰਾਮ (ਆਈ ਆਰ ਡੀ ਪੀ) ਸਵੈ ਰੁਜ਼ਗਾਰ ਦਾ ਇਕੋ ਇਕ ਪ੍ਰੋਗਰਾਮ ਸੀ। ਪੇਂਡੂ ਨੌਜਵਾਨਾਂ ਲਈ ਸਵੈ-ਰੁਜ਼ਗਾਰ ਸਿਖਲਾਈ ਪ੍ਰੋਗਰਾਮ (ਟੀ ਆਰ ਵਾਈ ਐਸ ਈ ਐਮ) ਇਸ ਦਿਸ਼ਾ ਵਿਚ ਮਹੱਤਵਪੂਰਨ ਪ੍ਰੋਗਰਾਮ ਸੀ। ਇਸ ਨਾਲ ਸੰਬੰਧਿਤ ਹੋਰ ਬਹੁਤ ਸਾਰੇ ਪ੍ਰੋਗਰਾਮ ਚਲਾਏ ਗਏ ਜਿਵੇਂ ਕਿ ਪੇਂਡੂ ਖੇਤਰਾਂ ਵਿਚ ਔਰਤਾਂ ਅਤੇ ਬੱਚਿਆਂ ਦਾ ਵਿਕਾਸ (ਡੀ ਡਬਲਿਊ ਸੀ ਆਰ ਏ), ਪੇਂਡੂ ਖੇਤਰਾਂ ਲਈ ਨਵੇਂ ਸੰਦਾਂ ਦੀ ਪੂਰਤੀ (ਐਸ ਆਈ ਟੀ ਆਰ ਏ) ਅਤੇ ਗੰਗਾ ਕਲਿਆਣ ਯੋਜਨਾ (ਜੀ ਵਾਈ ਕੇ)। ਪ੍ਰੋਗਰਾਮਾਂ ਦੀ ਸੰਖਿਆ ਅਧਿਕ ਹੋਣ ਕਰਕੇ ਇਹਨਾਂ ਨੂੰ ਉਚਿਤ ਢੰਗ ਨਾਲ ਲਾਗੂ ਨਹੀਂ ਕੀਤਾ ਜਾ ਸਕਿਆ। ਇਸ ਤੋਂ ਇਲਾਵਾ ਇਹਨਾਂ ਪ੍ਰੋਗਰਾਮਾਂ ਨੂੰ ਲਾਗੂ ਕਰਨ ਵਿਚ ਇੱਛਾ ਸ਼ਕਤੀ ਦੀ ਘਾਟ ਰਹੀ ਹੈ, ਸਾਂਝੇ ਟੀਚੇ ਦੀ ਪ੍ਰਾਪਤੀ ਦੀ ਥਾਂ 'ਤੇ ਹਰ ਇਕ ਪ੍ਰੋਗਰਾਮ ਦੇ ਵੱਖਰੇ ਟੀਚੇ ਨਿਰਧਾਰਿਤ ਕੀਤੇ ਗਏ। ਇਸ ਲਈ ਆਈ ਆਰ ਡੀ ਪੀ ਪ੍ਰੋਗਰਾਮ ਆਪਣੇ ਨਿਰਧਾਰਿਤ ਟੀਚੇ ਪ੍ਰਾਪਤ ਕਰਨ ਵਿਚ ਸਫ਼ਲ ਨਹੀਂ ਹੋ ਸਕਿਆ।

**14.3** ਸਵਰਨ ਜੈਯੰਤੀ ਸਵੈ-ਰੁਜ਼ਗਾਰ ਯੋਜਨਾ (**Swaranjayanti Gram Swarojgar Yojana -SGSY**):

ਇੱਛਤ ਟੀਚੇ ਪ੍ਰਾਪਤ ਕਰਨ ਲਈ ਸਰਕਾਰ ਨੇ ਸਵੈ-ਰੁਜ਼ਗਾਰ ਯੋਜਨਾਵਾਂ ਨੂੰ ਪੁਨਰ ਗਠਿਤ ਕਰਨ ਦਾ ਫ਼ੈਸਲਾ ਕੀਤਾ। ਅਪ੍ਰੈਲ 1999 ਤੋਂ ਇਕ ਨਵਾਂ ਪ੍ਰੋਗਰਾਮ "ਸਵਰਨ ਜੈਯੰਤੀ ਸਵੈ-ਰੁਜ਼ਗਾਰ ਯੋਜਨਾ" ਸ਼ੁਰੂ ਕੀਤਾ ਗਿਆ। ਹੁਣ ਇਹ ਪ੍ਰੋਗਰਾਮ ਪੇਂਡੂ ਗਰੀਬ ਲੋਕਾਂ ਲਈ ਸਵੈ-ਰੁਜ਼ਗਾਰ ਦਾ ਵੱਡਾ ਪ੍ਰੋਗਰਾਮ ਬਣ ਗਿਆ ਹੈ। ਪਹਿਲਾ ਵਾਲੇ ਪ੍ਰੋਗਰਾਮ ਹੁਣ ਚੱਲ ਨਹੀਂ ਰਹੇ ਹਨ।

ਸਵਰਨ ਜੈਯੰਤੀ ਸਵੈ-ਰੁਜ਼ਗਾਰ ਯੋਜਨਾ ਇਕ ਅਜਿਹਾ ਪ੍ਰੋਗਾਰਮ ਹੈ ਜਿਸ ਵਿਚ ਸਵੈ-ਰੁਜ਼ਗਾਰ ਦੇ ਸਾਰੇ ਪੱਖ ਸ਼ਾਮਿਲ ਕੀਤੇ ਗਏ ਹਨ ਜਿਵੇਂ ਕਿ ਗਰੀਬਾਂ ਨੂੰ ਸਵੈ-ਸਹਾਇਤਾ ਸਮੂਹ ਵਿਚ ਸੰਗਠਿਤ ਕਰਨਾ, ਸਿਖਲਾਈ ਦੇਣਾ, ਸ਼ਾਖ-ਸਹੂਲਤਾਂ, ਤਕਨੀਕ, ਮੁੱਢਲਾ ਢਾਂਚਾ ਅਤੇ ਮੰਡੀਕਰਨ। ਸਵਰਨ ਜੈਯੰਤੀ ਸਵੈ-ਰੁਜ਼ਗਾਰ ਯੋਜਨਾ ਨੂੰ ਕੇਂਦਰ ਅਤੇ ਰਾਜਾਂ ਵਲੋਂ 75:25 ਵਿਚ ਪੈਸਾ ਦਿੱਤਾ ਜਾਵੇਗਾ।

**14.4** ਸਵਰਨ ਜੈਯੰਤੀ ਸਵੈ-ਰੁਜ਼ਗਾਰ ਯੋਜਨਾ ਦੇ ਉਦੇਸ਼ (**Objectives of the Programme**):

ਸਵਰਨ ਜੈਯੰਤੀ ਸਵੈ ਰੁਜ਼ਗਾਰ ਯੋਜਨਾ ਦਾ ਮੁੱਖ ਉਦੇਸ਼ ਗਰੀਬ ਪਰਿਵਾਰਾਂ ਨੂੰ ਤਿੰਨ ਸਾਲਾਂ ਦੇ ਵਿਚ ਗਰੀਬੀ ਰੇਖਾ ਤੋਂ ਉੱਪਰ ਆਉਣ ਵਿਚ ਸਹਾਇਤਾ ਕਰਨਾ ਹੈ। ਅਜਿਹਾ ਕਰਨ ਲਈ ਬੈਂਕਾਂ ਤੋਂ ਕਰਜ਼ੇ ਅਤੇ ਸਰਕਾਰ ਵਲੋਂ ਆਰਥਿਕ ਸਹਾਇਤਾ ਵੀ ਦਿੱਤੀ ਜਾਂਦੀ ਹੈ। ਇਸਦਾ ਉਦੇਸ਼ ਹੈ ਕਿ ਪਰਿਵਾਰ ਦੀ ਮਹੀਨਾ ਵਾਰ ਘੱਟੋ-ਘੱਟ ਸ਼ੁੱਧ ਆਮਦਨ ਦੋ ਹਜ਼ਾਰ ਰੁਪਏ ਹੋਵੇ। ਆਉਣ ਵਾਲੇ ਪੰਜਾਂ ਸਾਲਾਂ ਵਿਚ ਇਹ ਯਤਨ ਕੀਤਾ ਜਾਵੇਗਾ ਕਿ ਹਰੇਕ ਬਲਾਕ ਵਿਚੋਂ ਤੀਹ ਪ੍ਰਤੀਸ਼ਤ ਗਰੀਬ ਪਰਿਵਾਰ ਏਸ ਪ੍ਰੋਗਰਾਮ ਵਿਚ ਸ਼ਾਮਿਲ ਕੀਤੇ ਜਾਣ।

ਇਸ ਪ੍ਰੋਗਰਾਮ ਦਾ ਉਦੇਸ਼ ਪੇਂਡੂ ਖੇਤਰਾਂ ਵਿਚ ਵੱਡੀ ਸੰਖਿਆ ਵਿਚ ਛੋਟੇ ਉੱਦਮੀ ਪੈਦਾ ਕਰਨਾ ਅਤੇ ਪੇਂਡੂ ਗਰੀਬਾਂ ਦੀ ਸਮਰੱਥਾ ਵਿਚ ਵਾਧਾ ਕਰਨਾ ਹੈ। ਇਸ ਪ੍ਰੋਗਰਾਮ ਦਾ ਇਹ ਮੰਨਣਾ ਕਿ ਪੇਂਡੂ ਗਰੀਬ ਲੋਕਾਂ ਵਿਚ ਕੰਮ ਕਰਨ ਦੀ ਸਮਰੱਥਾ ਹੈ ਅਤੇ ਜੇਕਰ ਉਹਨਾਂ ਨੂੰ ਸਹੀ ਮੌਕਾ ਮਿਲਦਾ ਹੈ ਤਾਂ ਉਹ ਮੁੱਲਵਾਨ ਵਸਤੂਆਂ ਅਤੇ ਸੇਵਾਵਾਂ ਪੈਦਾ ਕਰ ਸਕਦੇ ਹਨ।

14.5 ਸਵਰਨ ਜੈਯੰਤੀ ਸਵੈ ਰੁਜ਼ਗਾਰ ਯੋਜਨਾ ਦੀਆਂ ਮੁੱਖ ਵਿਸ਼ੇਸ਼ਤਾਵਾਂ (Salient Features of the Programme):

ੳ) ਸਹਾਇਤਾ ਪ੍ਰਾਪਤ ਪਰਿਵਾਰਾਂ ਨੂੰ ਸਵੈ-ਰੁਜ਼ਗਾਰੀ ਕਿਹਾ ਜਾਵੇਗਾ। ਇਹ ਵਿਅਕਤੀ ਜਾਂ ਸਮੂਹ (ਸਵੈ-ਸਹਾਇਤਾ ਪਰਾਪਤ ਸਮੂਹ) ਹੋ ਸਕਦੇ ਹਨ। ਸਮੂਹਾਂ 'ਤੇ ਅਧਿਕ ਜ਼ੋਰ ਦਿੱਤਾ ਜਾਵੇਗਾ

ਭ) ਸਵਰਨ ਜੈਯੰਤੀ ਸਵੈ-ਰੁਜ਼ਗਾਰ ਯੋਜਨਾ ਛੋਟੇ ਉੱਦਮੀਆਂ ਲਈ ਵਿਸ਼ੇਸ਼ ਪ੍ਰੋਗਰਾਮ ਹੈ ਜਿਸ ਵਿਚ ਸਵੈ-ਰੁਜ਼ਗਾਰ ਦੇ ਸਾਰੇ ਤੱਤ ਸਿਖਲਾਈ ਦੇਣਾ, ਸ਼ਾਖ਼ ਸਹੂਲਤਾਂ, ਤਕਨੀਕ, ਮੁੱਢਲਾ ਢਾਂਚਾ ਅਤੇ ਮੰਡੀਕਰਨ ਸ਼ਾਮਿਲ ਹਨ।

ਛ) ਮੁੱਢਲੀਆਂ ਕਿਰਿਆਵਾਂ ਦੀ ਚੋਣ ਪੰਚਾਇਤ ਸੰਮਤੀ ਦੀ ਮਨਜ਼ੂਰੀ ਨਾਲ ਬਲਾਕ ਪੱਧਰ 'ਤੇ ਜ਼ਿਲ੍ਹਾ ਪ੍ਰੀਸ਼ਦ ਦੀ ਮਨਜ਼ੂਰੀ ਨਾਲ ਜ਼ਿਲ੍ਹਾ ਪੱਧਰ 'ਤੇ ਕੀਤੀ ਜਾਵੇਗੀ।

ਧ) ਸਵਰਨ ਜੈਯੰਤੀ ਸਵੈ-ਰੁਜ਼ਗਾਰ ਯੋਜਨਾ ਹਰੇਕ ਮੁੱਢਲੀ ਕਿਰਿਆ ਲਈ ਪ੍ਰੋਜੈਕਟ ਪਹੁੰਚ ਨੂੰ ਅਪਨਾਏਗਾ। ਨਿਸ਼ਚਿਤ ਕੀਤੀਆਂ ਗਈਆਂ ਮੁੱਢਲੀਆਂ ਗਤੀਵਿਧੀਆਂ ਦੇ ਆਧਾਰ 'ਤੇ ਪ੍ਰੋਜੈਕਟ ਰਿਪੋਰਟ ਤਿਆਰ ਕੀਤੀ ਜਾਵੇਗੀ। ਬੈਂਕ ਅਤੇ ਹੋਰ ਵਿੱਤੀ ਸੰਸਥਾਵਾ ਇਸ ਪ੍ਰੋਗਰਾਮ ਨਾਲ ਜੁੜੀਆਂ ਰਹਿਣਗੀਆਂ ਅਤੇ ਪ੍ਰੋਜੈਕਟ ਰਿਪੋਰਟ ਤਿਆਰ ਕਰਨ ਵਿਚ ਸ਼ਾਮਿਲ ਰਹਿਣਗੀਆਂ ਤਾਂ ਜੋ ਕਰਜ਼ੇ ਦੇਣ ਵਿਚ ਦੇਰੀ ਨ ਹੋਵੇ ਅਤੇ ਉਚਿਤ ਮਾਤਰਾ ਵਿਚ ਕਰਜ਼ਾ ਮਿਲ ਸਕੇ।

ੲ) ਸਵਰਨ ਜੈਯੰਤੀ ਸਵੈ-ਰੁਜ਼ਗਾਰ ਯੋਜਨਾ ਸਮੂਹ ਪਹੁੰਚ 'ਤੇ ਧਿਆਨ ਦੇਵੇਗੀ। ਇਸ ਅਧੀਨ ਗਰੀਬਾਂ ਨੂੰ ਸਵੈ ਸਹਾਇਤਾ ਪ੍ਰਾਪਤ ਸਮੂਹ ਵਿਚ ਸੰਗਠਿਤ ਕੀਤਾ ਜਾਂਦਾ ਹੈ। ਕੋਸ਼ਿਸ਼ ਕੀਤੀ ਜਾਵੇਗੀ ਕਿ ਹਰੇ ਸਵੈ ਸਹਾਇਤਾ ਪ੍ਰਾਪਤ ਸਮੂਹ ਵਿਚ ਔਰਤ ਮੈਂਬਰਾਂ ਨੂੰ ਸ਼ਾਮਿਲ ਕੀਤਾ ਜਾਵੇ। ਇਕੱਲੀਆਂ ਔਰਤਾਂ ਦੇ ਸਮੂਹ ਵੀ ਬਣਾਏ ਜਾਣਗੇ। ਬਲਾਕ ਪੱਧਰ 'ਤੇ ਘੱਟੋ-ਘੱਟ ਅੱਧੇ ਸਮੂਹ ਇਕੱਲੀਆਂ ਇਸਤਰੀਆਂ ਦੇ ਹੋਣਗੇ। ਸਮੂਹ ਕਿਰਿਆਵਾਂ ਨੂੰ ਤਰਜ਼ੀਹ ਦਿੱਤੀ ਜਾਵੇਗੀ ਅਤੇ ਵਧੇਰੇ ਕਰਜ਼ੇ ਸਮੂਹਾਂ ਨੂੰ ਹੀ ਦਿੱਤੇ ਜਾਣਗੇ।

ਂ) ਬੀ ਪੀ ਐਲ ਮਰਦਮਸ਼ੁਮਾਰੀ ਰਾਹੀਂ ਗਰੀਬੀ ਰੇਖਾ ਤੋਂ ਹੇਠਾਂ ਪਹਿਚਾਣ ਕੀਤੇ ਗਏ ਪਰਿਵਾਰਾਂ ਦੀ ਸੂਚੀ ਗਰਾਮ ਸਭਾ ਵਲੋਂ ਸਹੀ ਕੀਤੀ ਜਾਵੇਗੀ। ਹਰ ਇਕ ਮੁੱਢਲੀ ਗਤੀਵਿਧੀ ਲਈ ਇਕੱਲੇ ਪਰਿਵਾਰਾਂ ਦੀ ਪਹਿਚਾਣ ਹਿੱਸੇਦਾਰੀ ਪ੍ਰਕਿਰਿਆ ਰਾਹੀਂ ਕੀਤੀ ਜਾਵੇਗੀ।

ਘ) ਸਵਰਨ ਜੈਯੰਤੀ ਸਵੈ-ਰੁਜ਼ਗਾਰ ਯੋਜਨਾ ਕਰਜ਼ਾ ਅਤੇ ਆਰਥਿਕ ਸਹਾਇਤਾ ਪ੍ਰੋਗਰਾਮ ਹੈ। ਕਰਜ਼ਾ ਇਸ ਪ੍ਰੋਗਰਾਮ ਦਾ ਮਹੱਤਵਪੁਰਨ ਤੱਤ ਹੈ, ਆਰਥਿਕ ਸਹਾਇਤਾ ਇਸ ਦਾ ਛੋਟਾ ਹਿੱਸਾ ਹੈ। ਇਸ ਲਈ ਇਸ ਪ੍ਰੋਗਰਾਮ ਵਿਚ ਬੈਂਕਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਬੈਂਕ ਯੋਜਨਾਬੰਦੀ ਅਤੇ ਪ੍ਰੋਜੈਕਟ ਤਿਆਰ ਕਰਨ, ਗਤੀਵਿਧੀਆਂ ਦੀ ਪਹਿਚਾਣ ਕਰਨ, ਮੁੱਢਲੇ ਢਾਂਚੇ ਦੀ ਯੋਜਨਾ ਬਨਾਉਣ ਦਾ ਕੰਮ ਕਰਦੇ ਹਨ।

ਙ) ਸਵਰਨ ਜੈਯੰਤੀ ਸਵੈ ਰੁਜ਼ਗਾਰ ਯੋਜਨਾ ਚੁਣੀਆਂ ਗਈਆਂ ਕਿਰਿਆਵਾਂ ਲਈ ਤਕਨੀਕੀ ਸੁਧਾਰ ਨੂੰ ਯਕੀਨੀ ਬਣਾਏਗੀ । ਇਸ ਪ੍ਰੋਗਰਾਮ ਰਾਹੀਂ ਸਥਾਨਕ ਸਾਧਨਾਂ ਦੇ ਮੁੱਲ ਵਿਚ ਵਾਧਾ ਕਤਿਾ ਜਾਵੇਗਾ। ਉਪਲਬਧ ਸਥਾਨਕ ਸਾਧਨਾਂ ਦੀ ਉਚਿਤ ਵਰਤੋਂ ਕਰਨ ਨੂੰ ਤਰਜੀਹ ਦਿੱਤੀ ਜਾਵੇਗੀ। ਇਹਨਾਂ ਸਾਧਨਾਂ ਰਾਹੀਂ ਤਿਆਰ ਕੀਤੀਆਂ ਵਸਤੂਆਂ ਸਥਾਨਿਕ ਅਤੇ ਗ਼ੈਰ ਸਥਾਨਿਕ ਬਜ਼ਾਰਾਂ ਵਿਚ ਵੇਚੀਆਂ ਜਾਣਗੀਆਂ।

ਚ) ਸਵਰਨ ਜੈਯੰਤੀ ਸਵੈ-ਰੁਜ਼ਗਾਰ ਯੋਜਨਾ ਸਵੈ-ਰੁਜ਼ਗਾਰੀਆਂ ਵਲੋਂ ਤਿਆਰ ਕੀਤੀਆਂ ਵਸਤੂਆਂ ਦੇ ਮੰਡੀਕਰਨ ਵਿਚ ਸਹਾਇਤਾ ਕਰੇਗੀ। ਇਸ ਵਿਚ ਬਾਜ਼ਾਰ ਸੰਬੰਧੀ ਸੂਚਨਾ, ਮੰਡੀਆਂ ਦਾ ਵਿਕਾਸ, ਸਲਾਹਕਾਰੀ ਸੇਵਾਵਾਂ ਅਤੇ ਵਸਤੂਆਂ ਦੇ ਨਿਰਯਾਤ ਲਈ ਸਹੂਲਤਾਂ ਪ੍ਰਦਾਨ ਕਰਨਾ ਸ਼ਾਮਿਲ ਹੈ।

ਝ) ਸਵਰਨ ਜੈਯੰਤੀ ਸਵੈ-ਰੁਜ਼ਗਾਰ ਯੋਜਨਾ ਖਾਸ ਤੌਰ 'ਤੇ ਪੇਂਡੂ ਗਰੀਬਾਂ ਦੇ ਕਮਜ਼ੋਰ ਸਮੂਹਾਂ 'ਤੇ ਆਪਣਾ ਖਾਸ ਧਿਆਨ ਦੇਵੇਗੀ। ਇਸ ਤਰ੍ਹਾਂ ਐਸ ਸੀ /ਐਸ ਟੀ ਸਵੈ ਰੁਜ਼ਗਾਰੀਆਂ ਦਾ 50 ਪ੍ਰਤੀਸ਼ਤ ਹਿੱਸਾ ਹੋਣਗੇ, ਔਰਤਾਂ 40 ਪ੍ਰਤੀਸ਼ਤ ਅਤੇ ਅਪਾਹਜ 3 ਪ੍ਰਤੀਸ਼ਤ ਹਿੱਸਾ ਹੋਣਗੇ।

ਆਪਣੇ ਗਿਆਨ ਨੂੰ ਪਰਖੋ (**Check your knowledge**):

ਸਵਰਨ ਜੈਯੰਤੀ ਸਵੈ ਰੁਜ਼ਗਾਰ ਯੋਜਨਾ ਤੋਂ ਕੀ ਭਾਵ ਹੈ?
ਸਵਰਨ ਜੈਯੰਤੀ ਸਵੈ ਰੁਜ਼ਗਾਰ ਯੋਜਨਾ ਦੇ ਦੋ ਉਦੇਸ਼ ਲਿਖੋ।
ਇਸ ਪ੍ਰੋਗਰਾਮ ਦੀਆਂ ਦੋ ਮੁੱਖ ਵਿਸ਼ੇਸ਼ਤਾਵਾਂ ਲਿਖੋ।

**14.6** ਫੰਡ ਦੇਣ ਦਾ ਢੰਗ ਅਤੇ ਵਿੱਤੀ ਸਹਾਇਤਾ (**Funding Pattern and Financial Assistance**):

ਸਵਰਨ ਜੈਯੰਤੀ ਸਵੈ ਰੁਜ਼ਗਾਰ ਯੋਜਨਾ ਦੇ ਅਧੀਨ ਇਕੱਲੇ ਸਵੈ ਰੁਜ਼ਗਾਰੀ ਜਾਂ ਸਵੈ ਸਹਾਇਤਾ ਪ੍ਰਾਪਤ ਸਮੂਹ ਨੂੰ ਸਰਕਾਰ ਦੁਆਰਾ ਆਰਥਿਕ ਸਹਾਇਤਾ ਦਿੱਤੀ ਜਾਦੀ ਹੈ ਅਤੇ ਬੈਂਕਾਂ ਵਲੋਂ ਕਰਜ਼ੇ ਦਿੱਤੇ ਜਾਂਦੇ ਹਨ। ਕਰਜ਼ੇ ਸਵਰਨ ਜੈਯੰਤੀ ਸਵੈ ਰੁਜ਼ਗਾਰ ਯੋਜਨਾ ਦਾ ਮਹੱਤਵਪੂਰਨ ਤੱਤ ਹਨ, ਆਰਥਿਕ ਸਹਾਇਤਾ ਇਕ ਛੋਟਾ ਤੱਤ ਹੈ। ਸਵਰਨ ਜੈਯੰਤੀ ਸਵੈ ਰੁਜ਼ਗਾਰ ਯੋਜਨਾ ਅਧੀਨ ਸਿਰਫ਼ ਇਕ ਵਾਰ ਕਰਜ਼ਾ ਨਹੀਂ ਦਿੱਤਾ ਜਾਂਦਾ ਸਗੋਂ ਲੋੜ ਅਨੁਸਾਰ ਸਮੇਂ ਸਮੇਂ 'ਤੇ ਕਰਜ਼ੇ ਦਿੱਤੇ ਜਾਂਦੇ ਹਨ।

ਸਵਰਨ ਜੈਯੰਤੀ ਸਵੈ ਰੁਜ਼ਗਾਰ ਯੋਜਨਾ ਦੇ ਅਧੀਨ ਵਿਅਕਤੀਆਂ ਨੂੰ ਆਰਥਿਕ ਸਹਾਇਤਾ ਪ੍ਰੋਜੈਕਟ ਦੀ ਲਾਗਤ ਦਾ 30 ਪ੍ਰਤੀਸ਼ਤ ਦਿੱਤਾ ਜਾਂਦਾ ਹੈ ਜਿਸ ਦੀ ਵੱਧ ਤੋਂ ਵੱਧ ਰਕਮ 7500 ਰੁਪਏ ਹੋ ਸਕਦੀ ਹੈ। ਐਸ ਸੀ / ਐਸ ਟੀ ਅਤੇ ਅੰਗਹੀਣ ਵਿਅਕਤੀਆਂ ਲਈ ਆਰਥਿਕ ਸਹਾਇਤਾ ਪ੍ਰੋਜੈਕਟ ਲਾਗਤ ਦਾ 50 ਪ੍ਰਤੀਸ਼ਤ ਜਾਂ ਵੱਧ ਤੋਂ ਵੱਧ 10,000 ਰੁਪਏ ਹੋ ਸਕਦੀ ਹੈ। ਸਵੈ ਸਹਾਇਤਾ ਪ੍ਰਾਪਤ ਸਮੂਹ ਲਈ ਆਰਥਿਕ ਸਹਾਇਤਾ ਪ੍ਰੋਜੈਕਟ ਲਾਗਤ ਦਾ 50 ਪ੍ਰਤੀਸ਼ਤ ਜਾਂ ਵੱਧ ਤੋਂ ਵੱਧ 1,25,000 ਰੁਪਏ ਹੋ ਸਕਦੀ ਹੈ। ਸਵਰਨ ਜੈਯੰਤੀ ਸਵੈ ਰੁਜ਼ਗਾਰ ਯੋਜਨਾ ਖਾਸ ਤੌਰ 'ਤੇ ਪੇਂਡੂ ਗਰੀਬ ਅਤੇ ਕਮਜ਼ੋਰ ਸਮੂਹਾਂ 'ਤੇ ਵਧੇਰੇ ਧਿਆਨ ਦਿੰਦੇ ਹਨ। ਇਸ ਤਰ੍ਹਾਂ ਐਸ ਸੀ/ਐਸ ਟੀ ਲਈ ਘੱਟ ਤੋਂ ਘੱਟ 50 ਪ੍ਰਤੀਸ਼ਤ, ਇਸਤਰੀਆਂ ਲਈ 40 ਪ੍ਰਤੀਸ਼ਤ ਅਤੇ ਅੰਗਹੀਣਾਂ ਲਈ ਤਿੰਨ ਪ੍ਰਤੀਸ਼ਤ ਹਿੱਸਾ ਰੱਖਿਆ ਗਿਆ ਹੈ।

ਸਵਰਨ ਜੈਯੰਤੀ ਸਵੈ ਰੁਜ਼ਗਾਰ ਯੋਜਨਾ ਅਧੀਨ ਕੇਂਦਰ ਅਤੇ ਰਾਜ ਸਰਕਾਰਾਂ ਵਿਚਕਾਰ ਫੰਡਾਂ ਦਾ ਯੋਗਦਾਨ 75:25 ਹੈ। ਕੇਂਦਰ ਸਰਕਾਰ ਵਲੋਂ ਫੰਡ ਦੇਣ ਸਮੇਂ ਰਾਜਾਂ ਦੀ ਗਰੀਬੀ ਦੀ ਦਰ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ। 15 ਪ੍ਰਤੀਸ਼ਤ ਐਸ ਸੀ /ਐਸ ਟੀ ਅਧੀਨ ਰਾਸ਼ਟਰੀ ਪੱਧਰ ਦੇ ਅਜਿਹੇ ਪ੍ਰੋਜੈਕਟਾਂ ਲਈ ਰੱਖੇ ਗਏ ਹਨ ਜਿਹਨਾਂ ਦੇ ਲਾਭ ਅਧਿਕ ਹੋਣ ਅਤੇ ਉਹਨਾਂ ਦਾ ਰਾਸ਼ਟਰੀ ਪੱਧਰ 'ਤੇ ਮਹੱਤਵ ਹੋਵੇ ਅਤੇ ਜਿਹਨਾਂ ਨਾਲ ਗਰੀਬੀ ਨੂੰ ਜੜ੍ਹੋਂ ਖਤਮ ਕਰਨ ਵਿਚ ਸਹਾਇਤਾ ਮਿਲੇ।

ਸਵਰਨ ਜੈਯੰਤੀ ਸਵੈ ਰੁਜ਼ਗਾਰ ਯੋਜਨਾ ਦੇ ਅਧੀਨ ਸਵੈ ਸਹਇਤਾ ਪ੍ਰਾਪਤ ਸਮੂਹ ਵਿਚ 10-20 ਵਿਅਕਤੀ ਹੋ ਸਕਦੇ ਹਨ। ਸਿੰਜਾਈ ਦੇ ਛੋਟੇ ਪ੍ਰੋਜੈਕਟ ਅਤੇ ਅੰਗਹੀਣਾਂ ਦੇ ਕੇਸ ਵਿਚ ਸਮੂਹ ਦੇ ਘੱਟੋ ਘੱਟ 5 ਵਿਅਕਤੀ ਹੋ ਸਕਦੇ ਹਨ। ਸਮੂਹ ਦੇ ਸਾਰੇ ਮੈਂਬਰ ਗਰੀਬੀ ਰੇਖਾ ਤੋਂ ਹੇਠਾਂ ਵਾਲੇ ਪਰਿਵਾਰਾਂ ਨਾਲ ਸੰਬੰਦਿਤ ਹੋਣੇ ਚਾਹੀਦੇ ਹਨ। ਜ਼ਿਲ੍ਹਾ ਪੇਂਡੂ ਵਿਕਾਸ ਏਜੰਸੀਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਗਰੀਬੀ ਨੂੰ ਜੜ੍ਹੋਂ ਖਤਮ ਕਰਨ ਲਈ ਸਮਾਜਿਕ ਗਤੀਸ਼ੀਲਤਾ ਨੂੰ ਉਤਸ਼ਾਹਿਤ ਕਰੇ। ਅਜਿਹਾ ਕਰਨ ਲਈ ਉਸ ਨੂੰ ਸਵੈ ਸਹਾਇਤਾ ਪ੍ਰਾਪਤ ਸਮੂਹ ਬਨਾਉਣੇ ਚਾਹੀਦੇ ਹਨ, ਉਹਨਾਂ ਦਾ ਵਿਕਾਸ ਕਰਨਾ ਚਾਹੀਦਾ ਹੈ ਅਤੇ ਉਹਨਾਂ ਨੂੰ ਮਜ਼ਬੂਤ ਬਨਾਉਣਾ ਚਾਹੀਦਾ ਹੈ।

ਸਵੈ ਸਹਾਇਤਾ ਪ੍ਰਾਪਤ ਗੁਰੱਪ ਦੇ ਮੈਂਬਰਾਂ ਨੂੰ ਲਗਾਤਾਰ ਬਚਤ ਕਰਨੀ ਚਾਹੀਦੀ ਹੈ। ਬਚਤ ਦੀ ਮਾਤਰਾ ਦਾ ਨਿਰਧਾਰਨ ਉਹਨਾਂ ਨੂੰ ਆਪ ਕਰਨਾ ਚਾਹੀਦਾ ਹੈ। ਸਮੂਹ ਇਸ ਕਾਬਿਲ ਹੋਣਾ ਚਾਹੀਦਾ ਹੈ ਕਿ ਉਹ ਸਾਰੇ ਮੈਂਬਰਾਂ ਤੋਂ ਨਿਸ਼ਚਿਤ ਸਮੇਂ 'ਤੇ ਘੱਟੋ-ਘੱਟ ਇੱਚਤ ਬਚਤ ਇਕੱਠੀ ਕਰ ਸਕੇ।

ਸਵੈ ਸਹਾਇਤਾ ਪ੍ਰਾਪਤ ਗੁਰੱਪ ਆਮ ਤੌਰ 'ਤੇ ਗੈਰ ਉਪਚਾਰਿਕ ਸਮੂਹ ਹਨ। ਫਿਰ ਵੀ ਇਹ ਸਮੂਹ ਆਪਣੇ ਆਪ ਨੂੰ ਵੱਖ-ਵੱਖ ਨਿਯਮਾਂ ਅਧੀਨ ਰਜਿਸਟਰ ਕਰਵਾ ਸਕਦੇ ਹਨ ਜਿਵੇਂ ਕਿ ਸੁਸਾਇਟੀ ਰਜਿਸਟਰੇਸ਼ਨ ਗਰੁੱਪ, ਸਹਿਕਾਰੀ ਐਕਟ, ਜਾਂ ਸਾਂਝੇਦਾਰੀ ਫਰਮ ਦੇ ਰੂਪ ਵਿਚ ਆਪਣੇ ਆਪ ਨੂੰ ਰਜਿਸਟਰ ਕਰਵਾ ਸਕਦੇ ਹਨ। ਐਨ ਜੀ ੳ ਇਸ ਖੇਤਰ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਹ ਜ਼ਮੀਨੀ ਪੱਧਰ 'ਤੇ ਸਵੈ ਸਹਾਇਤਾ ਪ੍ਰਾਪਤ ਸਮੂਹ ਦੇ ਵਿਕਾਸ ਲਈ ਯਤਨ ਕਰਦੇ ਹਨ। ਸਵੈ ਸਹਾਇਤਾ ਪ੍ਰਾਪਤ ਸਮੂਹਾਂ ਨੂੰ ਮਜ਼ਬੂਤ ਬਨਾਉਣ ਲਈ ਇਹਨਾਂ ਸਮੂਹਾਂ ਅਤੇ ਬੈਂਕਾਂ ਵਿਚਕਾਰ ਤਾਲਮੇਲ ਪੈਦਾ ਕਰਨਾ ਇਕ ਮਹੱਤਵਪੂਰਨ ਤੱਤ ਹੈ।

**14.7** ਵਿਅਕਤੀਗਤ ਸਵੈ-ਰੁਜ਼ਗਾਰੀ (**Swarojgaris under SGSY**):

ਵਿਅਕਤੀਗਤ ਸਵੈ-ਰੁਜ਼ਗਾਰੀ ਦੇ ਕੇਸ ਵਿਚ ਉਹਨਾਂ ਦੀ ਸੂਚੀ ਜਾਂ ਲਿਸਟ ਬਲਾਕ ਸਵਰਨ ਜੈਯੰਤੀ ਸਵੈ ਰੁਜ਼ਗਾਰ ਯੋਜਨਾ ਕਮੇਟੀ ਵਲੋਂ ਹਰ ਸਾਲ ਤਿਆਰ ਕੀਤੀ ਜਾਂਦੀ ਹੈ। ਵਿਅਕਤੀਗਤ ਸਵੈ ਰੁਜ਼ਗਾਰੀ ਦੀ ਚੋਣ ਗ੍ਰਾਮ ਸਭਾ ਵਿਚ ਖੁੱਲ੍ਹੇ ਅਤੇ ਪਾਰਦਰਸ਼ੀ ਢੰਗ ਨਾਲ ਕੀਤੀ ਜਾਂਦੀ ਹੈ। ਉਹਨਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਗਰੀਬੀ ਰੇਖਾ ਤੋਂ ਹੇਠਾਂ ਵਾਲੇ ਪਰਿਵਾਰਾਂ ਨੂੰ ਕਰਜ਼ੇ ਜਾਰੀ ਹੋਣ ਦੀ ਵਿਧੀ ਬਾਰੇ ਜਾਣਕਾਰੀ ਦੇਣ ਤਾਂ ਜੋ ਗਰੀਬ ਵਿਅਕਤੀ ਕਰਜ਼ੇ ਦੀ ਸਹੂਲਤ ਤੋਂ ਵਾਝੇਂ ਨ ਰਹਿ ਜਾਣ।

**14.8** ਸਵਰਨ ਜੈਯੰਤੀ ਸਵੈ ਰੁਜ਼ਗਾਰ ਯੋਜਨਾ ਨੂੰ ਲਾਗੂ ਕਰਨਾ (**Implementation of the Programme**):

ਸਵਰਨ ਜੈਯੰਤੀ ਸਵੈ ਰੁਜ਼ਗਾਰ ਯੋਜਨਾ ਦੀ ਸਫ਼ਲਤਾ ਲਈ ਇਹ ਜ਼ਰੂਰੀ ਹੈ ਕਿ ਇਸ ਨਾਲ ਸੰਬੰਧਿਤ ਵੱਖ ਵੱਖ ਸੰਸਥਾਵਾਂ ਦਾ ਆਪਸ ਵਿਚ ਤਾਲਮੇਲ ਹੋਵੇ। ਸਵਰਨ ਜੈਯੰਤੀ ਸਵੈ ਰੁਜ਼ਗਾਰ ਯੋਜਨਾ ਨੂੰ ਜਿਲ੍ਹਾ ਪੇਂਡੂ ਵਿਕਾਸ ਏਜੰਸੀ ਵਲੋਂ ਪੰਚਾਇਤੀ ਰਾਜ ਸੰਸਥਾਵਾਂ, ਬੈਂਕਾਂ ਅਤੇ ਐਨ ਜੀ ੳ ਰਾਹੀਂ ਲਾਗੂ ਕਤਿਾ ਜਾਦਾ ਹੈ।

ਜ਼ਿਲ੍ਹਾ ਪੇਂਡੂ ਵਿਕਾਸ ਏਜੰਸੀ ਨੂੰ ਵੱਖ ਵੱਖ ਸਹਿਯੋਗੀ ਸੰਸਥਾਵਾਂ ਨਾਲ ਤਾਲਮੇਲ ਕਰਕੇ ਇਸ ਪ੍ਰੋਗਰਾਮ ਨੂੰ ਲਾਗੂ ਕਰਨਾ ਪੈਂਦਾ ਹੈ। ਸਵਸਹਾਇਤਾ ਪ੍ਰਾਪਤ ਸਮੂਹ ਦੇ ਸੰਗਠਨ ਅਤੇ ਉਹਨਾਂ ਦੀ ਸਮਰੱਥਾ ਦੇ ਵਿਕਾਸ, ਤਾਲਮੇਲ ਆਦਿ ਵਿਚ ਜ਼ਿਲ੍ਹਾ ਪੇਂਡੂ ਵਿਕਾਸ ਏਜੰਸੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਹਨਾਂ ਸਮੂਹਾਂ ਨੂੰ ਬੈਂਕਾਂ ਤੋਂ ਕਰਜ਼ੇ ਲੈਣ ਵਿਚ ਸਹਾਇਤਾ ਕਰਦੀ ਹੈ।

ਸਵਰਨ ਜੈਯੰਤੀ ਸਵੈ ਰੁਜ਼ਗਾਰ ਯੋਜਨਾ ਵਿਚ ਗ੍ਰਾਮ ਪੰਚਾਇਤ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ ਜਿਹਨਾਂ ਸਵੈ ਰੁਜ਼ਗਾਰੀਆਂ ਨੂੰ ਬੈਂਕਾਂ ਵਲੋਂ ਕਰਜ਼ਾ ਮਿਲਣਾ ਹੁੰਦਾ ਹੈ, ਉਹਨਾਂ ਦੀ ਸੂਚੀ ਮਨਜ਼ੂਰੀ ਲਈ ਗ੍ਰਾਮ ਸਭਾ ਕੋਲ ਭੇਜੀ ਜਾਂਦੀ ਹੈ। ਗ੍ਰਾਮ ਪੰਚਾਇਤ ਸਵੈ ਰੁਜ਼ਗਾਰੀਆਂ ਦੀ ਕਾਰਗੁਜ਼ਾਰੀ ਨੂੰ ਬਾਰੀਕੀ ਨਾਲ ਘੋਖਦੀ ਹੈ। ਪੰਚਾਇਤ ਸੰਮਤੀ ਮੁੱਢਲੀਆਂ ਕਿਰਿਆਵਾਂ ਨੂੰ ਮਾਨਤਾ ਦਿੰਦੀ ਹੈ ਜਿਹਨਾਂ ਦੀ ਪਹਿਚਾਣ ਬਲਾਕਾਂ ਲਈ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਜ਼ਿਲ੍ਹਾ ਪੱਧਰੀ ਤਕਨੀਕੀ ਸਮੂਹ ਰਾਹੀਂ ਇਹ ਸੂਚੀ ਬੀ ਡੀ ੳ ਨੂੰ ਭੇਜੀ ਜਾਂਦੀ ਹੈ।

ਕਰਜ਼ੇ ਇਸ ਯੋਜਨਾ ਦੇ ਮਹੱਤਵਪੂਰਨ ਤੱਤ ਹਨ ਅਤੇ ਆਰਥਿਕ ਸਹਾਇਤਾ ਛੋਟਾ ਤੱਤ ਹੈ, ਸਵਰਨ ਜੈਯੰਤੀ ਸਵੈ ਰੁਜ਼ਗਾਰ ਯੋਜਨਾ ਪ੍ਰੋਗਰਾਮ ਦੇ ਸਾਰੇ ਪੱਧਰਾਂ 'ਤੇ ਬੈਂਕਾਂ ਦੀ ਭੂਮਿਕਾ ਬਾਰੇ ਜਾਂਚ ਕਰਦੀ ਹੈ। ਸਵੈ ਰੁਜ਼ਗਾਰੀਆਂ ਦੀ ਅੰਤਿਮ ਚੋਣ ਵਿਚ ਬੈਂਕਾਂ ਦਾ ਫ਼ੈਸਲਾ ਮਹੱਤਵਪੂਰਨ ਹੁੰਦਾ ਹੈ।

ਇਸ ਪ੍ਰੋਗਰਾਮ ਦੀ ਸਫ਼ਲਤਾ ਲਈ ਵੱਖ ਵੱਖ ਵਿਭਾਗਾਂ ਦਾ ਯੋਗਦਾਨ ਬਹੁਤ ਜ਼ਰੂਰੀ ਹੈ। ਇਸ ਪ੍ਰੋਗਰਾਮ ਦੀ ਸਫ਼ਲਤਾ ਲਈ ਜ਼ਿੰਮੇਵਾਰੀ, ਯੋਜਨਾਬੰਦੀ, ਮੁੱਢਲੇ ਢਾਂਚੇ ਆਦਿ ਜ਼ਰੂਰੀ ਤੱਤ ਹਨ। ਤਕਨੀਕੀ ਜਾਣਕਾਰੀ, ਮਾਰਗ ਦਰਸ਼ਨ ਆਦਿ ਸਵੈ ਰੁਜ਼ਗਾਰੀਆਂ ਲਈ ਬਹੁਤ ਜ਼ਰੂਰੀ ਹਨ। ਇਹਨਾਂ ਸਾਰੀਆਂ ਸਹੂਲਤਾਂ ਲਈ ਵੱਖ ਵੱਖ ਵਿਭਾਗਾਂ ਦਾ ਆਪਸੀ ਤਾਲਮੇਲ ਜ਼ਰੂਰੀ ਹੈ।

ਐਨ ਜੀ ਓ ਸੈਲਫ਼ ਹੈਲਪ ਗਰੁੱਪ ਦੀ ਬਣਤਰ ਅਤੇ ਵਿਕਾਸ ਵਿਚ ਯੋਗਦਾਨ ਪਾਉਂਦੇ ਹਨ ਅਤੇ ਸਵੈ ਰੁਜ਼ਗਾਰੀਆਂ ਦੇ ਵਿਕਾਸ ਦਾ ਨਿਰੀਖਣ ਕਰਦੇ ਹਨ। ਇਹ ਸਵੈ ਰੁਜ਼ਗਾਰੀਆਂ ਨੂੰ ਤਕਨੀਕੀ ਗਿਆਨ ਅਤੇ ਸਹਾਇਤਾ, ਮਿਆਰ ਦਾ ਨਿਯੰਤ੍ਰਣ ਅਤੇ ਮੰਡੀਕਰਨ ਆਦਿ ਵਿਚ ਸਹਾਇਤਾ ਕਰਦੇ ਹਨ।

ਸਵਰਨ ਜੈਯੰਤੀ ਸਵੈ ਰੁਜ਼ਗਾਰ ਯੋਜਨਾ ਨੂੰ ਲਾਗੂ ਕਰਨ ਲਈ ਵੱਖ ਵੱਖ ਏਜੰਸੀਆਂ ਵਿਚ ਤਾਲਮੇਲ ਹੋਣਾ ਬਹੁਤ ਜ਼ਰੂਰੀ ਹੈ। ਇਸ ਪ੍ਰੋਗਰਾਮ ਦੀ ਸਫ਼ਲਤਾ ਵੱਖ ਵੱਖ ਏਜੰਸੀਆਂ ਦੇ ਤਾਲਮੇਲ 'ਤੇ ਹੀ ਨਿਰਭਰ ਕਰਦੀ ਹੈ। ਬਲਾਕ, ਜ਼ਿਲ੍ਹਾ, ਰਾਜ ਅਤੇ ਕੇਂਦਰ ਸਾਰੇ ਪੱਧਰਾਂ 'ਤੇ ਪ੍ਰੋਗਰਾਮ ਦੇ ਤਾਲਮੇਲ ਲਈ ਕਮੇਟੀ ਬਣੀ ਹੋਈ ਹੈ ਜਿਹੜੀ ਸਵੈ ਰੁਜ਼ਗਾਰੀਆਂ ਲਈ ਮਾਰਗ ਦਰਸ਼ਨ ਸੰਬੰਧੀ ਯੋਜਨਾਵਾਂ ਬਣਾਉਂਦੀਆਂ ਹਨ, ਉਹਨਾਂ ਨੂੰ ਲਾਗੂ ਕਰਦੀਆਂ ਹਨ ਅਤੇ ਉਹਨਾਂ ਦਾ ਨਿਰੀਖਣ ਕਰਦੀਆਂ ਹਨ।

**14.9** ਸਾਰਾਂਸ਼ (**Summary**):

ਸਰਕਾਰ ਦੁਆਰਾ ਸਵੈ-ਰੁਜ਼ਗਾਰ ਪ੍ਰੋਗਰਾਮ ਗਰੀਬੀ ਨੂੰ ਜੜ੍ਹੋਂ ਪੁੱਟਣ ਲਈ ਹਮੇਸ਼ਾਂ ਕੁੰਜੀਵਤ ਢੰਗ ਰਿਹਾ ਹੈ। ਸਵੈ-ਰੁਜ਼ਗਾਰ ਪ੍ਰੋਗਰਾਮ ਦੇ ਪੁਨਰ-ਨਿਰਮਾਣ ਦੀ ਕੋਸ਼ਿਸ਼ ਕੀਤੀ ਗਈ ਹੈ। ਪਹਿਲੇ ਸਾਰੇ ਪ੍ਰੋਗਰਾਮਾਂ ਦੀਆ ਸਮੱਸਿਆਵਾਂ ਅਤੇ ਰੁਕਾਵਟਾਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕਰਦੇ ਹੋਏ ਸਵਰਨ ਜੈਯੰਤੀ ਸਵੈ ਰੁਜ਼ਗਾਰ ਯੋਜਨਾ ਦੁਆਰਾ ਉਹਨਾਂ ਸਵੈ-ਰੁਜ਼ਗਾਰ ਪ੍ਰੋਗਰਾਮਾਂ ਦਾ ਦੁਆਰਾ ਨਿਰਮਾਣ ਕਰਨ ਦੇ ਯਤਨ ਕੀਤੇ ਗਏ। ਇਸ ਪ੍ਰੋਗਰਾਮ ਦੀ ਸਫ਼ਲਤਾ ਡੀ ਆਰ ਡੀ ਏ, ਪੀ ਆਰ ਆਈ, ਬੈਂਕਾਂ ਸਵੈ ਰੁਗਾਰੀਆਂ ਦੇ ਰੂਫ ਵਿਚ ਲਾਭਪਾਤਰੀਆਂ ਦੀਆਂ ਆਪਣੀਆਂ ਮਿਲੀਆਂ-ਜੁਲੀਆਂ ਕੋਸ਼ਿਸਾਂ 'ਤੇ ਟਿਕੀ ਹੋਈ ਹੈ।

**14.10** ਮੁੱਖ ਸੰਕਲਪ/ਸ਼ਬਦ (**Key Concepts/Words**)

1 ਸਵੈ ਰੁਜ਼ਗਾਰੀ (**Swarojgaris**):

ਲਾਭ ਪਾਤਰੀ ਸਵਰਨ ਜੈਯੰਤੀ ਸਵੈ ਰੁਜ਼ਗਾਰ ਯੋਜਨਾ ਅਧੀਨ ਸਵੈ-ਰੁਜ਼ਗਾਰੀ ਕਰਕੇ ਜਾਣੇ ਜਾਂਦੇ ਹਨ। ਇਹ ਸਵੈ-ਰੁਜ਼ਗਾਰੀ ਵਿਅਕਤੀਗਤ ਰੂਪ ਵਿਚ ਵੀ ਹੋ ਸਕਦੇ ਹਨ ਅਤੇ ਸਮੂਹ ਵਿਚ ਵੀ।

2 ਸਵੈ ਸਹਾਇਤਾ ਸਮੂਹ (**Self-Help Groups**):

ਲੋਕਾਂ ਦਾ ਸਮੂਹ ਜੋ ਗਰੀਬੀ ਨੂੰ ਹਟਾਉਣ ਲਈ ਸਵੈ-ਇੱਛੁਕ ਰੂਪ ਵਿਚ ਸਮੂਹ ਵਿਚ ਸੰਗਠਿਤ ਹੋਣ ਲਈ ਤਿਆਰ ਹੁੰਦਾ ਹੈ।

3 ਡੀ ਆਰ ਡੀ ਏ (**DRDA**):

ਜ਼ਿਲ੍ਹਾ ਪੇਂਡੂ ਵਿਕਾਸ ਏਜੰਸੀ। ਭਾਰਤੀ ਪੇਂਡੂ ਵਿਕਾਸ ਪ੍ਰੋਗਰਾਮ-ਆਈ ਆਰ ਡੀ ਪੀ ਅਤੇ ਹੋਰ ਗਰੀਬੀ ਦੂਰ ਕਰਨ ਵਾਲੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਵਾਲੀ ਸਰਕਾਰੀ ਏਜੰਸੀ।

4 ਸਮੂਹਿਕ ਪਹੁੰਚ (**Cluster Approach**):

ਹਰ ਕੰਮ ਕੁੱਝ ਚੁਣੀਆਂ ਹੋਈਆਂ ਕਿਰਿਆਵਾਂ (ਕੁੰਜੀਵਤ ਕਿਰਿਆਵਾਂ) ਉੱਤੇ ਧਿਆਨ ਕੇਂਦਰਿਤ ਕਰਦਾ ਹੈ ਅਤੇ ਵੱਖ-ਵੱਖ ਕਿਰਿਆਵਾਂ ਨੂੰ ਫੰਡ ਦੇਣ ਨਾਲੋਂ ਇਹਨਾਂ ਕਿਰਿਆਵਾਂ ਦੇ ਸਾਰੇ ਪੱਖਾਂ 'ਤੇ ਗੌਰ ਕਰਦਾ ਹੈ।

**14.11** ਅਭਿਆਸੀ ਪ੍ਰਸ਼ਨ (**Exercise Questions**):

1 ਸਵਰਨ ਜੈਯੰਤੀ ਸਵੈ ਰੁਜ਼ਗਾਰ ਯੋਜਨਾ ਦੀਆਂ ਮੁੱਖ ਵਿਸ਼ੇਸ਼ਤਾਵਾਂ ਕੀ ਹਨ?

2 ਸਵਰਨ ਜੈਯੰਤੀ ਸਵੈ ਰੁਜ਼ਗਾਰ ਯੋਜਨਾ ਦਾ ਵਿੱਤੀ ਸਹਾਇਤਾ ਦਾ ਕੀ ਢੰਗ ਹੈ?

3 ਸਵੈ ਸਹਾਇਤਾ ਪ੍ਰਾਪਤ ਸਮੂਹ ਤੋਂ ਤੁਹਾਡਾ ਕੀ ਭਾਵ ਹੈ?

**14.7** ਛੋਟੇ ਉੱਤਰਾਂ ਵਾਲੇ ਪ੍ਰਸ਼ਨ (**Short Questions**)

ੳ)ਸਵਰਨ ਜੈਯੰਤੀ ਸਵੈ ਰੁਜ਼ਗਾਰ ਯੋਜਨਾ (SGSY)

ਅ) ਸਵੈ ਰੁਜ਼ਗਾਰੀ (Swarojgaris)

ੲ)ਸਵੈ ਸਹਾਇਤਾ ਸਮੂਹ ( Self-Help groups)